**GS CPA, INC.**
ਤੁਹਾਡੀਆਂ ਸਭ ਅਕਾਊਂਟਿੰਗ ਤੇ ਟੈਕਸ ਲੋੜਾਂ ਲਈ
Gurpreet Singh, CPA, MBA
*Certified Public Accountant*
5450 Lafayette Road, Suite#3,
Indianapolis, IN 46254
Ph:317-248-4802
Fax: 317-800-7947
e-mail: info@gscpainc.com Website: www.gscpainc.com

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
**AMANTEL.COM**
$25 'ਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
*24/7 Customer Service*
ਟੋਲ ਫਰੀ ਨੰਬਰ 'ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268,732-983-4332/4333

**PJ Insurance, Inc.**
5450 Lafayette Road, Suite # 3, Indianapolis, IN 46254
For All Your Insurance Needs.
Quality Service at affordable price
Home, Auto, Commercial, Worker Comp, Business
General Liability & other
ਹੋਮ, ਆਟੋ, ਕਮਰਸ਼ੀਅਲ, ਵਰਕਰ ਕੌਂਪ, ਬਿਜਨਸ ਜਨਰਲ ਲਾਇਬਿਲਿਟੀ-ਆਪਣੀਆਂ ਸਾਰੀਆਂ ਇੰਸ਼ੋਰੈਂਸ ਲੋੜਾਂ ਲਈ ਸੰਪਰਕ ਕਰੋ
*Contact: Satvir K. Singh*
*Office Manager*
Ph:317-666-7862
Email: info@pjinsuranceinc.com



USPS - PP 1 | Fourteenth Year of Publication | ਮਿਡਵੈਸਟ ਐਡੀਸ਼ਨ | Price 50¢ | Email:punjabtimes1@sbcglobal.net | www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 44, November 2, 2013 | 20451 N Plum Grove Rd., Palatine, IL 60074 | Ph:847-359-0746, Fax:847-705-9388


# ਨਰੇਂਦਰ ਮੋਦੀ ਲਈ ਦਿੱਲੀ ਅਜੇ ਦੂਰ

## ਫਿਰਕਾਪ੍ਰਸਤੀ ਨੇ ਰਾਹ ਰੋਕਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਗਲੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਫਿਰਕੂ ਪੱਤਾ ਖੇਡਣਾ ਮਹਿੰਗਾ ਪੈ ਸਕਦਾ ਹੈ। ਦੇਸ਼ ਦੇ ਪੰਜ ਸੂਬਿਆਂ ਵਿਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਮੁੱਖ ਮੁੱਦਾ ਫਿਰਕੂ ਤਾਕਤਾਂ ਨੂੰ ਖਦੇੜਨਾ ਬਣ ਰਿਹਾ ਹੈ। ਭਾਜਪਾ ਦੀ ਅਗਵਾਈ ਵਾਲਾ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਕਾਂਗਰਸ ਦੀ ਅਗਵਾਈ ਵਾਲੇ ਸਾਂਝੇ ਪ੍ਰਗਤੀਸ਼ੀਲ ਗੱਠਜੋੜ (ਯੂ.ਪੀ.ਏ.) ਨੂੰ ਆਰਥਿਕ ਸੰਕਟ ਅਤੇ ਭ੍ਰਿਸ਼ਟਾਚਾਰ ਦੇ ਮੁੱਦਿਆਂ 'ਤੇ ਘੇਰਨ ਦੀ ਵਿਉਂਤ ਬਣਾ ਰਿਹਾ ਸੀ ਪਰ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਐਲਾਨਣ ਨਾਲ ਚੋਣ ਪ੍ਰਚਾਰ ਦਾ ਮੁੱਖ ਮੁੱਦਾ ਫਿਰਕੂ ਤਾਕਤਾਂ ਨੂੰ ਹਰਾਉਣਾ ਬਣ ਰਿਹਾ ਹੈ।

ਸ੍ਰੀ ਮੋਦੀ ਦੀ ਪਟਨਾ ਰੈਲੀ ਤੋਂ ਐਨ ਪਹਿਲਾਂ ਹੋਏ ਛੇ ਲੜੀਵਾਰ ਬੰਬ ਧਮਾਕਿਆਂ ਤੋਂ ਬਾਅਦ ਫਿਰਕਾਪ੍ਰਸਤੀ ਬਾਰੇ ਸ਼ੁਰੂ ਹੋਈ ਬਹਿਸ ਭਾਜਪਾ ਨੂੰ ਮਹਿੰਗੀ ਪੈ ਰਹੀ ਹੈ। ਪਟਨਾ ਵਿਚ ਹੋਏ ਬੰਬ ਧਮਾਕਿਆਂ ਦੌਰਾਨ ਪੰਜ ਬੰਦੇ ਮਾਰੇ ਗਏ ਸਨ ਤੇ 66 ਜ਼ਖ਼ਮੀ ਹੋ ਗਏ ਸਨ। ਇਹ ਧਮਾਕੇ ਸ੍ਰੀ ਮੋਦੀ ਦੇ ਉਥੇ ਪੁੱਜਣ ਤੋਂ ਕੁਝ ਮਿੰਟ ਪਹਿਲਾਂ ਹੋਏ। ਫਿਰਕਾਪ੍ਰਸਤੀ ਦੇ ਮੁੱਦੇ 'ਤੇ ਵਿਰੋਧੀਆਂ ਦੇ ਹਮਲਿਆਂ ਦਾ ਜਵਾਬ ਦੇਣ ਲਈ ਸ੍ਰੀ ਮੋਦੀ ਨੇ ਪਿਛਲੇ ਦਿਨੀਂ 1984 ਵਿਚ ਵਾਪਰੇ ਸਿੱਖ ਕਤਲੇਆਮ ਦਾ ਮਾਮਲਾ ਉਭਾਰਦਿਆਂ ਕਾਂਗਰਸ ਦਾ ਚਿਹਰਾ ਬੇਨਕਾਬ ਕਰਨ ਦੀ ਕੋਸ਼ਿਸ਼ ਕੀਤੀ ਸੀ।

ਉਧਰ, ਅਮਰੀਕੀ ਅਖ਼ਬਾਰ 'ਨਿਊ ਯਾਰਕ ਟਾਈਮਜ਼' ਨੇ ਆਪਣੀ ਸੰਪਾਦਕੀ ਵਿਚ ਦਾਅਵਾ ਕੀਤਾ ਹੈ ਕਿ ਭਾਰਤ ਬਹੁ ਧਰਮਾਂ ਵਾਲਾ ਦੇਸ਼ ਹੈ; ਜੇ ਨਰੇਂਦਰ ਮੋਦੀ ਲੋਕਾਂ ਵਿਚ ਡਰ ਅਤੇ ਵੈਰ-ਵਿਰੋਧ ਨੂੰ ਉਤਸ਼ਾਹਤ ਕਰਨਗੇ ਤਾਂ ਉਹ ਭਾਰਤ



ਦੀ ਪ੍ਰਭਾਵਸ਼ਾਲੀ ਢੰਗ ਨਾਲ ਅਗਵਾਈ ਕਰਨ ਦੀ ਆਸ ਨਹੀਂ ਕਰ ਸਕਦੇ। ਅਖ਼ਬਾਰ ਦੇ ਸੰਪਾਦਕੀ ਬੋਰਡ ਨੇ ਕਿਹਾ ਹੈ ਕਿ ਸ੍ਰੀ ਮੋਦੀ ਵਿਰੋਧੀ ਪਾਰਟੀਆਂ ਨਾਲ ਰਲ ਕੇ ਕੰਮ ਕਰਨ ਦੀ ਯੋਗਤਾ ਜ਼ਾਹਿਰ ਨਹੀਂ ਕਰ ਸਕੇ। ਉਹ ਤਾਂ ਬਹੁਤ ਵਾਰ ਮਤਭੇਦ ਵੀ ਸਹਿਣ ਨਹੀਂ ਕਰਦੇ। ਉਨ੍ਹਾਂ ਨੇ ਭਾਜਪਾ ਦੇ ਸਿਆਸੀ ਭਾਈਵਾਲ ਵੀ ਗੁਆ ਲਏ ਹਨ। ਮਹੱਤਵਪੂਰਨ ਖੇਤਰੀ ਪਾਰਟੀ ਜਨਤਾ ਦਲ (ਯੂ) ਨੇ 17 ਸਾਲਾਂ ਦੇ ਇਸ ਗਠਜੋੜ ਨੂੰ ਅਲਵਿਦਾ ਕਹਿ ਦਿੱਤਾ। ਇਸ ਪਾਰਟੀ ਨੇ ਸ੍ਰੀ ਮੋਦੀ ਨੂੰ ਉਕਾ ਹੀ ਪ੍ਰਵਾਨ ਨਹੀਂ ਕੀਤਾ। ਸੰਪਾਦਕੀ ਵਿਚ ਇਹ ਗੱਲ ਵੀ ਕਹੀ ਗਈ ਹੈ ਕਿ 2002 ਵਿਚ ਗੁਜਰਾਤ ਦੰਗਿਆਂ ਦੌਰਾਨ 1000 ਦੇ ਕਰੀਬ ਲੋਕ ਮਾਰੇ ਗਏ ਸਨ। ਗੁਜਰਾਤ ਦੀ ਆਰਥਿਕ ਦਸ਼ਾ ਵੀ ਠੀਕ ਨਹੀਂ। ਸਾਰੇ ਭਾਰਤ ਵਿਚ ਮੁਸਲਮਾਨ ਇੰਨੇ ਗਰੀਬ ਨਹੀਂ ਜਿੰਨੇ ਗੁਜਰਾਤ ਵਿਚ ਹਨ। ਇਸ ਦੇ ਬਾਵਜੂਦ ਸੂਬੇ ਦੀ ਗਰੀਬੀ ਦਰ ਦੇਸ਼ ਦੀ ਗਰੀਬੀ ਦਰ ਨਾਲੋਂ ਘੱਟ ਹੈ। ਉਨ੍ਹਾਂ ਦੀ ਸਿਆਸੀ ਚੜ੍ਹਤ ਤੋਂ ਬਹੁਤੇ ਭਾਰਤੀ ਖਫਾ ਹਨ ਤੇ ਖਾਸਕਰ ਦੇਸ਼ ਦੀ 13.8 ਕਰੋੜ ਮੁਸਲਮਾਨ ਆਬਾਦੀ ਅਤੇ ਹੋਰ ਘੱਟ-ਗਿਣਤੀਆਂ ਨੂੰ ਉਹ ਮਨਜ਼ੂਰ ਨਹੀਂ। ਇਹ ਸਾਰਾ ਪ੍ਰਗਟਾਵਾ 'ਨਿਊ ਯਾਰਕ ਟਾਈਮਜ਼' ਦੇ 19 ਮੈਂਬਰੀ ਸੰਪਾਦਕੀ ਬੋਰਡ ਨੇ ਕੀਤਾ ਹੈ ਜਿਸ ਦੀ ਅਗਵਾਈ ਭਾਰਤੀ ਮੂਲ ਦੇ ਐਂਡਰੀਊ ਰੋਸੈਂਥਲ ਕਰ ਰਹੇ ਹਨ।

ਉਧਰ, ਐਨ.ਡੀ.ਏ. ਦੇ ਲੰਮਾ ਸਮਾਂ ਭਾਈਵਾਲ ਰਹੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਸ੍ਰੀ ਮੋਦੀ 'ਤੇ ਤਿੱਖੇ ਹਮਲੇ ਕਰਦਿਆਂ ਉਨ੍ਹਾਂ ਦੀ ਤੁਲਨਾ ਜਰਮਨੀ ਦੇ ਪਿਛਾਖੜੀ ਆਗੂ ਹਿਟਲਰ ਨਾਲ ਕੀਤੀ ਹੈ ਅਤੇ ਕਿਹਾ ਹੈ ਕਿ ਲਾਲ

*(ਬਾਕੀ ਸਫਾ 6 'ਤੇ)*

## ਚੜ੍ਹਤ ਤੋਂ ਘੱਟ-ਗਿਣਤੀਆਂ ਔਖੀਆਂ

## ਕਾਂਗਰਸ ਦੀ ਕਮਜ਼ੋਰੀ ਮੋਦੀ ਲਈ ਮੁਆਫਕ

**ਦਿੱਲੀ:** ਕਾਂਗਰਸ ਭਾਵੇਂ ਨਰੇਂਦਰ ਮੋਦੀ ਉਪਰ ਲਗਾਤਾਰ ਵਾਰ ਕਰ ਕੇ ਉਸ ਦੇ ਅਕਸ ਨੂੰ ਖੋਰਾ ਲਾਉਣ ਦਾ ਯਤਨ ਕਰ ਰਹੀ ਹੈ ਪਰ ਬਹੁਤ ਸਾਰੇ ਮੁੱਦਿਆਂ ਉਤੇ ਕਾਂਗਰਸ ਦੀ ਆਪਣੀ ਹਾਲਤ ਵੀ ਮੋਦੀ ਜਾਂ ਭਾਜਪਾ ਨਾਲੋਂ ਕੋਈ ਵੱਖਰੀ ਨਹੀਂ ਹੈ। ਦੇਸ਼ ਦੇ ਵਿਕਾਸ ਦੇ ਮਾਮਲੇ 'ਤੇ ਇਸ ਪਾਰਟੀ ਕੋਲ ਕਹਿਣ ਲਈ ਕੁਝ ਵੀ ਨਹੀਂ ਹੈ। ਭ੍ਰਿਸ਼ਟਾਚਾਰ ਦੇ ਮਾਮਲੇ 'ਤੇ ਤਾਂ ਇਸ ਨੂੰ ਮੂੰਹ ਲਕੋਣ ਲਈ ਭੜੋਲਾ ਨਹੀਂ ਲੱਭ ਰਿਹਾ। ਸਿਆਸੀ ਮਾਹਿਰ ਮੰਨਦੇ ਹਨ ਕਿ ਮੋਦੀ ਵਿਚ ਇੰਨਾ ਦਮ ਨਹੀਂ ਹੈ ਕਿ ਉਹ ਭਾਜਪਾ ਨੂੰ ਅਗਲੀਆਂ ਚੋਣਾਂ ਵਿਚ ਜਿੱਤ ਦਿਵਾ ਸਕੇ ਪਰ ਕਾਂਗਰਸ ਦੀਆਂ ਕਮਜ਼ੋਰੀਆਂ ਉਸ ਲਈ ਬ੍ਰਹਮ-ਅਸਤਰ ਦਾ ਕੰਮ ਕਰ ਸਕਦੀਆਂ ਹਨ।

## ਅਕਾਲੀ-ਭਾਜਪਾ ਖਿਲਾਫ ਵਿਉਂਤਬੰਦੀ ਨੂੰ ਬੂਰ ਨਾ ਪਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਕਾਲੀ-ਭਾਜਪਾ ਨੂੰ ਮਾਤ ਦੇਣ ਲਈ ਬਸਪਾ ਅਤੇ ਸਾਂਝੇ ਮੋਰਚੇ ਨਾਲ ਗੱਠਜੋੜ ਕਰਨ ਲਈ ਕਾਂਗਰਸ ਦੀਆਂ ਵਿਉਂਤਬੰਦੀਆਂ ਅਜੇ ਤੱਕ ਕਿਸੇ ਤਣ-ਪੱਤਣ ਨਹੀਂ ਲੱਗੀਆਂ। ਜਿਥੇ ਪੀਪਲਜ਼ ਪਾਰਟੀ ਆਫ਼ ਪੰਜਾਬ (ਪੀ.ਪੀ.ਪੀ.) ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਸਾਂਝੇ ਮੋਰਚੇ ਵਿਚ ਸ਼ਾਮਲ ਆਪਣੀਆਂ ਖੱਬੇਪੱਖੀ ਭਾਈਵਾਲ ਪਾਰਟੀਆਂ ਨੂੰ ਰਾਜ਼ੀ ਕਰਨ ਲਈ ਅਜੇ ਤੱਕ ਨਾਕਾਮ ਰਹੇ ਹਨ, ਉਥੇ ਕਾਂਗਰਸ ਵੀ ਇਸ ਮਾਮਲੇ ਨੂੰ ਲੈ ਕੇ ਪਾਟੋਧਾੜ ਦੀ ਸ਼ਿਕਾਰ ਹੈ।ਜ਼ਿਕਰਯੋਗ ਹੈ ਕਿ ਪਿਛਲੇ ਵਰ੍ਹੇ ਵਿਧਾਨ ਸਭਾ ਚੋਣਾਂ ਵਿਚ ਸੱਤਾ ਵਿਰੋਧੀ ਹਵਾ ਹੋਣ ਦੇ ਬਾਵਜੂਦ ਅਕਾਲੀ-ਭਾਜਪਾ ਦੀ ਸ਼ਾਨਦਾਰ ਜਿੱਤ ਤੋਂ ਬਾਅਦ ਕਾਂਗਰਸ ਅਤੇ ਸਾਂਝੇ ਮੋਰਚੇ ਨੇ ਮਹਿਸੂਸ ਕੀਤਾ ਸੀ ਕਿ ਜੇ ਉਹ ਚੋਣ ਪਿੜ ਵਿਚ ਹੱਥ ਮਿਲਾ ਲੈਣ ਤਾਂ ਪੰਜਾਬ ਦਾ ਹਰ ਮੋਰਚਾ ਫਤਿਹ ਕਰ ਸਕਦੇ ਹਨ। ਇਸ ਬਾਰੇ ਸ. ਮਨਪ੍ਰੀਤ ਸਿੰਘ ਬਾਦਲ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਵੀ ਕਈ ਮੁਲਾਕਾਤਾਂ ਕੀਤੀਆਂ ਪਰ ਗੱਲ ਸਿਰੇ ਨਹੀਂ ਲੱਗੀ।

ਲੋਕ ਸਭਾ ਚੋਣਾਂ ਵਿਚ ਮਹਿਜ਼ ਛੇ ਮਹੀਨੇ ਰਹਿ ਗਏ ਹਨ ਪਰ ਪੰਜਾਬ ਦੀ ਸੱਤਾ 'ਤੇ ਦੂਜੀ ਵਾਰ ਕਾਬਜ਼ ਹੋਏ ਹਾਕਮਾਂ ਨੂੰ ਖਦੇੜਨ ਲਈ ਵਿਰੋਧੀ ਧਿਰਾਂ ਇਕ ਮੰਚ 'ਤੇ ਨਹੀਂ ਆ ਸਕੀਆਂ ਜਿਸ ਦਾ ਲਾਹਾ ਮੁੜ ਅਕਾਲੀ-ਭਾਜਪਾ ਗੱਠਜੋੜ ਨੂੰ ਮਿਲ ਸਕਦਾ ਹੈ। ਜ਼ਿਕਰਯੋਗ ਹੈ ਕਿ ਵਿਰੋਧੀ ਧਿਰਾਂ ਵਿਚ ਏਕਾ ਨਾ ਹੋਣ ਕਾਰਨ ਸੱਤਾ ਵਿਰੋਧੀ

*(ਬਾਕੀ ਸਫਾ 6 'ਤੇ)*


**Dhade & Associates, PC** Immigration Lawyers
*WE FIGHT FOR YOUR RIGHTS!*
ਤੁਹਾਡਾ ਆਪਣਾ ਪੰਜਾਬੀ ਇਮੀਗਰੇਸ਼ਨ ਵਕੀਲ
*ਪ੍ਰੋਫੈਸ਼ਨਲ ਵੀਜ਼ੇ (ਡਾਕਟਰ, ਇੰਜੀਨੀਅਰ ਆਦਿ)
*ਗਰੀਨ ਕਾਰਡ *ਸਿਟੀਜ਼ਨਸ਼ਿਪ *ਅਡਜਸਟਮੈਂਟ ਆਫ ਸਟੇਟਸ
*ਡੀਪੋਰਟੇਸ਼ਨ *ਰਿਫਿਊਜ਼ੀ ਕੇਸ *ਅਸੀਂ ਤੁਹਾਡੀਆਂ ਅਮਰੀਕਾ ਅਤੇ ਕੈਨੇਡਾ ਵਿਚ ਸਭੇ ਇਮੀਗਰੇਸ਼ਨ ਲੋੜਾਂ ਪੂਰੀਆਂ ਕਰ ਸਕਦੇ ਹਾਂ
*ਅਸੀਂ ਕੈਨੇਡਾ ਦੀ ਇਮੀਗਰੇਸ਼ਨ 6 ਤੋਂ 12 ਮਹੀਨੇ 'ਚ ਕਰ ਸਕਦੇ ਹਾਂ



Herman Singh Dhade
Immigration Lawyer
Ph:248-254-3441
Fax:(248) 254-3443 www.eagle.pro, Email: info@eagle.pro
7071 Orchard Lake Rd, Suite 320, W. Bloomfield, MI 48322

World Wide Travel
www.fly2world.com
ਚੰਡੀਗੜ੍ਹ $1025*
ਦਿੱਲੀ $875*
ਅੰਮ੍ਰਿਤਸਰ $995*
DETROIT 734 838 9998
CHICAGO 312 224 8800
*ਰੇਟ ਸ਼ਿਕਾਗੋ ਤੋਂ ਰਾਊਂਡ ਟ੍ਰਿਪ ਅਤੇ ਟੈਕਸ ਸਮੇਤ ਹਨ। ਸਫਰ ਦਾ ਸਮਾਂ 10 ਜਨਵਰੀ ਤੋਂ 10 ਮਾਰਚ 2014 ਦਾ ਹੈ
*ਰੇਟ ਬਿਨਾ ਨੋਟਿਸ ਦਿਤੇ ਵਾਪਸ ਲਏ ਜਾ ਸਕਦੇ ਹਨ। ਹੋਰ ਕਈ ਸ਼ਰਤਾਂ ਵੀ ਲਾਗੂ ਹੁੰਦੀਆਂ ਹਨ। ਹੋਰ ਜਾਣਕਾਰੀ ਲਈ ਉਪਰ ਦਿੱਤੇ ਫੋਨ ਨੰਬਰਾਂ 'ਤੇ ਕਾਲ ਕਰੋ।

# ਤਿੰਨ ਪੰਜਾਬੀਆਂ ਨੇ ਜੁਰਮ ਕਬੂਲਿਆ

**ਨਿਊ ਯਾਰਕ:** ਭਾਰਤੀ ਮੂਲ ਦੇ ਤਿੰਨ ਵਿਅਕਤੀਆਂ ਨੇ ਅਜਿਹੇ ਮੋਟਲ ਚਲਾਉਣ ਦਾ ਦੋਸ਼ ਕਬੂਲ ਕੀਤਾ ਜਿਥੇ ਨਸ਼ਿਆਂ ਦੀ ਖਰੀਦੋ-ਫਰੋਖਤ ਤੇ ਦੇਹ ਵਪਾਰ ਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਚੱਲਦੀਆਂ ਸਨ। ਜਸਪਾਲ ਸਿੰਘ, ਕੁਲਵਿੰਦਰ ਸਰੋਇਆ ਤੇ ਲਖਵੀਰ ਪਵਾਰ ਨੇ ਕਬੂਲ ਕੀਤਾ ਹੈ ਕਿ ਸਿਆਟਲ ਵਿਚਲੇ ਉਨ੍ਹਾਂ ਦੇ ਮੋਟਲਾਂ ਵਿਚੋਂ ਨਸ਼ਿਆਂ ਦਾ ਧੰਦਾ ਚਲਾਇਆ ਜਾਂਦਾ ਸੀ। ਇਨ੍ਹਾਂ ਨੂੰ 20 ਸਾਲਾਂ ਦੀ ਕੈਦ ਦੀ ਸਜ਼ਾ ਭੁਗਤਣੀ ਪੈ ਸਕਦੀ ਹੈ।

ਫੈਡਰਲ ਅਟਾਰਨੀ ਜੈਨੀ ਡਰਕੈਨ ਨੇ ਦੱਸਿਆ ਕਿ ਇਨ੍ਹਾਂ ਵਿਅਕਤੀਆਂ ਦੇ ਦੋ ਮੋਟਲਾਂ, ਸਿਆਟਲ ਵਿਚਲੇ ਉਨ੍ਹਾਂ ਦੇ ਘਰ ਤੇ ਬੈਂਕ ਖਾਤਿਆਂ ਵਿਚੋਂ ਮਿਲੇ 265000 ਡਾਲਰ ਜ਼ਬਤ ਕਰ ਲਏ ਹਨ। ਲਖਵੀਰ ਪਵਾਰ ਇਕ ਮੋਟਲ ਦਾ ਮੈਨੇਜਰ ਸੀ ਤੇ ਉਹ ਅਪਰਾਧਿਕ ਸਰਗਰਮੀਆਂ ਤੋਂ ਕਮਾਏ 90000 ਡਾਲਰ ਤੋਂ ਵੱਧ ਸੰਪਤੀ ਦੀ ਜ਼ਬਤੀ ਲਈ ਰਾਜ਼ੀ ਹੋ ਗਿਆ ਹੈ।


Radio Chann Pardesi ਰੇਡੀਓ ਚੰਨ ਪ੍ਰਦੇਸੀ

ਰੇਡੀਓ ਚੰਨ ਪ੍ਰਦੇਸੀ

ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ

ਹੋਰ ਜਾਣਕਾਰੀ ਲਈ ਕਾਲ ਕਰੋ

ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991

ਸਰਵਣ ਸਿੰਘ ਟਿਵਾਣਾ, ਫੋਨ:219-670-4579

Tandoori King

Tandoori King Indo-Pak Restaurant

7220 Rockville Road, Indianapolis IN 46214

(Intersection of Rockville Rd & Girls School Rd)

Best North Indian Food in Indianapolis



ਤੰਦੂਰੀ ਚਿਕਨ, ਬਟਰ ਚਿਕਨ, ਸਾਗ ਪਨੀਰ, ਚਨਾ ਮਸਾਲਾ- ਇਕ ਵਾਰ ਖਾਓਗੇ, ਤੁਸੀਂ ਮੁੜ ਮੁੜ ਆਓਗੇ

Our speciality is that we use less oil for cooking and cook according to the choice of customers that they need spicy or mild.

ਟਰੱਕਾਂ ਲਈ ਵਾਧੂ ਪਾਰਕਿੰਗ ਅਤੇ ਟਰੱਕਰ ਵੀਰਾਂ ਲਈ 10% ਛੋਟ

$5 off on $26 purchase

$4 off on $21 purchase

(317) 240-8000

Customers can go online for coupens.

www.tandoorikingindy.com

Lunch Buffet 11 AM to 3:00 PM

Lunch Special $1 off

Dinner Time Daily 5:00 PM-9:30 PM

ਮਿਸ਼ੀਗਨ ਵਿਚ ਮਕਾਨ ਵੇਚਣ/ਖਰੀਦਣ ਲਈ ਭਰੋਸੇਯੋਗ ਨਾਂ

ਕਰਨ ਗਿੱਲ



Ph: (734) 612-9984

Either Buying or Selling a Home in Michigan "Always Go with the Winner"

COLDWELL BANKER

44644 Ann Arbor Road Plymouth, MI 48170

Email: KarnGill@Hotmail.com

Website: www.KarnGill.com

Spiceland Truck Plaza

5809 S. State Road 3, Spiceland, IN 47385 (Exit 123 off I-70)




ਪੰਜਾਬੀਆਂ ਦਾ ਆਪਣਾ ਟਰੱਕ ਸਟਾਪ

24 ਘੰਟੇ 7 ਦਿਨ ਖੁੱਲ੍ਹਾ

Guaranteed 100% pure diesel no bio diesel.

100% ਪਿਓਰ ਡੀਜ਼ਲ, ਕੋਈ ਬਾਇਓ ਡੀਜ਼ਲ ਨਹੀਂ

ਹਰ ਗੈਲਨ 'ਤੇ 10 ਸੈਂਟ ਬਚਾਓ, ਖਰਚ ਘਟਾਓ, ਪੈਸੇ ਬਚਾਓ

ਤਾਜ਼ਾ ਪੰਜਾਬੀ ਖਾਣਾ ਖਾਣ ਲਈ ਪੰਜਾਬੀ ਢਾਬਾ

Fuel for Less! Save 10¢*




*Offer subject to change without notice.

Get Your Card from the Cashier

www.fuelmaster.net/rewards

Ph: 317-291-2300, ext. 22

# ਮੁਕੇਸ਼ ਅੰਬਾਨੀ ਸਭ ਤੋਂ ਅਮੀਰ

**ਨਵੀਂ ਦਿੱਲੀ:** ਭਾਰਤ ਦੇ 100 ਸਭ ਤੋਂ ਅਮੀਰ ਭਾਰਤੀਆਂ ਦੀ ਜਾਇਦਾਦ 221 ਅਰਬ ਡਾਲਰ ਤੋਂ ਵਧ ਕੇ ਇਸ ਸਾਲ 259 ਅਰਬ ਡਾਲਰ ਹੋ ਗਈ ਹੈ। ਇਸ ਸਾਲ ਅਮੀਰਾਂ ਦੀ ਜਾਇਦਾਦ ਵਿਚ 3 ਫੀਸਦੀ ਦਾ ਵਾਧਾ ਹੋਇਆ ਹੈ। ਅਮਰੀਕੀ ਮੈਗਜ਼ੀਨ 'ਫੋਰਬਸ' ਵੱਲੋਂ ਜਾਰੀ ਸੂਚੀ ਅਨੁਸਾਰ ਭਾਰਤ ਦੇ ਸਭ ਤੋਂ ਅਮੀਰ ਵਿਅਕਤੀ ਰਿਲਾਇੰਸ ਇੰਡਸਟਰੀ ਦੇ ਚੇਅਰਮੈਨ ਮੁਕੇਸ਼ ਅੰਬਾਨੀ ਹਨ ਜਿਨ੍ਹਾਂ ਦੀ ਜਾਇਦਾਦ 18.9 ਅਰਬ ਡਾਲਰ ਹੈ। ਉਹ 6 ਸਾਲ ਤੋਂ ਇਸ ਸਥਾਨ 'ਤੇ ਚਲੇ ਆ ਰਹੇ ਹਨ। ਦੂਜੇ ਨੰਬਰ 'ਤੇ ਲੰਡਨ ਨਿਵਾਸੀ ਇਸਪਾਤ ਕਾਰੋਬਾਰੀ ਲਕਸ਼ਮੀ ਮਿੱਤਲ ਹਨ ਜਿਸ ਦੀ ਕੁੱਲ ਜਾਇਦਾਦ 16 ਅਰਬ ਡਾਲਰ ਹੈ।

ਦੇਸ਼ ਦੀ ਦੂਜੀ ਵੱਡੀ ਦਵਾ ਨਿਰਮਾਤਾ ਕੰਪਨੀ ਸਨ ਫਰਮਾਸਿਊਟਿਕਲਸ ਦੇ ਸੰਸਥਾਪਕ ਦਿਲੀਪ ਸੰਘਵੀ ਪਹਿਲੀ ਵਾਰ ਇਸ ਸੂਚੀ ਵਿਚ ਤੀਜੇ ਨੰਬਰ 'ਤੇ ਸ਼ਾਮਿਲ ਹੋਏ ਹਨ। ਉਨ੍ਹਾਂ ਦੀ ਜਾਇਦਾਦ ਵਿਚ 66 ਫੀਸਦੀ ਦਾ ਵਾਧਾ ਹੋਇਆ ਹੈ। 'ਫੋਰਬਸ' ਦੀ ਇਸ ਸਾਲਾਨਾ ਸੂਚੀ ਮੁਤਾਬਕ ਭਾਰਤ ਵਿਚ 141 ਲੋਕ ਅਜਿਹੇ ਹਨ ਜਿਨ੍ਹਾਂ ਕੋਲ 30 ਕਰੋੜ ਡਾਲਰ ਜਾਂ ਇਸ ਤੋਂ ਵਧੇਰੇ ਦੀ ਜਾਇਦਾਦ ਹੈ। ਲੰਘੇ ਸਾਲ ਇਹ ਸੰਖਿਆ 101 ਸੀ। ਰਿਲਾਇੰਸ ਦੇ ਅਨਿਲ ਅੰਬਾਨੀ ਨੂੰ 7.1 ਅਰਬ ਡਾਲਰ ਦੇ ਨਾਲ 11ਵਾਂ ਸਥਾਨ ਮਿਲਿਆ ਹੈ।

ਸੂਚੀ ਮੁਤਾਬਕ ਲੜਖੜਾਉਂਦੀ ਭਾਰਤੀ ਆਰਥਿਕਤਾ ਕਾਰਨ ਬਾਜ਼ਾਰ ਵਿਚ 'ਬੇਰੌਣਕੀ' ਦਾ ਆਲਮ ਰਿਹਾ ਹੈ ਤੇ ਜਾਇਦਾਦ ਵਿਚ ਖਾਸ ਵਾਧਾ ਨਹੀਂ ਹੋਇਆ ਹੈ। ਅਜ਼ੀਮ ਪ੍ਰੇਮਜੀ ਦੀ ਜਾਇਦਾਦ ਭਾਵੇਂ ਵਧ ਕੇ 13.8 ਅਰਬ ਡਾਲਰ ਹੋ ਗਈ ਪਰ ਇਹ ਤੀਜੇ ਸਥਾਨ ਤੋਂ ਪੱਛੜ ਗਏ ਹਨ। ਪਲੋਨਜੀ ਮਿਸਤਰੀ ਦੀ ਜਾਇਦਾਦ, ਸੂਚੀ ਵਿਚ ਹੁਣ ਪੰਜਵੇਂ ਨੰਬਰ (12.5 ਅਰਬ ਡਾਲਰ) 'ਤੇ ਹੈ। ਪਰਵਾਸੀ ਭਾਰਤੀ ਹਿੰਦੂਜਾ ਭਰਾ ਜੋ ਪਿਛਲੇ ਸਾਲ ਇਸ ਸੂਚੀ ਵਿਚ 9ਵੇਂ ਸਥਾਨ ਸਨ, ਦੀ ਜਾਇਦਾਦ ਵਿਚ ਵਾਧਾ ਹੋਇਆ ਹੈ ਤੇ ਇਹ ਹੁਣ



6ਵੇਂ ਸਥਾਨ (ਕੁੱਲ ਜਾਇਦਾਦ 9 ਅਰਬ ਡਾਲਰ) 'ਤੇ ਪੁੱਜ ਗਏ ਹਨ।

ਸੂਚੀ ਵਿਚ ਮਹਿਜ਼ ਪੰਜ ਔਰਤਾਂ ਨੂੰ ਹੀ ਥਾਂ ਮਿਲੀ ਹੈ ਜਿਨ੍ਹਾਂ ਦੀ ਕੁੱਲ ਜਾਇਦਾਦ 8.83 ਅਰਬ ਡਾਲਰ ਬਣਦੀ ਹੈ। ਇਨ੍ਹਾਂ ਵਿਚੋਂ ਵੀ ਦੋ ਦਾ ਹੀ ਚੋਟੀ ਦੇ 50 ਅਮੀਰਾਂ ਵਿਚ ਨਾਂ ਆਇਆ ਹੈ। ਇਨ੍ਹਾਂ ਵਿਚ ਜਿੰਦਲ ਗਰੁੱਪ ਦੀ ਸਵਿਤਰੀ ਜਿੰਦਲ ਚੋਟੀ ਉਤੇ ਰਹੀ ਹੈ ਜਿਸ ਦਾ 4.9 ਅਰਬ ਡਾਲਰ ਜਾਇਦਾਦ ਨਾਲ 14ਵਾਂ ਨੰਬਰ ਹੈ। ਔਰਤਾਂ ਵਿਚੋਂ ਦੂਜੀ ਤੇ ਸੂਚੀ ਵਿਚ 29ਵਾਂ ਨੰਬਰ ਬੈਨੇਟ ਕੋਲਮੈਨ ਐਂਡ ਕੰਪਨੀ ਦੀ ਮੁਖੀ ਇੰਦੂ ਜੈਨ ਦਾ ਹੈ ਜਿਨ੍ਹਾਂ ਦੀ ਜਾਇਦਾਦ 1.9 ਅਰਬ ਡਾਲਰ ਹੈ।

# ਪੰਜਾਬੀ ਲੇਖਕਾਂ ਨੇ ਲੀਡਰਾਂ ਨੂੰ ਪਾਈਆਂ ਫਿਟਕਾਰਾਂ

**ਚੰਡੀਗੜ੍ਹ:** ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਇਥੇ ਪੰਜਾਬ ਕਲਾ ਭਵਨ ਵਿਖੇ ਪੰਜਾਬੀ ਭਾਸ਼ਾ ਬਾਰੇ ਕਰਵਾਈ ਸੂਬਾਈ ਕਨਵੈਨਸ਼ਨ ਦੌਰਾਨ ਲੇਖਕਾਂ ਨੇ ਆਵਾਜ਼ ਉਠਾਈ ਕਿ ਜੇ ਚੁਣੇ ਹੋਏ ਵਿਧਾਇਕ ਪੰਜਾਬ ਅਤੇ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਨੂੰ ਸੰਵਿਧਾਨਕ ਦਰਜਾ ਦਿਵਾਉਣ ਦੀ ਆਪਣੀ ਜ਼ਿੰਮੇਵਾਰੀ ਨਿਭਾਉਣ ਤੋਂ ਅਸਮਰੱਥ ਹਨ ਤਾਂ ਉਨ੍ਹਾਂ ਨੂੰ ਉਚ-ਸੰਵਿਧਾਨਕ ਅਹੁਦਿਆਂ ਉਪਰ ਬੈਠਣ ਦਾ ਵੀ ਕੋਈ ਹੱਕ ਨਹੀਂ ਹੈ। ਇਹ ਗੱਲ ਵੀ ਉਭਰ ਕੇ ਸਾਹਮਣੇ ਆਈ ਕਿ ਹਿੰਦੀ ਕੌਮੀ ਭਾਸ਼ਾ ਨਹੀਂ, ਸਗੋਂ ਸਿਰਫ ਭਾਰਤ ਸਰਕਾਰ ਦੀ ਸਰਕਾਰੀ ਭਾਸ਼ਾ ਹੈ ਅਤੇ ਪੰਜਾਬੀ ਨੂੰ ਜਿੰਨਾ ਖਤਰਾ ਅੰਗਰੇਜ਼ੀ ਤੋਂ ਹੈ, ਉਨਾ ਹੀ ਹਿੰਦੀ ਤੋਂ ਵੀ ਹੈ।

ਕੁਝ ਬੁਲਾਰਿਆਂ ਨੇ ਲੇਖਕਾਂ ਨੂੰ ਪੰਜਾਬ ਸਰਕਾਰ ਨੂੰ ਨਿੰਦਣ ਦੀ ਥਾਂ ਮੁਕੰਮਲ ਰੂਪ ਵਿਚ ਮਾਂ ਬੋਲੀ ਨੂੰ ਲਾਗੂ ਕਰਵਾਉਣ ਤੱਕ ਸਰਕਾਰੀ ਇਨਾਮ ਨਾ ਲੈਣ ਦਾ ਪ੍ਰਣ ਕਰਨ ਲਈ ਵੀ ਵੰਗਾਰਿਆ। ਇਸ ਮੌਕੇ ਦੋਸ਼ ਲਾਇਆ ਗਿਆ ਕਿ ਪੰਜਾਬ ਸਰਕਾਰ ਨਵੀਂ ਪੌਦ ਨੂੰ ਮਾਂ ਬੋਲੀ ਵਿਚ ਸਿੱਖਿਆ ਨਾ ਦੇ ਕੇ ਜਿਥੇ ਬੱਚਿਆਂ ਉਪਰ ਜ਼ੁਲਮ ਕਰ ਰਹੀ ਹੈ, ਉਥੇ ਬੱਚਿਆਂ ਕੋਲੋਂ ਉਨ੍ਹਾਂ ਦਾ ਬਚਪਨ ਵੀ ਖੋਹਿਆ ਜਾ ਰਿਹਾ ਹੈ। ਪੰਜਾਬ ਕਲਾ ਪ੍ਰੀਸ਼ਦ ਦੇ ਸਹਿਯੋਗ ਨਾਲ ਕਰਾਈ ਇਸ ਕਾਨਫਰੰਸ ਦੌਰਾਨ ਇਹ ਦੋਸ਼ ਵੀ ਲੱਗਿਆ ਕਿ ਸਰਕਾਰ ਨੇ ਜਿਥੇ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਦਾ ਭੱਠਾ ਬਿਠਾ ਦਿੱਤਾ ਹੈ, ਉਥੇ ਭਾਸ਼ਾ ਵਿਭਾਗ ਵੀ ਮਹਿਜ਼ ਇਨਾਮ ਵੰਡਣ ਤੱਕ ਹੀ ਸੀਮਤ ਹੋ ਗਿਆ ਹੈ। ਬੁਲਾਰਿਆਂ ਨੇ ਦੋਸ਼ ਲਾਏ ਕਿ ਪੰਜਾਬ ਦੇ ਹੁਕਮਰਾਨ ਚੰਡੀਗੜ੍ਹ ਨੂੰ ਪੰਜਾਬ ਹਵਾਲੇ ਕਰਵਾਉਣ ਲਈ ਸੰਜੀਦਾ ਹੋਣ ਦੀ ਥਾਂ ਉਲਟਾ ਇਸ ਤੋਂ ਮੂੰਹ ਮੋੜ ਗਏ ਹਨ। ਕਈ ਬੁਲਾਰਿਆਂ ਨੇ ਕਿਹਾ ਕਿ ਸਰਕਾਰ ਵੱਲ ਉਂਗਲ ਉਠਾਉਣ ਦੀ ਥਾਂ ਸਭ ਨੂੰ ਮਾਂ ਬੋਲੀ ਪ੍ਰਤੀ ਆਪਣੇ ਮਨਾਂ ਅੰਦਰ ਝਾਤ ਮਾਰਨੀ ਚਾਹੀਦੀ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਉਪ ਕੁਲਪਤੀ ਡਾ. ਜੋਗਿੰਦਰ ਸਿੰਘ ਪੁਆਰ ਨੇ ਕਿਹਾ ਕਿ ਪੰਜਾਬੀ ਨੂੰ ਅੰਗਰੇਜ਼ੀ ਦੇ ਨਾਲ-ਨਾਲ ਹਿੰਦੀ ਤੋਂ ਵੀ ਬਰਾਬਰ ਦਾ ਖਤਰਾ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਮਹਿਜ਼ ਸਿਆਸੀ ਨਫੇ-ਨੁਕਸਾਨਾਂ ਦਾ ਧੁਰਾ ਬਣ ਰਿਹਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੀ ਪੰਜਾਬੀ ਬਾਰੇ ਠੋਸ ਪ੍ਰੋਗਰਾਮ ਉਲੀਕਣ ਦੀ ਥਾਂ ਮੇਲੇ ਲਾਉਣ ਤੱਕ ਹੀ ਸੀਮਤ ਹੈ। ਪੰਜਾਬ ਕਲਾ ਪ੍ਰੀਸ਼ਦ ਦੀ ਚੇਅਰਪਰਸਨ ਹਰਜਿੰਦਰ ਕੌਰ ਨੇ ਕਿਹਾ ਕਿ ਪੰਜਾਬੀ ਨੂੰ ਵਿਦੇਸ਼ਾਂ ਵਿਚ ਨਹੀਂ ਸਗੋਂ ਆਪਣੇ ਘਰ (ਪੰਜਾਬ) ਵਿਚ ਹੀ ਖਤਰਾ ਹੈ। ਹੁਣ ਵਿਸ਼ਵ ਪੰਜਾਬੀ ਕਾਨਫਰੰਸਾਂ ਕਰਨ ਦੀ ਥਾਂ ਘਰਾਂ, ਸੱਥਾਂ ਤੇ ਗਲੀਆਂ ਵਿਚ ਇਕੱਠ ਕਰਨ ਦੀ ਲੋੜ ਹੈ। ਨਾਲੇ ਭਾਸ਼ਾ ਵਿਭਾਗ ਨੂੰ ਨਿੰਦਣ ਦੀ ਥਾਂ ਲੇਖਕ ਫੈਸਲਾ ਕਰਨ ਕਿ ਜਦੋਂ ਤੱਕ ਮਾਂ ਬੋਲੀ ਨੂੰ ਬਣਦਾ ਹੱਕ ਨਹੀਂ ਮਿਲਦਾ, ਉਦੋਂ ਤੱਕ ਉਹ ਸਰਕਾਰੀ ਸਨਮਾਨ ਨਹੀਂ ਲੈਣਗੇ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਪੰਜਾਬ ਦਾ ਮਾਲ ਵਿਭਾਗ ਅੱਜ ਵੀ ਫ਼ਾਰਸੀ ਵਿਚ ਕੰਮ ਕਰ ਰਿਹਾ ਹੈ ਤੇ ਖੇਤੀ ਬਾਰੇ ਖੋਜ ਰਿਪੋਰਟਾਂ ਪੰਜਾਬੀ ਦੀ ਥਾਂ ਅੰਗਰੇਜ਼ੀ 'ਚ ਤਿਆਰ ਕਰ ਕੇ ਮਾਂ ਬੋਲੀ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ। ਡਾ. ਰਘਬੀਰ ਸਿੰਘ ਸਿਰਜਣਾ ਨੇ ਕਿਹਾ ਕਿ ਸਾਨੂੰ ਆਪਣੀਆਂ ਕਮਜ਼ੋਰੀਆਂ ਪਛਾਣ ਕੇ ਅੱਗੇ ਵਧਣਾ ਚਾਹੀਦਾ ਹੈ।

ਕੇਂਦਰੀ ਲੇਖਕ ਸਭਾ (ਸੇਖੋਂ) ਦੇ ਪ੍ਰਧਾਨ ਡਾ. ਤੇਜਵੰਤ ਸਿੰਘ ਮਾਨ ਨੇ ਕਿਹਾ ਕਿ ਅੱਜ ਵੀ ਭਾਸ਼ਾ ਧਾਰਮਿਕ ਨੁਕਤਿਆਂ ਵਿਚ ਫਸੀ ਹੋਣ ਕਾਰਨ ਨੁਕਸਾਨ ਹੋ ਰਿਹਾ ਹੈ। ਪੰਜਾਬ ਵਿਚ ਕੇਵਲ ਪੰਜਾਬੀ ਪੜ੍ਹਿਆਂ ਨੂੰ ਹੀ ਨੌਕਰੀ ਮਿਲਣੀ ਚਾਹੀਦੀ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਬਲਦੇਵ ਸਿੰਘ, ਜਨਰਲ ਸਕੱਤਰ ਤਲਵਿੰਦਰ ਸਿੰਘ, ਡਾ. ਦੀਪਕ ਮਨਮੋਹਨ, ਮੋਹਨ ਭੰਡਾਰੀ, ਗੁਲਜ਼ਾਰ ਸੰਧੂ ਤੇ ਹੋਰਾਂ ਨੇ ਵੀ ਸੰਬੋਧਨ ਕੀਤਾ।

# ਵਾਲਮਾਰਟ ਨੇ ਭਾਰਤੀ ਨੀਤੀਆਂ ਬਦਲਵਾਉਣ ਲਈ ਖਰਚੇ ਲੱਖਾਂ ਡਾਲਰ

**ਵਾਸ਼ਿੰਗਟਨ:** ਪ੍ਰਚੂਨ ਕਾਰੋਬਾਰ ਦੀ ਸਭ ਤੋਂ ਵੱਡੀ ਕੰਪਨੀ ਵਾਲਮਾਰਟ ਨੇ ਭਾਰਤ ਵਿਚ ਸਿੱਧੇ ਪੂੰਜੀ ਨਿਵੇਸ਼ ਅਤੇ ਹੋਰ ਅਹਿਮ 50 ਮਾਮਲਿਆਂ 'ਤੇ ਅਮਰੀਕੀ ਸੰਸਦ ਮੈਂਬਰਾਂ ਦੀ ਆਪਣੇ ਹਿੱਤ 'ਚ ਰਾਇ ਬਣਾਉਣ ਲਈ 15 ਲੱਖ ਡਾਲਰ ਖਰਚੇ ਹਨ। ਇਹ ਪ੍ਰਗਟਾਵਾ ਅਮਰੀਕੀ ਸੇਨੇਟ ਵਿਚ ਲਾਬੀਕਾਰੀ ਦੇ ਖੁਲਾਸਿਆਂ ਸਬੰਧੀ ਦਾਇਰ ਰਿਪੋਰਟ ਵਿਚ ਕੀਤਾ ਗਿਆ ਹੈ।

ਰਿਪੋਰਟ ਅਨੁਸਾਰ 2013 ਦੀ ਆਖਰੀ ਤਿਮਾਹੀ ਦੌਰਾਨ ਵਾਲਮਾਰਟ ਵੱਲੋਂ ਰਜਿਸਟਰਡ ਲਾਬੀਕਾਰਾਂ ਨੇ ਵਪਾਰ ਦੇ ਖੇਤਰ ਵਿਚ ਜਿਹੜੇ ਦਸ ਮੁੱਖ ਮਸਲੇ ਉਠਾਏ, ਉਨ੍ਹਾਂ ਵਿਚ ਭਾਰਤ ਵਿਚ ਸਿੱਧੇ ਪੂੰਜੀ ਨਿਵੇਸ਼ ਦਾ ਮਾਮਲਾ ਵੀ ਸ਼ਾਮਲ ਸੀ। ਇਸ ਤਿਮਾਹੀ ਦੌਰਾਨ ਵਾਲਮਾਰਟ ਦੇ ਲਾਬੀਕਾਰਾਂ ਨੇ ਅਮਰੀਕੀ ਸੰਸਦ ਮੈਂਬਰਾਂ ਨਾਲ ਘੱਟੋ-ਘੱਟ 50 ਦੇ ਲਗਪਗ ਮਸਲੇ ਵਿਚਾਰੇ ਤੇ ਇਸ 'ਤੇ ਕੋਈ 15 ਲੱਖ ਡਾਲਰ ਖਰਚਾ ਆਇਆ ਹੈ। ਵਾਲਮਾਰਟ ਨੇ ਆਪਣੇ ਪੱਖ ਵਿਚ ਨੀਤੀਆਂ ਨੂੰ ਵਰਤਣ ਦੇ ਯਤਨ ਵਜੋਂ ਸੈਨੇਟਰਾਂ, ਕਾਂਗਰਸ ਮੈਂਬਰਾਂ, ਅਮਰੀਕੀ ਵਪਾਰ ਪ੍ਰਤੀਨਿਧਾਂ ਅਤੇ ਕਿਰਤ ਵਿਭਾਗ ਦੇ ਨੁਮਾਇੰਦਿਆਂ ਨਾਲ ਮੀਟਿੰਗਾਂ ਕੀਤੀਆਂ। ਕਾਂਗਰਸ ਦੇ ਰਿਕਾਰਡ ਮੁਤਾਬਕ ਤੇਜ਼ੀ ਨਾਲ ਵਧ ਰਹੇ ਭਾਰਤੀ ਪ੍ਰਚੂਨ ਖੇਤਰ ਵਿਚ ਦਾਖਲੇ ਲਈ ਪੰਜ ਸਾਲ ਮਿਲਣ ਤੋਂ ਬਾਅਦ ਵਾਲਮਾਰਟ ਨੇ ਆਪਣੀਆਂ ਲਾਬੀਕਾਰੀ ਸਬੰਧੀ ਭਾਰਤ ਦੇ ਸਬੰਧ 'ਚ ਗਤੀਵਿਧੀਆਂ ਰੋਕ ਦਿੱਤੀਆਂ ਸਨ।

# ਕਾਂਗਰਸੀਆਂ ਨੂੰ ਮਿਲ ਕੇ ਚੱਲਣ ਦੀ ਤਾਕੀਦ

**ਨਵੀਂ ਦਿੱਲੀ:** ਧੜੇਬੰਦਕ ਕਸ਼ਮਕਸ਼ ਵਿਚ ਘਿਰੀ ਪੰਜਾਬ ਕਾਂਗਰਸ ਦੀ ਉਚ-ਪੱਧਰੀ ਮੀਟਿੰਗ 'ਚ ਹਾਈ ਕਮਾਂਡ ਨੇ ਸਾਰੀਆਂ ਇਕਾਈਆਂ ਨੂੰ ਮਿਲ-ਜੁਲ ਕੇ ਕੰਮ ਕਰਨ ਦੀ ਤਾੜਨਾ ਕੀਤੀ ਹੈ। ਯਾਦ ਰਹੇ ਕਿ ਪਿਛਲੇ ਦੋ ਹਫਤਿਆਂ ਵਿਚ ਸੂਬਾਈ ਇਕਾਈ ਦੀ ਇਹ ਦੂਜੀ ਮੀਟਿੰਗ ਸੀ।

ਇਸੇ ਦੌਰਾਨ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਵੱਲੋਂ ਪਾਰਟੀ ਵਿਧਾਇਕਾਂ ਦੀ ਮੀਟਿੰਗ ਸੱਦਣ 'ਤੇ ਕਾਫੀ ਬਦਮਗਜ਼ੀ ਪੈਦਾ ਹੋ ਗਈ ਕਿਉਂਕਿ ਅਜਿਹਾ ਅਧਿਕਾਰ ਕਾਂਗਰਸ ਵਿਧਾਨਕਾਰ ਗਰੁੱਪ ਦੇ ਆਗੂ ਸੁਨੀਲ ਜਾਖੜ ਦੇ ਹਿੱਸੇ ਹੀ ਆਉਂਦਾ ਸੀ। ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ਼ਕੀਲ ਅਹਿਮਦ ਨੇ ਸਾਰੇ ਧੜਿਆਂ ਨੂੰ ਨੇੜੇ ਕਰਨ ਲਈ ਇੱਥੇ ਸੱਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਉਨ੍ਹਾਂ 14 ਅਕਤੂਬਰ ਨੂੰ ਵੀ ਪੰਜਾਬ ਕਾਂਗਰਸ ਦੇ ਵੱਖ-ਵੱਖ ਖੇਮਿਆਂ ਨਾਲ ਸਬੰਧਤ ਮੁੱਖ ਆਗੂਆਂ ਨੂੰ ਖਾਣੇ 'ਤੇ ਸੱਦਿਆ ਸੀ।

ਸ੍ਰੀ ਅਹਿਮਦ ਨੇ ਦੱਸਿਆ ਕਿ ਸੂਬਾਈ ਆਗੂਆਂ ਨੂੰ ਏਕਤਾ ਦਾ ਸੰਦੇਸ਼ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੂੰ ਇਕ-ਦੂਜੇ ਨਾਲ ਮਿਲ ਕੇ ਕੰਮ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾਂ ਹੀ ਪੰਜਾਬ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਚੰਡੀਗੜ੍ਹ 'ਚ ਮੀਟਿੰਗ ਰੱਖਣ ਲਈ ਕਿਹਾ ਸੀ ਪਰ ਉਥੇ ਜਾਣ ਦਾ





ਪ੍ਰੋਗਰਾਮ ਨਾ ਬਣਨ ਕਰ ਕੇ ਮੀਟਿੰਗ ਦਿੱਲੀ ਤਬਦੀਲ ਕਰ ਲਈ ਗਈ। ਇਸ ਮੀਟਿੰਗ 'ਚ ਪੰਜਾਬ ਕਾਂਗਰਸ ਦੇ 14 ਆਗੂ ਅਤੇ ਵਿਧਾਇਕ ਸ਼ਾਮਲ ਹੋਏ ਪਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਗੈਰਹਾਜ਼ਰ ਰਹੇ। 14 ਅਕਤੂਬਰ ਵਾਲੀ ਮੀਟਿੰਗ ਵਿਚ ਉਹ ਸ਼ਾਮਲ ਹੋਏ ਸਨ। ਜਾਣਕਾਰੀ ਮੁਤਾਬਕ ਮੀਟਿੰਗ ਵਿਚ ਵਿਧਾਨ ਸਭਾ ਦੇ ਆ ਰਹੇ ਸੈਸ਼ਨ ਵਿਚ ਅਕਾਲੀ-ਭਾਜਪਾ ਸਰਕਾਰ ਨੂੰ ਵੱਖ-ਵੱਖ ਮੁੱਦਿਆਂ 'ਤੇ ਘੇਰਨ ਦੀ ਰਣਨੀਤੀ ਬਣਾਈ ਗਈ। ਇਸ ਮੁਤੱਲਕ ਗੁਜਰਾਤ ਦੇ ਪੰਜਾਬੀ ਕਿਸਾਨਾਂ ਦੇ ਉਜਾੜੇ, ਗੈਰਕਾਨੂੰਨੀ ਕਲੋਨੀਆਂ ਨੂੰ ਨਿਯਮਤ ਕਰਨ, ਬਿਜਲੀ ਦਰਾਂ 'ਚ ਵਾਧੇ, ਐਡਵਾਂਸ ਅਤੇ ਪ੍ਰਾਪਰਟੀ ਟੈਕਸ ਦੇ ਸੁਆਲ ਸਾਹਮਣੇ ਆਏ। ਪੰਜਾਬ ਕਾਂਗਰਸ ਦੇ ਆਗੂਆਂ ਨੇ ਮੀਟਿੰਗ 'ਚ ਰਾਜ ਵਿਚ ਝੋਨੇ ਦੀ ਸਰਕਾਰੀ ਖਰੀਦ 'ਚ ਆ ਰਹੀਆ ਦਿੱਕਤਾਂ ਦੇ ਮੁੱਦੇ 'ਤੇ ਵੀ ਵਿਚਾਰ-ਚਰਚਾ ਕੀਤੀ। ਕੌਮੀ ਖਾਧ ਸੁਰੱਖਿਆ ਬਿੱਲ ਬਾਰੇ ਵੀ ਚਰਚਾ ਹੋਈ।

ਮੀਟਿੰਗ ਵਿਚ ਪ੍ਰਤਾਪ ਸਿੰਘ ਬਾਜਵਾ, ਸੁਨੀਲ ਜਾਖੜ, ਰਜਿੰਦਰ ਕੌਰ ਭੱਠਲ, ਲਾਲ ਸਿੰਘ, ਓ.ਪੀ. ਸੋਨੀ, ਤਰਲੋਚਨ ਸਿੰਘ ਸੂੰਦ, ਚਰਨਜੀਤ ਸਿੰਘ ਚੰਨੀ, ਅਸ਼ਵਨੀ ਸੇਖੜੀ, ਜਗਮੋਹਨ ਸਿੰਘ ਕੰਗ, ਬ੍ਰਹਮ ਮਹਿੰਦਰਾ, ਕੁਲਜੀਤ ਸਿੰਘ ਨਾਗਰਾ, ਸਾਧੂ ਸਿੰਘ ਧਰਮਸੋਤ, ਅਮਰੀਕ ਸਿੰਘ ਢਿੱਲੋਂ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅਤੇ ਰਾਕੇਸ਼ ਪਾਂਡੇ ਸ਼ਾਮਲ ਹੋਏ।

# ਸਿੱਖਸ ਫਾਰ ਜਸਟਿਸ ਸੋਨੀਆ ਗਾਂਧੀ ਖਿਲਾਫ ਸੋਧੀ ਹੋਈ ਸ਼ਿਕਾਇਤ ਦਾਇਰ ਕਰੇਗੀ

**ਕੈਲੀਫੋਰਨੀਆ (ਬਿਊਰੋ):** ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਨੇ ਕਿਹਾ ਹੈ ਕਿ ਭਾਵੇਂ ਅਮਰੀਕੀ ਅਦਾਲਤ ਨੇ ਕੁਲ ਹਿੰਦ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਖਿਲਾਫ ਸਰਟੀਫਿਕੇਟ ਆਫ ਡਿਫਾਲਟ ਜਾਰੀ ਕਰਨ ਦੀ ਇਸਤਗਾਸਾ ਧਿਰ ਦੀ ਬੇਨਤੀ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ ਪਰ ਜਥੇਬੰਦੀ ਵਲੋਂ ਇਸ ਮਾਮਲੇ ਵਿਚ ਸੋਧੀ ਹੋਈ ਸ਼ਿਕਾਇਤ ਦਾਇਰ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਸੰਘੀ ਅਦਾਲਤ ਵਿਚ ਇਸਤਗਾਸਾ ਧਿਰ ਨੇ ਨਵੰਬਰ 84 ਦੇ ਸਿੱਖ ਕਤਲੇਆਮ ਦੇ ਕਥਿਤ ਦੋਸ਼ੀਆਂ ਨੂੰ ਬਚਾਉਣ ਦੇ ਦੋਸ਼ ਲਾ ਕੇ ਸ੍ਰੀਮਤੀ ਸੋਨੀਆ ਗਾਂਧੀ ਵਿਰੁਧ ਕੇਸ ਦਾਇਰ ਕੀਤਾ ਸੀ। ਸਿੱਖਸ ਫਾਰ ਜਸਟਿਸ ਨੇ ਦਾਅਵਾ ਕੀਤਾ ਸੀ ਕਿ ਅਦਾਲਤ ਦੇ ਹੁਕਮਾਂ ਅਨੁਸਾਰ ਇਸਤਗਾਸਾ ਧਿਰ ਨੇ ਸੋਨੀਆ ਗਾਂਧੀ ਨੂੰ ਨਿਊ ਯਾਰਕ ਸਥਿਤ ਮੈਮੋਰੀਅਲ ਸਲੋਨ ਕੈਟਰਿੰਗ ਕੈਂਸਰ ਸੈਂਟਰ ਹਸਪਤਾਲ ਦੇ ਸੁਰਖਿਆ ਸਟਾਫ ਰਾਹੀਂ ਸੰਮਨ ਤਾਮੀਲ ਕਰਵਾ ਦਿੱਤੇ ਸਨ। ਇਸ ਨੇ ਅਦਾਲਤ ਵਿਚ ਮੰਗ ਕੀਤੀ ਸੀ ਕਿ ਸਰਟੀਫਿਕੇਟ ਆਫ ਡਿਫਾਲਟ ਜਾਰੀ ਕੀਤਾ ਜਾਵੇ ਕਿਉਂਕਿ ਸੰਮਨ ਤਾਮੀਲ ਹੋਣ ਤੋਂ ਬਾਅਦ ਵੀ ਸੋਨੀਆ ਗਾਂਧੀ ਨੇ ਆਪਣੇ ਉਤੇ ਲਗੇ ਦੋਸ਼ਾਂ ਦਾ ਜਵਾਬ ਨਹੀਂ ਦਿੱਤਾ। ਇਸ 'ਤੇ ਅਦਾਲਤ ਨੇ ਹੁਕਮ ਸੁਣਾਇਆ ਕਿ ਪਟੀਸ਼ਨ ਮੁੜ ਦਾਇਰ ਕੀਤੀ ਜਾਵੇ ਜਿਸ ਵਿਚ ਸਿੱਖਾਂ ਦੇ ਕਾਤਲਾਂ ਨੂੰ ਬਚਾਉਣ ਤੇ ਉਨ੍ਹਾਂ ਦੀ ਪੁਸ਼ਤਪਨਾਹੀ ਕਰਨ ਵਿਚ ਸੋਨੀਆ ਗਾਂਧੀ ਦੀ ਭੂਮਿਕਾ ਦਰਸਾਈ ਗਈ ਹੋਵੇ।

# ਟੋਰਾਂਟੋ ਗੁਰਦੁਆਰੇ ਦੇ ਦੋਹਾਂ ਧੜਿਆਂ 'ਚ ਸਰਬਸੰਮਤੀ

**ਟੋਰਾਂਟੋ:** ਉੱਤਰੀ ਅਮਰੀਕਾ ਦੇ ਵੱਡੇ ਗੁਰਦੁਆਰੇ ਦੇ ਪ੍ਰਬੰਧ ਨੂੰ ਲੈ ਕੇ ਦੋ ਧੜਿਆਂ ਵਿਚ ਸੱਤ ਸਾਲਾਂ ਤੋਂ ਚੱਲ ਰਹੀ ਅਦਾਲਤੀ ਲੜਾਈ ਮੁੱਕਣ ਦੇ ਆਸਾਰ ਹਨ। ਦੋਹਾਂ ਧੜਿਆਂ ਦੇ ਡਾਇਰੈਕਟਰਾਂ ਦਾ ਰਲੇਵਾਂ ਕਰ ਕੇ ਸਰਬਸੰਮਤੀ ਨਾਲ ਨਿਵੀਂ ਕਮੇਟੀ ਚੁਣੀ ਗਈ ਹੈ। ਮੈਂਬਰਸ਼ਿਪ ਦੀਆਂ ਧਾਂਦਲੀਆਂ ਦੇ ਮਾਮਲੇ 'ਤੇ ਚੱਲ ਰਹੇ ਕੇਸ ਕਾਰਨ ਗੁਰਦੁਆਰਾ ਓਂਟਾਰੀਓ ਖਾਲਸਾ ਦਰਬਾਰ ਭਾਈਚਾਰੇ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਸੀ।

ਚੇਤੇ ਰਹੇ ਕਿ ਇਸ ਲੰਮੇ ਅਦਾਲਤੀ ਕੇਸ ਉਤੇ ਹੁਣ ਤੱਕ ਦੋਹਾਂ ਧਿਰਾਂ ਦਾ 30 ਲੱਖ ਡਾਲਰ ਬਰਬਾਦ ਹੋ ਚੁੱਕੇ ਹਨ। ਹੁਣ ਸੱਤਾਧਾਰੀ ਧਿਰ ਦੇ ਛੇ ਡਾਇਰੈਕਟਰਾਂ ਵਿਚ ਹੀ ਮਤਭੇਦ ਉਭਰ ਆਏ ਸਨ ਅਤੇ ਇਸੇ ਕਾਰਨ ਨਵੀਂ ਕਮੇਟੀ ਲਈ ਰਾਹ ਪੱਧਰਾ ਹੋ ਗਿਆ। ਪੁਰਾਣੇ ਬੇਦਾਗ ਸੇਵਾਦਾਰ ਅਵਤਾਰ ਸਿੰਘ ਪੂਨੀਆ ਨੂੰ ਜਸਜੀਤ ਸਿੰਘ ਭੁੱਲਰ ਦੀ ਜਗ੍ਹਾ ਪ੍ਰਧਾਨ ਬਣਾਇਆ ਗਿਆ ਹੈ। ਇਸ ਗੁਰਦੁਆਰੇ ਵਿਚ ਚੋਣ 2003 ਵਿਚ ਹੋਈ ਸੀ ਜਿਸ ਵਿਚ 11 ਡਾਇਰੈਕਟਰ ਚੁਣੇ ਗਏ ਸਨ। ਤਿੰਨ ਸਾਲ ਬਾਅਦ ਹੋਣ ਵਾਲੀ ਚੋਣ ਤੋਂ ਐਨ ਪਹਿਲਾਂ ਵਿਰੋਧੀ ਧਿਰ ਨੇ ਜਾਅਲੀ ਮੈਂਬਰਸ਼ਿਪ ਦੇ ਦੋਸ਼ ਲਾ ਕੇ ਪ੍ਰਬੰਧਕਾਂ ਨੂੰ ਅਦਾਲਤ ਵਿਚ ਖਿੱਚ ਲਿਆ ਸੀ ਤੇ ਅਦਾਲਤ ਨੇ ਦੋਸ਼ਾਂ ਨੂੰ ਵਜ਼ਨਦਾਰ ਮੰਨਦਿਆਂ 11 ਮਈ 2006 ਨੂੰ ਚੋਣਾਂ ਰੋਕ ਦਿੱਤੀਆਂ ਸਨ। ਗੁਰਦੁਆਰੇ ਦੇ ਕੋਈ 4000 ਮੈਂਬਰ ਹਨ ਜਿਸ ਵਿਚੋਂ ਤਕਰੀਬਨ 2400 ਸ਼ੱਕੀ ਸਮਝੇ ਜਾ ਰਹੇ ਸਨ। ਉਦੋਂ ਤੋਂ ਹੀ ਸਿੱਖ ਇਤਿਹਾਸ ਦੀ ਇਹ ਮਹਿੰਗੀ ਅਦਾਲਤੀ ਲੜਾਈ ਸ਼ੁਰੂ ਹੋ ਗਈ। ਹੁਣ 2003 ਮਗਰੋਂ ਬਣੀ ਮੈਂਬਰਸ਼ਿਪ ਦੀ ਪੜਤਾਲ ਕਰਨ ਲਈ ਨਵੀਂ ਕਮੇਟੀ ਵੱਲੋਂ ਪੱਤਰ ਭੇਜੇ ਜਾਣਗੇ ਤੇ ਹਰ ਮੈਂਬਰ ਨੂੰ ਆਪਣੇ ਪਤੇ ਦੀ ਪੁਸ਼ਟੀ ਕਰਨੀ ਪਵੇਗੀ।

ਨਵੀਂ ਕਾਰਜਕਾਰੀ ਕਮੇਟੀ ਵਿਚ ਰਣਜੋਧ ਸਿੰਘ ਪੰਧੇਰ (ਚੇਅਰਮੈਨ), ਅਵਤਾਰ ਸਿੰਘ ਪੂਨੀਆ (ਪ੍ਰਧਾਨ), ਮਨੋਹਰ ਸਿੰਘ ਖਹਿਰਾ (ਉਪ ਪ੍ਰਧਾਨ), ਸੁਖਦੇਵ ਸਿੰਘ ਬੈਂਸ (ਸਕੱਤਰ) ਸਵਰਨ ਸਿੰਘ ਕੈਰੋਂ (ਜੁਆਇੰਟ ਸਕੱਤਰ), ਕਸ਼ਮੀਰ ਸਿੰਘ (ਖਜ਼ਾਨਚੀ), ਗੁਰਦੇਵ ਸਿੰਘ ਨਾਹਲ (ਜੁਆਇੰਟ ਖਜ਼ਾਨਚੀ), ਬਲਬੀਰ ਸਿੰਘ ਬਹੁਗੁਣ (ਡਾਇਰੈਕਟਰ), ਜਸਜੀਤ ਸਿੰਘ ਭੁੱਲਰ (ਡਾਇਰੈਕਟਰ), ਕੁਲਦੀਪ ਸਿੰਘ ਲੱਛੜ (ਡਾਇਰੈਕਟਰ) ਤੇ ਹਰਬੰਸ ਸਿੰਘ ਜੰਡਾਲੀ (ਡਾਇਰੈਕਟਰ) ਹੋਣਗੇ। ਕਸ਼ਮੀਰ ਸਿੰਘ ਨੂੰ ਛੱਡ ਕੇ ਬਾਕੀ ਸਭ ਅਹੁਦੇਦਾਰ ਨਵੇਂ ਹਨ।


## ਪੰਜਾਬ ਟਾਈਮਜ਼

## ਵਿਗਿਆਪਕਾਂ ਦੇ ਧਿਆਨਯੋਗ

ਪੰਜਾਬ ਟਾਈਮਜ਼ ਆਪਣੇ ਵਿਗਿਆਪਕਾਂ ਦਾ ਧੰਨਵਾਦੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਅਖਬਾਰ ਨਿਰੰਤਰ ਅਗੇ ਵਧਦਾ ਚਲਾ ਆਇਆ ਹੈ। ਇਸ ਗੱਲ ਵਿਚ ਕੋਈ ਸ਼ਕ ਨਹੀਂ ਕਿ ਅਮਰੀਕਾ ਵਿਚ ਛਪਦੇ ਕਿਸੇ ਵੀ ਪੰਜਾਬੀ ਅਖਬਾਰ ਲਈ ਇਸ਼ਤਿਹਾਰ ਆਮਦਨ ਦਾ ਮੁਖ ਸਾਧਨ ਹਨ। ਸਾਡੀ ਵਿਗਿਆਪਕਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਨੇ ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਲਵਾਉਣ ਪਿਛੋਂ ਆਪਣੇ ਬਕਾਏ ਵਾਰ ਵਾਰ ਚੇਤਾ ਕਰਾਏ ਜਾਣ ਦੇ ਬਾਵਜੂਦ ਅਦਾ ਨਹੀਂ ਕੀਤੇ, ਉਹ ਫੌਰੀ ਤੌਰ 'ਤੇ ਇਹ ਬਕਾਏ ਅਦਾ ਕਰ ਦੇਣ ਤਾਂ ਜੋ ਆਪਸੀ ਸਬੰਧ ਬਿਨਾ ਰੁਕਾਵਟ ਬਣੇ ਰਹਿਣ। ਜਿਹੜੇ ਵਿਗਿਆਪਕ 31 ਅਕਤੂਬਰ 2013 ਤਕ ਆਪਣੇ ਬਕਾਏ ਅਦਾ ਨਹੀਂ ਕਰਨਗੇ, ਸਾਡੇ ਪਾਸ ਉਨ੍ਹਾਂ ਦੇ ਨਾਂ ਨਸ਼ਰ ਕਰਨ ਤੋਂ ਇਲਾਵਾ ਕੋਈ ਚਾਰਾ ਨਹੀ ਰਹੇਗਾ।

-ਅਦਾਰਾ ਪੰਜਾਬ ਟਾਈਮਜ਼

# ਕੀ ਗੁਰਦੁਆਰੇ ਦਾ ਕੋਈ ਗ੍ਰੰਥੀ ਅਕਾਲ ਤਖਤ ਹੋ ਸਕਦਾ ਹੈ?

## ਜੇ ਗੁਰਦੁਆਰਾ ਸਾਹਿਬ ਆਫ ਹਿਊਸਟਨ (ਬਰੀਨ) ਦਾ ਹੈਡ ਗ੍ਰੰਥੀ ਭਾਈ ਸੁ਼ਰਨਜੀਤ ਸਿੰਘ ਇਕ ਵਕੀਲ ਵਲੋਂ ਸਿੱਖ ਧਰਮ ਬਾਰੇ ਦਿੱਤੀ ਗਈ ਗਲਤ ਜਾਣਕਾਰੀ ਦੇ ਆਧਾਰ ਉਤੇ ਆਪਣੇ ਆਪ ਨੂੰ ਅਕਾਲ ਤਖਤ ਦੇ ਬਰਾਬਰ ਸਮਝੇ ਅਤੇ ਸੰਗਤ ਨੂੰ ਹਦਾਇਤਾਂ ਜਾਰੀ ਕਰੇ ਤਾਂ ਸੰਗਤ ਇਸ ਨੂੰ ਕੀ ਕਹੇਗੀ?

## ਕੀ ਇਹ ਕਾਰਵਾਈ ਗੁਰਮਤਿ ਵਿਰੋਧੀ ਨਹੀਂ, ਅਕਾਲ ਤਖਤ ਦਾ ਨਿਰਾਦਰ ਕਰਨ ਤੁਲ ਨਹੀਂ?

ਅਸੀਂ ਸੰਗਤ ਦਾ ਧਿਆਨ ਗੁਰਦੁਆਰਾ ਸਾਹਿਬ ਦੇ ਬਾਈਲਾਅਜ਼ ਦੇ ਆਰਟੀਕਲ 8 ਦੀ ਧਾਰਾ 'ਸੀ' ਵਲ ਦਿਵਾਉਣਾ ਚਾਹੁੰਦੇ ਹਾਂ। ਇਸ ਧਾਰਾ ਅਨੁਸਾਰ:

"ਜੇ ਕਿਸੇ ਮਸਲੇ ਉਪਰ ਗੁਰਦੁਆਰਾ ਸਾਹਿਬ ਦੀ ਆਮ ਮੈਂਬਰਸ਼ਿਪ ਵਿਚ ਗੰਭੀਰ ਮਤਭੇਦ ਹਨ ਅਤੇ ਮੈਂਬਰਸ਼ਿਪ ਦਾ ਘੱਟੋ ਘੱਟ ਇਕ ਤਿਹਾਈ ਹਿੱਸਾ ਕਿਸੇ ਧਾਰਮਕ ਮਸਲੇ ਉਪਰ ਆਮ ਮੈਂਬਰਸ਼ਿਪ ਦੇ ਫੈਸਲੇ ਪ੍ਰਤੀ ਸਹਿਮਤ ਨਹੀਂ ਹੈ ਤਾਂ ਇਹ ਮਾਮਲਾ ਲਾਜ਼ਮੀ ਤੌਰ 'ਤੇ ਫੈਸਲੇ ਲਈ ਅਕਾਲ ਤਖਤ 'ਤੇ ਪੇਸ਼ ਕੀਤਾ ਜਾਵੇ।"



ਹੈਰਿਸ ਕਾਉਂਟੀ, ਟੈਕਸਸ ਦੀ ਜਿਲ੍ਹਾ ਅਦਾਲਤ ਵਲੋਂ ਤਰਲੋਚਨ ਸਿੰਘ ਬਨਾਮ ਗੁਰਨਾਮ ਸਿੰਘ ਸੰਧਰ ਵਗੈਰਾ ਕੇਸ ਵਿਚ 15 ਅਕਤੂਬਰ 2013 ਨੂੰ ਦਿਤੇ ਗਏ ਹੁਕਮ ਵਿਚ ਹੋਰ ਗੱਲਾਂ ਤੋਂ ਇਲਾਵਾ ਇਹ ਵੀ ਕਿਹਾ ਗਿਆ ਹੈ,

"ਆਖਰੀ ਤੌਰ 'ਤੇ, ਅਦਾਲਤ ਦੇ ਹੁਕਮ ਦੇ ਪੈਰਾ 4 ਵਿਚ ਅਕਾਲ ਤਖਤ (ਜੋ ਕਿ ਇਸ ਸਮੇਂ ਭਾਈ ਸੁ਼ਰਨਜੀਤ ਸਿੰਘ ਹੈ) ਨੂੰ ਦਿਤੇ ਗਏ ਅਖਤਿਆਰਾਂ ਵਿਚ ਇਹ ਹੱਕ ਅਤੇ ਜਿੰਮੇਵਾਰੀ ਵੀ ਸ਼ਾਮਲ ਹੈ ਕਿ ਉਹ ਉਨ੍ਹਾਂ ਸਾਰੇ ਮਾਮਲਿਆਂ, ਜਿਨ੍ਹਾਂ ਨੂੰ ਕਮੇਟੀ ਅਤੇ/ਜਾਂ ਡਾਇਰੈਕਟਰ ਹੱਲ ਨਹੀਂ ਕਰ ਸਕਦੇ ਜਾਂ ਕਰਨਾ ਨਹੀਂ ਚਾਹੁੰਦੇ, ਦਾ ਅੰਤਿਮ ਤੌਰ 'ਤੇ ਹੱਲ ਕਰੇ। ਇਸ ਵਿਚ ਅਦਾਲਤ ਵਲੋਂ ਦਿਤੇ ਗਏ ਹੁਕਮ ਅਨੁਸਾਰ ਹੋ ਰਹੀ ਚੋਣ ਦੇ ਮਕਸਦ ਨਾਲ ਤਿਆਰ ਕੀਤੀ ਗਈ ਮੈਂਬਰਸ਼ਿਪ ਲਿਸਟ ਨਾਲ ਸਬੰਧਤ ਮਸਲੇ ਵੀ ਸ਼ਾਮਲ ਹਨ ਪਰ ਇਹ ਇਥੋਂ ਤਕ ਹੀ ਸੀਮਤ ਨਹੀਂ ਹਨ।"

ਸਵਾਲ ਇਹ ਹੈ ਕਿ ਇਕ ਵਕੀਲ ਵਲੋਂ ਕਿਸੇ ਸਾਧਾਰਨ ਗ੍ਰੰਥੀ ਨੂੰ ਅਕਾਲ ਤਖਤ ਦੇ ਬਰਾਬਰ ਦਰਜਾ ਦਿਵਾਉਣ ਦੀ ਚਾਲ ਦਾ ਨਾਜਾਇਜ਼ ਲਾਭ (ਜੋ ਕਿ ਵਿਰੋਧੀ ਧਿਰ ਲੈਣ ਦੀ ਕੋਸ਼ਿਸ਼ ਕਰ ਰਹੀ ਹੈ) ਉਠਾਇਆ ਜਾਵੇ ਜਾਂ ਫਿਰ ਇਸ ਨੂੰ ਸਹੀ ਪ੍ਰਸੰਗ ਵਿਚ ਸਮਝ ਕੇ ਸਿੱਖੀ ਅਸੂਲਾਂ ਉਪਰ ਪਹਿਰਾ ਦਿੱਤਾ ਜਾਵੇ? ਫੈਸਲਾ ਸੰਗਤਾਂ ਉਪਰ ਛੱਡਦੇ ਹਾਂ।

ਇਸ ਤੋਂ ਵੀ ਵਡਾ ਸਵਾਲ ਤਾਂ ਇਹ ਹੈ ਕਿ ਗੁਰੂਘਰ ਦਾ ਗ੍ਰੰਥੀ, ਜਿਸ ਨੂੰ ਸੰਗਤਾਂ ਸਿੱਖੀ ਮਰਿਆਦਾ ਦਾ ਪਹਿਰੇਦਾਰ ਮੰਨਦੀਆਂ ਹਨ, ਅਕਾਲ ਤਖਤ ਦੇ ਮਾਣ ਨੂੰ ਨਜ਼ਰਅੰਦਾਜ਼ ਕਰਕੇ ਖੁਦ ਆਪਣੇ-ਆਪ ਨੂੰ ਅਕਾਲ ਤਖਤ ਮੰਨਣ ਅਤੇ ਹਦਾਇਤਾਂ ਦੇਣ ਲਗ ਪਵੇ? ਜ਼ਰਾ ਗੁਰੂਘਰ ਦੇ ਹੈਡ ਗ੍ਰੰਥੀ ਭਾਈ ਸੁ਼ਰਨਜੀਤ ਸਿੰਘ ਵਲੋਂ ਸੰਗਤਾਂ ਦੇ ਨਾਂ ਜਾਰੀ ਕੀਤੇ ਗਏ ਪੱਤਰ ਉਪਰ ਨਜ਼ਰ ਮਾਰੀ ਜਾਵੇ ਜੋ ਇਥੇ ਹੂ-ਬ-ਹੂ ਛਾਪੀ ਜਾ ਰਹੀ ਹੈ:

ਗੁਰਦੁਆਰਾ ਸਾਹਿਬ ਦੇ ਮਾਹੌਲ ਨੂੰ ਠੀਕ ਰਖਣ ਵਾਸਤੇ ਦਾਸ ਕਮੇਟੀ ਦੇ ਮੈਂਬਰਾਂ ਨੂੰ ਅਤੇ ਸੰਗਤ ਦੇ ਮੈਂਬਰਾਂ ਨੂੰ ਬੇਨਤੀ ਕਰਦਾ ਹੈ ਕਿ ਜੋ ਵੀ ਸੂਚਨਾ ਸੰਗਤ ਨਾਲ ਸਾਂਝੀ ਕਰਨੀ ਹੋਵੇ, ਉਹ ਦਾਸ ਨੂੰ ਦਿਤੀ ਜਾਵੇ ਤਾ ਕਿ ਦਾਸ ਉਸ ਸੂਚਨਾ ਨੂੰ ਵੀਚਾਰ ਕੇ ਸੰਗਤ ਨਾਲ ਸਾਂਝੀ ਕਰ ਸਕੇ ਕਿ ਇਹ ਸਭ ਕੋਰਟ ਦੀਆਂ ਹਦਾਇਤਾਂ ਅਨੁੰਸਾਰ ਗੁਰੂਘਰ ਦੇ ਮਹੌਲ ਨੂੰ ਠੀਕ ਰਖਣ ਵਾਸਤੇ ਅਤੀ ਜਰੂਰੀ ਹੈ।

ਦਸਤਖਤ:
ਭਾਈ ਸੁ਼ਰਨਜੀਤ ਸਿੰਘ
ਹੈਡ ਗ੍ਰੰਥੀ ਗੁਰਦੁਆਰਾ ਸਾਹਿਬ ਆਫ ਹਿਯੂਸਟਨ

1. Copy to management committee
2. Copy to both attorneys-Patton/Br

ਸਮੂੰਹ ਸਾਧ ਸੰਗਤ ਨੂੰ ਸਹਿਯੋਗ ਦੇਣ ਦੀ ਬੇਨਤੀ

### ਸੰਗਤ ਇਹ ਵਿਚਾਰ ਕਰੇ ਕਿ ਕੀ ਆਪਣੇ-ਆਪ ਨੂੰ 'ਅਕਾਲ ਤਖਤ' ਸਮਝਣ ਵਾਲੇ ਕਿਸੇ ਗ੍ਰੰਥੀ ਨੂੰ ਗੁਰੂ ਮਹਾਰਾਜ ਦੀ ਤਾਬਿਆ ਵਿਚ ਬੈਠਣ ਦਾ ਵੀ ਹੱਕ ਹੈ?

**ਜਥੇਦਾਰ ਸ੍ਰੀ ਅਕਾਲ ਤਖਤ ਵਲੋਂ ਇਸ ਮਾਮਲੇ 'ਤੇ ਜਾਰੀ ਪੱਤਰ**

ਪੱਤਰ ਨੰਬਰ: ਅ:3/3435 ਮੋਹਰ ਸ੍ਰੀ ਅਕਾਲ ਤਖਤ ਮਿਤੀ: 26-10-2013

ਗੁਰੂ ਪਿਆਰੇ ਭਾਈ ਤੀਰਥ ਸਿੰਘ ਜੀ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਆਪ ਜੀ ਵਲੋਂ ਭੇਜੀ ਹੋਈ ਫੈਕਸ ਦਫਤਰ ਸਕੱਤਰੇਤ ਸ੍ਰੀ ਅਕਾਲ ਤਖਤ ਸਾਹਿਬ ਜੀ ਵਿਖੇ ਪਹੁੰਚ ਗਈ ਹੈ। ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਵਲੋਂ ਆਪ ਜੀ ਨੂੰ ਲਿਖਣ ਦਾ ਆਦੇਸ਼ ਹੋਇਆ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਜੀ ਵਲੋਂ ਹੋਏ ਆਦੇਸ਼ ਕੇਵਲ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਹੀ ਕਰ ਸਕਦਾ ਹੈ, ਹੋਰ ਕੋਈ ਆਦਮੀ ਨਹੀਂ ਕਰ ਸਕਦਾ। ਜਥੇਦਾਰ ਸਾਹਿਬ ਵਲੋਂ ਹੋਏ ਆਦੇਸ਼ ਜਾਂ ਚਿੱਠੀ ਪੱਤਰ ਉਪਰ ਦਫਤਰ ਸਕੱਤਰੇਤ ਸ੍ਰੀ ਅਕਾਲ ਤਖਤ ਜੀ ਵਲੋਂ ਆਪਣਾ ਡਿਸਪੈਚ ਨੰ: ਬਕਾਇਦਾ ਤੌਰ 'ਤੇ ਲਗਾਇਆ ਜਾਂਦਾ ਹੈ। ਇਸ ਪੱਤਰ ਨੂੰ ਪੜ੍ਹ ਕੇ ਸੁਣਾਇਆ ਜਾ ਸਕਦਾ ਹੈ ਪਰ ਕਿਸੇ ਵਲੋਂ ਆਪਣੀ ਤਰਫੋਂ ਕੋਈ ਆਦੇਸ਼ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਨਾਮ ਪੁਰ ਨਹੀਂ ਦਿਤਾ ਜਾ ਸਕਦਾ।

ਧੰਨਵਾਦ ਸਾਹਿਤ,
ਸੁਭ ਚਿੰਤਕ

(ਭੁਪਿੰਦਰ ਸਿੰਘ)
ਇੰਚਾਰਜ,
ਦਫਤਰ ਸਕੱਤਰੇਤ ਸ੍ਰੀ ਅਕਾਲ ਤਖਤ ਸਾਹਿਬ,
ਸ੍ਰੀ ਅੰਮ੍ਰਿਤਸਰ।

ਇਹ ਸਹੀ ਹੈ ਕਿ ਗੁਰੂਘਰ ਦੇ ਪ੍ਰਬੰਧ ਨੂੰ ਚਲਾਉਣ ਦੇ ਮਾਮਲੇ 'ਤੇ ਵਖ ਵਖ ਧਿਰਾਂ ਵਿਚ ਮਤਬੇਦ ਹਨ ਪਰ ਇਸ ਦਾ ਅਰਥ ਇਹ ਨਹੀਂ ਕਿ ਕੋਈ ਧਿਰ ਸਿਰਫ ਆਪਣੇ ਸਵਾਰਥਾਂ ਖਾਤਰ ਸਿੱਖੀ ਮਰਿਆਦਾ ਦੀ ਉਲੰਘਣਾ ਕਰੇ ਅਤੇ ਅਕਾਲ ਤਖਤ ਜਿਹੀ ਮਹਾਨ ਸਿੱਖ ਸੰਸਥਾ ਦਾ ਨਿਰਾਦਰ ਕਰੇ।

ਗੁਰੂਘਰ ਦੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਮਾਮਲੇ ਨੂੰ 'ਹੋਊ ਪਰੇ' ਕਰਨ ਦੀ ਥਾਂ ਸਿੱਖੀ ਸਿਧਾਂਤਾਂ 'ਤੇ ਪਹਿਰਾ ਦੇਵੇ ਅਤੇ ਕਸੂਰਵਾਰਾਂ ਨੂੰ ਪੰਥਕ ਮਰਿਆਦਾ ਅਨੁਸਾਰ ਡੰਨ ਵੀ ਲਾਵੇ।

**ਸੰਗਤਾਂ ਦੇ ਦਾਸ**

**ਹੀਰਾ ਸਿੰਘ ਚਮਦਲ, ਤਰਲੋਚਨ ਸਿੰਘ, ਅਮਨ ਸਿੰਘ ਸਿੱਧੂ, ਅਵਤਾਰ ਸਿੰਘ ਮਾਨ, ਹਰਦੇਵ ਸਿੰਘ ਮੰਡ, ਸਤਮਿੰਦਰ ਸਿੰਘ ਓਟਾਲ, ਸਰਵਜੀਤ ਸਿੰਘ ਮੰਡ, ਹਰਦੇਵ ਸਿੰਘ ਹੇਅਰ ਅਤੇ ਗੁਰਦੁਆਰਾ ਬਰੀਨ ਦੀਆਂ ਹੋਰ ਸੰਗਤਾਂ**

# ਧੋਖੇ ਦੀ ਸ਼ਿਕਾਰ ਦੂਜੀ ਪਤਨੀ ਵੀ ਖਰਚਾ ਲੈਣ ਦੀ ਹੱਕਦਾਰ

**ਨਵੀਂ ਦਿੱਲੀ:** ਆਪਣੇ ਫੈਸਲੇ ਵਿਚ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਭਾਵੇਂ ਪਹਿਲੇ ਵਿਆਹ ਬਾਰੇ ਨਾ ਦੱਸ ਕੇ ਦੂਜਾ ਵਿਆਹ ਕਰਵਾਉਣਾ ਗ਼ੈਰਕਾਨੂੰਨੀ ਹੈ ਪਰ ਜਿਥੋਂ ਤੱਕ ਜੀਵਨ ਬਸਰ ਕਰਨ ਲਈ ਖਰਚੇ ਦਾ ਸਬੰਧ ਹੈ, ਤਾਂ ਹਿੰਦੂ ਮੈਰਿਜ ਐਕਟ ਅਧੀਨ ਦੂਜੀ ਪਤਨੀ ਨੂੰ ਵੀ 'ਕਾਨੂੰਨੀ ਤੌਰ ਉੱਤੇ ਵਿਆਹੀ' ਮੰਨਿਆ ਜਾਣਾ ਚਾਹੀਦਾ ਹੈ।

ਅਦਾਲਤ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਆਪਣੇ ਪਹਿਲੇ ਫੈਸਲੇ ਵਿਚ ਦੂਜੀ ਪਤਨੀ ਨੂੰ ਖਰਚੇ ਦਾ ਹੱਕਦਾਰ ਨਹੀਂ ਮੰਨਿਆ ਸੀ ਪਰ ਇਹ ਫੈਸਲਾ ਅਜਿਹੇ ਮਾਮਲਿਆਂ ਵਿਚ ਲਾਗੂ ਨਹੀਂ ਹੁੰਦਾ ਜਿਸ ਵਿਚ ਸਬੰਧਤ ਵਿਅਕਤੀ ਨੇ ਆਪਣੇ ਪਹਿਲੇ ਵਿਆਹ ਬਾਰੇ ਹਨੇਰੇ ਵਿਚ ਰੱਖ ਕੇ ਦੂਜਾ ਵਿਆਹ ਕਰਵਾਇਆ ਹੋਵੇ। ਜੇ ਪਤੀ ਖਰਚਾ ਦੇਣ ਲਈ ਤਿਆਰ ਨਹੀਂ ਹੁੰਦਾ ਤਾਂ ਉਸ ਵਿਰੁੱਧ ਪਤਨੀ ਨਾਲ ਧੋਖਾਧੜੀ ਦਾ ਮਾਮਲਾ ਚਲਾਇਆ ਜਾਵੇ। ਬੈਂਚ ਨੇ ਕਿਹਾ ਕਿ ਇਸ ਮਾਮਲੇ ਵਿਚ ਸਬੰਧਤ ਔਰਤ ਨੂੰ ਕਾਨੂੰਨੀ ਤੌਰ 'ਤੇ ਵਿਆਹੀ ਮੰਨਿਆ ਜਾਵੇ ਅਤੇ ਉਹ ਫੌਜਦਾਰੀ ਜ਼ਾਬਤੇ ਦੀ ਧਾਰਾ 125 ਅਧੀਨ ਖਰਚਾ ਲੈਣ ਦੀ ਹੱਕਦਾਰ ਹੈ।

# ਗੁਰਦੁਆਰਾ ਪੈਲਾਟਾਈਨ ਵਿਚ ਖੂਨਦਾਨ ਕੈਂਪ 3 ਨਵੰਬਰ ਨੂੰ

**ਸ਼ਿਕਾਗੋ (ਬਿਊਰੋ):** ਗੁਰਦੁਆਰਾ ਪੈਲਾਟਾਈਨ ਵਿਖੇ ਇਕ ਖੂਨਦਾਨ ਕੈਂਪ 1984 ਦੇ ਸਿੱਖ ਕਤਲੇਆਮ ਦਾ ਸ਼ਿਕਾਰ ਹੋਏ ਸਿੱਖਾਂ ਦੀ ਯਾਦ ਵਿਚ ਆਉਂਦੀ 3 ਨਵੰਬਰ ਨੂੰ ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ ਤਕ ਹਰਟਲੈਂਡ ਬਲੱਡ ਸੈਂਟਰ ਦੇ ਸਹਿਯੋਗ ਨਾਲ ਲਾਇਆ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਸਿੱਖ ਕਤਲੇਆਮ ਦਾ ਸ਼ਿਕਾਰ ਹੋਏ ਸਿੱਖਾਂ ਦੀ ਯਾਦ ਵਿਚ ਸਿੱਖ ਕੌਮ ਵਲੋਂ ਇਕ ਖੂਨਦਾਨ ਲਹਿਰ ਅਰੰਭ ਕੀਤੀ ਗਈ ਸੀ ਅਤੇ ਇਸ ਲਹਿਰ ਤਹਿਤ 1999 ਤੋਂ ਲੈ ਕੇ ਹੁਣ ਤਕ ਖੂਨਦਾਨ ਰਾਹੀਂ ਕਰੀਬ ਇਕ ਲੱਖ ਜਾਨਾਂ ਬਚਾਈਆਂ ਜਾ ਚੁਕੀਆਂ ਹਨ। ਖੂਨਦਾਨ ਦਾ ਮਕਸਦ ਇਹ ਦਰਸਾਉਣਾ ਹੈ ਕਿ ਖੂਨ ਵਹਾਉਣ ਲਈ ਨਹੀਂ, ਸਗੋਂ ਜਾਨਾਂ ਬਚਾਉਣ ਲਈ ਹੁੰਦਾ ਹੈ। ਖੂਨਦਾਨ ਕੈਂਪ ਦੇ ਪ੍ਰਬੰਧਕਾਂ ਅਨੁਸਾਰ ਆਪਣੀ ਅਪਾਇੰਟਮੈਂਟ ਵੈਬਸਾਈਟ www.hartlandbc.org 'ਤੇ ਜਾ ਕੇ ਬਣਾਈ ਜਾ ਸਕਦੀ ਹੈ। ਖੂਨਦਾਨੀ ਆਪਣੀ ਆਈ ਡੀ ਨਾਲ ਲੈ ਕੇ ਆਉਣ।

# ਡੈਲਸ ਵਿਚ ਨਗਰ ਕੀਰਤਨ 16 ਨਵੰਬਰ ਨੂੰ

**ਡੈਲਸ, ਟੈਕਸਸ (ਹਰਜੀਤ ਢੇਸੀ):** ਗੁਰਦੁਆਰਾ ਸਿੰਘ ਸਭਾ, ਰਿਚਰਡਸਨ, ਡੈਲਸ ਦੀਆਂ ਸੰਗਤਾਂ ਦੀ ਅਗਵਾਈ ਹੇਠ ਡੈਲਸ, ਫੋਰਟਵਰਥ ਦੀਆਂ ਸੰਗਤਾਂ ਵਲੋਂ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਇਕ ਮਹਾਨ ਨਗਰ ਕੀਰਤਨ ਆਉਂਦੀ 16 ਨਵੰਬਰ ਸਨਿਚਰਵਾਰ ਨੂੰ ਸਜਾਇਆ ਜਾ ਰਿਹਾ ਹੈ।

ਪ੍ਰਬੰਧਕ ਕਮੇਟੀ ਨੇ ਡੈਲਸ ਇਲਾਕੇ ਦੀਆਂ ਸੰਗਤਾਂ ਨੂੰ ਇਸ ਨਗਰ ਕੀਰਤਨ ਵਿਚ ਆਪੋ ਆਪਣੇ ਫਲੋਟਾਂ ਸਮੇਤ ਪਹੁੰਚ ਕੇ ਇਸ ਦੀਆਂ ਰੌਣਕਾਂ ਵਧਾਉਣ ਦੀ ਬੇਨਤੀ ਕੀਤੀ ਹੈ।

ਹੋਰ ਜਾਣਕਾਰੀ ਲਈ ਗੁਰੂ ਘਰ ਦੇ ਫੋਨ 972-235-3388 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਅਫ਼ਰੀਕੀ ਵਿਦਿਆਰਥੀ 'ਤੇ ਹਮਲੇ ਦੇ ਦੋਸ਼ ਵਿਚ ਦਸ-ਦਸ ਸਾਲ ਕੈਦ

**ਜਲੰਧਰ:** ਡੇਢ ਸਾਲ ਪਹਿਲਾਂ ਦੱਖਣੀ ਅਫ਼ਰੀਕੀ ਦੇਸ਼ ਬਰੂੰਡੀ ਦੇ 24 ਸਾਲਾ ਵਿਦਿਆਰਥੀ ਯੈਨਿਕ ਨਿਜ਼ਾਂਗਾ ਉਤੇ ਹੋਏ ਜਾਨ ਲੇਵਾ ਹਮਲੇ ਦੇ ਕੇਸ ਵਿਚ ਅਦਾਲਤ ਨੇ 7 ਦੋਸ਼ੀਆਂ ਨੂੰ 10-10 ਸਾਲ ਕੈਦ ਦੀ ਸਜ਼ਾ ਸੁਣਾਈ ਹੈ।

ਇਨ੍ਹਾਂ ਵਿਚ ਸੁਮੰਤ ਰੱਲਣ, ਸਾਹਿਲਦੀਪ ਸਿੰਘ ਤੇ ਅਮਨਦੀਪ ਸਿੰਘ (ਦੋਵੇਂ ਸਕੇ ਭਰਾ), ਰਮਨ ਉੱਪਲ, ਅਮਰਬੀਰ ਸਿੰਘ ਬਾਜਵਾ, ਹਰਸ਼ ਗੁਸਾਈਂ ਤੇ ਜਸਵੰਤ ਸਿੰਘ ਸ਼ਾਮਲ ਹਨ। ਜਸਕਰਨ ਸਿੰਘ ਤੇ ਰਣਤੇਜ ਸਿੰਘ ਭਗੌੜੇ ਹਨ। ਦੋਸ਼ੀਆਂ ਨੂੰ ਜੁਰਮਾਨਾ ਵੀ ਕੀਤਾ ਗਿਆ ਹੈ ਜੋ ਰੋਮੀ ਉੱਪਲ ਨੂੰ 57 ਹਜ਼ਾਰ ਰੁਪਏ ਅਤੇ ਬਾਕੀ ਛੇ ਮੁਜਰਮਾਂ ਨੂੰ 56-56 ਹਜ਼ਾਰ ਰੁਪਏ ਹੈ।

ਗ਼ੌਰਤਲਬ ਹੈ ਕਿ 21 ਅਪਰੈਲ, 2012 ਦੀ ਰਾਤ ਨੂੰ ਅਫ਼ਰੀਕੀ ਵਿਦਿਆਰਥੀ ਯੈਨਿਕ ਨਿਜ਼ਾਂਗਾ ਤੇ ਉਸ ਦੇ ਦੋਸਤਾਂ ਨਾਲ ਦੋਸ਼ੀਆਂ ਦੀ ਲੜਾਈ ਹੋ ਗਈ ਸੀ ਤੇ ਲੜਾਈ ਦੌਰਾਨ ਨਿਜ਼ਾਂਗਾ ਸਿਰ ਵਿਚ ਸੱਟ ਲੱਗਣ ਕਾਰਨ ਗੰਭੀਰ ਜ਼ਖਮੀ ਹੋ ਗਿਆ ਸੀ। ਇਨ੍ਹਾਂ ਵਿਚ ਮਰਹੂਮ ਐਸ.ਪੀ. ਧਰਮ ਸਿੰਘ ਉੱਪਲ ਦਾ ਪੁੱਤਰ ਰੋਮੀ ਉੱਪਲ ਵੀ ਸ਼ਾਮਲ ਹੈ। ਡਾਕਟਰਾਂ ਮੁਤਾਬਕ ਯੈਨਿਕ ਨਿਜ਼ਾਂਗਾ ਦਾ ਦਿਮਾਗ 90% ਨੁਕਸਾਨਿਆ ਗਿਆ ਹੈ।

ਰੈਸਟੋਰੈਂਟ ਲਈ ਲੋੜ ਹੈ

ਬਰਲਿੰਗਟਨ, ਇੰਡੀਆਨਾ ਵਿਚ
ਚੰਗੇ ਚਲਦੇ ਇੰਡੀਅਨ ਰੈਸਟੋਰੈਂਟ
ਲਈ ਵੇਟਰ, ਕੁੱਕ, ਤੰਦੂਰੀਏ ਅਤੇ
ਹੈਲਪਰ ਦੀ ਲੋੜ ਹੈ।
ਚੰਗੀ ਤਨਖਾਹ

ਸੰਪਰਕ ਕਰੋ: ਰਾਕੇਸ਼ ਕੁਮਾਰ
ਫੋਨ: 317-289-2144

ਤੰਦੂਰੀਏ ਕੁੱਕ ਤੇ ਹੋਰ ਸਟਾਫ ਦੀ ਲੋੜ ਹੈ

ਕੈਨਸਸ, ਮਿਜ਼ੌਰੀ ਵਿਚ
ਭਾਰਤੀ ਰੈਸਟੋਰੈਂਟ ਲਈ
ਤੰਦੂਰੀਏ ਕੁੱਕ, ਹੈਲਪਰ,
ਵੇਟਰ ਅਤੇ ਹੋਰ ਸਟਾਫ ਦੀ
ਲੋੜ ਹੈ,
ਚੰਗੀ ਤਨਖਾਹ



ਸੰਪਰਕ ਕਰੋ: 913-269-5727

ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ



ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ

ਕੀ ਤੁਸੀਂ ਡੀਪੋਰਟ ਹੋ ਰਹੇ ਹੋ?
ਜਾਂ ਤੁਹਾਡਾ ਇੰਮੀਗ੍ਰੇਸ਼ਨ
ਕੇਸ ਬੰਦ ਹੈ?
ਤੁਹਾਡੀ ਸੇਵਾ ਵਿਚ ਹਾਜ਼ਰ ਅਟਾਰਨੀ ਪੰਨੂੰ

ਇੰਮੀਗ੍ਰੇਸ਼ਨ ਅਤੇ ਡੀਪੋਰਟੇਸ਼ਨ ਡਿਫੈਂਸ

- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ਼
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ (10 ਸਾਲਾ ਰਿਹਾਇਸ਼ੀ ਕੇਸ)
- ਡੀਪੋਰਟੇਸ਼ਨ ਦੇ ਕੇਸ ਖੋਲ੍ਹਣ ਲਈ ਮੋਸ਼ਨ

ਮੁਫਤ ਕਾਨੂੰਨੀ ਸਲਾਹ ਲਈ ਸੰਪਰਕ ਕਰੋ

NEW YORK
T 718.672.8000
75-20 ASTORIA BLVD, SUITE 170
JACKSON HEIGHTS, NEW YORK 11370
* ADMITTED IN THE STATE OF NEW YORK ONLY

CALIFORNIA
T 510.796.9000
39180 LIBERTY STREET, SUITE 118
FREEMONT. CA 94538




ਦਲਬੀਰ ਭੰਗੂ, ਫੋਨ: 661-330-8685

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਜੰਮੂ ਕਸ਼ਮੀਰ ਨੂੰ ਮੁਕੰਮਲ ਆਜ਼ਾਦੀ ਨਹੀਂ ਮਿਲਣੀ: ਉਮਰ

**ਲੰਡਨ:** ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਦਾ ਖਿਆਲ ਹੈ ਕਿ ਉਨ੍ਹਾਂ ਦੀ ਰਿਆਸਤ ਕਦੇ ਵੀ ਆਜ਼ਾਦ ਨਹੀਂ ਹੋ ਸਕਦੀ ਅਤੇ ਇਹ ਭਾਰਤੀ ਪ੍ਰਭੂਸੱਤਾ ਅਧੀਨ ਰਹੇਗੀ ਪਰ ਉਨ੍ਹਾਂ ਦਾ ਮੰਨਣਾ ਹੈ ਕਿ ਬਰਤਾਨੀਆ ਦੀ ਉੱਤਰੀ ਆਇਰਲੈਂਡ ਸ਼ਾਂਤੀਵਾਰਤਾ ਅਤੇ ਸਕਾਟਲੈਂਡ ਵਿਚ ਵਧੇਰੇ ਅਧਿਕਾਰਾਂ ਦੇ ਤਬਾਦਲੇ ਤੋਂ ਕਸ਼ਮੀਰ ਬਾਰੇ ਭਵਿੱਖੀ ਸਮਝੌਤੇ ਲਈ ਪ੍ਰੇਰਨਾ ਮਿਲ ਸਕਦੀ ਹੈ।

ਬਰਤਾਨਵੀ ਅਖ਼ਬਾਰ 'ਟੈਲੀਗ੍ਰਾਫ' ਨਾਲ ਮੁਲਾਕਾਤ ਵਿਚ ਜਨਾਬ ਉਮਰ ਅਬਦੁੱਲਾ ਕਿਹਾ ਕਿ ਰਿਆਸਤ ਦੀ ਹੱਦ ਸਮੁੰਦਰ ਨਾਲ ਨਹੀਂ ਲਗਦੀ ਅਤੇ ਉਥੇ ਕੁਦਰਤੀ ਸਰੋਤਾਂ ਦੀ ਘਾਟ ਹੈ ਜਿਸ ਕਰ ਕੇ ਇਹ ਕਦੇ ਵੀ ਪੂਰੀ ਤਰ੍ਹਾਂ ਸੁਤੰਤਰ ਰਾਜ ਨਹੀਂ ਬਣ ਸਕਦਾ। ਉਂਜ ਉੱਤਰੀ ਆਇਰਲੈਂਡ ਦੀ ਸ਼ਾਂਤੀ ਪ੍ਰਕਿਰਿਆ ਅਤੇ ਸਕਾਟਲੈਂਡ ਨੂੰ ਵੱਧ ਅਧਿਕਾਰ ਦੇਣ ਦੇ ਅਮਲ ਤੋਂ ਭਵਿੱਖ ਦੇ ਕਿਸੇ ਸਮਝੌਤੇ ਲਈ ਪ੍ਰੇਰਨਾ ਮਿਲ ਸਕਦੀ ਹੈ ਜਿਸ ਤਹਿਤ ਪ੍ਰਭੂਸੱਤਾ ਨੂੰ ਖਤਰਾ ਨਾ ਪੁੱਜੇ। ਉਂਝ ਨਾਲ ਹੀ ਉਨ੍ਹਾਂ ਕਿਹਾ, "ਤੁਹਾਨੂੰ ਉਥੇ ਮੌਜੂਦ ਕੌਮਵਾਦੀ ਭਾਵਨਾਵਾਂ ਦਾ ਸਤਿਕਾਰ ਕਰਨਾ ਪਵੇਗਾ।" ਯਾਦ



ਰਹੇ ਕਿ ਉੱਤਰੀ ਆਇਰਲੈਂਡ ਵਿਚ ਹਿੰਸਾ ਦੇ ਲੰਮੇ ਦੌਰ ਤੋਂ ਬਾਅਦ 1998 ਵਿਚ ਸੱਤਾ ਦੀ ਵੰਡ ਬਾਰੇ ਸਮਝੌਤਾ ਹੋਇਆ ਸੀ ਅਤੇ ਸਕਾਟਲੈਂਡ ਨੂੰ ਦਿੱਤੇ ਅਧਿਕਾਰਾਂ ਤਹਿਤ ਸਕਾਟਿਸ਼ ਸੰਸਦ ਨੂੰ ਬਹੁਤ ਸਾਰੇ ਮੁੱਦਿਆਂ 'ਤੇ ਕਾਨੂੰਨ ਬਣਾਉਣ ਦੇ ਅਧਿਕਾਰ ਦਿੱਤੇ ਗਏ ਸਨ।

ਮੁੱਖ ਮੰਤਰੀ ਉਮਰ ਅਬਦੁੱਲਾ ਨੇ ਇਸ ਗੱਲ ਤੋਂ ਰੋਸ ਜ਼ਾਹਰ ਕੀਤਾ ਕਿ ਪਾਕਿਸਤਾਨ ਦੀ ਫੌਜ ਪਿਛਲੇ ਮਹੀਨੇ ਨਿਊ ਯਾਰਕ ਵਿਚ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਅਤੇ ਮਨਮੋਹਨ ਸਿੰਘ ਵਿਚਕਾਰ ਹੋਈ ਸ਼ਾਂਤੀਵਾਰਤਾ ਨੂੰ ਸਾਬੋਤਾਜ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ।

ਗੌਰਤਲਬ ਹੈ ਕਿ 'ਟੈਲੀਗ੍ਰਾਫ' ਨੇ ਲਿਖਿਆ ਕਿ ਉਮਰ ਅਬਦੁੱਲਾ ਦਾ ਜਨਮ ਇਸੈਕਸ (ਬਰਤਾਨੀਆ) ਵਿਚ ਹੋਇਆ ਸੀ ਅਤੇ ਉਨ੍ਹਾਂ ਦੇ ਬਰਤਾਨਵੀ ਪਿਛੋਕੜ ਸਦਕਾ ਜੀਵਨ ਪ੍ਰਤੀ ਉਨ੍ਹਾਂ ਦਾ ਨਜ਼ਰੀਆ ਬਹੁਤ ਵਿਸ਼ਾਲ ਹੈ ਪਰ ਇਸ ਦੇ ਕੁਝ ਨੁਕਸਾਨ ਵੀ ਹਨ। ਇਸ ਬਾਰੇ ਉਮਰ ਨੇ ਕਿਹਾ, "ਮੇਰੇ ਕਾਰਜ ਖੇਤਰ ਵਿਚ ਕੁਝ ਲੋਕ ਅਜਿਹੇ ਵੀ ਹਨ ਜੋ ਇਸ ਨੂੰ ਮੇਰੇ ਖਿਲਾਫ ਵਰਤਦੇ ਹਨ ਅਤੇ ਕਹਿੰਦੇ ਹਨ ਕਿ ਮੇਰਾ ਜਨਮ ਕਿਉਂਕਿ ਬਰਤਾਨੀਆ ਵਿਚ ਹੋਇਆ ਸੀ, ਇਸ ਕਰ ਕੇ ਮੇਰਾ ਕਸ਼ਮੀਰ ਦੀ ਸਿਆਸਤ ਵਿਚ ਕੋਈ ਕੰਮ ਨਹੀਂ।" ਉਮਰ ਮੁਤਾਬਕ ਅਲ-ਕਾਇਦਾ ਵੱਲੋਂ ਕਸ਼ਮੀਰ ਲਈ ਦਿੱਤੇ ਜਹਾਦ ਦੇ ਸੱਦੇ ਨੂੰ ਜ਼ਿਆਦਾ ਹੁੰਗਾਰਾ ਨਹੀਂ ਮਿਲੇਗਾ ਕਿਉਂਕਿ ਪਿਛਲੇ ਪੰਜ ਸਾਲਾਂ ਦੌਰਾਨ ਅਤਿਵਾਦੀ ਲਹਿਰ ਕਮਜ਼ੋਰ ਪੈ ਗਈ ਹੈ। ਇਸ ਤੋਂ ਇਲਾਵਾ ਬਰਤਾਨੀਆ ਅਤੇ ਅਮਰੀਕਾ, ਪਾਕਿਸਤਾਨ ਨੂੰ ਅਫਗਾਨਿਸਤਾਨ ਤੋਂ ਪਰਤ ਕੇ ਆਉਣ ਵਾਲੇ ਬਾਗੀਆਂ ਨੂੰ ਕਸ਼ਮੀਰ ਵਿਚ ਭੇਜਣ ਦੀ ਆਗਿਆ ਨਹੀਂ ਦੇਣਗੇ।

ਯਾਦ ਰਹੇ ਕਿ ਮੁੱਖ ਮੰਤਰੀ ਉਮਰ ਨੇ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਜਨਰਲ ਪਰਵੇਜ਼ ਮੁਸ਼ੱਰਫ ਵੱਲੋਂ 2005 ਵਿਚ ਦਿੱਤੀ ਸ਼ਾਂਤੀ ਯੋਜਨਾ ਦੀ ਹਮਾਇਤ ਕੀਤੀ ਜਿਸ ਤਹਿਤ ਕਸ਼ਮੀਰ ਵਿਚੋਂ ਫੌਜਾਂ ਵਾਪਸ ਬੁਲਾਉਣ ਅਤੇ ਸਰਹੱਦਾਂ 'ਚ ਰੱਦੋ-ਬਦਲ ਕੀਤੇ ਬਗੈਰ ਵਡੇਰੀ ਖੁਦਮੁਖਤਾਰੀ ਦੇਣ ਦੀ ਤਜਵੀਜ਼ ਪੇਸ਼ ਕੀਤੀ ਗਈ ਸੀ।

## ਇੰਦਰਾ ਗਾਂਧੀ-ਸ਼ੇਖ ਅਬਦੁੱਲਾ ਸਮਝੌਤਾ ਮੀਲ ਪੱਥਰ: ਵੋਹਰਾ

**ਨਵੀਂ ਦਿੱਲੀ:** ਜੰਮੂ ਕਸ਼ਮੀਰ ਦੇ ਰਾਜਪਾਲ ਐਨ.ਐਨ. ਵੋਹਰਾ ਨੇ 1974 ਦੇ ਇੰਦਰਾ ਗਾਂਧੀ-ਸ਼ੇਖ ਅਬਦੁੱਲਾ ਸਮਝੌਤੇ ਨੂੰ ਜੰਮੂ ਕਸ਼ਮੀਰ ਦੇ ਇਤਿਹਾਸ ਵਿਚ ਮੀਲ ਪੱਥਰ ਕਰਾਰ ਦਿੰਦਿਆਂ ਕਿਹਾ ਕਿ ਅਜਿਹੇ ਅਹਿਮ ਫ਼ੈਸਲੇ ਉਦੋਂ ਹੀ ਕੀਤੇ ਜਾ ਸਕਦੇ ਹਨ ਜਦੋਂ ਦੇਸ਼ ਅਤੇ ਰਾਜ ਦੇ ਹਿੱਤ ਹੋਰ ਫ਼ਿਕਰਾਂ ਤੋਂ ਉੱਪਰ ਹੋ ਜਾਣ। ਸ੍ਰੀ ਵੋਹਰਾ ਨੇ ਕਿਹਾ ਕਿ ਉਨ੍ਹਾਂ ਦਾ ਇਹ ਨਜ਼ਰੀਆ ਹੈ ਕਿ 1974 ਦਾ ਇੰਦਰਾ-ਸ਼ੇਖ ਸਮਝੌਤਾ ਲੰਮੇ ਵਿਚਾਰ-ਵਟਾਂਦਰੇ ਤੋਂ ਬਾਅਦ ਹੋਇਆ ਸੀ ਤੇ ਇਹ ਮੀਲਪੱਥਰ ਹੈ। ਇਸ ਸਮਝੌਤੇ ਤਹਿਤ ਇਹ ਵਿਵਸਥਾ ਸੀ ਕਿ ਜੰਮੂ-ਕਸ਼ਮੀਰ ਵਿਚ ਭਾਰਤੀ ਸੰਵਿਧਾਨ ਦੀ ਧਾਰਾ 370 ਲਾਗੂ ਰਹੇਗੀ। ਇਸ ਤੋਂ ਇਲਾਵਾ ਸਾਰੀਆਂ ਸ਼ਕਤੀਆਂ ਰਾਜ ਕੋਲ ਰਹਿਣਗੀਆਂ ਤੇ ਕੇਂਦਰ ਸਰਕਾਰ ਭਾਰਤ ਦੀ ਏਕਤਾ ਤੇ ਅਖੰਡਤਾ ਨੂੰ ਬਰਕਰਾਰ ਰੱਖਣ ਲਈ ਤੇ ਹੋਰ ਭੰਨ-ਤੋੜ ਤੇ ਵੱਖਵਾਦੀ ਗਤੀਵਿਧੀਆਂ ਕੁਚਲਣ ਲਈ ਕਾਨੂੰਨ ਬਣਾਉਣ ਦੀ ਹੱਕਦਾਰ ਹੋਵੇਗੀ।

## ਸਿੱਖ ਸਿੱਖਿਆ ਦੇ ਖੇਤਰ ਵਿਚ ਮੋਹਰੀ

**ਚੰਡੀਗੜ੍ਹ:** ਸਿੱਖ ਭਾਈਚਾਰਾ ਸੈਕੰਡਰੀ ਪੱਧਰ ਦੀ ਸਿੱਖਿਆ (ਨੌਵੀਂ ਤੇ ਦਸਵੀਂ) ਹਾਸਲ ਕਰਨ ਦੇ ਮਾਮਲੇ ਵਿਚ ਨੋਟੀਫਾਈਡ ਪੰਜ ਘੱਟ ਗਿਣਤੀਆਂ ਵਿਚ ਮੋਹਰੀ ਹੈ ਤੇ ਭਾਈਚਾਰੇ ਦਾ ਪੜ੍ਹਨ ਬਾਰੇ ਇਹ ਜੋਸ਼ ਗਰੈਜੂਏਸ਼ਨ ਦੇ ਪੱਧਰ ਤੱਕ ਬਣਿਆ ਰਹਿੰਦਾ ਹੈ। ਮਾਮੂਲੀ ਫਰਕ ਨਾਲ ਈਸਾਈ ਭਾਈਚਾਰਾ ਦੂਜੇ ਨੰਬਰ ਉਤੇ ਹੈ। ਸੈਕੰਡਰੀ ਸਿੱਖਿਆ ਦੇ ਖੇਤਰ ਵਿਚ ਇਨ੍ਹਾਂ ਦੋਵੇਂ ਘੱਟ ਗਿਣਤੀਆਂ ਦੀ ਹਾਲਤ ਤਾਂ ਬਹੁਗਿਣਤੀ ਹਿੰਦੂ ਭਾਈਚਾਰੇ ਨਾਲੋਂ ਵੀ ਵਧੀਆ ਹੈ।

ਇਹ ਜਾਣਕਾਰੀ ਸਿੱਖਿਆ ਬਾਰੇ ਸਰਕਾਰੀ ਦਸਤਾਵੇਜ਼ ਤੋਂ ਮਿਲੀ ਹੈ। ਇਸ ਮੁਤਾਬਕ ਗਰੈਜੂਏਸ਼ਨ (ਯੂਨੀਵਰਸਿਟੀ) ਪੱਧਰ ਦੀ ਸਿੱਖਿਆ ਦੇ ਮਾਮਲੇ ਵਿਚ ਪੰਜੇ ਘੱਟ ਗਿਣਤੀਆਂ (ਮੁਸਲਮਾਨ, ਈਸਾਈ, ਸਿੱਖ, ਬੋਧੀ ਤੇ ਪਾਰਸੀ) ਤੇ ਹਿੰਦੂਆਂ ਵਿਚੋਂ ਈਸਾਈ ਭਾਈਚਾਰੇ ਦੇ ਵਿਦਿਆਰਥੀਆਂ ਦਾ ਹੱਥ ਸਭ ਤੋਂ ਉੱਚਾ ਹੈ। ਉਂਜ ਜਿਉਂ-ਜਿਉਂ ਵਿਦਿਆਰਥੀ ਸੈਕੰਡਰੀ, ਸੀਨੀਅਰ ਸੈਕੰਡਰੀ ਤੇ ਗਰੈਜੂਏਸ਼ਨ ਦੀ ਪੜ੍ਹਾਈ ਦੀਆਂ ਪੌੜੀਆਂ ਚੜ੍ਹਦੇ ਜਾਂਦੇ ਹਨ, ਉਨ੍ਹਾਂ ਦੀ ਸਿੱਖਿਆ ਪ੍ਰਾਪਤੀ ਦਾ ਪੱਧਰ ਘਟਦਾ ਜਾਂਦਾ ਹੈ।

# ਅਕਾਲੀ-ਭਾਜਪਾ ਖਿਲਾਫ ਵਿਉਂਤਬੰਦੀ ਨੂੰ ਬੂਰ ਨਾ ਪਿਆ

*(ਸਫਾ ਇਕ ਦੀ ਬਾਕੀ)*

ਵੋਟ ਵੰਡੀ ਜਾਂਦੀ ਹੈ ਜਿਸ ਦਾ ਕੋਈ ਪ੍ਰਭਾਵੀ ਨਤੀਜਾ ਸਾਹਮਣੇ ਨਹੀਂ ਆਉਂਦਾ। ਇਸ ਦੀ ਮਿਸਾਲ ਪਿਛਲੇ ਸਾਲ ਹੋਈਆਂ ਵਿਧਾਨ ਸਭਾ ਚੋਣਾਂ ਹਨ ਜਿਸ ਦੌਰਾਨ ਵੋਟ ਪ੍ਰਤੀਸ਼ਤਤਾ ਜ਼ਿਆਦਾ ਹੋਣ ਦੇ ਬਾਵਜੂਦ ਵਿਰੋਧੀ ਧਿਰਾਂ ਨੂੰ ਬੁਰੀ ਤਰ੍ਹਾਂ ਮਾਤ ਮਿਲੀ ਸੀ।

ਇਸ ਮਾਮਲੇ 'ਤੇ ਸ. ਮਨਪ੍ਰੀਤ ਸਿੰਘ ਬਾਦਲ ਆਪਣੇ ਭਾਈਵਾਲਾਂ ਸੀ.ਪੀ.ਆਈ. ਤੇ ਸੀ.ਪੀ.ਐਮ. ਨੂੰ ਰਾਜ਼ੀ ਨਹੀਂ ਕਰ ਸਕੇ; ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਵੀ ਅਜਿਹੇ ਕਿਸੇ ਗਠਜੋੜ ਦੇ ਖਿਲਾਫ਼ ਹਨ। ਉਨ੍ਹਾਂ ਮੁਤਾਬਕ ਜੇ ਗਠਜੋੜ ਕਰਨਾ ਹੀ ਹੈ ਤਾਂ ਸੀ.ਪੀ.ਆਈ. ਤੇ ਸੀ.ਪੀ.ਐਮ. ਨਾਲ ਕਰਨਾ ਚਾਹੀਦਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਮਨਪ੍ਰੀਤ ਬਾਦਲ ਨਾਲ ਗਠਜੋੜ ਦੇ ਹੱਕ ਵਿਚ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਲੋਕ ਸਭਾ ਚੋਣਾਂ ਵਿਚ ਅਕਾਲੀ-ਭਾਜਪਾ ਗਠਜੋੜ ਨੂੰ ਖਦੇੜਨ ਲਈ ਪੀ.ਪੀ.ਪੀ., ਸੀ.ਪੀ.ਆਈ., ਸੀ.ਪੀ.ਐਮ. ਤੇ ਬੀ.ਐਸ.ਪੀ. ਸਣੇ ਸਾਰੀਆਂ ਧਰਮ-ਨਿਰਪੱਖ ਪਾਰਟੀਆਂ ਨਾਲ ਚੋਣ ਸਮਝੌਤਾ ਕਰਨਾ ਚਾਹੀਦਾ ਹੈ। ਇਸ ਬਾਰੇ ਪੰਜਾਬ ਕਾਂਗਰਸ ਦੇ ਤਰਜਮਾਨ ਸੁਖਪਾਲ ਸਿੰਘ ਖਹਿਰਾ ਦਾ ਕਹਿਣਾ ਹੈ ਕਿ ਗਠਜੋੜ ਬਾਰੇ ਵਿਚਾਰ ਕਰਨ ਲਈ ਰੱਖਿਆ ਮੰਤਰੀ ਏ.ਕੇ. ਐਂਟਨੀ ਸਣੇ ਸੀਨੀਅਰ ਪਾਰਟੀ ਲੀਡਰਾਂ ਦੀ ਕਮੇਟੀ ਬਣਾਈ ਗਈ ਹੈ। ਸ. ਬਾਜਵਾ ਇਸ ਕਮੇਟੀ ਅੱਗੇ ਸਾਰੇ ਪੱਖ ਰੱਖਣਗੇ। ਸ. ਮਨਪ੍ਰੀਤ ਸਿੰਘ ਬਾਦਲ ਦਾ ਕਹਿਣਾ ਹੈ ਕਿ ਉਨ੍ਹਾਂ ਗਠਜੋੜ ਲਈ ਕੈਪਟਨ ਅਮਰਿੰਦਰ ਸਿੰਘ ਜਾਂ ਕਿਸੇ ਹੋਰ ਕਾਂਗਰਸ ਲੀਡਰ ਕੋਲ ਕੋਈ ਪਹੁੰਚ ਨਹੀਂ ਕੀਤੀ। ਉਂਜ ਉਹ ਮੰਨਦੇ ਹਨ ਕਿ ਸੂਬੇ ਵਿਚੋਂ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਉਖਾੜਨ ਲਈ ਹਰ ਕਿਸੇ ਦੀ ਵਚਨਬੱਧਤਾ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਜੇ ਕੋਈ ਕਾਹਲ ਨਹੀਂ। ਉਨ੍ਹਾਂ ਦਾ ਨਿਸ਼ਾਨਾ ਤਾਂ 2017 ਵਾਲੀਆਂ ਵਿਧਾਨ ਸਭਾ ਚੋਣਾਂ ਹਨ।

ਉਧਰ, ਖੱਬੀਆਂ ਪਾਰਟੀਆਂ ਵੱਖ-ਵੱਖ ਸੂਬਿਆਂ ਵਿਚ ਵੱਖ-ਵੱਖ ਪਾਰਟੀਆਂ ਨਾਲ ਗਠਜੋੜ ਦੇ ਹੱਕ ਵਿਚ ਹਨ। ਖੱਬੇਪੱਖੀ ਆਗੂ ਫਿਲਹਾਲ ਕੌਮੀ ਪੱਧਰ ਉਤੇ ਬਣ ਰਹੇ ਗਠਜੋੜ ਵੱਲ ਦੇਖ ਰਹੇ ਹਨ। ਸੰਭਾਵਨਾ ਹੈ ਕਿ ਸੀ.ਪੀ.ਆਈ. ਪੰਜਾਬ ਵਿਚ ਕਾਂਗਰਸ ਨਾਲ, ਬਿਹਾਰ ਵਿਚ ਜਨਤਾ ਦਲ (ਯੂ) ਤੇ ਉੜੀਸਾ ਵਿਚ ਬੀ.ਜੇ.ਡੀ. ਨਾਲ ਗਠਜੋੜ ਕਰੇਗੀ। ਸੀ.ਪੀ.ਆਈ. ਦੇ ਆਗੂ ਜੋਗਿੰਦਰ ਦਿਆਲ ਦਾ ਕਹਿਣਾ ਹੈ ਕਿ ਗਠਜੋੜ ਬਾਰੇ ਸਾਂਝਾ ਮੋਰਚਾ ਜਿਸ ਵਿਚ ਸੀ.ਪੀ.ਆਈ., ਸੀ.ਪੀ.ਐਮ. ਤੇ ਪੀ.ਪੀ.ਪੀ. ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ (ਬਰਨਾਲਾ) ਵੀ ਸ਼ਾਮਲ ਹੈ, ਸਮੂਹਿਕ ਫੈਸਲਾ ਕਰੇਗਾ। ਧਰਮ ਨਿਰਪੱਖ ਪਾਰਟੀਆਂ ਨੂੰ ਬੜੇ ਤਹੱਮਲ ਤੋਂ ਕੰਮ ਲੈਣਾ ਚਾਹੀਦਾ ਹੈ ਤਾਂ ਕਿ ਗਠਜੋੜ ਲਈ ਰਾਹ ਪੱਧਰਾ ਹੋ ਸਕੇ।

# ਨਰੇਂਦਰ ਮੋਦੀ ਲਈ ਦਿੱਲੀ ਅਜੇ ਦੂਰ

*(ਸਫਾ ਇਕ ਦੀ ਬਾਕੀ)*

ਕਿਲੇ 'ਤੇ ਕੌਮੀ ਝੰਡਾ ਲਹਿਰਾਉਣ ਦੀ ਉਸ ਦੀ ਖਾਹਿਸ਼ ਕਦੇ ਪੂਰੀ ਨਹੀਂ ਹੋਵੇਗੀ। ਇਸ ਤੋਂ ਪਹਿਲਾਂ ਪਟਨਾ ਰੈਲੀ ਵਿਚ ਸ੍ਰੀ ਮੋਦੀ ਨੇ ਨਿਤੀਸ਼ ਨੂੰ 'ਮੌਕਾਪ੍ਰਸਤ' ਆਗੂ ਕਰਾਰ ਦਿੱਤਾ ਸੀ ਤੇ ਦੋਸ਼ ਲਾਇਆ ਸੀ ਕਿ ਉਸ ਨੇ ਜੈ ਪ੍ਰਕਾਸ਼ ਨਰਾਇਣ ਅਤੇ ਰਾਮ ਮਨੋਹਰ ਲੋਹੀਆ ਜਿਹੇ ਸਮਾਜਵਾਦੀ ਆਗੂਆਂ ਨਾਲ ਧੋਖਾ ਕੀਤਾ ਸੀ। ਜਵਾਬ ਵਿਚ ਸ੍ਰੀ ਕੁਮਾਰ ਨੇ ਆਖਿਆ ਕਿ ਦੇਸ਼ ਦਾ ਆਗੂ ਬਣਨ ਲਈ ਮੋਦੀ ਕੋਲ ਨਾ ਮਿੱਠੀ ਜ਼ੁਬਾਨ ਹੈ ਅਤੇ ਨਾ ਹੀ ਉਸ ਦੇ ਸੁਭਾਅ ਵਿਚ ਸਬਰ ਹੈ।

ਉਨ੍ਹਾਂ ਇਤਿਹਾਸ ਬਾਰੇ ਮੋਦੀ ਦੀ ਸੋਝੀ 'ਤੇ ਵੀ ਕਿੰਤੂ ਕੀਤਾ। ਉਨ੍ਹਾਂ ਕਿਹਾ ਕਿ ਮੋਦੀ ਇਕ ਝੂਠ ਨੂੰ ਸੌ ਵਾਰ ਦੁਹਰਾ ਕੇ ਇਸ ਨੂੰ ਸੱਚ ਦਰਸਾਉਣ ਦੀ ਸੋਚ ਦੇ ਮਾਲਕ ਹਨ। ਇਹ ਤਾਨਾਸ਼ਾਹੀ ਹੀ ਨਹੀਂ ਸਗੋਂ ਫਾਸ਼ੀਵਾਦ ਵਿਚ ਹੈ। ਇਨ੍ਹਾਂ ਲੋਕਾਂ ਲਈ ਹਿਟਲਰ ਆਦਰਸ਼ ਹੈ। ਇਹ ਉਹੀ ਕਰਦੇ ਹਨ ਜੋ ਹਿਟਲਰ ਕਰਦਾ ਸੀ। ਹਿਟਲਰ ਦਾ ਪ੍ਰਾਪੇਗੰਡਾ ਮੰਤਰੀ ਗੋਇਬਲਜ਼ ਕਹਿੰਦਾ ਹੁੰਦਾ ਸੀ ਕਿ ਝੂਠ ਨੂੰ ਸੱਚ ਬਣਾਉਣ ਲਈ ਬੱਸ, ਸੌ ਵਾਰ ਝੂਠ ਬੋਲ ਦਿਉ। ਇਹੀ ਕੁਝ ਮੋਦੀ ਕਰ ਰਿਹਾ ਹੈ।

**ਕਾਂਗਰਸ ਨੂੰ ਘੇਰਨ ਦੀ ਕੋਸ਼ਿਸ਼:** ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਦੇ ਅਤਿਵਾਦੀ ਸਰਗਰਮੀਆਂ ਲਈ ਮੁਜ਼ੱਫਰਨਗਰ ਦੰਗਿਆਂ ਦੇ ਕੁਝ ਪੀੜਤਾਂ ਦੇ ਸੰਪਰਕ ਵਿਚ ਹੋਣ ਬਾਰੇ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਦੇ ਬਿਆਨ ਕਾਰਨ ਸਿਆਸੀ ਤੂਫ਼ਾਨ ਆ ਗਿਆ ਹੈ। ਭਾਜਪਾ ਨੇ ਇਸ ਮੁੱਦੇ 'ਤੇ ਕਾਂਗਰਸ ਨੂੰ ਘੇਰਨ ਦੀ ਕੋਸ਼ਿਸ਼ ਕਰਦਿਆਂ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਤੋਂ ਸਪਸ਼ਟੀਕਰਨ ਮੰਗਿਆ ਹੈ। ਪਾਰਟੀ ਨੇ ਚੋਣ ਕਮਿਸ਼ਨ ਨੂੰ ਮਿਲ ਕੇ ਰਾਹੁਲ ਗਾਂਧੀ ਦੇ ਭੜਕਾਊ ਭਾਸ਼ਨ ਖਿਲਾਫ਼ ਸ਼ਿਕਾਇਤ ਵੀ ਦਰਜ ਕਰਵਾਈ ਹੈ। ਭਾਜਪਾ ਦੇ ਕੌਮੀ ਬੁਲਾਰੇ ਸ਼ਾਹਨਵਾਜ਼ ਹੁਸੈਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਜਾਂ ਗ੍ਰਹਿ ਮੰਤਰੀ ਇਸ ਬਾਰੇ ਸਪਸ਼ਟੀਕਰਨ ਦੇਣ ਕਿਉਂਕਿ ਇਸ ਬਿਆਨ ਨਾਲ ਮੁਸਲਮਾਨਾਂ ਬਾਰੇ ਸਵਾਲ ਖੜ੍ਹੇ ਹੋਏ ਹਨ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੇ ਮੁਸਲਮਾਨਾਂ ਵਿਰੁਧ ਗੰਭੀਰ ਦੋਸ਼ ਲਾਏ ਹਨ ਤੇ ਆਈ.ਐਸ.ਆਈ. ਨਾਲ ਜੋੜ ਕੇ ਉਨ੍ਹਾਂ ਦੀ ਨਿਰਾਦਰੀ ਕੀਤੀ ਹੈ।

**ਮਨਮੋਹਨ ਸਿੰਘ ਤੇ ਮੋਦੀ ਉਲਝੇ:** ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਦੇਸ਼ ਦੇ ਪਹਿਲੇ ਗ੍ਰਹਿ ਮੰਤਰੀ ਸਰਦਾਰ ਵੱਲਭ ਭਾਈ ਪਟੇਲ ਦੀ ਵਿਰਾਸਤ ਨੂੰ ਲੈ ਕੇ ਸ਼ਬਦੀ ਜੰਗ ਵਿਚ ਉਲਝ ਪਏ। ਸ੍ਰੀ ਮੋਦੀ ਨੇ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ 'ਤੇ ਅਸਿੱਧੇ ਢੰਗ ਨਾਲ ਹਮਲਾ ਕਰਦਿਆਂ ਆਖਿਆ ਕਿ ਜੇ ਸਰਦਾਰ ਪਟੇਲ ਪਹਿਲੇ ਪ੍ਰਧਾਨ ਮੰਤਰੀ ਬਣ ਜਾਂਦੇ ਤਾਂ ਦੇਸ਼ ਦੀ ਹੋਣੀ ਹੋਰ ਹੋਣੀ ਸੀ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਪਟੇਲ ਦੀ ਵਿਰਾਸਤ 'ਤੇ ਮੋਦੀ ਦੇ ਦਾਅਵੇ ਨੂੰ ਵੰਗਾਰਦਿਆਂ ਕਿਹਾ ਕਿ ਸਰਦਾਰ ਪਟੇਲ ਖਰੇ ਧਰਮ ਨਿਰਪੱਖ ਤੇ ਉਦਾਰਵਾਦੀ ਆਗੂ ਸਨ ਅਤੇ ਆਪਣੇ ਵਿਚਾਰਾਂ ਨਾਲ ਅਸਹਿਮਤੀ ਰੱਖਣ ਵਾਲਿਆਂ ਦਾ ਸਨਮਾਨ ਕਰਨਾ ਵੀ ਜਾਣਦੇ ਸਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

## Matrimonial

**ਕੰਨਿਆਂ ਦੀ ਲੋੜ**

Beautiful & well educated girl sought for Lobana Sikh handsome clean shaven boy, 26, 5'-10", Green Card holder, B-tech engineering. Only reputed Lobana Sikh families from USA/ Canada need to contact. Ph: 916-821-1569 or email: supertoolsindia@yahoo.co.in

Looking match for Saini Sikh turbaned boy, computer engineer, 5'-8", completed higher study in Canada recently, belongs to Dist. Hoshiapur. California girl preferred. Contact: 510-557-6988 or raj@gfbontime.com

ਜੱਟ ਸਿੱਖ ਇੰਡੀਅਨਐਪੋਲਿਸ ਰਹਿੰਦੇ, ਉਮਰ 29, ਕੱਦ 5'-6", ਗਰੀਨ ਕਾਰਡ ਹੋਲਡਰ ਲੜਕੇ ਲਈ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: 317-364-2016, ਈ-ਮੇਲ: nkra123@yahoo.com

ਕੰਬੋਜ ਸਿੱਖ ਬਿੰਦ, ਕੱਦ 6 ਫੁੱਟ, ਗਰੀਨ ਕਾਰਡ ਹੋਲਡਰ, ਆਟੋ ਮਕੈਨਿਕ ਲੜਕੇ ਲਈ ਅਮਰੀਕਾ ਰਹਿੰਦੀ ਗਰੀਨ ਕਾਰਡ ਹੋਲਡਰ ਜਾਂ ਵਿਜ਼ੀਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਸੰਪਰਕ ਕਰੋ: 916-470-5520

*To Advertise with Punjab Times*

***Call: 847-359-0746***


# ਹਰਸਿਮਰਤ ਦੇ ਬਿਆਨ ਤੋਂ ਭਾਜਪਾ 'ਚ ਤਿੱਖੇ ਮਤਭੇਦ



**ਜਲੰਧਰ:** ਕਾਂਗਰਸ ਦੇ ਕੁੱਲ ਹਿੰਦ ਮੀਤ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਦਿੱਤੇ ਗਏ ਵਿਵਾਦਗ੍ਰਸਤ ਬਿਆਨ ਨੂੰ ਲੈ ਕੇ ਪੰਜਾਬ ਵਿਚ ਸੱਤਾਧਾਰੀ ਗੱਠਜੋੜ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਆਪਸ ਵਿਚ ਹੀ ਉਲਝ ਗਏ ਹਨ।

ਭਾਜਪਾ ਦੀ ਕੌਮੀ ਮੀਤ ਪ੍ਰਧਾਨ ਲਕਸ਼ਮੀ ਕਾਂਤਾ ਚਾਵਲਾ ਨੇ ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਦੇ ਇਸੇ ਪ੍ਰਸੰਗ 'ਚ ਦਿੱਤੇ ਬਿਆਨ ਦੀ ਤਿੱਖੀ ਆਲੋਚਨਾ ਕੀਤੀ ਗਈ। ਉਧਰ, ਪੰਜਾਬ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਨੇ ਬੀਬੀ ਬਾਦਲ ਦਾ ਬਚਾਅ ਕਰਦਿਆਂ ਕਿਹਾ ਹੈ ਕਿ ਹਰਸਿਮਰਤ ਕੌਰ ਨੇ ਅਜਿਹਾ ਕੁਝ ਨਹੀਂ ਸੀ ਕਿਹਾ। ਜਦੋਂ ਪੁੱਛਿਆ ਗਿਆ ਕਿ ਹਰਸਿਮਰਤ ਕੌਰ ਨੇ ਕਿਹਾ ਕੀ ਸੀ, ਤਾਂ ਸ੍ਰੀ ਸ਼ਰਮਾ ਨੇ ਸਿੱਧਾ ਜਵਾਬ ਦੇਣ ਦੀ ਥਾਂ ਕਾਂਗਰਸ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਸਾਰਾ ਕੀਤਾ-ਕਰਾਇਆ ਕਾਂਗਰਸ ਦਾ ਹੀ ਹੈ। ਜ਼ਿਕਰਯੋਗ ਹੈ ਕਿ ਹਰਸਿਮਰਤ ਕੌਰ ਬਾਦਲ ਨੇ ਰਾਹੁਲ ਗਾਂਧੀ ਦੇ ਬਿਆਨ 'ਤੇ ਟਿੱਪਣੀ ਕਰਦਿਆਂ ਕਿਹਾ ਸੀ ਕਿ ਸ੍ਰੀਮਤੀ ਗਾਂਧੀ ਉਦੋਂ ਕੀ ਸੋਚ ਰਹੇ ਸਨ ਜਦੋਂ ਉਨ੍ਹਾਂ ਨੇ ਲੋਕਾਂ ਦੀ ਸ਼ਰਧਾ ਤੇ ਆਸਥਾ ਦੇ ਕੇਂਦਰ ਜਿਥੇ ਹਰ ਸਿੱਖ ਆਪਣਾ ਸਿਰ ਝੁਕਾਉਂਦਾ ਹੈ, ਨੂੰ ਤਬਾਹ ਕਰਨ ਅਤੇ ਲੋਕਾਂ ਨੂੰ ਮਾਰਨ ਦੇ ਹੁਕਮ ਦਿੱਤੇ ਸਨ? ਇਸ ਬਿਆਨ 'ਤੇ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਨੇ ਤਿੱਖੀ ਪ੍ਰਤੀਕਿਰਿਆ ਕਰਦਿਆਂ ਕਿਹਾ ਕਿ ਜਦੋਂ ਪੰਜਾਬ ਵਿਚ ਮਾਰੇ ਗਏ ਅਤਿਵਾਦੀਆਂ ਨੂੰ ਸ਼ਹੀਦ ਕਿਹਾ ਜਾ ਰਿਹਾ ਸੀ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ ਜਾਂਦਾ ਸੀ, ਇਸ ਬਾਰੇ ਹਰਸਿਮਰਤ ਕੌਰ ਬਾਦਲ ਸਪਸ਼ਟ ਕਰਨ ਕਿ ਕੀ ਇਹ ਗੱਲ ਠੀਕ ਸੀ? ਭਾਜਪਾ ਪ੍ਰਧਾਨ ਨੂੰ ਲਕਸ਼ਮੀ ਕਾਂਤਾ ਚਾਵਲਾ ਦੇ ਇਸ ਬਿਆਨ 'ਤੇ ਟਿੱਪਣੀ ਦੇਣ ਸਬੰਧੀ ਜਦੋਂ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਨਹੀਂ ਪਤਾ ਕਿ ਸ੍ਰੀਮਤੀ ਚਾਵਲਾ ਨੇ ਕੀ ਕਿਹਾ ਸੀ ਅਤੇ ਇਸ ਸਬੰਧੀ ਉਹ ਉਨ੍ਹਾਂ ਨਾਲ ਗੱਲ ਕਰਨਗੇ।

ਯਾਦ ਰਹੇ ਕਿ ਇਸ ਮੁੱਦੇ ਉਤੇ ਪਹਿਲਾਂ ਵੀ ਅਕਾਲੀ ਅਤੇ ਭਾਜਪਾ ਆਗੂਆਂ ਵਿਚਾਲੇ ਤਕਰਾਰ ਚਲਦੀ ਰਹੀ ਹੈ। ਸੀਨੀਅਰ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਵੱਲੋਂ ਸ੍ਰੀ ਅਕਾਲ ਤਖਤ ਉਤੇ ਹਮਲੇ ਵਾਲੀ ਗੱਲ ਆਪਣੀ ਇਕ ਕਿਤਾਬ ਵਿਚ ਲਿਖਣ ਕਰ ਕੇ ਇਹ ਤਕਰਾਰ ਕਾਫੀ ਵਧ ਗਿਆ ਸੀ। ਅਸਲ ਵਿਚ ਇਸ ਮੁੱਦੇ ਉਤੇ ਇਹ ਦੋਵੇਂ ਪਾਰਟੀਆਂ ਆਪੋ-ਆਪਣੀ ਸਿਆਸਤ ਮੁਤਾਬਕ ਅਕਸਰ ਬਿਆਨ ਦਾਗਦੀਆਂ ਰਹਿੰਦੀਆਂ ਹਨ। ਇਨ੍ਹਾਂ ਦਾ ਮੁੱਖ ਮਕਸਦ ਸਿਆਸੀ ਲਾਹਾ ਲੈਣਾ ਹੀ ਹੁੰਦਾ ਹੈ। ਹੁਣ ਬੀਬੀ ਬਾਦਲ ਅਤੇ ਬੀਬੀ ਚਾਵਲਾ ਨੇ ਵੀ ਅਜਿਹਾ ਹੀ ਕੀਤਾ ਹੈ।

## ਪੰਜਾਬੀ ਦੀ ਹੱਤਿਆ ਦੇ ਦੋਸ਼ ਵਿਚ ਤਿੰਨ ਗ੍ਰਿਫਤਾਰ

**ਨਿਊ ਯਾਰਕ:** ਨਿਊ ਜਰਸੀ ਦੇ ਇਕ ਗੈਸ ਸਟੇਸ਼ਨ 'ਤੇ ਕੰਮ ਕਰਦੇ ਪੰਜਾਬੀ ਮੂਲ ਦੇ ਵਿਅਕਤੀ ਦੇ ਬੀਤੀ 25 ਅਗਸਤ ਨੂੰ ਕੀਤੇ ਗਏ ਕਤਲ ਦੇ ਕੇਸ ਵਿਚ 3 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁਲਜ਼ਮਾਂ ਦੀ ਪਛਾਣ ਇਸੀਆ ਵਿਲੀਅਮਜ਼, ਕੋਰਡੇਰੋ ਹੌਜ ਤੇ ਜੈਮਲ ਪੇਰੇਜ਼ ਵਜੋਂ ਹੋਈ ਹੈ ਜੋ ਨਿਊ ਜਰਸੀ ਦੇ ਹੀ ਹਨ।

40 ਸਾਲਾ ਸੁਰਿੰਦਰ ਸਿੰਘ ਜੋ ਇਥੇ ਵੁਡਬਰੀ ਵਿਚ ਗੈਸ ਸਟੇਸ਼ਨ 'ਤੇ ਕੰਮ ਕਰਦਾ ਸੀ, ਦੀ ਛਾਤੀ ਵਿਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

## ਬਾਬਾ ਦਲਜੀਤ ਸਿੰਘ ਵਲੋਂ ਦੋ ਜੱਜਾਂ ਵਿਰੁਧ ਮਾਣਹਾਨੀ ਦਾ ਕੇਸ

**ਸ਼ਿਕਾਗੋ (ਬਿਊਰੋ):** ਗੁਰਦੁਆਰਾ ਗੁਰਜੋਤਿ ਪ੍ਰਕਾਸ਼, ਆਈਲੈਂਡ ਲੇਕ ਦੇ ਮੁੱਖ ਸੇਵਾਦਾਰ ਬਾਬਾ ਦਲਜੀਤ ਸਿੰਘ ਸ਼ਿਕਾਗੋ ਨੇ ਆਪਣੇ ਵਿਰੁਧ ਇਕ ਅਦਾਲਤੀ ਕੇਸ ਵਿਚ ਦੋ ਜੱਜਾਂ ਵਿਰੁਧ ਮਾਣਹਾਨੀ ਦਾ ਕੇਸ ਦਾਇਰ ਕੀਤਾ ਹੈ। ਇਹ ਕੇਸ ਮਕੈਨਰੀ ਕਾਉਂਟੀ ਦੇ ਜੱਜ ਜੌਸਫ ਕੌਂਡਨ ਅਤੇ ਗੌਰਡਨ ਗਰਾਹਮ ਵਿਰੁਧ ਰਾਕਫੋਰਡ, ਇਲੀਨਾਏ ਸਥਿਤ ਫੈਡਰਲ ਅਦਾਲਤ ਵਿਚ ਸਿਵਲ ਰਾਈਟਸ ਵਾਇਲੇਸਨ ਅਤੇ ਚਰਚ ਦੇ ਅੰਦਰੂਨੀ ਮਾਮਲਿਆਂ ਵਿਚ ਦਖਲਅੰਦਾਜ਼ੀ ਨੂੰ ਆਧਾਰ ਬਣਾ ਕੇ ਕੀਤਾ ਗਿਆ ਹੈ। ਇਸ ਵਿਚ ਦੋਹਾਂ ਜੱਜਾਂ ਤੋਂ ਇਲਾਵਾ ਇਲੀਨਾਏ ਦੇ ਅਟਾਰਨੀ ਜਨਰਲ ਲੀਸਾ ਮੈਡੀਗਨ, ਗੁਰੂ ਨਾਨਕ ਸਿੱਖ ਮਿਸ਼ਨ ਆਫ ਅਮੈਰਿਕਾ ਦੇ ਰਸੀਵਰ ਜੋ ਗੌਟਮੋਲਰ ਅਤੇ ਡੇਵਿਡ ਆਰ ਮਿਸੀਮੇਰ ਨੂੰ ਵੀ ਧਿਰ ਬਣਾਇਆ ਗਿਆ ਹੈ ਅਤੇ ਕੇਸ ਉਨ੍ਹਾਂ ਦੀ ਸਰਕਾਰੀ ਅਤੇ ਨਿਜੀ-ਦੋਹਾਂ ਹੀ ਹੈਸੀਅਤਾਂ ਵਿਚ ਕੀਤਾ ਗਿਆ ਹੈ।

ਕੀਤੇ ਗਏ ਕੇਸ ਵਿਚ ਬਾਬਾ ਦਲਜੀਤ ਸਿੰਘ ਨੇ ਦੋਸ਼ ਲਾਇਆ ਹੈ ਕਿ ਇਨ੍ਹਾਂ ਜੱਜਾਂ ਨੇ ਜਿਥੇ ਸਬੰਧਤ ਕੇਸ ਵਿਚ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਇਕ ਤਰਫਾ ਫੈਸਲੇ ਕੀਤੇ ਹਨ, ਉਥੇ ਅਮਰੀਕੀ ਸੰਵਿਧਾਨ ਦੀ ਪਹਿਲੀ ਸੋਧ (ਫਸਟ ਅਮੈਂਡਮੈਂਟ) ਦੀ ਵੀ ਉਲੰਘਣਾ ਕੀਤੀ ਹੈ ਜਿਸ ਅਨੁਸਾਰ ਸਟੇਟ ਚਰਚ ਦੇ ਅੰਦਰੂਨੀ ਮਾਮਲਿਆਂ ਵਿਚ ਬੇਲੋੜਾ ਦਖਲ ਨਹੀਂ ਦੇ ਸਕਦੀ। ਕੇਸ ਵਿਚ ਜੱਜ ਵਲੋਂ ਆਪਣੇ ਇਕ ਤਰਫਾ ਫੈਸਲੇ ਰਾਹੀਂ ਉਨ੍ਹਾਂ ਨੂੰ ਲੰਮਾ ਸਮਾਂ ਜੇਲ੍ਹ ਵਿਚ ਰੱਖਣ ਨੂੰ ਚੁਣੌਤੀ ਦਿੱਤੀ ਗਈ ਹੈ ਅਤੇ ਇਸ ਦੌਰਾਨ ਹੋਈ ਅਦਾਲਤੀ ਸੁਣਵਾਈ ਵਿਚ ਸ਼ਾਮਲ ਨਾ ਕਰਨ ਦਾ ਦੋਸ਼ ਵੀ ਲਾਇਆ ਗਿਆ ਹੈ।

ਇਸ ਕੇਸ ਵਿਚ ਅਦਾਲਤ ਵਲੋਂ ਵੱਖ ਵੱਖ ਸਮਿਆਂ ਵਿਚ ਨਿਯੁਕਤ ਕੀਤੇ ਗਏ ਦੋ ਰਸੀਵਰਾਂ ਨੂੰ ਵੀ ਆਪਣੀ ਜ਼ਿੰਮੇਵਾਰੀ ਤੋਂ ਕੋਤਾਹੀ ਕਰਨ ਅਤੇ ਚਰਚ ਦੇ ਅੰਦਰੂਨੀ ਮਾਮਲੇ ਵਿਚ ਬੇਲੋੜਾ ਦਖਲ ਦੇਣ ਦੇ ਦੋਸ਼ ਲਾ ਕੇ ਧਿਰ ਬਣਾਇਆ ਗਿਆ ਹੈ। ਮਾਣਹਾਨੀ ਦੇ ਇਸ ਕੇਸ ਵਿਚ ਬਾਬਾ ਦਲਜੀਤ ਸਿੰਘ ਨੇ ਇਨ੍ਹਾਂ ਦੋਹਾਂ ਤੋਂ ਪੰਜ ਪੰਜ ਲੱਖ ਡਾਲਰ ਦੇ ਹਰਜ਼ਾਨੇ ਦੀ ਮੰਗ ਕੀਤੀ ਹੈ। ਇਸ ਕੇਸ ਵਿਚ ਸਬੰਧਤ ਧਿਰਾਂ ਨੂੰ ਅਦਾਲਤੀ ਸੰਮਨਾਂ ਦੀ ਤਾਮੀਲ ਹੋਣ ਪਿਛੋਂ ਫੈਡਰਲ ਕੋਰਟ ਨੇ ਦਸੰਬਰ ਮਹੀਨੇ ਦੀ ਤਾਰੀਖ ਦਿੱਤੀ ਹੈ।


**SUPER TRAVEL**

847-676-9090, 773-465-5566

*E-mail: supertravel2003@yahoo.com*

**Lowest Fares With Excellent Service**

*United Airlines*
*British Airways*



*Jet Airways, Air India, KLM, Lufthansa, Delta, Qatar Airlines.*

**For Emergency Call anytime at 847-673-3825**

*EARLY BIRD SALE!!!!*

**Domestic fares available**



**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**

***National Truck Driving School***

**ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ**

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**
**ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

**Kashmir S. Thandi**
**Office: (866) 933-3038**
**Balhar S. Ranu Cell:916-502-7733**
**Yuba City Ph:530-419-5058**

**1816 Main Ave., Secramento CA, 95838**



**ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?**

**ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ**

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।



*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

*Rates as low as 2.0%*

**ਸੰਪਰਕ ਕਰੋ: ਪਾਲ ਫੋਨ 1-800-705-3863**

**Trucking Companies-Improve Your Cash Flow**

***Low Rates *One-Time Discounts *No Minimums**

**Call Paul at 1-800-705-3863**

**Transportation Funding Group, Inc.**

Minneapolis , MN 55426

# ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਉਡੀਕ ਹੋਈ ਲੰਮੀ

## * ਸੰਗਤਾਂ ਦੀ ਆਮਦ ਵਿਚ ਰਿਕਾਰਡ ਵਾਧਾ * ਸ਼੍ਰੋਮਣੀ ਕਮੇਟੀ ਢੁਕਵੇਂ ਪ੍ਰਬੰਧ ਕਰਨ ਵਿਚ ਨਾਕਾਮ

**ਅੰਮ੍ਰਿਤਸਰ:** ਸਿੱਖਾਂ ਦੇ ਸਰਬ ਉੱਚ ਧਾਰਮਿਕ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪ੍ਰਤੀ ਸ਼ਰਧਾ ਤੇ ਇਸ ਸੁਨਹਿਰੀ ਮੁਜੱਸਮੇ ਦੀ ਮਨਮੋਹਕ ਦਿੱਖ ਕਾਰਨ ਹਰ ਸਾਲ ਇਥੇ ਦੇਸ਼-ਵਿਦੇਸ਼ ਤੋਂ ਕਰੋੜਾਂ ਸ਼ਰਧਾਲੂ ਦਰਸ਼ਨਾਂ ਦੀ ਤਾਂਘ ਲੈ ਕੇ ਉਮੜਦੇ ਹਨ। ਵੇਰਵੇ ਮੁਤਾਬਕ ਰੋਜ਼ਾਨਾ ਸਵਾ ਤੋਂ ਡੇਢ ਲੱਖ ਸ਼ਰਧਾਲੂ ਹਰਿਮੰਦਰ ਸਾਹਿਬ ਨਤਮਸਤਕ ਹੋਣ ਪੁੱਜਦੇ ਹਨ ਤੇ ਇਹ ਗਿਣਤੀ ਵਿਸ਼ੇਸ਼ ਦਿਨ ਦਿਹਾੜਿਆਂ 'ਤੇ ਦੁੱਗਣੀ ਤੱਕ ਪਹੁੰਚ ਜਾਂਦੀ ਹੈ।

ਹਰਿਮੰਦਰ ਸਾਹਿਬ ਵਿਖੇ ਸ਼ਰਧਾਲੂਆਂ ਦੀ ਵਧਦੀ ਆਮਦ ਜਿਥੇ ਸਿੱਖਾਂ ਲਈ ਮਾਣ ਵਾਲੀ ਗੱਲ ਹੈ ਉਥੇ ਵਧੇਰੇ ਗਿਣਤੀ ਸ਼ਰਧਾਲੂਆਂ ਕਾਰਨ ਮੱਥਾ ਟੇਕਣ ਲਈ ਕਰਨੀ ਪੈਂਦੀ ਲੰਬਾ ਸਮਾਂ ਉਡੀਕ ਇਕ ਮੁਸ਼ਕਿਲ ਵਜੋਂ ਵੀ ਉੱਭਰ ਰਹੀ ਹੈ। ਵਿਸ਼ੇਸ਼ ਦਿਹਾੜਿਆਂ, ਜਿਨ੍ਹਾਂ ਵਿਚ ਗੁਰਪੁਰਬ, ਸੰਗਰਾਂਦ ਤੇ ਮੱਸਿਆ, ਕੌਮੀ ਤੇ ਸਥਾਨਕ ਛੁੱਟੀਆਂ, ਬਿਆਸ ਭੰਡਾਰੇ ਵਾਲੇ ਦਿਨ, ਸਨਿਚਰਵਾਰ ਤੇ ਐਤਵਾਰ, ਗਰਮੀਆਂ ਦੀਆਂ ਛੁੱਟੀਆਂ ਆਦਿ ਸ਼ਾਮਲ ਹਨ, ਦੌਰਾਨ ਕਿਸੇ ਆਮ ਸ਼ਰਧਾਲੂ ਨੂੰ ਮੱਥਾ ਟੇਕਣ ਲਈ ਕਈ ਵਾਰ ਤਿੰਨ ਤੋਂ ਚਾਰ ਘੰਟੇ ਕਤਾਰਾਂ ਵਿਚ ਖਲੋ ਕੇ ਲੰਘਾਉਣੇ ਪੈਂਦੇ ਹਨ, ਅਜਿਹੇ ਵਿਚ ਛੋਟੇ ਬੱਚਿਆਂ, ਬਜ਼ੁਰਗਾਂ ਤੇ ਅੰਗਹੀਣ ਸ਼ਰਧਾਲੂਆਂ ਦੀ ਸਮੱਸਿਆ ਦਾ ਸਹਿਜੇ ਅੰਦਾਜ਼ਾ ਲਾਇਆ ਜਾ ਸਕਦਾ ਹੈ। ਸਥਿਤੀ ਇਹ ਬਣਦੀ ਹੈ ਕਿ ਆਮ ਤੌਰ 'ਤੇ 25 ਫੀਸਦੀ ਤੋਂ ਵਧੇਰੇ ਸੰਗਤ ਦਰਸ਼ਨ ਕਰਨ ਤੋਂ ਵਾਂਝੀ ਹੀ ਵਾਪਸ ਮੁੜ ਜਾਂਦੀ ਹੈ। ਭੀੜ ਕਾਰਨ ਸੰਗਤ ਵਿਚ ਸ਼ਾਮਲ ਹੋਏ ਗ਼ੈਰ ਸਮਾਜਕ ਤੱਤ ਸ਼ਰਧਾਲੂਆਂ ਦੀਆਂ ਜੇਬਾਂ ਕੱਟਣ ਤੇ ਬੀਬੀਆਂ ਨੂੰ ਪ੍ਰੇਸ਼ਾਨ ਕਰਨ ਵਰਗੇ ਘ੍ਰਿਣਤ ਕਾਰਿਆਂ ਨੂੰ ਅਸਾਨੀ ਨਾਲ ਅੰਜਾਮ ਦੇ ਜਾਂਦੇ ਹਨ। ਦਰਸ਼ਨੀ



ਡਿਓੜੀ ਦੇ ਬਾਹਰ ਹਜ਼ਾਰਾਂ ਸ਼ਰਧਾਲੂਆਂ ਦੇ ਇਕੱਠ ਕਾਰਨ ਕਈ ਵਾਰ ਸ਼ਰਧਾਲੂ ਨਿਕਾਸੀ ਰਸਤੇ ਰਾਹੀਂ ਵੀ ਅੰਦਰ ਜਾਣ ਦੀ ਕੋਸ਼ਿਸ਼ ਕਰਦੇ ਹਨ। ਇਸ ਤੋਂ ਇਲਾਵਾ ਜ਼ਿਆਦਾ ਭੀੜ ਕਾਰਨ ਕਿਸੇ ਸ਼ਰਧਾਲੂ ਦੀ ਤਬੀਅਤ ਵਿਗੜਨ 'ਤੇ ਉਸ ਨੂੰ ਪਾਣੀ ਜਾਂ ਡਾਕਟਰੀ ਸਹੂਲਤ ਵਿਚ ਵੀ ਰੁਕਾਵਟ ਪੈਂਦੀ ਹੈ।

ਅਜਿਹੇ ਵਿਚ ਇਕ ਵਿਸ਼ੇਸ਼ ਧਿਆਨ ਦੇਣ ਯੋਗ ਗੱਲ ਹੈ ਕਿ ਮੱਥਾ ਟੇਕਣ ਪਿੱਛੋਂ ਸੰਗਤ ਦੀ ਵਾਪਸੀ ਨਿਕਾਸੀ ਵਾਲਾ ਰਸਤਾ ਛੋਟਾ ਹੋਣ ਦੇ ਬਾਵਜੂਦ ਉਥੇ ਭੀੜ ਨਹੀਂ ਹੁੰਦੀ ਤੇ ਜਾਣ ਵਾਲੇ ਰਸਤੇ 'ਤੇ ਭੀੜ ਹੋਣ ਦਾ ਕਾਰਨ ਸੱਚਖੰਡ ਅੰਦਰ ਮੱਥਾ ਟੇਕਣ ਪਿੱਛੋਂ ਨਿਕਾਸੀ ਦਾ ਰਸਤਾ ਘੱਟ ਹੋਣਾ ਹੀ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰੂਨੀ ਪ੍ਰਬੰਧਾਂ ਤਹਿਤ ਮੌਜੂਦਾ ਸਮੇਂ ਦਰਸ਼ਨਾਂ ਪਿੱਛੋਂ ਸਿਰਫ ਪੂਰਬੀ ਰਸਤੇ ਰਾਹੀਂ ਹੁੰਦੀ ਸੰਗਤ ਦੀ ਨਿਕਾਸੀ ਸ਼ਰਧਾਲੂਆਂ ਦੀ ਆਮਦ ਝੱਲਣ ਦੇ ਸਮਰੱਥ ਨਹੀਂ, ਅਜਿਹੇ ਵਿਚ ਪੱਛਮੀ ਦਰਵਾਜ਼ੇ ਰਾਹੀਂ ਵੀ ਸੰਗਤ ਦੇ ਨਿਕਾਸ ਦੇ ਪ੍ਰਬੰਧ ਕੀਤੇ ਜਾਣ ਨਾਲ ਭੀੜ ਨੂੰ ਕਾਫੀ ਹੱਦ ਤੱਕ ਘਟਾਇਆ ਜਾ ਸਕਦਾ ਹੈ।

ਪਿਛਲੇ ਲੰਬੇ ਸਮੇਂ ਤੋਂ ਇਸ ਸਮੱਸਿਆ ਦੇ ਹੱਲ ਲਈ ਵਿਉਂਤਾਂ ਬਣਾ ਰਹੇ ਗੁਰੂ ਘਰ ਦੇ ਇਕ ਸ਼ਰਧਾਲੂ ਵੱਲੋਂ ਭੀੜ ਦੇ ਹੱਲ ਲਈ ਨਕਸ਼ੇ ਸਹਿਤ ਜਾਣਕਾਰੀ ਦਿੱਤੀ। ਨਕਸ਼ੇ ਮੁਤਾਬਕ ਸੰਗਤ ਦੀ ਆਮਦ ਵਾਲੇ ਦਰਵਾਜ਼ੇ ਅੰਦਰੋਂ ਦਾਖਲ ਹੋ ਕੇ ਮੱਥਾ ਟੇਕਣ ਮਗਰੋਂ ਖੱਬੇ ਪਾਸੇ ਪੂਰਬੀ ਦਰਵਾਜ਼ੇ ਵਾਂਗ ਹੀ ਸੱਜੇ ਪਾਸੇ ਪੱਛਮੀ ਦਰਵਾਜ਼ੇ ਤੱਕ ਵੀ ਲਾਂਘਾ ਬਣਾ ਕੇ ਜੰਗਲਾ ਲਾ ਦਿੱਤਾ ਜਾਵੇ ਤੇ ਦੋਵਾਂ ਦਰਵਾਜ਼ਿਆਂ ਰਾਹੀਂ ਸੰਗਤ ਦਾ ਨਿਕਾਸ ਹੋਵੇ। ਇਸ ਤਬਦੀਲੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰੰਪਰਕ ਪਾਵਨ ਅਸਥਾਨ ਹੂਬਹੂ ਰਹਿਣਗੇ, ਸਿਰਫ ਬੀਬੀਆਂ ਦੇ ਬੈਠਣ ਲਈ ਰਾਖਵੀਂ ਜਗ੍ਹਾ ਥੋੜ੍ਹੀ ਕੁ ਘਟੇਗੀ।

ਜ਼ਿਕਰਯੋਗ ਹੈ ਕਿ ਇਸ ਸਥਾਨ 'ਤੇ ਪਹਿਲਾਂ ਵੀ ਵਧੇਰੇ ਪੁਰਸ਼ ਸ਼ਰਧਾਲੂ ਹੀ ਬੈਠਦੇ ਹਨ। ਪੱਛਮੀ ਦਰਵਾਜ਼ੇ ਰਾਹੀਂ ਬਾਹਰ ਆਈ ਸੰਗਤ ਦੇ ਚੂਲਾ ਲੈਣ ਲਈ 'ਹਰ ਕੀ ਪੌੜੀ' ਤੱਕ 'ਸੱਚਖੰਡ' ਦੀ ਦੱਖਣ ਪੱਛਮੀ ਬਾਹੀ ਬਾਹਰ ਤਿੰਨ ਫੁੱਟ ਰਸਤੇ ਦਾ ਜੰਗਲਾ ਲਗਾ ਦਿੱਤਾ ਜਾਵੇ ਜੋ ਦੱਖਣੀ ਦਰਵਾਜ਼ੇ ਤੱਕ ਹੋਵੇ। ਨਕਸ਼ੇ ਮੁਤਾਬਕ ਦਰਸ਼ਨੀ ਡਿਓੜੀ ਤੋਂ ਆਮ ਸ਼ਰਧਾਲੂਆਂ ਲਈ ਆਮਦ ਰਸਤੇ ਦੇ ਨਾਲ ਵਿਚਲਾ ਵਿਸ਼ੇਸ਼ ਰਸਤਾ ਜੋ ਸੰਗਤ ਨੂੰ ਪੱਛਮੀ ਦਰਵਾਜ਼ੇ ਰਾਹੀਂ ਦਰਸ਼ਨ ਕਰਨ ਲਈ ਲਿਜਾਂਦਾ ਹੈ, ਜੇਕਰ ਬਰਕਰਾਰ ਰੱਖਣਾ ਹੋਵੇ ਤਾਂ ਪੱਛਮੀ ਦਰਵਾਜ਼ੇ 'ਤੇ ਖੜ੍ਹਾ ਸੇਵਾਦਾਰ ਨਿਕਾਸੀ ਵਾਲੀ ਸੰਗਤ ਨੂੰ ਰੋਕ ਕੇ ਤਰਤੀਬਵਾਰ ਆਮਦ ਵਾਲੀ ਸੰਗਤ ਨੂੰ ਦਰਸ਼ਨਾਂ ਲਈ ਭੇਜ ਸਕਦਾ ਹੈ।

ਤਜਵੀਜ਼ ਮੁਤਾਬਕ ਦਰਸ਼ਨੀ ਡਿਓੜੀ ਦੇ ਬਾਹਰ ਸ੍ਰੀ ਅਕਾਲ ਤਖਤ ਸਾਹਿਬ ਸਾਹਮਣੇ ਦਰਸ਼ਨ ਕਰਨ ਜਾਣ ਲਈ ਇਕੱਠੀ ਹੋਈ ਸੰਗਤ ਲਈ ਲਾਏ ਜੰਗਲੇ ਕਤਾਰਵਾਰ ਹੋਣ। ਅੰਗਹੀਣ, ਬਜ਼ੁਰਗ, ਛੋਟੇ ਬੱਚਿਆਂ, ਪ੍ਰਮੁੱਖ ਸ਼ਖ਼ਸੀਅਤਾਂ (ਵੀ.ਆਈ.ਪੀ) ਲਈ ਦਰਸ਼ਨੀ ਡਿਓੜੀ ਦੇ ਖੱਬੇ ਪਾਸੇ ਸਿੰਘ ਸਾਹਿਬ ਦੇ ਦਫਤਰ ਤੋਂ ਬਾਹਰ ਨਵੇਂ ਬਣੇ ਵਿਸ਼ੇਸ਼ ਰਸਤੇ ਰਾਹੀਂ ਤਿੰਨ ਫੁੱਟ ਤੱਕ ਜੰਗਲਾ ਲਾ ਕੇ ਬਾਹਰ-ਬਾਹਰ ਲਾਂਘਾ ਬਣਾ ਦਿੱਤਾ ਜਾਵੇ ਜਿਸ ਨਾਲ ਇਕ ਤਾਂ ਆਮ ਸੰਗਤ ਨੂੰ ਅੜਚਣ ਨਹੀਂ ਆਵੇਗੀ ਦੂਸਰਾ ਸ੍ਰੀ ਹਰਿਮੰਦਰ ਸਾਹਿਬ ਦੇ ਨਜ਼ਦੀਕ ਤੱਕ 'ਵੀਲ੍ਹ ਚੇਅਰ' ਲਿਜਾਈ ਜਾ ਸਕੇਗੀ। ਹਾਸਲ ਜਾਣਕਾਰੀ ਮੁਤਾਬਕ ਉਕਤ ਤਜਵੀਜ਼ ਨੂੰ ਪ੍ਰਬੰਧਕਾਂ ਦੀ ਸਹਿਮਤੀ ਦੇ ਬਾਵਜੂਦ ਅਮਲ ਵਿਚ ਨਹੀਂ ਲਿਆਂਦਾ ਜਾ ਰਿਹਾ। ਸ਼੍ਰੋਮਣੀ ਕਮੇਟੀ ਦੇ ਇਕ ਐਗਜ਼ੈਕਟਿਵ ਮੈਂਬਰ ਵੱਲੋਂ ਹੁਣ ਇਸ ਤਜਵੀਜ਼ ਨੂੰ ਬੈਠਕ ਵਿਚ ਰੱਖਣ ਦਾ ਵੀ ਭਰੋਸਾ ਦਿੱਤਾ ਗਿਆ ਹੈ।

# ਨਰਾਇਣ ਸਿੰਘ ਚੌੜਾ ਤੇ ਪਾਲ ਸਿੰਘ ਫਰਾਂਸ 'ਤੇ ਦੋਸ਼ ਆਇਦ

**ਰੂਪਨਗਰ:** ਖਾੜਕੂ ਨਰਾਇਣ ਸਿੰਘ ਚੌੜਾ ਤੇ ਪਾਲ ਸਿੰਘ ਫਰਾਂਸ ਨੂੰ ਸਖਤ ਪੁਲਿਸ ਸੁਰੱਖਿਆ ਹੇਠ ਸਥਾਨਕ ਅਦਾਲਤ ਵਿਚ ਪੇਸ਼ ਕੀਤਾ ਗਿਆ। ਜਿਥੇ ਵੱਖ-ਵੱਖ ਧਾਰਾਵਾਂ ਤਹਿਤ ਦੋਸ਼ ਆਇਦ ਕੀਤੇ ਗਏ। ਅਦਾਲਤ ਵਿਚ ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਉਪਰੰਤ ਨਰਾਇਣ ਸਿੰਘ ਚੌੜਾ ਤੇ ਪਾਲ ਸਿੰਘ ਫਰਾਂਸ 'ਤੇ 25, 54, 59 ਆਰਮਜ਼ ਐਕਟ, 4 ਤੇ 5 ਵਿਸਫੋਟਕ ਸਮੱਗਰੀ ਰੋਕੂ ਐਕਟ ਤੇ 10, 13, 18 ਤੇ ਧਾਰਾ 20 ਅਧੀਨ ਗੈਰ-ਕਾਨੂੰਨੀ ਗਤੀਵਿਧੀਆਂ ਰੋਕੂ ਐਕਟ ਦੇ ਤਹਿਤ ਦੋਸ਼ ਆਇਦ ਕੀਤੇ ਗਏ। ਉਪਰੰਤ ਅਦਾਲਤੀ ਸੁਣਵਾਈ ਲਈ ਅਗਲੀ ਤਾਰੀਖ 13 ਨਵੰਬਰ ਤੈਅ ਕੀਤੀ ਗਈ ਹੈ। ਚੇਤੇ ਰਹੇ ਕਿ ਨਰਾਇਣ ਸਿੰਘ ਚੌੜਾ ਅਤੇ ਪਾਲ ਫਰਾਂਸ ਨੂੰ ਪੰਜਾਬ ਵਿਚ ਮੁੜ ਅਤਿਵਾਦ ਸ਼ੁਰੂ ਕਰਨ ਦੇ ਯਤਨਾਂ ਦੇ ਦੋਸ਼ਾਂ ਹੇਠ ਗ੍ਰਿਫਤਾਰ ਕੀਤਾ ਗਿਆ ਸੀ। ਇਨ੍ਹਾਂ ਕੋਲੋਂ ਹਥਿਆਰ ਅਤੇ ਹੋਰ ਅਸਲਾ ਬਰਾਮਦ ਕਰਨ ਦੇ ਦਾਅਵੇ ਵੀ ਪੰਜਾਬ ਪੁਲਿਸ ਨੇ ਕੀਤੇ ਸਨ।





# ਅਕਾਲ ਤਖਤ ਦੇ ਲੈਟਰ ਪੈਡ ਦੀ ਦੁਰਵਰਤੋਂ ਬਾਰੇ ਜਾਂਚ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਅਕਾਲ ਤਖ਼ਤ ਦੇ ਲੈਟਰ ਪੈਡ 'ਤੇ ਕਰਵਾ ਚੌਥ ਦੇ ਵਰਤ ਬਾਰੇ ਵਰਤੀ ਗਈ ਇਤਰਾਜ਼ਯੋਗ ਸ਼ਬਦਾਵਲੀ ਦੇ ਮਾਮਲੇ ਵਿਚ ਜਾਂਚ ਕਰਾਈ ਜਾ ਰਹੀ ਹੈ ਤੇ ਛੇਤੀ ਹੀ ਜ਼ਿੰਮੇਵਾਰ ਵਿਅਕਤੀ ਨੂੰ ਸਾਹਮਣੇ ਲਿਆਏ ਜਾਣ ਦੀ ਸੰਭਾਵਨਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਇਹ ਇਕ ਗੰਭੀਰ ਮਾਮਲਾ ਹੈ।

ਇਸ ਮਾਮਲੇ ਵਿਚ ਦੋਸ਼ੀ ਵਿਅਕਤੀ ਨੇ ਨਾ ਸਿਰਫ਼ ਅਕਾਲ ਤਖ਼ਤ ਦੇ ਲੈਟਰ ਪੇਡ ਦੀ ਦੁਰਵਰਤੋਂ ਕੀਤੀ ਹੈ ਸਗੋਂ ਧਾਰਮਿਕ ਸ਼ਖ਼ਸੀਅਤਾਂ ਦੇ ਅਹੁਦਿਆਂ ਦੀ ਦੁਰਵਰਤੋਂ ਵੀ ਕੀਤੀ ਹੈ। ਜਾਂਚ ਕਮੇਟੀ ਨੂੰ ਜਾਂਚ ਦੌਰਾਨ ਕਈ ਸਬੂਤ ਮਿਲੇ ਹਨ ਤੇ ਜਲਦੀ ਹੀ ਦੋਸ਼ੀ ਵਿਅਕਤੀ ਸਾਹਮਣੇ ਆ ਜਾਵੇਗਾ। ਮਿਲੇ ਵੇਰਵਿਆਂ ਮੁਤਾਬਕ ਸ਼੍ਰੋਮਣੀ ਕਮੇਟੀ ਦੀ ਜਾਂਚ ਟੀਮ ਵੱਲੋਂ ਇਸ ਘਟਨਾ ਲਈ ਜ਼ਿੰਮੇਵਾਰ ਵਿਅਕਤੀ ਦੀ ਸ਼ਨਾਖ਼ਤ ਕਰ ਲਈ ਗਈ ਹੈ ਤੇ ਜਲਦੀ ਹੀ ਇਸ ਦਾ ਖੁਲਾਸਾ ਕੀਤਾ ਜਾਵੇਗਾ। ਇਸ ਦੌਰਾਨ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਇਕ ਪੱਤਰ ਭੇਜ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਇਸ ਮਾਮਲੇ ਦੀ ਜਾਂਚ ਕਰਨ ਲਈ ਕਿਹਾ ਗਿਆ ਹੈ। ਦੱਸਣਯੋਗ ਹੈ ਕਿ ਭਾਜਪਾ ਦੀ ਸਾਬਕਾ ਮੰਤਰੀ ਪ੍ਰੋ. ਲਕਸ਼ਮੀ ਕਾਂਤਾ ਚਾਵਲਾ ਨੇ ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਸੀ ਕਿ ਉਹ ਇਸ ਮਾਮਲੇ ਦੀ ਜਾਂਚ ਕਰਾਉਣ।

# ਸਿੱਖ ਮੁੱਦਿਆਂ 'ਤੇ ਵਿਚਾਰ ਲਈ ਪਾਕਿ ਜਾਣਗੇ ਜਥੇਦਾਰ

**ਅੰਮ੍ਰਿਤਸਰ:** ਪਾਕਿਸਤਾਨ ਵਿਚ ਵਸਦੇ ਸਿੱਖਾਂ ਵੱਲੋਂ ਆਪਣੇ ਵਿਰਸੇ ਤੇ ਇਤਿਹਾਸ ਬਾਰੇ ਜਾਣਕਾਰੀ ਲਈ ਲੋੜੀਂਦੇ ਪ੍ਰਚਾਰ ਨੂੰ ਪ੍ਰਪੱਕ ਬਣਾਉਣ ਤੇ ਨਾਨਕਸ਼ਾਹੀ ਕੈਲੰਡਰ ਸਮੇਤ ਹੋਰ ਮੁੱਦਿਆਂ 'ਤੇ ਵਿਚਾਰ ਚਰਚਾ ਲਈ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਗੁਰਬਚਨ ਸਿੰਘ ਨੂੰ ਪਾਕਿਸਤਾਨ ਆਉਣ ਦਾ ਸੱਦਾ ਭੇਜਿਆ ਹੈ ਜਿਸ ਨੂੰ ਪ੍ਰਵਾਨ ਕਰਦਿਆਂ ਸਿੰਘ ਸਾਹਿਬ ਵੱਲੋਂ ਛੇਤੀ ਹੀ ਪ੍ਰੋਗਰਾਮ ਬਣਾਉਣ ਦਾ ਭਰੋਸਾ ਦਿੱਤਾ ਗਿਆ। ਪਾਕਿ ਅਸੈਂਬਲੀ ਦੇ ਸਿੱਖ ਮੈਂਬਰ ਤੇ ਪਾਕਿਸਤਾਨ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਅਹੁਦੇਦਾਰ ਰਮੇਸ਼ ਸਿੰਘ ਅਰੋੜਾ ਨੇ ਸਿੰਘ ਸਾਹਿਬ ਨਾਲ ਮੁਲਾਕਾਤ ਕਰਦਿਆਂ ਉਨ੍ਹਾਂ ਨੂੰ ਇਹ ਸੱਦਾ ਦਿੱਤਾ।



ਇਸ ਦੌਰਾਨ ਸਿੰਘ ਸਾਹਿਬ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਉਤਸਵ ਮੌਕੇ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਤੋਂ ਗੁਰਦੁਆਰਾ ਕਿਆਰਾ ਸਾਹਿਬ ਤੱਕ ਸਜਾਏ ਜਾਂਦੇ ਨਗਰ ਕੀਰਤਨ ਨੂੰ ਪਾਕਿ ਵਿਚ ਫੈਲੀ ਬਦਅਮਨੀ ਦੇ ਚਲਦਿਆਂ ਸਿੱਖਾਂ ਦੇ ਨੁਕਸਾਨ ਦੇ ਡਰ ਤੋਂ ਟਾਲਣ ਦੀ ਲੋੜ ਪੈ ਸਕਦੀ ਹੈ ਜਿਸ 'ਤੇ ਸਿੰਘ ਸਾਹਿਬ ਨੇ ਨਿੱਜੀ ਰਾਏ ਦਿੰਦਿਆਂ ਕਿਹਾ ਕਿ ਜੇਕਰ ਅਜਿਹਾ ਡਰ ਪੈਦਾ ਹੁੰਦਾ ਹੈ ਤਾਂ ਨਗਰ ਕੀਰਤਨ ਨਾ ਸਜਾਇਆ ਜਾਵੇ ਪਰ ਇਸ ਬਾਰੇ ਮੁਕੰਮਲ ਵਿਚਾਰ ਸਿੰਘ ਸਾਹਿਬਾਨ ਦੀ ਬੈਠਕ ਵਿਚ ਕੀਤਾ ਜਾਵੇਗਾ।

ਇਸ ਮੌਕੇ ਸਿੰਧ ਦੇ ਨਾਨਕ ਨਾਮ ਲੇਵਾ ਹਿੰਦੂ ਸੰਗਤ ਵੱਲੋਂ ਆਪਣੇ ਘਰਾਂ ਮੂਰਤੀਆਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਰੱਖਣ ਦਾ ਮਾਮਲਾ ਵੀ ਸ. ਅਰੋੜਾ ਨੇ ਸਿੰਘ ਸਾਹਿਬ ਦੇ ਧਿਆਨ ਵਿਚ ਲਿਆਉਂਦਿਆਂ ਕਿਹਾ ਕਿ ਨਾਨਕ ਨਾਮ ਲੇਵਾ ਸੰਗਤ ਕੋਲੋਂ ਪਾਵਨ ਸਰੂਪ ਲੈ ਕੇ ਉਨ੍ਹਾਂ ਨੂੰ ਸਿੱਖੀਂ ਤੋਂ ਦੂਰ ਕਰਨ ਦੀ ਗਲਤੀ ਨਹੀਂ ਕੀਤੀ ਜਾ ਸਕਦੀ।

ਇਸ ਦੌਰਾਨ ਕਰਤਾਰਪੁਰ ਲਾਂਘੇ ਬਾਰੇ ਚਰਚਾ ਦੌਰਾਨ ਸ. ਅਰੋੜਾ ਨੇ ਕਿਹਾ ਕਿ ਪਾਕਿਸਤਾਨੀ ਸਰਕਾਰ ਇਸ ਲਈ ਪੂਰੀ ਤਰ੍ਹਾਂ ਤਿਆਰ ਹੈ ਤੇ ਭਾਰਤੀ ਸਰਕਾਰ ਨੂੰ ਅੱਗੇ ਆਉਂਦਿਆਂ ਇਸ ਬਾਰੇ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ। ਸਿੰਘ ਸਾਹਿਬ ਨੇ ਭਰੋਸਾ ਦਿਵਾਇਆ ਕਿ ਉਹ ਖ਼ੁਦ ਮਾਮਲੇ ਬਾਰੇ ਕੇਂਦਰ ਤੇ ਪੰਜਾਬ ਸਰਕਾਰ ਨਾਲ ਗੱਲਬਾਤ ਕਰਨਗੇ। ਉਨ੍ਹਾਂ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਰਹੱਦੀ ਤਣਾਅ ਦਾ ਸਿੱਧਾ ਅਸਰ ਅਜਿਹੇ ਕੰਮਾਂ-ਕਾਰਾਂ ਉਤੇ ਲਗਾਤਾਰ ਪੈ ਰਿਹਾ ਹੈ। ਫਿਰ ਵੀ ਆਸ ਹੈ ਕਿ ਛੇਤੀ ਹੀ ਰਾਹ ਪੱਧਰੇ ਹੋ ਜਾਣਗੇ।

# ਆਤਿਸ਼ਬਾਜ਼ੀ ਬਾਰੇ ਰਾਜੋਆਣਾ ਦੀ ਅਪੀਲ ਰੱਦ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਫਾਂਸੀ ਦੀ ਸਜ਼ਾਯਾਫ਼ਤਾ ਬਲਵੰਤ ਸਿੰਘ ਰਾਜੋਆਣਾ ਵੱਲੋਂ ਇਸ ਵਾਰ ਬੰਦੀ ਛੋੜ ਦਿਵਸ (ਦੀਵਾਲੀ) ਮੌਕੇ ਹਰਿਮੰਦਰ ਸਾਹਿਬ ਵਿਚ ਆਤਿਸ਼ਬਾਜ਼ੀ ਨਾ ਚਲਾਉਣ ਦੀ ਅਪੀਲ ਰੱਦ ਕਰ ਦਿੱਤੀ ਹੈ। ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਗੁਰੂ ਕਾਲ ਤੋਂ ਚੱਲੀ ਆ ਰਹੀ ਮਰਿਆਦਾ ਤੇ ਪੁਰਾਤਨ ਪ੍ਰੰਪਰਾ ਬਦਲੀ ਨਹੀਂ ਜਾ ਸਕਦੀ।

ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਕਿਸੇ ਇਕ ਵਿਅਕਤੀ ਵਿਸ਼ੇਸ਼ ਦੇ ਕਹਿਣ 'ਤੇ ਹਰਿਮੰਦਰ ਸਾਹਿਬ ਦੀ ਮਰਿਆਦਾ ਤੇ ਪੁਰਾਤਨ ਪ੍ਰੰਪਰਾ ਬਦਲੀ ਨਹੀਂ ਜਾ ਸਕਦੀ। ਬੰਦੀ ਛੋੜ ਦਿਵਸ ਮੌਕੇ ਦੀਪ ਮਾਲਾ ਕਰਨ ਤੇ ਆਤਿਸ਼ਬਾਜ਼ੀ ਚਲਾਉਣ ਦੀ ਪ੍ਰੰਪਰਾ ਗੁਰੂ ਕਾਲ ਤੋਂ ਚੱਲੀ ਆ ਰਹੀ ਹੈ ਤੇ ਇਹ ਬਾਦਸਤੂਰ ਜਾਰੀ ਰਹੇਗੀ। ਜ਼ਿਕਰਯੋਗ ਹੈ ਕਿ ਭਾਈ ਰਾਜੋਆਣਾ ਨੇ ਜੇਲ੍ਹ ਵਿਚੋਂ ਸਿੱਖ ਪੰਥ ਦੇ ਨਾਂ ਖੁੱਲ੍ਹਾ ਪੱਤਰ ਲਿਖਿਆ ਹੈ ਤੇ ਇਸ ਪੱਤਰ ਦੀ ਕਾਪੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਵੀ ਭੇਜੀ ਹੈ।

ਇਸ ਪੱਤਰ ਵਿਚ ਉਨ੍ਹਾਂ ਆਖਿਆ ਕਿ ਇਸ ਵਾਰ ਦੀਵਾਲੀ ਤਿੰਨ ਨਵੰਬਰ ਨੂੰ ਮਨਾਈ ਜਾ



ਰਹੀ ਹੈ ਤੇ ਇਨ੍ਹਾਂ ਦਿਨਾਂ ਵਿਚ ਹੀ ਨਵੰਬਰ 1984 ਵਿਚ ਸਿਖ ਕਤਲੇਆਮ ਵਾਪਰਿਆ ਸੀ ਜਿਸ ਵਿਚ ਸੈਂਕੜੇ ਬੇਦੋਸ਼ੇ ਲੋਕ ਮਾਰੇ ਗਏ ਸਨ। ਇਸ ਲਈ ਇਸ ਮੌਕੇ ਆਤਿਸ਼ਬਾਜ਼ੀ ਨਾ ਚਲਾਈ ਜਾਵੇ ਤੇ ਆਤਿਸ਼ਬਾਜ਼ੀ 'ਤੇ ਖਰਚ ਹੋਣ ਵਾਲੀ ਰਕਮ ਦੰਗਾ ਪੀੜਤਾਂ ਦੀ ਭਲਾਈ ਲਈ ਖਰਚ ਕੀਤੀ ਜਾਵੇ।

ਸੁਨੇਹੇ ਵਿਚ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਆਦੇਸ਼ ਅਕਾਲ ਤਖ਼ਤ ਤੋਂ ਜਾਰੀ ਕੀਤੇ ਗਏ ਹਨ। ਜਥੇਦਾਰ ਅਵਤਾਰ ਸਿੰਘ ਨੇ ਸਪੱਸ਼ਟ ਕਰਦਿਆਂ ਆਖਿਆ ਕਿ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਅਜਿਹੇ ਕੋਈ ਆਦੇਸ਼ ਜਾਰੀ ਨਹੀਂ ਕੀਤੇ ਗਏ ਹਨ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਹੈ ਕਿ ਉਹ ਪੁਰਾਤਨ ਪ੍ਰੰਪਰਾ ਮੁਤਾਬਕ ਇਹ ਦਿਹਾੜਾ ਮਨਾਉਣ। ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਸਿੱਖ ਸੰਗਤ ਨੂੰ ਗੁੰਮਰਾਹ ਕਰਨ ਵਾਲਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਗੈਰ ਕਾਨੂੰਨੀ ਪਰਵਾਸੀ ਪੰਜਾਬੀ ਨੌਜਵਾਨ ਵੱਲੋਂ ਖੁਦਕੁਸ਼ੀ

**ਸੈਨ ਹੋਜ਼ੇ:** ਛੇ ਮਹੀਨੇ ਪਹਿਲਾਂ ਡਾਲਰ ਕਮਾਉਣ ਦਾ ਸੁਪਨਾ ਲੈ ਕੇ ਨਾਜਾਇਜ਼ ਢੰਗ ਨਾਲ ਅਮਰੀਕਾ ਪੁੱਜੇ ਸਬ ਡਿਵੀਜ਼ਨ ਸੁਲਤਾਨਪੁਰ ਲੋਧੀ ਦੇ ਪਿੰਡ ਮੁਹੱਬਲੀਪੁਰ ਦੇ 35 ਸਾਲਾ ਨੌਜਵਾਨ ਪਰਮਜੀਤ ਸਿੰਘ ਨੇ ਲੰਘੀ 22 ਅਕਤੂਬਰ ਨੂੰ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਪਰਮਜੀਤ ਸੰਨੀਵੇਲ ਦੇ ਇਕ ਰੈਸਟੋਰੈਂਟ ਚਾਟ ਭਵਨ ਵਿਚ ਕੰਮ ਕਰਦਾ ਸੀ। ਪਰਮਜੀਤ ਆਪਣੇ ਪਿਛੇ ਦੋ ਬੱਚੇ-ਗਿਆਰਾਂ ਸਾਲ ਦੀ ਇਕ ਲੜਕੀ ਅਤੇ 8-9 ਸਾਲ ਦਾ ਮੁੰਡਾ ਛੱਡ ਗਿਆ ਹੈ। ਉਸ ਦੇ ਪਿਤਾ ਜਸਵੰਤ ਸਿੰਘ ਨੂੰ ਉਸ ਦੀ ਮੌਤ ਦੀ ਖਬਰ ਉਸ ਦੇ ਦੋਸਤਾਂ ਨੇ ਦਿਤੀ। ਉਸ ਦੇ ਦੋਸਤਾਂ ਅਨੁਸਾਰ ਪਿਛਲੇ ਕੁਝ ਦਿਨਾਂ ਤੋਂ ਉਹ ਕਾਫੀ ਪ੍ਰੇਸ਼ਾਨ ਸੀ।



ਉਹ ਆਪਣੀ ਜ਼ਮੀਨ ਗਹਿਣੇ ਧਰ ਕੇ ਤਕਰੀਬਨ 25 ਲੱਖ ਰੁਪਏ ਖ਼ਰਚ ਕੇ ਮੈਕਸੀਕੋ ਰਸਤੇ ਅਮਰੀਕਾ ਪੁੱਜਾ ਸੀ। ਰੈਸਟੋਰੈਂਟ ਦੀ ਰਸੋਈ ਵਿਚ ਸਖ਼ਤ ਕੰਮ, ਕਰਜ਼ੇ ਦੇ ਬੋਝ ਤੇ ਘਰ ਦੇ ਮੋਹ ਵਿਚ ਉਦਾਸ ਪਰਮਜੀਤ ਸਿੰਘ ਨੇ ਆਪਣੇ ਨਾਲ ਰਹਿਣ ਵਾਲੇ ਵਿਅਕਤੀਆਂ ਕੋਲ ਵੀ ਘਰ ਵਾਪਸ ਪਰਤਣ ਦੀ ਇੱਛਾ ਪ੍ਰਗਟਾਈ ਸੀ ਪਰ ਉਸ ਕੋਲ ਪਾਸਪੋਰਟ ਨਾ ਹੋਣ ਕਾਰਨ ਉਹ ਵਾਪਸ ਨਾ ਪਰਤ ਸਕਿਆ।

# ਸ਼ੋਭਨ ਸਰਕਾਰ ਨੇ ਕੀਤੀ ਮੋਦੀ ਤੇ ਰਾਮਦੇਵ ਦੀ ਬੋਲਤੀ ਬੰਦ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਸ਼ੋਭਨ ਸਰਕਾਰ ਪੜ੍ਹਿਆ-ਲਿਖਿਆ ਸਾਧ ਹੈ। ਉਹ ਦਲੀਲ ਨਾਲ ਗੱਲ ਕਰਨੀ ਜਾਣਦਾ ਹੈ। ਜਿੱਥੇ ਉਹ ਰਹਿੰਦਾ ਹੈ, ਉਸ ਇਲਾਕੇ ਦੇ ਲੋਕ ਉਸ ਨੂੰ ਉਸ ਦੇ ਕ੍ਰਿਸ਼ਮਿਆਂ ਦੇ ਕਾਰਨ ਨਹੀਂ, ਉਸ ਦੀ ਕਾਰ-ਸੇਵਾ ਦੇ ਲਈ ਹੱਦੋਂ ਬਾਹਰਾ ਸਤਿਕਾਰ ਦੇਂਦੇ ਹਨ। ਜਿਹੜੇ ਲੋਕ ਉਸ ਦੇ ਸੁਫਨੇ ਨੂੰ ਇੱਕ ਬੇਥੱਵੀ ਗੱਲ ਕਹਿ ਕੇ ਹੱਸਣ ਨੂੰ ਮਜਬੂਰ ਹੋ ਜਾਂਦੇ ਹਨ, ਉਹ ਵੀ ਉਸ ਦਾ ਸਤਿਕਾਰ ਕਰਦੇ ਹਨ।***

ਬਚਪਨ ਵਿਚ ਇੱਕ ਕਹਾਣੀ ਸੁਣਦੇ ਹੁੰਦੇ ਸਾਂ ਕਿ ਇੱਕ ਬਹੁਤ ਵੱਡਾ ਪਹਿਲਵਾਨ ਇੱਕ ਜਵਾਕ ਤੋਂ ਡਰਦਾ ਅਖਾੜਾ ਛੱਡ ਕੇ ਦੌੜ ਗਿਆ ਸੀ। ਕਾਰਨ ਇਹ ਸੀ ਕਿ ਜਵਾਕ ਨੂੰ ਪਤਾ ਲੱਗ ਗਿਆ ਸੀ ਕਿ ਇਸ ਪਹਿਲਵਾਨ ਨੂੰ ਕੁਤਕੁਤਾਰੀਆਂ ਤੋਂ ਬਹੁਤ ਡਰ ਲੱਗਦਾ ਹੈ। ਉਸ ਨੇ ਅਖਾੜੇ ਵਿਚ ਜਾ ਕੇ ਇਹੋ ਦਾਅ ਵਰਤਿਆ ਸੀ। ਹੁਣ ਭਾਰਤ ਦੀ ਰਾਜਨੀਤੀ ਦਾ ਇੱਕ ਦਬੰਗ ਤੇ ਅੜਬੰਗ ਸੁਭਾਅ ਦਾ ਲੀਡਰ ਇੱਕ ਸਾਧ ਦੀ ਚਿੱਠੀ ਨੇ ਪੈਰਾਂ ਤੋਂ ਕੱਢ ਦਿੱਤਾ ਹੈ। ਉਸ ਸਿਆਸੀ ਆਗੂ ਦਾ ਨਾਂ ਨਰਿੰਦਰ ਮੋਦੀ ਹੈ ਤੇ ਜਿਸ ਨੇ ਉਸ ਨੂੰ ਪੈਰਾਂ ਤੋਂ ਕੱਢਣ ਵਾਲੀ ਚਿੱਠੀ ਭੇਜੀ ਹੈ, ਉਹ ਉਹੋ ਸਾਧ ਹੈ, ਜਿਸ ਨੂੰ ਕਿਸੇ ਥਾਂ ਇੱਕ ਹਜ਼ਾਰ ਟਨ ਸੋਨਾ ਦੱਬੇ ਹੋਣ ਦਾ ਸੁਫਨਾ ਆਇਆ ਸੀ।

ਕਹਿੰਦੇ ਹਨ ਕਿ ਉਤਰ ਪ੍ਰਦੇਸ਼ ਵਿਚ ਸ਼ੋਭਨ ਸਰਕਾਰ ਨਾਂ ਦੇ ਸਾਧ ਨੂੰ ਸੁਫਨਾ ਆਇਆ ਸੀ ਕਿ ਉਨਾਵ ਜ਼ਿਲ੍ਹੇ ਦੇ ਡੌਂਡੀਆ ਖੇੜਾ ਦੇ ਕਿਲ੍ਹੇ ਵਿਚ ਇੱਕ ਰਾਜੇ ਦਾ ਖਜ਼ਾਨਾ ਦੱਬਿਆ ਪਿਆ ਹੈ। ਜਿਸ ਰਾਜੇ ਦਾ ਨਾਂ ਲਿਆ ਗਿਆ, ਉਹ ਅੰਗਰੇਜ਼ ਦੇ ਖਿਲਾਫ ਅਣਖ ਦੀ ਲੜਾਈ ਲੜਦਾ ਜਾਨ ਦੇ ਗਿਆ ਸੀ। ਇਹੋ ਜਿਹੇ ਕਈ ਰਾਜੇ ਮਰਨ ਤੋਂ ਪਹਿਲਾਂ ਆਪਣੇ ਦੱਬੇ ਹੋਏ ਖਜ਼ਾਨੇ ਬਾਰੇ ਕਿਸੇ ਬਹੁਤ ਵਫਾਦਾਰ ਸੇਵਕ ਜਾਂ ਕਿਸੇ ਨੇੜਤਾ ਰੱਖਦੇ ਸਾਧ ਨੂੰ ਦੱਸ ਵੀ ਦੇਂਦੇ ਹੁੰਦੇ ਸਨ। ਹੁਣ ਵੀ ਏਦਾਂ ਦਾ ਕੁਝ ਨਾ ਕੁਝ ਹੋ ਸਕਦਾ ਹੈ, ਪਰ ਜਿੰਨਾ ਇੱਕ ਹਜ਼ਾਰ ਟਨ ਸੋਨਾ ਦੱਬੇ ਹੋਣ ਦੀ ਗੱਲ ਕਹੀ ਗਈ ਹੈ, ਉਹ ਸਾਧ ਗੱਪ ਮਾਰਨ ਦਾ ਰਿਕਾਰਡ ਬਣਾਉਣ ਦੀ ਕੋਸ਼ਿਸ਼ ਕਰਦਾ ਜਾਪਦਾ ਹੈ।

ਉਂਜ ਜਿਸ ਉਨਾਵ ਜ਼ਿਲ੍ਹੇ ਵਿਚ ਏਨਾ ਸੋਨਾ ਲੱਭਣ ਨੂੰ ਧਰਤੀ ਪੁੱਟੀ ਜਾ ਰਹੀ ਹੈ, ਉਥੋਂ ਦੀ ਕਾਂਗਰਸ ਦੀ ਪਾਰਲੀਮੈਂਟ ਮੈਂਬਰ ਬੀਬੀ ਅਨੂ ਟੰਡਨ ਬਿਨਾਂ ਧਰਤੀ ਪੁੱਟੇ ਤੋਂ ਵੀ ਸੋਨਾ ਲੱਭਣ ਦੇ ਤਰੀਕੇ ਜਾਣਦੀ ਹੈ। ਉਸ ਦਾ ਪਤੀ ਸੰਦੀਪ ਟੰਡਨ ਭਾਰਤ ਸਰਕਾਰ ਦੇ ਇਨਕਮ ਟੈਕਸ ਵਿਭਾਗ ਦਾ ਵੱਡਾ ਅਫਸਰ ਹੁੰਦਾ ਸੀ। ਇੱਕ ਵਾਰੀ ਉਸ ਨੇ ਰਿਲਾਇੰਸ ਵਾਲੇ ਘਰਾਣੇ ਉਤੇ ਛਾਪੇ ਮਰਵਾ ਦਿੱਤੇ ਤੇ ਫਿਰ ਵੱਡਾ ਘਪਲਾ ਫੜਨ ਦੇ ਬਾਅਦ ਸਾਰੀ ਫਾਈਲ ਇਹ ਕਹਿ ਕੇ ਠੱਪ ਕਰ ਦਿੱਤੀ ਕਿ ਕੁਝ ਨਹੀਂ ਮਿਲਿਆ। ਕੁਝ ਦਿਨਾਂ ਬਾਅਦ ਉਸ ਦੇ ਦੋਵੇਂ ਪੁੱਤਰਾਂ ਨੂੰ ਰਿਲਾਇੰਸ ਵਾਲਿਆਂ ਨੇ ਵੱਡੇ ਅਫਸਰ ਲਾ ਲਿਆ ਤੇ ਫਿਰ ਉਸ ਦੀ ਪਤਨੀ ਅਨੂ ਟੰਡਨ ਨੂੰ ਰਾਹੁਲ ਗਾਂਧੀ ਦੀ ਟੀਮ ਵਿਚ ਪਾ ਕੇ ਅਗਲੀ ਵਾਰੀ ਚੋਣ ਵਿਚ ਉਸ ਉਨਾਵ ਹਲਕੇ ਤੋਂ ਪਾਰਲੀਮੈਂਟ ਦੀ ਮੈਂਬਰ ਬਣਵਾ ਲਿਆ, ਜਿੱਥੋਂ ਕਾਂਗਰਸ ਨੂੰ ਜਿੱਤਣ ਦੀ ਆਸ ਹੀ ਨਹੀਂ ਸੀ। ਉਹ ਚੋਣ ਰਿਲਾਇੰਸ ਵਾਲਿਆਂ ਦੇ ਪੈਸੇ ਨਾਲ ਜਿੱਤੀ ਗਈ ਸੀ। ਕਮਾਲ ਦੀ ਗੱਲ ਇਹ ਕਿ ਥੋੜ੍ਹੇ ਦਿਨਾਂ ਪਿੱਛੋਂ ਅਨੂ ਟੰਡਨ ਦੇ ਪਤੀ ਨੇ ਵੀ ਭਾਰਤ ਸਰਕਾਰ ਦੀ ਅਫਸਰੀ ਛੱਡੀ ਤੇ ਰਿਲਾਇੰਸ ਘਰਾਣੇ ਦੇ ਉਸੇ ਅਦਾਰੇ ਵਿਚ ਅਫਸਰ ਜਾ ਬਣਿਆ, ਜਿਸ ਅਦਾਰੇ ਦੇ ਖ਼ਿਲਾਫ਼ ਉਸ ਨੇ ਇਨਕਮ ਟੈਕਸ ਅਫਸਰ ਹੁੰਦਿਆਂ ਛਾਪੇ ਮਾਰੇ ਸਨ। ਜਿਹੜਾ ਉਨਾਵ ਦਾ ਇਲਾਕਾ ਉਥੋਂ ਕਾਂਗਰਸ ਦੀ ਪਾਰਲੀਮੈਂਟ ਮੈਂਬਰ ਅਨੂ ਟੰਡਨ ਲਈ ਸੋਨੇ ਦੀ ਖਾਣ ਸਾਬਤ ਹੋ ਚੁੱਕਾ ਹੈ, ਉਸ ਵਿਚ ਇੱਕ ਕਿਲ੍ਹੇ ਦੀ ਖੁਦਾਈ ਇੱਕ ਸਾਧ ਦੇ ਸੁਫਨੇ ਦਾ ਪ੍ਰਛਾਵਾਂ ਲੱਭਣ ਲਈ ਕੀਤੀ ਜਾ ਰਹੀ ਹੈ।

ਦੂਸਰੇ ਪਾਸੇ ਭਾਰਤੀ ਰਾਜਨੀਤੀ ਦਾ ਅੜਬੰਗ ਪਹਿਲਵਾਨ ਨਰਿੰਦਰ ਮੋਦੀ ਹੈ, ਜਿਹੜਾ ਉਮਰ ਦੇ ਆਖਰੀ ਪੜਾਅ ਵਿਚ ਪੁੱਜੇ ਹੋਏ ਇੱਕ ਸਾਧ ਦੇ ਸੁਫਨੇ ਦਾ ਮਜ਼ਾਕ ਉਡਾਉਣ ਦੇ ਬਾਅਦ ਸਫਾਈਆਂ ਦਿੰਦਾ ਫਿਰਦਾ ਹੈ। ਮੋਦੀ ਵੱਲੋਂ ਸਾਧ ਨਾਲ ਵਿਵਾਦ ਸਹੇੜਨ ਤੇ ਫਿਰ ਪਿੱਛੇ ਹਟਣ ਦੀ ਕਹਾਣੀ ਅਸੀਂ ਬਾਅਦ ਵਿਚ ਪਾਵਾਂਗੇ, ਪਹਿਲਾਂ ਇੱਕ ਹੋਰ ਦਿਲਚਸਪ ਗੱਲ ਸਾਂਝੀ ਕਰ ਲਈਏ।



*ਸ਼ੋਭਨ ਸਰਕਾਰ ਅਤੇ ਨਰਿੰਦਰ ਮੋਦੀ*

ਭਾਰਤੀ ਜਨਤਾ ਪਾਰਟੀ ਅਗਲੀ ਪਾਰਲੀਮੈਂਟ ਚੋਣ ਵਿਚ ਮੁਲਕ ਦੀ ਕਮਾਨ ਸਾਂਭਣ ਲਈ ਸਾਰਾ ਤਾਣ ਲਾ ਰਹੀ ਹੈ। ਉਸ ਦੇ ਚੋਣ ਰੈਲੀਆਂ ਦੇ ਪ੍ਰਬੰਧਕਾਂ ਲਈ ਇੱਕ ਹਦਾਇਤਨਾਮਾ-ਰੈਲੀ ਬੀਤੇ ਦਿਨੀਂ ਉਚੇਚ ਨਾਲ ਸਭ ਥਾਂ ਭੇਜਿਆ ਗਿਆ ਹੈ। ਇਸ ਵਿਚ ਇੱਕ ਮੱਦ ਇਹ ਹੈ ਕਿ ਜਿੱਥੇ ਵੀ ਨਰਿੰਦਰ ਮੋਦੀ ਜਾਵੇ, ਉਥੇ ਮਸ਼ਾਲ ਬਾਲਣ ਵਾਸਤੇ ਜਿਹੜੀ ਮਾਚਿਸ ਵਰਤਣੀ ਹੈ, ਉਹ ਅਣ-ਵਰਤੀ ਨਵੀਂ ਰੱਖਣ ਦੀ ਲੋੜ ਨਹੀਂ, ਖੋਲ੍ਹ ਕੇ ਚੈਕ ਕਰ ਲਈ ਜਾਵੇ, ਕਿਉਂਕਿ ਇੱਕ ਥਾਂ ਮਾਚਿਸ ਸਲ੍ਹਾਬੀ ਹੋਈ ਹੋਣ ਕਾਰਨ ਨਰਿੰਦਰ ਮੋਦੀ ਨੂੰ ਮੁਸ਼ਕਲ ਆਈ ਸੀ। ਦੂਸਰੀ ਮੱਦ ਇਹ ਹੈ ਕਿ ਹਰ ਰੈਲੀ ਵਿਚ ਲੋੜ ਅਨੁਸਾਰ ਪੱਖੇ ਰੱਖੇ ਜਾਣ, ਕਿਉਂਕਿ ਇੱਕ ਥਾਂ ਮੋਦੀ ਦੇ ਭਾਸ਼ਣ ਵੇਲੇ ਗਰਮੀ ਕਾਰਨ ਕੁਝ ਲੋਕ ਅਖਬਾਰਾਂ ਨਾਲ ਝੱਲ ਮਾਰ ਰਹੇ ਸਨ ਤੇ ਧਿਆਨ ਪਾਸੇ ਪੈਂਦਾ ਸੀ। ਤੀਸਰੀ ਮੱਦ ਇਹ ਹੈ ਕਿ ਮੀਡੀਆ ਦੇ ਬੈਠਣ ਦਾ ਸਥਾਨ ਆਮ ਜਨਤਾ ਤੋਂ ਤਿੰਨ ਫੁੱਟ ਉਚਾ ਰੱਖਿਆ ਜਾਵੇ, ਕਿਉਂਕਿ ਇੱਕ ਥਾਂ ਉਸ ਨੂੰ ਲੋਕਾਂ ਦੇ ਪੱਧਰ ਉਤੇ ਬਿਠਾ ਦਿੱਤਾ ਗਿਆ ਤੇ ਰੈਲੀ ਦੀਆਂ ਫੋਟੋ ਸਾਫ ਨਹੀਂ ਸਨ ਆਈਆਂ। ਚੌਥੀ ਮੱਦ ਇਹ ਹੈ ਕਿ ਤੰਬੂ ਲਾਉਣ ਵੇਲੇ ਲੋਕਾਂ ਅਤੇ ਮੋਦੀ ਦੇ ਇੱਕ ਦੂਸਰੇ ਵੱਲ ਵੇਖ ਸਕਣ ਦਾ ਧਿਆਨ ਰੱਖਿਆ ਜਾਵੇ, ਕਿਉਂਕਿ ਇੱਕ ਥਾਂ ਤੰਬੂ ਨੂੰ ਏਨਾ ਨੀਵਾਂ ਲਾਇਆ ਗਿਆ ਸੀ ਕਿ ਦੋਵੇਂ ਇੱਕ ਦੂਸਰੇ ਨੂੰ ਵੇਖ ਨਹੀਂ ਸਨ ਸਕਦੇ। ਪੰਜਵੀਂ ਇਹ ਹੈ ਕਿ ਖਾਸ ਲੋਕਾਂ ਨੂੰ ਕਾਰਡ ਵੰਡਣ ਦੇ ਹਿਸਾਬ ਨਾਲ ਕੁਰਸੀਆਂ ਵੀ ਲਾਈਆਂ ਜਾਣ, ਕਿਉਂਕਿ ਇੱਕ ਥਾਂ ਕਾਰਡ ਵੱਧ ਵੰਡੇ ਗਏ ਤੇ ਕੁਰਸੀਆਂ ਘੱਟ ਹੋਣ ਕਾਰਨ ਸੱਦੇ ਗਏ ਲੋਕ ਸਟੇਜ ਉਤੇ ਆ ਗਏ ਸਨ। ਇਹ ਸਾਰੀਆਂ ਅਤੇ ਕੁਝ ਹੋਰ ਹਦਾਇਤਾਂ ਖੁਦ ਨਰਿੰਦਰ ਮੋਦੀ ਨੇ ਰੈਲੀਆਂ ਦੇ ਪ੍ਰਬੰਧਕਾਂ ਲਈ ਭੇਜੀਆਂ ਹਨ। ਜਿਹੜਾ ਨਰਿੰਦਰ ਮੋਦੀ ਆਪਣੀਆਂ ਰੈਲੀਆਂ ਵਾਸਤੇ ਮਾਚਿਸ ਤੋਂ ਮੀਡੀਆ ਤੱਕ ਦੀ ਹਰ ਗੱਲ ਗਿਣ-ਮਿਥ ਕੇ ਚੱਲਦਾ ਹੈ, ਉਹ ਸੋਨੇ ਦੇ ਸੁਫਨੇ ਲੈਣ ਵਾਲੇ ਇੱਕ ਸਾਧ ਦੀ ਇੱਕੋ ਚਿੱਠੀ ਨਾਲ ਸਫਾਈਆਂ ਦੇਣ ਨੂੰ ਮਜਬੂਰ ਹੋ ਗਿਆ ਹੈ ਤਾਂ ਆਖਰ ਕਾਰਨ ਕੀ ਹੈ? ਕਾਰਨ ਇਸ ਚਿੱਠੀ ਦੇ ਨੁਕਤੇ ਹਨ।

ਸ਼ੋਭਨ ਸਰਕਾਰ ਪੜ੍ਹਿਆ-ਲਿਖਿਆ ਸਾਧ ਹੈ। ਉਹ ਦਲੀਲ ਨਾਲ ਗੱਲ ਕਰਨੀ ਜਾਣਦਾ ਹੈ। ਜਿੱਥੇ ਉਹ ਰਹਿੰਦਾ ਹੈ, ਉਸ ਇਲਾਕੇ ਦੇ ਲੋਕ ਉਸ ਨੂੰ ਉਸ ਦੇ ਕ੍ਰਿਸ਼ਮਿਆਂ ਦੇ ਕਾਰਨ ਨਹੀਂ, ਉਸ ਦੀ ਕਾਰ-ਸੇਵਾ ਦੇ ਲਈ ਹੱਦੋਂ ਬਾਹਰਾ ਸਤਿਕਾਰ ਦੇਂਦੇ ਹਨ। ਜਿਹੜੇ ਲੋਕ ਉਸ ਦੇ ਸੁਫਨੇ ਨੂੰ ਇੱਕ ਬੇਥੱਵੀ ਗੱਲ ਕਹਿ ਕੇ ਹੱਸਣ ਨੂੰ ਮਜਬੂਰ ਹੋ ਜਾਂਦੇ ਹਨ, ਉਹ ਵੀ ਉਸ ਦਾ ਸਤਿਕਾਰ ਕਰਦੇ ਹਨ। ਕਾਰਨ ਇਹ ਹੈ ਕਿ ਉਸ ਇਲਾਕੇ ਵਿਚ ਪਾਣੀ ਦੀ ਦੋਹਰੀ ਸਮੱਸਿਆ ਸੀ। ਹੜ੍ਹਾਂ ਦੇ ਦਿਨਾਂ ਵਿਚ ਲੋਕ ਗੋਤੇ ਖਾਂਦੇ ਹੁੰਦੇ ਸਨ। ਜਦੋਂ ਬਰਸਾਤ ਦੇ ਦਿਨ ਲੰਘ ਜਾਂਦੇ ਤਾਂ ਪੀਣ ਲਈ ਪਾਣੀ ਦੀ ਬੂੰਦ ਨੂੰ ਤਰਸਦੇ ਹੁੰਦੇ ਸਨ। ਕਿਸੇ ਸਿਆਸੀ ਪਾਰਟੀ ਜਾਂ ਸਰਕਾਰ ਨੇ ਇਸ ਦਾ ਹੱਲ ਕੱਢਣ ਵੱਲ ਧਿਆਨ ਨਹੀਂ ਸੀ ਦਿੱਤਾ। ਲੋਕ ਦੱਸਦੇ ਹਨ ਕਿ ਇਸ ਸਾਧ ਨੇ ਕਾਰ-ਸੇਵਾ ਚਲਾਈ ਤੇ ਛੋਟੇ-ਛੋਟੇ ਡੈਮਾਂ ਦੇ ਨਾਲ ਬਰਸਾਤਾਂ ਦੇ ਪਾਣੀ ਨੂੰ ਬੰਨ੍ਹ ਮਾਰ ਕੇ ਛੋਟੇ-ਛੋਟੇ ਸੂਏ ਕੱਢ ਕੇ ਇਲਾਕੇ ਦੇ ਬਹੁਤ ਸਾਰੇ ਪਿੰਡਾਂ ਨੂੰ ਹੜ੍ਹਾਂ ਦੀ ਮਾਰ ਤੋਂ ਵੀ ਬਚਾ ਲਿਆ ਤੇ ਅੱਗੋਂ-ਪਿੱਛੋਂ ਖੇਤੀ ਅਤੇ ਘਰਾਂ ਦੀ ਲੋੜ ਲਈ ਪਾਣੀ ਦਾ ਪ੍ਰਬੰਧ ਵੀ ਕਰ ਦਿੱਤਾ। ਉਸ ਦੇ ਬੇਢੱਬੇ ਸੁਫਨੇ ਤੋਂ ਸਾਨੂੰ ਵੀ ਕੌੜ ਹੈ, ਪਰ ਕਾਰ-ਸੇਵਾ ਵਾਲਾ ਇਹ ਪੱਖ ਜੇ ਏਦਾਂ ਹੀ ਹੋਵੇ ਤਾਂ ਸਲਾਹੁਣਾ ਬਣਦਾ ਹੈ।

ਹੁਣ ਆਈਏ ਉਸ ਚਿੱਠੀ ਅਤੇ ਮੋਦੀ ਦੀ ਟਿਪਣੀ ਵਲ, ਜਿਸ ਨੇ ਮੋਦੀ ਨੂੰ ਏਨਾ ਡਰਾਇਆ ਕਿ ਜਵਾਕ ਦੀਆਂ ਕੁਤਕੁਤਾਰੀਆਂ ਕਾਰਨ ਅਖਾੜੇ ਤੋਂ ਭੱਜ ਗਏ ਪਹਿਲਵਾਨ ਵਾਂਗ ਉਹ ਵੀ ਨੱਸ ਤੁਰਿਆ ਹੈ।

ਨਰਿੰਦਰ ਮੋਦੀ ਨੇ ਹਮਲਾ ਸਾਧ ਦੇ ਖਿਲਾਫ ਸਿੱਧਾ ਨਹੀਂ ਸੀ ਕੀਤਾ, ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਖਿਲਾਫ ਤੋੜਾ ਝਾੜਿਆ ਤੇ ਇਹ ਆਖਿਆ ਸੀ ਕਿ ਇੱਕ ਬੰਦੇ ਨੂੰ ਸੁਫਨਾ ਆ ਗਿਆ ਤੇ ਭਾਰਤ ਸਰਕਾਰ ਹੁਣ ਸੋਨੇ ਦੀ ਭਾਲ ਵਿਚ ਜ਼ਮੀਨ ਫੋਲਦੀ ਫਿਰਦੀ ਹੈ। ਨਾਲ ਇਹ ਕਹਿ ਦਿੱਤਾ ਸੀ ਕਿ ਸੋਨਾ ਲੱਭਣਾ ਨਹੀਂ, ਇਹੋ ਸਮਾਂ ਤੇ ਸ਼ਕਤੀ ਮਨਮੋਹਨ ਸਿੰਘ ਨੂੰ ਭਾਰਤ ਦਾ ਉਹ ਕਾਲਾ ਧਨ ਵਾਪਸ ਲਿਆਉਣ ਨੂੰ ਲਾਉਣੇ ਚਾਹੀਦੇ ਹਨ, ਜਿਹੜਾ ਸਵਿਟਜ਼ਰਲੈਂਡ ਦੇ ਬੈਂਕਾਂ ਵਿਚ ਪਿਆ ਹੈ। ਹਮਲਾ ਪ੍ਰਧਾਨ ਮੰਤਰੀ ਉਤੇ ਕੀਤਾ ਸੀ, ਗੁੱਸਾ ਉਸ ਸਾਧ ਨੂੰ ਚੜ੍ਹ ਗਿਆ। ਉਸ ਨੇ ਜਵਾਬ ਵਿਚ ਇੱਕ ਚਿੱਠੀ ਲਿਖ ਮਾਰੀ, ਜਿਸ ਦਾ ਹਰ ਨੁਕਤਾ ਕੁਝ ਕਹਿੰਦਾ ਹੈ।

ਪਹਿਲੀ ਗੱਲ ਇਸ ਚਿੱਠੀ ਵਿਚ ਇਹ ਪੁੱਛੀ ਗਈ ਹੈ ਕਿ ਜਿਹੜਾ ਕਾਲਾ ਧਨ ਸਵਿਟਜ਼ਰਲੈਂਡ ਵਾਲੇ ਬੈਂਕਾਂ ਵਿਚ ਪਿਆ ਹੈ, ਕੀ ਉਹ ਉਦੋਂ ਨਹੀਂ ਸੀ, ਜਦੋਂ ਭਾਜਪਾ ਦੀ ਅਗਵਾਈ ਵਾਲੀ ਵਾਜਪਾਈ ਸਰਕਾਰ ਹੁੰਦੀ ਸੀ? ਇਸ ਦੀ ਜਾਣਕਾਰੀ ਦੇ ਦਿਉ ਕਿ ਵਾਜਪਾਈ ਸਰਕਾਰ ਨੇ ਕਿੰਨਾ ਕਾਲਾ ਧਨ ਵਾਪਸ ਮੰਗਵਾਇਆ ਸੀ ਤੇ ਜੇ ਮੰਗਵਾਇਆ ਨਹੀਂ ਸੀ ਤਾਂ ਉਦੋਂ ਇਸ ਦਾ ਚੇਤਾ ਕਿਉਂ ਨਹੀਂ ਸੀ ਆਇਆ ਤੇ ਭਾਜਪਾ ਨੂੰ ਹੁਣ ਚੇਤਾ ਕਿਉਂ ਆਇਆ ਹੈ? ਦੂਸਰਾ ਇਹ ਕਿ ਭਾਜਪਾ ਜਿਹੜਾ ਕਰੋੜਾਂ ਰੁਪਏ ਦਾ ਬੱਜਟ ਨਰਿੰਦਰ ਮੋਦੀ ਨੂੰ ਉਭਾਰਨ ਉਤੇ ਖਰਚ ਕਰ ਰਹੀ ਹੈ, ਉਸ ਦੇ ਵਿਚ ਕਾਲਾ ਧਨ ਕਿੰਨਾ ਹੈ ਤੇ ਚਿੱਟਾ ਕਿੰਨਾ ਅਤੇ ਇਸ ਦੇ ਸਰੋਤ ਕੀ ਹਨ?

ਇਸ ਤੋਂ ਬਾਅਦ ਉਸ ਨੇ ਇਹ ਗਿਣਾਉਣ ਉਤੇ ਤਵਾ ਲਾ ਦਿੱਤਾ ਕਿ ਭਾਜਪਾ ਲੀਡਰਾਂ ਦਾ ਕਿਰਦਾਰ ਝੂਠ ਬੋਲ ਕੇ ਲੋਕਾਂ ਨੂੰ ਵਰਗਲਾਉਣ ਦੇ ਪੱਖੋਂ ਕਿਸ ਪੱਧਰ ਦਾ ਅਤੇ ਕਿੰਨਾ ਪੁਰਾਣਾ ਹੈ? ਸ਼ੁਰੂਆਤ ਉਸ ਨੇ ਭਗਵਾਨ ਰਾਮ ਦੇ ਸ੍ਰੀਲੰਕਾ ਲਈ ਬਣਾਏ ਉਸ ਪੁਲ ਤੋਂ ਕੀਤੀ ਹੈ, ਜਿਸ ਨੂੰ ਤੋੜੇ ਜਾਣ ਦਾ ਵਿਰੋਧ ਹੁਣ ਭਾਜਪਾ ਕਰਦੀ ਹੈ। ਇਹ ਤੱਥ ਉਸ ਨੇ ਪੇਸ਼ ਕਰ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ ਕਿ ਭਾਜਪਾ ਰਾਮ-ਸੇਤੂ ਬਾਰੇ ਵੀ ਭੁਲੇਖਾ ਖੜਾ ਕਰ ਰਹੀ ਹੈ, ਉਹ ਪੁਲ ਤਾਂ ਸ੍ਰੀਲੰਕਾ ਤੋਂ ਮੁੜਨ ਲੱਗਿਆਂ ਪੁਸ਼ਪਕ ਵਿਮਾਨ ਵਿਚ ਚੜ੍ਹਨ ਵੇਲੇ ਰਾਮ ਜੀ ਨੇ ਖੁਦ ਵਿਭੀਸ਼ਣ ਨੂੰ ਕਹਿ ਕੇ ਤੁੜਵਾ ਦਿੱਤਾ ਸੀ। ਇਹ ਗੱਲ ਪਦਮ ਪੁਰਾਣ ਵਿਚ ਦਰਜ ਹੈ, ਜਿਸ ਨੂੰ ਭਾਜਪਾ ਨੇਤਾ ਪੜ੍ਹਦੇ ਨਹੀਂ, ਮੱਥਾ ਟੇਕ ਛੱਡਦੇ ਹਨ। ਦੂਸਰੀ ਗੱਲ ਉਸ ਨੇ ਇਹ ਚੁੱਕੀ ਕਿ ਜਦੋਂ ਟੀਹਰੀ ਗੜ੍ਹਵਾਲ ਦਾ ਡੈਮ ਬਣਨਾ ਸੀ, ਭਾਜਪਾ ਦੇ ਆਗੂਆਂ ਨੇ ਸਾਧੂ-ਸੰਤਾਂ ਨੂੰ ਨਾਲ ਲੈ ਕੇ ਉਸ ਦਾ ਵਿਰੋਧ ਕੀਤਾ ਸੀ, ਪਰ ਪਿੱਛੇ ਜਿਹੇ ਜਦੋਂ ਕੇਦਾਰ ਨਾਥ ਦੇ ਹੜ੍ਹ ਆਏ ਤਾਂ ਇਹੋ ਪੁਲ ਸੀ, ਜਿਸ ਦੇ ਕਾਰਨ ਉਸ ਇਲਾਕੇ ਦੇ ਲੋਕ ਰੁੜ੍ਹਨ ਤੋਂ ਬਚ ਗਏ ਸਨ। ਅੱਜ ਉਸ ਖੇਤਰ ਦੇ ਸਾਧੂ ਤਾਂ ਇਹ ਕਹਿੰਦੇ ਹਨ ਕਿ ਅਸੀਂ ਵਿਰੋਧ ਕਰ ਕੇ ਗਲਤੀ ਕਰਦੇ ਰਹੇ ਸੀ, ਕੀ ਭਾਜਪਾ ਦੇ ਆਗੂ ਵੀ ਇਸ ਮਾਮਲੇ ਵਿਚ ਕੀਤੀ ਹੋਈ ਗਲਤੀ ਨੂੰ ਮੰਨਣਗੇ?

ਤੀਸਰਾ ਸਵਾਲ ਇਹ ਹੈ ਕਿ ਜਦੋਂ ਰਾਜੀਵ ਗਾਂਧੀ ਅਤੇ ਸੈਮ ਪੈਤਰੋਦਾ ਨੇ ਦੇਸ਼ ਵਿਚ ਕੰਪਿਊਟਰ ਦੀ ਗੱਲ ਚਲਾਈ ਸੀ ਤਾਂ ਭਾਜਪਾ ਦੇ ਲੀਡਰ ਇਸ ਦਾ ਵੀ ਵਿਰੋਧ ਕਰਦੇ ਸਨ, ਕੀ ਅੱਜ ਨਰਿੰਦਰ ਮੋਦੀ ਉਸੇ ਕੰਪਿਊਟਰ ਉਤੇ ਫੇਸਬੁੱਕ ਦੀ ਵਰਤੋਂ ਕਰਦਾ ਹੋਇਆ ਉਸ ਦੇ ਖਾਤੇ ਵਿਚ ਇਹ ਲਿਖੇਗਾ ਕਿ ਸਾਡੀ ਪਾਰਟੀ ਨੇ ਅਜਿਹਾ ਕਰ ਕੇ ਦੇਸ਼ ਦੇ ਲੋਕਾਂ ਨੂੰ ਗੁੰਮਰਾਹ ਕਰਨ ਦਾ ਗੁਨਾਹ ਵੀ ਕੀਤਾ ਸੀ?

ਅੰਤਲਾ ਗੋਲਾ ਉਸ ਨੇ ਨਰਿੰਦਰ ਮੋਦੀ ਦੀਆਂ ਰੈਲੀਆਂ ਲਈ ਆਧਾਰ ਤਿਆਰ ਕਰਦੇ ਬਾਬਾ ਰਾਮਦੇਵ ਦੇ ਵੱਲ ਦਾਗਿਆ ਹੈ। ਸੰਤ ਸ਼ੋਭਨ ਸਰਕਾਰ ਨੇ ਲਿਖਿਆ ਹੈ ਕਿ ਕੀ ਇਹ ਸੱਚ ਨਹੀਂ ਕਿ ਦਿੱਲੀ ਵਾਲੀ ਮੁਹਿੰਮ ਚੱਲ ਚੁੱਕਣ ਤੋਂ ਬਾਅਦ ਸਵਾਮੀ ਰਾਮਦੇਵ ਨੇ ਵੱਖ-ਵੱਖ ਥਾਂਈਂ ਅੱਸੀ ਏਕੜ ਜ਼ਮੀਨ ਦਾ ਕਬਜ਼ਾ ਇਹ ਮੰਨ ਕੇ ਛੱਡਿਆ ਹੈ ਕਿ ਇਥੇ ਉਸ ਨੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਸੀ? ਉਸ ਨੇ ਪੁੱਛਿਆ ਹੈ ਕਿ ਜਿਹੜਾ ਰਾਮਦੇਵ ਆਪ ਮੰਨ ਚੁੱਕਾ ਹੈ ਕਿ ਉਸ ਨੇ ਜ਼ਮੀਨਾਂ ਉਤੇ ਨਾਜਾਇਜ਼ ਕਬਜ਼ੇ ਕੀਤੇ ਸਨ, ਉਹ ਮੋਦੀ ਦੇ ਲਈ ਇਨਾ ਤਿੱਖਾ ਕਿਉਂ ਵਗ ਰਿਹਾ ਹੈ?

ਇਨ੍ਹਾਂ ਸਵਾਲਾਂ ਦਾ ਜਵਾਬ ਕਿਸੇ ਨੇ ਨਹੀਂ ਦਿੱਤਾ। ਹੈਰਾਨੀ ਇਸ ਵਾਸਤੇ ਨਹੀਂ ਕਿ ਇਨ੍ਹਾਂ ਸਵਾਲਾਂ ਦਾ ਜਵਾਬ ਨਰਿੰਦਰ ਮੋਦੀ ਨੇ ਨਹੀਂ ਦਿੱਤਾ, ਸਗੋਂ ਭਾਜਪਾ ਦੇ ਕਿਸੇ ਬੁਲਾਰੇ ਨੇ ਵੀ ਇਨ੍ਹਾਂ ਤੱਥਾਂ ਦੇ ਖੰਡਨ ਦੀ ਜੁਰਅੱਤ ਨਹੀਂ ਕੀਤੀ ਤੇ ਸਵਾਮੀ ਰਾਮਦੇਵ ਵੀ ਆਪਣੇ ਬਾਰੇ ਕਹੀ ਗੱਲ ਦੀ ਸਫਾਈ ਨਹੀਂ ਦੇ ਸਕਿਆ। ਸਾਰਿਆਂ ਦੀ ਚੁੱਪ ਦੱਸਦੀ ਹੈ ਕਿ ਸੁਫਨੇ ਦੀ ਗੱਲ ਜੇ ਵੱਖ ਰੱਖ ਲਈ ਜਾਵੇ ਤਾਂ ਮੋਦੀ ਤੋਂ ਭਾਜਪਾ ਅਤੇ ਰਾਮਦੇਵ ਤੱਕ ਸਾਰਿਆਂ ਨੂੰ ਉਸ ਸਾਧ ਨੇ ਏਦਾਂ ਅਖਾੜੇ ਤੋਂ ਬਾਹਰ ਕੱਢ ਦਿੱਤਾ ਹੈ, ਜਿਵੇਂ ਕੁਤਕੁਤਾਰੀਆਂ ਕੱਢਣ ਵਾਲੇ ਜਵਾਕ ਨੇ ਪਹਿਲਵਾਨ ਨੂੰ ਕੱਢਿਆ ਸੀ।

**Freeway Travel Inc**



*ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ*

Call Raju
Tel: 773-973-0200
Fax: 773-973-0557
2542 W Devon Ave. Chicago IL 60659

**ਜਾਇਦਾਦ ਦੀ ਖਰੀਦ-ਵੇਚ**

ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ

ਪੁਨੀਆ ਰੀਅਲ ਅਸਟੇਟ:94173-34049

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

**Desi Bazar**

916 E. Main Street #118, Greenwood, IN, 46143
Tel: 317-888-2040, Fax: 317-887-6116

We specialize in all kind of Indian Groceries and Sweets

• FRESH VEGETABLES EVERY THURSDAY
• FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

ਪੰਜਾਬ ਟਾਈਮਜ਼

*ਸਨਿਚਰਵਾਰ, 2 ਨਵੰਬਰ, 2013*

# ਇਨਸਾਫ ਦੀ ਉਡੀਕ

ਸਾਲ ਦੇ ਹੋਰ ਮਹੀਨਿਆਂ ਵਾਂਗ ਨਵੰਬਰ ਇਕ ਵਾਰ ਫਿਰ ਬੂਹੇ ਉਤੇ ਦਸਤਕ ਦੇ ਰਿਹਾ ਹੈ। ਸਾਧਾਰਨ ਜਨਤਾ ਲਈ ਭਾਵੇਂ ਇਹ ਮਹੀਨਾ ਹੋਰ ਮਹੀਨਿਆਂ ਵਾਂਗ ਆਮ ਵਰਗਾ ਹੀ ਹੈ ਪਰ ਇਹ ਉਹ ਮਹੀਨਾ ਹੈ ਜੋ ਸਿੱਖ ਮਨਾਂ ਵਿਚ ਛਿਲਤ ਵਾਂਗ ਸਦਾ-ਸਦਾ ਲਈ ਪੁੜਿਆ ਪਿਆ ਹੈ। ਇਸ ਦੀ ਚੀਸ ਤਿੰਨ ਦਹਾਕੇ ਬੀਤਣ ਬਾਅਦ ਵੀ ਮੱਠੀ ਨਹੀਂ ਪਈ। 29 ਸਾਲ ਪਹਿਲਾਂ ਨਵੰਬਰ 1984 ਵਿਚ ਜਮਹੂਰੀ ਭਾਰਤ ਦੀ ਰਾਜਧਾਨੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਜੋ ਭਿਅੰਕਰ ਕਾਰਾ ਕੀਤਾ ਗਿਆ ਸੀ ਅਤੇ ਜੋ ਤੱਦੀ ਉਦੋਂ ਸਿੱਖਾਂ ਨਾਲ ਹੋਈ ਸੀ, ਉਸ ਨੇ ਸਿੱਖਾਂ ਵਿਚ ਬੇਗਾਨਗੀ ਦਾ ਅਹਿਸਾਸ ਭਰ ਦਿੱਤਾ ਸੀ। ਅਦਾਲਤੀ ਇਨਸਾਫ ਨਾ ਮਿਲਣ ਕਰ ਕੇ ਇਹ ਅਹਿਸਾਸ ਅੱਜ ਵੀ ਬਰਕਰਾਰ ਹੈ। ਜਿਸ ਤਰ੍ਹਾਂ ਦਾ ਢਾਂਚਾ ਦੇਸ਼ ਵਿਚ ਦਿਨ-ਬਦਿਨ ਹੋਰ ਮਜ਼ਬੂਤੀ ਫੜ ਰਿਹਾ ਹੈ, ਉਹ ਉਂਜ ਵੀ ਇਨਸਾਫ ਦੀਆਂ ਜੜ੍ਹਾਂ ਵਿਚ ਬੈਠ ਗਿਆ ਹੋਇਆ ਹੈ ਪਰ ਹੋਰ ਕਿਸੇ ਵੀ ਘਟਨਾ ਨੂੰ ਨਵੰਬਰ 1984 ਦੇ ਕਤਲੇਆਮ ਨਾਲ ਇਸ ਕਰ ਕੇ ਨਹੀਂ ਮੇਲਿਆ ਜਾ ਸਕਦਾ ਕਿਉਂਕਿ ਉਸ ਵੇਲੇ ਇਹ ਕਾਰਾ ਮਿਥ ਕੇ ਕੀਤਾ ਗਿਆ ਸੀ। ਉਸ ਵੇਲੇ ਸਿੱਖਾਂ ਉਤੇ ਜੋ ਭਾਵੀ ਵਰਤੀ, ਉਸ ਨੂੰ ਰੋਕਣ ਦਾ ਹਕੂਮਤ ਵਲੋਂ ਯਤਨ ਕੋਈ ਨਹੀਂ ਸੀ ਕੀਤਾ ਗਿਆ। ਉਸ ਤੋਂ ਬਾਅਦ ਅਦਾਲਤੀ ਕਵਾਇਦ ਵਿਚ ਵੀ ਦੋਸ਼ੀਆਂ ਨੂੰ ਸਜਾ ਦਿਵਾਉਣ ਦੀ ਥਾਂ ਉਨ੍ਹਾਂ ਨੂੰ ਬਚਾਉਣ ਲਈ ਹੀ ਚਾਰਾਜੋਈ ਕੀਤੀ ਗਈ। ਇਥੇ ਹੀ ਬੱਸ ਨਹੀਂ, ਉਸ ਵੇਲੇ ਜਿਨ੍ਹਾਂ ਜਿੰਦੜੀਆਂ ਅਤੇ ਟੱਬਰਾਂ ਨੂੰ ਮਚੇ ਭਾਂਬੜਾਂ ਦਾ ਸੇਕ ਪਿਆ ਸੀ, ਉਹ ਅੱਜ ਤੱਕ ਵੀ ਰੁਲ ਰਹੇ ਹਨ। ਉਨ੍ਹਾਂ ਟੱਬਰਾਂ ਦੀਆਂ ਤਮਾਮ ਪੀੜ੍ਹੀਆਂ ਅੱਜ ਵੀ ਜਿਹੜਾ ਦਰਦ ਹੰਢਾ ਰਹੀਆਂ ਹਨ, ਉਸ ਦੀ ਕੋਈ ਸੀਮਾ ਨਹੀਂ ਹੈ।

ਸਿਤਮਜ਼ਰੀਫੀ ਇਹ ਵੀ ਹੈ ਕਿ ਇਸ ਮੁੱਦੇ ਨੂੰ ਹਰ ਧਿਰ ਨੇ ਆਪਣੀ ਸਿਆਸਤ ਮੁਤਾਬਕ ਰੰਗ ਦੇਣ ਦੀ ਕੋਸ਼ਿਸ਼ ਕੀਤੀ ਹੈ ਅਤੇ ਸਿਆਸੀ ਲਾਹਾ ਵੀ ਰੱਜ ਕੇ ਲਿਆ ਹੈ ਪਰ ਇਸ ਕਾਰੇ ਦੀਆਂ ਜੜ੍ਹਾਂ ਵਿਚ ਪਏ ਅਤੇ ਪਨਪ ਰਹੇ ਨੁਕਤਿਆਂ ਨੂੰ ਵਿਸਥਾਰਨ-ਵਿਚਾਰਨ ਵੱਲ ਕਦੀ ਧਿਆਨ ਨਹੀਂ ਦਿੱਤਾ। ਸਿੱਖਾਂ ਨੇ ਇਸ ਤੋਂ ਪਹਿਲਾਂ ਵੀ ਬਥੇਰੇ ਸੰਕਟਾਂ ਦਾ ਸਾਹਮਣਾ ਕੀਤਾ ਹੈ ਪਰ ਨਵੰਬਰ 84 ਵਾਲਾ ਸਮਾਂ ਸਿੱਖਾਂ ਨੂੰ ਜੋ ਜ਼ਖਮ ਦੇ ਕੇ ਗਿਆ ਹੈ, ਉਹ ਭਰਨ ਵਿਚ ਨਹੀਂ ਆ ਰਿਹਾ। ਅਜਿਹੇ ਲੋਕ ਵੀ ਬਥੇਰੇ ਹਨ ਜੋ ਇਸ ਭਾਣੇ ਨੂੰ ਭੁੱਲ ਜਾਣ ਦੀ ਨਸੀਹਤ ਦਿੰਦੇ ਹਨ ਅਤੇ ਅਗਾਂਹ ਵਧ ਕੇ ਅਗਾਂਹ ਲੰਘਣ ਦੀ ਤਾਕੀਦ ਵੀ ਕਰਦੇ ਹਨ; ਉਹ ਭੁੱਲ ਜਾਂਦੇ ਹਨ ਕਿ ਇਸ ਭਾਣੇ ਤੋਂ ਬਾਅਦ ਜਿਸ ਤਰ੍ਹਾਂ ਘਟਨਾਵਾਂ ਦੀ ਲੜੀ ਚੱਲੀ ਹੈ ਅਤੇ ਕੁਝ ਕੁ ਬਦ-ਦਿਆਨਤਦਾਰ ਧਿਰਾਂ ਨੇ ਜਿਸ ਤਰ੍ਹਾਂ ਉਸ ਉਤੇ ਬੇਸ਼ਰਮੀ ਨਾਲ ਪਹਿਰਾ ਦਿੱਤਾ ਹੈ, ਉਸ ਨੂੰ ਕਦੀ ਭੁਲਾਇਆ ਹੀ ਨਹੀਂ ਜਾ ਸਕਦਾ। ਹੁਣ ਬੇਸ਼ਕ ਸੱਜਣ ਕੁਮਾਰ ਵਰਗੇ ਇੱਕਾ-ਦੁੱਕਾ ਲੀਡਰਾਂ ਨੂੰ ਰਲ ਕੇ ਅਦਾਲਤੀ ਘੇਰਾ ਪਾਇਆ ਜਾ ਰਿਹਾ ਹੈ, ਪਰ ਹਕੀਕਤ ਇਹੀ ਹੈ ਕਿ ਇਨਸਾਫ ਦੀ ਉਡੀਕ ਵਿਚ, ਇਨਸਾਫ ਦੀ ਆਸ ਹਰ ਪਲ ਦਮ ਤੋੜ ਰਹੀ ਹੈ। ਇਸ ਆਸ ਨੂੰ ਕਿਸੇ ਪਾਸਿਉਂ ਕੋਈ ਠੁੰਮਣਾ ਜਾਂ ਸਹਾਰਾ ਨਹੀਂ ਮਿਲ ਰਿਹਾ।

ਇਨ੍ਹਾਂ ਤਿੰਨ ਦਹਾਕਿਆਂ ਉਤੇ ਪਿਛਲ-ਝਾਤ ਮਾਰਦਿਆਂ ਕੁਝ ਨੁਕਤੇ ਹੁਣ ਦੁੱਧ ਅਤੇ ਪਾਣੀ ਵਾਂਗ ਨਿੱਤਰ ਕੇ ਸਾਹਮਣੇ ਆ ਚੁੱਕੇ ਹਨ। ਪਹਿਲਾ ਅਤੇ ਅਹਿਮ ਨੁਕਤਾ ਇਹੀ ਹੈ ਕਿ ਉਸ ਵੇਲੇ ਸਟੇਟ ਅਤੇ ਸੱਤਾ ਨੇ ਜੋ ਬਦਕਾਰ ਭੂਮਿਕਾ ਨਿਭਾਈ ਸੀ, ਉਹ ਸਵਾਲਾਂ ਦੇ ਘੇਰੇ ਵਿਚ ਹੈ। ਇਨਸਾਫ ਲਈ ਖੜ੍ਹਦੀਆਂ ਸਭ ਧਿਰਾਂ ਨੇ ਇਸ ਮਸਲੇ ਉਤੇ ਆਪਣੇ ਵਿਤ ਮੁਤਾਬਕ ਬਣਦੀ ਕਾਰਵਾਈ ਕਰਨ ਦਾ ਯਤਨ ਕੀਤਾ ਹੈ। ਉਂਜ ਵੀ ਭਾਰਤ ਅਤੇ ਸੰਸਾਰ ਦੀ ਸਿਆਸਤ ਵਿਚ ਜਿਸ ਤਰ੍ਹਾਂ ਦੀਆਂ ਤਬਦੀਲੀਆਂ ਵਾਪਰੀਆਂ ਹਨ, ਉਸ ਨੇ ਵੀ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕੀਤੇ ਹਨ। ਭਾਰਤ ਵਿਚ ਸਭ ਤੋਂ ਅਹਿਮ ਤਬਦੀਲੀ ਨਰੇਂਦਰ ਮੋਦੀ ਵਰਗੇ ਲੀਡਰ ਦਾ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਬਣਨ ਦੀ ਹੈ। ਇਸ ਤੋਂ ਵੀ ਅਗਾਂਹ ਸੋਚਣ ਵਾਲਾ ਮਸਲਾ ਇਹ ਹੈ ਕਿ ਉਹ ਜਿਸ ਤਰ੍ਹਾਂ ਦੀ ਚੋਣ ਮੁਹਿੰਮ ਚਲਾਉਣ ਦਾ ਯਤਨ ਕਰ ਰਿਹਾ ਹੈ, ਉਸ ਨੇ ਨਵੰਬਰ 1984 ਦੇ ਪਿਛੋਕੜ ਨੂੰ ਇਕ ਵਾਰ ਫਿਰ ਸਭ ਦੇ ਸਾਹਮਣੇ ਲੈ ਆਂਦਾ ਹੈ। ਨਰੇਂਦਰ ਮੋਦੀ ਉਹ ਸ਼ਖਸ ਹੈ ਜਿਸ ਉਤੇ ਘੱਟ-ਗਿਣਤੀਆਂ ਦੇ ਘਾਣ ਦਾ ਦੋਸ਼ ਲਗਦਾ ਹੈ। ਅਸਲ ਵਿਚ ਨਵੰਬਰ 1984 ਵਿਚ ਜੋ ਕੁਝ ਦਿੱਲੀ ਅਤੇ ਹੋਰ ਥਾਂਈਂ ਸਿੱਖਾਂ ਨਾਲ ਕੀਤਾ ਗਿਆ, ਉਹੀ ਕੁਝ 2002 ਵਿਚ ਮੁਸਲਮਾਨਾਂ ਨਾਲ ਸਮੁੱਚੇ ਗੁਜਰਾਤ ਵਿਚ ਕੀਤਾ ਗਿਆ ਸੀ, ਜਿੱਥੇ ਉਦੋਂ ਮੋਦੀ ਦੀ ਹੀ ਸਰਕਾਰ ਸੀ। ਉਦੋਂ ਵੀ ਸੁਰੱਖਿਆ ਬਲਾਂ ਨੂੰ ਜਨੂੰਨੀਆਂ ਵੱਲੋਂ ਬਾਲੇ ਭਾਂਬੜ ਬੁਝਾਉਣ ਦਾ ਹੁਕਮ ਨਹੀਂ ਸੀ ਦਿੱਤਾ ਗਿਆ। ਇਸ ਕੋਝੇ ਕਤਲੇਆਮ ਕਰ ਕੇ ਨਰੇਂਦਰ ਮੋਦੀ ਅਤੇ ਉਸ ਦੀ ਪਾਰਟੀ (ਭਾਰਤੀ ਜਨਤਾ ਪਾਰਟੀ) ਸਵਾਲਾਂ ਦੀ ਮਾਰ ਹੇਠ ਹੈ, ਐਨ ਉਸੇ ਤਰ੍ਹਾਂ ਜਿਸ ਤਰ੍ਹਾਂ 1984 ਦੇ ਕਤਲੇਆਮ ਲਈ ਕਾਂਗਰਸ ਅਤੇ ਕਾਂਗਰਸ ਦੇ ਆਗੂ ਹਨ।

ਜ਼ਾਹਿਰ ਹੈ ਕਿ ਜਿਥੇ ਕਿਤੇ ਵੀ ਸਟੇਟ ਅਤੇ ਸੱਤਾ ਦੀ ਮਰਜ਼ੀ ਚੱਲੀ ਹੈ, ਉਥੇ ਘੱਟ-ਗਿਣਤੀਆਂ ਨਾਲ ਮਿਥ ਕੇ ਵਧੀਕੀ ਕੀਤੀ ਗਈ ਹੈ। ਜੇ ਇਸ ਨੂੰ ਰਤਾ ਕੁ ਹੋਰ ਮੋਕਲੇ ਰੂਪ ਵਿਚ ਵਿਚਾਰਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਈਸਾਈਆਂ, ਆਦਿਵਾਸੀਆਂ ਅਤੇ ਹੋਰ ਆਵਾਮ ਨਾਲ ਵੀ ਜਨੂੰਨੀ ਅਤੇ ਇਕਪਾਸੜ ਸੋਚ ਵਾਲੀਆਂ ਹਕੂਮਤਾਂ ਵਲੋਂ ਘੱਟ ਨਹੀਂ ਗੁਜ਼ਾਰੀ ਗਈ। ਇਹ ਸਾਰੇ ਮਜ਼ਲੂਮ ਲੋਕ ਸਟੇਟ ਅਤੇ ਸੱਤਾ ਦੀ ਵਧੀਕੀ ਦਾ ਸ਼ਿਕਾਰ ਹੋਏ ਹਨ ਅਤੇ ਹੁਣ ਵੀ ਹੋ ਰਹੇ ਹਨ। ਇਸ ਪ੍ਰਸੰਗ ਵਿਚ ਵਿਚਾਰਨ ਵਾਲਾ ਨੁਕਤਾ ਇਹ ਹੈ ਕਿ ਸਭ ਪੀੜਤ ਧਿਰਾਂ ਨੂੰ ਸਾਂਝਾ ਮੰਚ ਮੁਹੱਈਆ ਕਰਵਾ ਕੇ ਆਵਾਜ਼ ਬੁਲੰਦ ਕੀਤੀ ਜਾਵੇ। ਇਕੱਲੀ-ਇਕੱਲੀ ਧਿਰ ਵੱਲੋਂ ਆਪਣੇ ਵਿਤ ਮੁਤਾਬਕ ਪੀੜਤ ਧਿਰ ਲਈ ਆਵਾਜ਼ ਬੁਲੰਦ ਕੀਤੀ ਜਾਂਦੀ ਰਹੀ ਹੈ ਪਰ ਸ਼ਾਇਦ ਸਟੇਟ ਅਤੇ ਸੱਤਾ ਦੇ ਬੋਲੇ ਕੰਨਾਂ ਨੂੰ ਸੁਣਾਉਣ ਲਈ ਇਸ ਤੋਂ ਵੀ ਉਚੀ ਹੇਕ ਲਾਉਣ ਦੀ ਜ਼ਰੂਰਤ ਹੈ। ਇਨਸਾਫ ਦੀ ਇਹ ਲੜਾਈ ਜਿੰਨਾ ਮੋਕਲਾ ਰੂਪ ਅਖਤਿਆਰ ਕਰੇਗੀ, ਇਨਸਾਫ ਦੀ ਆਸ ਉਤਨੀ ਹੀ ਵਧੇਰੇ ਹੋਵੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਹਉਕਾ ਪੰਜਾਬ ਲਈ*

ਝੰਡਾ ਝੂਲਦਾ ਦੇਖ ਕੇ ਕੁਫਰ ਵਾਲਾ, ਲੋਕੀਂ ਆਖਦੇ ਮਰ ਗਿਆ ਸੱਚ ਯਾਰੋ।
ਕੋਈ ਨ੍ਹੀਂ ਪੁੱਛਦਾ ਕੜੇ ਕਾਨੂੰਨ ਕਾਇਦੇ, ਮਾਇਆ ਰਹੀ ਚੁਤਰਫੀਂ ਹੀ ਨੱਚ ਯਾਰੋ।
ਲੋਕੀਂ ਭੁੱਲ ਗਏ ਵੋਟ ਦਾ ਅਰਥ ਕੀ ਏ, ਆਟੇ ਦਾਲ ਦਾ ਪੈ ਗਿਆ ਲੱਚ ਯਾਰੋ।
ਟੱਪ ਗਿਆ ਪੰਜਾਬ ਬਿਹਾਰ ਨਾਲੋਂ, ਕਿਹਦਾ ਦੇਖ ਕੇ ਭਰੇ ਨਾ ਗੱਚ ਯਾਰੋ!
ਜਿਹੜੀ ਆਏ ਆਵਾਜ਼ ਤਬਦੀਲੀਆਂ ਦੀ, ਇਸ ਮਾਹੌਲ ਵਿਚ ਜਾਪਦੀ ਖੱਚ ਯਾਰੋ।
ਸਾਰੇ ਦੁੱਖਾਂ ਦਾ ਹੋ ਇਲਾਜ ਜਾਂਦਾ, ਕਿਸੇ ਕੌਮ ਦਾ ਮਰੇ ਨਾ ਮੱਚ ਯਾਰੋ!

# ਕੋਲਾ ਘੁਟਾਲੇ ਦੀਆਂ ਪਰਤਾਂ

ਬੂਟਾ ਸਿੰਘ
ਫੋਨ: 91-94634-74342

ਹਾਲ ਹੀ ਵਿਚ ਬਿਰਲਾ ਘਰਾਣੇ ਦੇ ਕੰਪਨੀ-ਸਮੂਹ ਹਿੰਡਾਲਕੋ, ਇਸ ਦੇ ਚੇਅਰਮੈਨ ਕੁਮਾਰ ਮੰਗਲਮ ਅਤੇ ਸਾਬਕਾ ਕੋਲਾ ਸਕੱਤਰ ਪ੍ਰਕਾਸ਼ ਚੰਦਰ ਪਾਰੇਖ ਖ਼ਿਲਾਫ਼ ਕੋਲਾ ਖੇਤਰਾਂ ਦੀ ਅਲਾਟਮੈਂਟ ਵਿਚ ਘਪਲੇਬਾਜ਼ੀ ਨੂੰ ਲੈ ਕੇ ਐਫ.ਆਈ.ਆਰ ਦਰਜ ਕਰ ਲਏ ਜਾਣ ਨਾਲ ਕਈ ਤਰ੍ਹਾਂ ਦੇ ਪ੍ਰਤੀਕਰਮ ਸਾਹਮਣੇ ਆ ਰਹੇ ਹਨ। ਕਾਰਪੋਰੇਟ ਸਰਮਾਏਦਾਰੀ ਦੀਆਂ ਜਥੇਬੰਦੀਆਂ 'ਫਿੱਕੀ' ਅਤੇ ਹੋਰਾਂ ਨੇ, ਤੇ ਕੁਝ ਕੇਂਦਰੀ ਮੰਤਰੀਆਂ ਨੇ ਇਸ ਨੂੰ ਕਾਰਪੋਰੇਟ ਪੂੰਜੀਨਿਵੇਸ਼ ਨੂੰ ਸਦਮਾ ਪਹੁੰਚਾਉਣ ਵਾਲਾ ਬੇਬੁਨਿਆਦ ਕਦਮ ਕਿਹਾ ਹੈ। ਨੌਕਰਸ਼ਾਹੀ ਅੱਡ ਖ਼ਫ਼ਾ ਹੈ ਕਿ ਨੌਕਰਸ਼ਾਹ ਪਾਰੇਖ ਨੂੰ ਖ਼ਾਹ-ਮ-ਖ਼ਾਹ ਬਲੀ ਦਾ ਬੱਕਰਾ ਬਣਾਇਆ ਗਿਆ ਹੈ; ਨੌਕਰਸ਼ਾਹ ਤਾਂ ਸਿਆਸੀ ਆਕਾਵਾਂ ਦਾ ਹੁਕਮ ਵਜਾਉਂਦੇ ਹਨ। ਸਾਫ਼-ਸੁਥਰੇ ਅਕਸ ਵਾਲਾ ਸਾਬਕਾ ਨੌਕਰਸ਼ਾਹ ਈ.ਏ.ਐਸ. ਸ਼ਰਮਾ ਤਾਂ ਇਥੋਂ ਤਕ ਕਹਿ ਗਿਆ ਕਿ ਕੋਲਾ ਘੁਟਾਲੇ ਦਾ ਅਸਲ ਮੁਜਰਮ ਕਾਰਪੋਰੇਟ+ਸਿਆਸਤਦਾਨ ਗੱਠਜੋੜ ਹੈ। ਦੂਜੇ ਲਫ਼ਜ਼ਾਂ 'ਚ ਅਸਲ ਘੁਟਾਲੇਬਾਜ਼ ਤਾਂ ਕੇਂਦਰੀ ਵਜ਼ਾਰਤ ਵਿਚ ਬੈਠੇ ਹਨ। ਉਸ ਦਾ ਬਿਆਨ ਅਤਿ-ਕਥਨੀ ਨਹੀਂ ਹੈ। ਕਾਰਪੋਰੇਟ ਵਿਕਾਸ ਮਾਡਲ ਅਤੇ ਭ੍ਰਿਸ਼ਟਾਚਾਰ ਦੀ ਨਾੜੂਏ ਦੀ ਸਾਂਝ ਹੈ। ਦੁਨੀਆਂ ਦਾ ਇਤਿਹਾਸ ਇਸ ਦਾ ਗਵਾਹ ਹੈ।

ਸਤਹੀ ਨਜ਼ਰ ਨਾਲ ਦੇਖਿਆਂ ਮਾਮਲਾ ਸਿਰਫ਼ ਇੰਨਾ ਹੈ ਕਿ ਪ੍ਰਧਾਨ ਮੰਤਰੀ ਵਲੋਂ ਕੁਝ ਵਿਤੀ ਬੇਨੇਮੀਆਂ ਨੂੰ ਮਨਜ਼ੂਰੀ ਦੇ ਦਿੱਤੀ ਗਈ ਸੀ ਪਰ ਜੇ ਸਾਬਕਾ ਕੋਲਾ ਸਕੱਤਰ ਅਤੇ ਸਾਬਕਾ ਕੋਲਾ ਮੰਤਰੀ ਸ਼ਿਬੂ ਸੋਰੇਨ ਦੀ ਅੰਦਰੂਨੀ ਖਿੱਚੋਤਾਣ ਦੇ ਦਸਤਾਵੇਜ਼ੀ ਸਬੂਤਾਂ ਨੂੰ ਗ਼ੌਰ ਨਾਲ ਦੇਖਿਆ ਜਾਵੇ ਤਾਂ ਅਸਲ ਕਹਾਣੀ ਸਮਝ ਪੈ ਜਾਂਦੀ ਹੈ। ਯੂ.ਪੀ.ਏ. ਸਰਕਾਰ ਨੇ ਖੁੱਲ੍ਹੀ ਨਿਲਾਮੀ ਰਾਹੀਂ ਕੋਲਾ ਖੇਤਰ ਅਲਾਟ ਕਰਨ ਦੀ ਨੀਤੀ 2004 'ਚ ਲਿਆਂਦੀ ਪਰ 2010 ਤਕ ਇਸ ਨੂੰ ਲਾਗੂ ਨਹੀਂ ਹੋਣ ਦਿੱਤਾ। ਇਸ ਅਰਸੇ 'ਚ ਇਸ ਗੱਠਜੋੜ ਨੇ ਕੋਲਾ ਖੇਤਰਾਂ ਦੀ ਵੰਡ 'ਚ ਰੱਜ ਕੇ ਧਾਂਦਲੀ ਮਚਾਈ ਤਾਂ ਜੋ ਖੁੱਲ੍ਹੀ ਬੋਲੀ ਦਾ ਪ੍ਰਬੰਧ ਅਮਲ 'ਚ ਆਉਣ ਤੋਂ ਪਹਿਲਾਂ-ਪਹਿਲਾਂ ਵੱਡਾ ਹਿੱਸਾ ਕੌਡੀਆਂ ਦੇ ਭਾਅ ਹੜੱਪ ਲਿਆ ਜਾਵੇ।

ਵਜ੍ਹਾ ਕੋਈ ਵੀ ਹੋਵੇ, ਉਦੋਂ ਪਾਰੇਖ ਨੇ ਕੇਂਦਰੀ ਕੈਬਨਿਟ ਸਕੱਤਰ ਚਤੁਰਵੇਦੀ ਨੂੰ ਲਿਖਿਆ ਸੀ ਕਿ "ਕੋਲਾ ਮਾਫ਼ੀਆ ਸਰਕਾਰ ਤੋਂ ਬਾਹਰ ਨਹੀਂ ਹੈ। ਇਹ ਕੋਲਾ ਮੰਤਰਾਲੇ ਦੇ ਅੰਦਰ ਬੈਠਾ ਹੈ।" ਇਹ ਉਸ ਨੇ ਕੈਬਨਿਟ ਸਕੱਤਰ ਵਲੋਂ ਉਸ ਨੂੰ ਜਾਰੀ ਕੀਤੇ 'ਕਾਰਨ ਦੱਸੋ ਨੋਟਿਸ' ਦੇ ਜਵਾਬ ਵਿਚ ਲਿਖਿਆ। ਉਸ ਦਾ ਇਸ਼ਾਰਾ ਸ਼ਿਬੂ ਸੋਰੇਨ ਵੱਲ ਸੀ। ਚੇਤੇ ਰਹੇ ਕਿ ਸ਼ਿਬੂ ਸੋਰੇਨ ਨੂੰ ਯੂ.ਪੀ.ਏ. ਦੀ 2004 ਵਾਲੀ ਸਰਕਾਰ ਬਣਨ ਸਮੇਂ ਕੈਬਨਿਟ ਵਿਚ ਕੋਲਾ ਮੰਤਰੀ ਲਿਆ ਗਿਆ। ਫਿਰ ਉਹ ਕਤਲ ਦੇ ਮਾਮਲੇ 'ਚ ਮਹੀਨਾ ਕੁ ਜੇਲ੍ਹ ਗਿਆ। ਜਦੋਂ ਬਾਹਰ ਆਇਆ ਤਾਂ ਉਸ ਨੂੰ ਫਿਰ ਕੋਲਾ ਮੰਤਰੀ ਬਣਾਇਆ ਗਿਆ ਅਤੇ ਉਹ 2006 ਦੇ ਅਖ਼ੀਰ ਤਕ ਕੋਲਾ ਮੰਤਰੀ ਰਿਹਾ। ਉਸ ਵਕਤ ਦਾ ਕੋਲਾ (ਰਾਜ) ਮੰਤਰੀ ਡੀ ਨਰੈਣ ਰਾਓ ਪਹਿਲਾਂ ਹੀ ਕਾਂਗਰਸ ਐਮ.ਪੀ. ਨਵੀਨ ਜਿੰਦਲ ਦੀ ਕੰਪਨੀ ਨੂੰ ਕੋਲਾ ਖੇਤਰ ਵੰਡਣ ਕਾਰਨ ਐਫ.ਆਈ.ਆਰ. ਵਿਚ ਸ਼ਾਮਲ ਹੈ। ਮੌਜੂਦਾ ਰੱਟਾ ਨਵੰਬਰ 2006 ਤੋਂ ਮਈ 2009 ਦੇ ਅਰਸੇ ਵਿਚ ਮਰਜ਼ੀ ਨਾਲ ਕੋਲਾ ਬਲਾਕ ਵੰਡੇ ਜਾਣ ਨੂੰ ਲੈ ਕੇ ਹੈ। ਇਸ ਸਮੇਂ ਪ੍ਰਧਾਨ ਮੰਤਰੀ ਕੋਲ ਕੋਲਾ ਮੰਤਰਾਲੇ ਦੀ ਵਾਧੂ ਜ਼ਿੰਮੇਵਾਰੀ ਸੀ। ਪਾਰੇਖ ਉਪਰ ਇਲਜ਼ਾਮ ਹੈ ਕਿ ਉਸ ਨੇ ਬਿਰਲੇ ਨਾਲ ਮੀਟਿੰਗ ਪਿੱਛੋਂ ਸਰਕਾਰੀ ਕੰਪਨੀਆਂ ਨੂੰ ਕੋਲਾ ਖੇਤਰ ਅਲਾਟ ਕਰਨ ਦੇ ਸਕ੍ਰੀਨਿੰਗ ਕਮੇਟੀ ਦੇ ਫ਼ੈਸਲੇ ਨੂੰ ਉਲਟਾ ਕੇ ਬਿਰਲੇ ਦੀ ਤਰਫ਼ਦਾਰੀ ਕੀਤੀ ਸੀ ਪਰ ਮਾਮਲਾ ਮਹਿਜ਼ ਬਿਰਲੇ ਜਾਂ ਜਿੰਦਲ ਦੀ ਤਰਫ਼ਦਾਰੀ ਦਾ ਨਹੀਂ ਹੈ। ਦਰ-ਹਕੀਕਤ ਮੁਕੇਸ਼ ਅੰਬਾਨੀ ਦੀ ਰਿਲਾਇੰਸ, ਅਨਿਲ ਅੰਬਾਨੀ ਦੀ ਅਡੈਗ ਅਤੇ ਟਾਟਾ ਜਿਹੇ ਚੋਟੀ ਦੇ ਕਾਰਪੋਰੇਟ ਘਰਾਣਿਆਂ ਨੂੰ ਕੋਲਾ ਖੇਤਰਾਂ, ਹਵਾਬਾਜ਼ੀ, ਯੂਨੀਟੈੱਕ ਦੇ ਸ਼ੇਅਰਾਂ ਆਦਿ ਪਤਾ ਨਹੀਂ ਕਿੰਨੇ ਖੇਤਰਾਂ ਵਿਚ ਬੇਸ਼ੁਮਾਰ ਮਾਮਲਿਆਂ 'ਚ ਕਾਰਪੋਰੇਟਾਂ ਨੂੰ ਗੱਫੇ ਬਖ਼ਸ਼ੇ ਗਏ। ਸਿਰਫ਼ ਇਹ ਕੰਪਨੀਆਂ ਹੀ ਨਹੀਂ ਸਗੋਂ ਐੱਸਆਰ, ਅਦਾਨੀ, ਜਿੰਦਲ ਸਟੀਲ, ਵੇਦਾਂਤ, ਜੇ.ਐਸ.ਡਬਲਯੂ., ਭਾਰਤੀ, ਵੋਡਾਫ਼ੋਨ; ਗੱਲ ਕੀ ਹਰ ਕਾਰਪੋਰੇਟ ਫਰਮ ਅਤੇ ਹਰ ਪ੍ਰੋਜੈਕਟ ਕਿਸੇ ਨਾ ਕਿਸੇ ਵਿਵਾਦ ਵਿਚ ਘਿਰੇ ਹੋਏ ਹਨ। ਇਹ ਬਿਨਾਂ ਵਜ੍ਹਾ ਨਹੀਂ ਹੈ।

ਕੋਲੇ ਦੀਆਂ ਖਾਣਾਂ ਦੇ ਖੇਤਰ ਅਲਾਟ ਕਰਨ ਦੇ ਮਾਮਲੇ ਨੂੰ ਲੈ ਕੇ ਹੁਣ ਜੇ 'ਸੁਥਰਾ' ਪ੍ਰਧਾਨ ਮੰਤਰੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰ ਗਿਆ ਹੈ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਗੱਲ ਕੁਝ ਨਾ ਕੁਝ ਸਹੀ ਪਾਸੇ ਤੁਰਨੀ ਸ਼ੁਰੂ ਹੋਈ ਹੈ ਪਰ ਅਜੇ ਸਿਰੇ ਲੱਗੀ ਨਹੀਂ ਸਮਝ ਲੈਣੀ ਚਾਹੀਦੀ। ਹੁਣ ਇਹ ਤਾਂ ਤੈਅ ਹੈ ਕਿ ਇਕ ਦਿਨ ਸੰਸਾਰ ਬੈਂਕ ਦੇ ਇਸ ਸਾਬਕਾ ਮੁਲਾਜ਼ਮ ਅਤੇ ਆਲਮੀ ਕਾਰਪੋਰੇਟ ਸਰਮਾਏ ਦੇ ਵਫ਼ਾਦਾਰ ਨੌਕਰ (ਤੇ ਇਸ ਦੀ ਕਾਰਪੋਰੇਟ ਕੈਬਨਿਟ) ਦਾ ਅਸਲ ਚਿਹਰਾ ਸਾਹਮਣੇ ਆ ਕੇ ਹੀ ਰਹੇਗਾ। ਜਿਸ ਸ਼ਖਸ ਨੂੰ ਆਲਮੀ ਕਾਰਪੋਰੇਟ ਸਰਮਾਏਦਾਰੀ ਦੇ ਦਬਾਅ ਹੇਠ ਪਹਿਲਾਂ (ਸੱਤਾਧਾਰੀ ਪਾਰਟੀ ਦੀ ਮੈਂਬਰਸ਼ਿਪ ਤੋਂ ਬਗ਼ੈਰ ਹੀ) ਸਿੱਧਾ ਵਿੱਤ ਮੰਤਰੀ ਅਤੇ ਫਿਰ ਪ੍ਰਧਾਨ ਮੰਤਰੀ ਬਣਾ ਕੇ ਇਸ ਮੁਲਕ ਉੱਪਰ ਆਰਥਿਕ ਸੁਧਾਰਾਂ ਦੇ ਨਾਂ ਹੇਠ ਖੁੱਲ੍ਹੀ ਮੰਡੀ ਦੀਆਂ ਨੀਤੀਆਂ ਥੋਪ ਕੇ 'ਵਿਕਾਸ' ਦੇ ਨਾਂ ਹੇਠ ਕੁਦਰਤੀ ਵਸੀਲਿਆਂ ਦੀ ਬੇਰੋਕ-ਟੋਕ ਲੁੱਟਮਾਰ ਦਾ ਰਾਹ ਪੱਧਰਾ ਕੀਤਾ ਗਿਆ ਹੋਵੇ, ਉਸ ਬਾਰੇ ਇਹ ਗੱਲ ਕੋਈ ਜ਼ਿਆਦਾ ਮਾਇਨੇ ਨਹੀਂ ਰੱਖਦੀ ਕਿ ਉਸ

***ਸਤਹੀ ਨਜ਼ਰ ਨਾਲ ਦੇਖਿਆਂ ਮਾਮਲਾ ਸਿਰਫ਼ ਇੰਨਾ ਹੈ ਕਿ ਪ੍ਰਧਾਨ ਮੰਤਰੀ ਵਲੋਂ ਕੁਝ ਵਿਤੀ ਬੇਨੇਮੀਆਂ ਨੂੰ ਮਨਜ਼ੂਰੀ ਦੇ ਦਿੱਤੀ ਗਈ ਸੀ ਪਰ ਜੇ ਸਾਬਕਾ ਕੋਲਾ ਸਕੱਤਰ ਅਤੇ ਸਾਬਕਾ ਕੋਲਾ ਮੰਤਰੀ ਸ਼ਿਬੂ ਸੋਰੇਨ ਦੀ ਅੰਦਰੂਨੀ ਖਿੱਚੋਤਾਣ ਦੇ ਦਸਤਾਵੇਜ਼ੀ ਸਬੂਤਾਂ ਨੂੰ .ਗੌਰ ਨਾਲ ਦੇਖਿਆ ਜਾਵੇ ਤਾਂ ਅਸਲ ਕਹਾਣੀ ਸਮਝ ਪੈ ਜਾਂਦੀ ਹੈ। ਯੂ.ਪੀ.ਏ. ਸਰਕਾਰ ਨੇ ਖੁੱਲ੍ਹੀ ਨਿਲਾਮੀ ਰਾਹੀਂ ਕੋਲਾ ਖੇਤਰ ਅਲਾਟ ਕਰਨ ਦੀ ਨੀਤੀ 2004 'ਚ ਲਿਆਂਦੀ ਪਰ 2010 ਤਕ ਇਸ ਨੂੰ ਲਾਗੂ ਨਹੀਂ ਹੋਣ ਦਿੱਤਾ।***

ਉਪਰ ਘੁਟਾਲੇ ਕਰਵਾਉਣ ਦਾ ਸਿੱਧਾ ਇਲਜ਼ਾਮ ਲਗਦਾ ਹੈ ਜਾਂ ਨਹੀਂ। ਸਵਾਲ ਇਹ ਕਰਨਾ ਬਣਦਾ ਹੈ ਕਿ ਇਸ ਆਰਥਿਕ ਮਾਡਲ ਦਾ ਉਦੇਸ਼ ਆਖ਼ਿਰ ਕਿਸ ਦਾ ਵਿਕਾਸ ਕਰਨਾ ਸੀ? ਜਿਹੜੇ 'ਵਿਕਾਸ ਮਾਡਲ' ਦਾ ਇਕੋ-ਇਕ ਉਦੇਸ਼ ਹੀ ਕਾਰਪੋਰੇਟ ਸਰਮਾਏਦਾਰੀ ਦੀ ਚਾਕਰੀ ਅਤੇ ਸਮਾਜੀ ਸਰੋਕਾਰਾਂ ਨਾਲ ਜੁੜੀ ਹਰ ਚੀਜ਼ ਨੂੰ ਨੇਸਤੋ-ਨਾਬੂਦ ਕਰਨਾ ਹੈ ਅਤੇ ਜਿਸ ਦਾ ਧੁਰਾ ਹੀ ਕਾਰਪੋਰੇਟਾਂ+ਸਿਆਸਤਦਾਨਾਂ+ਨੌਕਰਸ਼ਾਹਾਂ ਦਾ ਗੱਠਜੋੜ ਹੈ, ਉਹ ਆਪਣੇ ਆਪ ਵਿਚ ਹੀ ਮਹਾਂ ਘੁਟਾਲਾ ਹੈ। ਜਦੋਂ ਵੀ ਕਿਸੇ ਸਬੱਬ ਨਾਲ ਇਸ ਦੀ ਕੋਈ ਕੰਨੀ ਨੰਗੀ ਹੋ ਜਾਂਦੀ ਹੈ ਤਾਂ ਪਾਪਾਂ ਦੀ ਇਸ ਪੰਡ ਦੀ ਸੜਿਆਂਦ ਨੂੰ ਲੈ ਕੇ ਬੂ-ਦੁਹਾਈ ਮੱਚ ਜਾਂਦੀ ਹੈ।

1970ਵਿਆਂ ਦੇ ਸ਼ੁਰੂ 'ਚ ਕੋਲੇ ਦੀਆਂ ਖਾਣਾਂ ਦਾ ਕੌਮੀਕਰਨ ਕਰ ਕੇ ਜੋ 100 ਫ਼ੀਸਦੀ ਸਰਕਾਰੀ ਕੰਪਨੀ ਕੋਲ ਇੰਡੀਆ ਲਿਮਟਡ ਸ਼ੁਰੂ ਕੀਤੀ ਗਈ ਸੀ, ਆਰਥਿਕ 'ਸੁਧਾਰਾਂ' ਰਾਹੀਂ ਉਹ ਹੁਣ ਦਰਅਸਲ ਨਾਂ ਦਾ ਪਬਲਿਕ ਖੇਤਰ ਅਦਾਰਾ ਰਹਿ ਗਿਆ ਹੈ। ਇਸ ਦੀ ਆੜ ਹੇਠ ਦਲਾਲ ਹੁਕਮਰਾਨ ਜਮਾਤਾਂ ਦੀ ਮਿਲੀਭੁਗਤ ਨਾਲ ਪ੍ਰਾਈਵੇਟ ਪੂੰਜੀ-ਨਿਵੇਸ਼ਕਾਰ, ਵਿਤੀ ਸੰਸਥਾਵਾਂ ਅਤੇ ਪ੍ਰਾਈਵੇਟ ਕਾਰਪੋਰੇਟ ਏਜੰਸੀਆਂ ਬਾਕੀ ਕੁਦਰਤੀ ਵਸੀਲਿਆਂ ਵਾਂਗ ਹੀ ਮੁਲਕ ਦੇ ਕੋਲੇ ਦੇ ਜ਼ਖ਼ੀਰੇ ਲੁੱਟਣ 'ਚ ਜੁੱਟੇ ਹੋਏ ਹਨ। ਇਸ ਦੇ ਆਖ਼ਰੀ ਵਰਤੋਂਕਾਰਾਂ (ਪ੍ਰਾਈਵੇਟ ਤਾਪ-ਬਿਜਲੀ ਕੰਪਨੀਆਂ) ਦੇ 'ਵਿਕਾਸ' ਪ੍ਰੋਜੈਕਟਾਂ ਦੇ ਨਾਲ ਲੱਗਵੇਂ 'ਟੁੱਟਵੇਂ ਬਲਾਕ' ਪ੍ਰਾਈਵੇਟ ਕੰਪਨੀਆਂ ਨੂੰ ਦੇਣ ਦੇ ਨਾਂ ਹੇਠ ਕੋਲੇ ਦਾ ਵਿਆਪਕ ਖਣਨ ਵੱਡੇ ਘਰਾਣਿਆਂ ਦੇ ਹਵਾਲੇ ਕਰ ਦਿੱਤਾ ਗਿਆ।

2005-2012 ਦੌਰਾਨ 181 ਕੋਲਾ ਬਲਾਕ ਅਲਾਟ ਕੀਤੇ ਜਾਣ ਨੂੰ ਹਰੀ ਝੰਡੀ ਦਿੱਤੀ ਗਈ। ਕੈਗ ਦੀ ਰਿਪੋਰਟ ਪਿੱਛੋਂ ਕਾਇਦੇ-ਕਾਨੂੰਨ ਛਿੱਕੇ ਟੰਗ ਕੇ ਕੀਤੀਆਂ ਇਨ੍ਹਾਂ ਬੇਨੇਮੀਆਂ ਅਲਾਟਮੈਂਟਾਂ ਦੀ ਜਾਂਚ ਮੁਲਕ ਦੀ ਸੁਪਰੀਮ ਕੋਰਟ ਦੀ ਅਗਵਾਈ ਹੇਠ ਸੀ.ਬੀ.ਆਈ. ਕਰ ਰਹੀ ਹੈ। ਅਦਾਲਤ ਦੀ ਦਖ਼ਲਅੰਦਾਜ਼ੀ ਕਾਰਨ ਹੀ ਅਜੇ ਕੁਝ ਹੱਦ ਤਕ ਅਸਰਦਾਰ ਜਾਂਚ ਸੰਭਵ ਹੋਈ ਹੈ। ਇਸੇ ਦੇ ਹਿੱਸੇ ਵਜੋਂ ਕੁਮਾਰ ਮੰਗਲਮ ਅਤੇ ਪਾਰੇਖ ਖ਼ਿਲਾਫ਼ ਐਫ.ਆਈ.ਆਰ. ਲਿਖੀ ਗਈ। ਦਿਲਚਸਪ ਗੱਲ ਇਹ ਹੈ ਕਿ ਇਸ ਨੂੰ ਪ੍ਰਵਾਨਗੀ ਦੇਣ ਵਾਲੇ ਪ੍ਰਧਾਨ ਮੰਤਰੀ ਦਫ਼ਤਰ ਦੇ ਕਿਸੇ ਵੀ ਅਹਿਮ ਸ਼ਖਸ ਜਾਂ ਮੰਤਰੀ ਦਾ ਨਾਂ ਐਫ.ਆਈ.ਆਰ. ਵਿਚ ਨਹੀਂ।

ਇਹ ਅਲਾਟਮੈਂਟ ਖੁੱਲ੍ਹੀ ਬੋਲੀ ਜ਼ਰੀਏ ਪਾਰਦਰਸ਼ੀ ਢੰਗ ਨਾਲ ਕਰਵਾਉਣ ਦੀ ਥਾਂ ਅੰਨ੍ਹੇ ਦੇ ਸੀਰਨੀ ਵੰਡਣ ਵਾਂਗ ਚੁੱਪ-ਚੁਪੀਤੇ ਆਪੋ-ਆਪਣੇ ਚਹੇਤੇ ਘਰਾਣਿਆਂ ਦੇ ਨਾਂ ਕਰ ਦਿੱਤੀ ਗਈ ਸੀ। ਇਥੇ ਇਕ ਹੋਰ ਬਹੁਤ ਵੱਡੀ ਧੋਖਾਧੜੀ ਸ਼ਾਮਲ ਹੈ। ਮਸਲੇ ਦੀ ਗੰਭੀਰਤਾ ਦੀ ਥਾਹ ਪਾਉਣ ਲਈ ਇਸ ਨੂੰ ਸਮਝਣਾ ਜ਼ਰੂਰੀ ਹੈ। ਹੁਕਮਰਾਨਾਂ ਵਲੋਂ ਗੁੰਮਰਾਨਕੁਨ ਬਿਆਨਬਾਜ਼ੀ ਕੀਤੀ ਜਾ ਰਹੀ ਹੈ ਕਿ ਮੁਲਕ ਵਿਚ ਕੋਲਾ ਬਹੁਤ ਹੈ। ਇਸ ਜ਼ਰੀਏ ਨਕਲੀ ਮੰਗ ਪੈਦਾ ਕਰ ਕੇ ਕੋਲੇ ਦੇ ਕੁਦਰਤੀ ਜ਼ਖ਼ੀਰਿਆਂ ਦੇ ਅੰਨ੍ਹੇਵਾਹ ਖਣਨ ਦੀ ਖੁੱਲ੍ਹ ਦੇ ਦਿੱਤੀ ਗਈ। ਹਕੀਕਤ 'ਚ ਮੁਲਕ ਵਿਚ ਕੋਲੇ ਦੇ ਜ਼ਖ਼ੀਰਿਆਂ ਦੀ ਇੰਨੀ ਬਹੁਤਾਤ ਨਹੀਂ ਹੈ ਕਿ ਇਸ ਦੇ ਖਣਨ ਦੀ ਕੋਈ ਹੱਦ ਅਤੇ ਮਾਤਰਾ ਤੈਅ ਕੀਤੇ ਬਗ਼ੈਰ ਬੇਲਗਾਮ ਖਾਣਾਂ ਖੋਦਣ ਦੀ ਖੁੱਲ੍ਹ ਦੇ ਦਿੱਤੀ ਜਾਵੇ। ਇਸ ਵਿਚ ਸਿੱਧਾ ਖ਼ਤਰਾ ਇਹ ਸਮੋਇਆ ਹੋਇਆ ਹੈ ਕਿ ਕੁਝ ਵਰ੍ਹਿਆਂ ਵਿਚ ਹੀ ਕੋਲੇ ਦੇ ਆਪਣੇ ਜ਼ਖ਼ੀਰੇ ਲੁਟਾ ਕੇ ਭਾਰਤ ਬਾਹਰੋਂ ਕੋਲੇ ਦੀ ਦਰਾਮਦ ਦਾ ਮੁਥਾਜ ਬਣ ਜਾਵੇਗਾ।

ਕੋਲ ਇੰਡੀਆ ਲਿਮਟਡ ਦੀ ਆਪਣੀ ਸ਼ਾਖਾ ਕੋਲ ਖਣਨ ਯੋਜਨਾਬੰਦੀ ਅਤੇ ਡਿਜ਼ਾਇਨ ਸੰਸਥਾ ਦਾ ਜਾਇਜ਼ਾ ਹੈ ਕਿ ਕੋਲ ਇੰਡੀਆ ਦੇ ਅੰਦਾਜ਼ੇ ਅਨੁਸਾਰ 21.7 ਅਰਬ ਟਨ ਕੋਲੇ ਦੇ ਜ਼ਖ਼ੀਰਿਆਂ ਵਿਚੋਂ ਘੱਟੋ-ਘੱਟ 3.5 ਅਰਬ ਟਨ ਕੋਲਾ ਕੱਢਿਆ ਹੀ ਨਹੀਂ ਜਾ ਸਕਦਾ, ਬਹੁਤ ਡੂੰਘਾ ਹੋਣ ਕਾਰਨ ਜਾਂ ਹੋਰ ਰੁਕਾਵਟਾਂ ਕਾਰਨ। ਲਿਹਾਜ਼ਾ, ਸਿਰਫ਼ 18.2 ਅਰਬ ਟਨ ਹੀ ਬਾਕੀ ਬਚਦਾ ਹੈ ਜਿਸ ਨੂੰ ਜੇ 1.2 ਅਰਬ ਟਨ ਸਾਲਾਨਾ (ਯੋਜਨਾ ਕਮਿਸ਼ਨ ਦੇ ਬਿਜਲੀ ਦੀ ਭਵਿੱਖੀ ਮੰਗ ਦੇ ਅੰਦਾਜ਼ਿਆਂ ਅਨੁਸਾਰ) ਕੱਢਿਆ ਜਾਵੇ ਤਾਂ ਇਹ ਵੱਧ ਤੋਂ ਵੱਧ ਪੰਦਰਾਂ ਸਾਲ ਹੀ ਕੱਢ ਸਕੇਗਾ। ਹੋਰ ਚਾਰਾਜੋਈ ਕਰ ਕੇ ਵੀ ਕਿਸੇ ਵੀ ਸੂਰਤ 'ਚ ਕੋਲੇ ਦੇ ਜ਼ਖ਼ੀਰੇ 20 ਸਾਲ ਤੋਂ ਵੱਧ ਸਮਾਂ ਨਹੀਂ ਟਿਕਣਗੇ। ਸਿੱਟਾ ਕੀ ਹੋਵੇਗਾ? ਇਸ ਕਾਰਨ ਮੁਲਕ ਨੂੰ ਦੋ-ਮੂੰਹੀਂ ਲੁੱਟ ਦਾ ਸ਼ਿਕਾਰ ਹੋਣਾ ਪਵੇਗਾ: ਪਹਿਲਾਂ ਕੌਡੀਆਂ ਦੇ ਭਾਅ ਆਪਣੇ ਵਸੀਲੇ ਲੁਟਾ ਕੇ ਅਤੇ ਫਿਰ ਵਿਦੇਸ਼ੀ ਕੰਪਨੀਆਂ ਦੇ ਮਨ-ਮਰਜ਼ੀ ਦੇ ਭਾਅ ਬਾਹਰੋਂ ਕੋਲਾ ਦਰਾਮਦ ਕਰ ਕੇ। ਤੇਲ ਦੀ ਦਰਾਮਦ ਨਾਲ ਮੁਲਕ ਦੇ ਖ਼ਜ਼ਾਨੇ ਨੂੰ ਰਗੜਾ ਲੱਗਣ ਦੇ ਕੌੜੇ ਤਜਰਬੇ ਤੋਂ ਕੋਲੇ ਦੀ ਦਰਾਮਦ ਨਾਲ ਜੁੜੇ ਭਵਿੱਖੀ ਖ਼ਤਰਿਆਂ ਦੀ ਗੰਭੀਰਤਾ ਨੂੰ ਸਹਿਜੇ ਹੀ ਸਮਝਿਆ ਜਾ ਸਕਦਾ ਹੈ। ਖਾਣਾਂ ਦੇ ਖਣਨ ਨਾਲ ਜੰਗਲਾਂ ਤੇ ਪੌਣ-ਪਾਣੀ ਦੀ ਤਬਾਹੀ ਅਤੇ ਕੋਲੇ ਦੇ ਜਲਣ ਨਾਲ ਹੋਣ ਵਾਲੇ ਪ੍ਰਦੂਸ਼ਣ ਦੇ ਖ਼ਤਰੇ ਇਸ ਤੋਂ ਵੱਖਰੇ ਹਨ।

ਪੁਣੇ ਆਧਾਰਤ ਐੱਨ.ਜੀ.ਓ. 'ਪ੍ਰਯਾਸ' ਨੇ ਅਗਸਤ 2011 ਵਿਚ ਦਿਖਾਇਆ ਸੀ ਕਿ 2004 ਤੋਂ ਲੈ ਕੇ 2011 ਦੌਰਾਨ ਹੀ ਆਰਥਿਕ ਮਾਮਲਿਆਂ ਦੇ ਮੰਤਰਾਲੇ ਵਲੋਂ 5,80000 ਮੈਗਾਵਾਟ ਦੇ ਕੋਲਾ ਆਧਾਰਤ ਬਿਜਲੀ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ ਜਿਨ੍ਹਾਂ ਨੇ ਅਗਲੇ ਪੰਜ ਤੋਂ ਲੈ ਕੇ ਦਸ ਸਾਲਾਂ ਦੇ ਅੰਦਰ ਅਮਲ 'ਚ ਲਿਆਂਦਾ ਜਾਣਾ ਸੀ। ਇਹ ਅੰਕੜਾ ਖ਼ੁਦ ਯੋਜਨਾ ਕਮਿਸ਼ਨ ਵਲੋਂ ਅੰਦਾਜ਼ਾ ਲਗਾਈ ਸੰਨ 2032 ਤਕ ਬਿਜਲੀ ਦੀ ਲੋੜੀਂਦੀ ਮੰਗ ਤੋਂ ਦੁੱਗਣਾ ਸੀ। ਇਸ ਨੇ ਯੋਜਨਾ ਦੀ ਰਫ਼ਤਾਰ ਨੂੰ ਜ਼ਰਬਾਂ ਦੇ ਕੇ ਵੱਡੀ ਤਦਾਦ ਵਿਚ ਕੋਲੇ ਦੇ ਖੇਤਰ ਪ੍ਰਾਈਵੇਟ ਕਾਰਪੋਰੇਟ ਪੂੰਜੀ-ਨਿਵੇਸ਼ਕਾਰਾਂ ਦੇ ਹਵਾਲੇ ਕਰ ਦਿੱਤੇ। ਕਹਾਣੀ ਇਥੇ ਹੀ ਖ਼ਤਮ ਨਹੀਂ ਹੋਈ। ਸਰਕਾਰੀ ਖੇਤਰ ਦੀਆਂ ਬੈਂਕਾਂ ਵੀ ਇਸ ਦੌੜ ਵਿਚ ਸ਼ਾਮਲ ਹੋ ਗਈਆਂ। ਜਿਨ੍ਹਾਂ ਨੇ ਕੋਲਾ ਅਤੇ ਬਿਜਲੀ ਪ੍ਰੋਜੈਕਟਾਂ ਵਿਚ ਪੂੰਜੀਨਿਵੇਸ਼ ਕਰਨ ਦੇ ਸ਼ੱਕੀ ਪ੍ਰਮਾਣਿਕਤਾ ਵਾਲੇ ਦਾਅਵੇਦਾਰਾਂ ਨੂੰ ਧੜਾਧੜ ਕਰਜੇ ਦੇ ਦਿੱਤੇ। ਇਕ ਹੋਰ ਵਿਤੀ ਕੀਮਤ। ਦਰਅਸਲ ਕੋਲਾ ਘੁਟਾਲਾ ਮਹਾਂ ਘੁਟਾਲੇ ਦਾ ਮਹਿਜ਼ ਇਕ ਹਿੱਸਾ ਹੈ ਜਿਸ ਦਾ ਮੁਲਕ ਨੂੰ ਭਾਰੀ ਮੁੱਲ ਚੁਕਾਉਣਾ ਪੈ ਰਿਹਾ ਹੈ। ਇਸ ਦਾ ਇਲਾਜ ਦੋ-ਚਾਰ ਮੁਕੱਦਮਿਆਂ ਵਿਚ ਨਹੀਂ, ਪੂਰੇ ਕਾਰਪੋਰੇਟ ਵਿਕਾਸ ਮਾਡਲ ਨੂੰ ਰੱਦ ਕੀਤੇ ਜਾਣ ਵਿਚ ਹੈ।

# ਸੋਨੇ ਦੀ ਭਾਲ, ਸਿਆਸੀ ਸਹਿਮਤੀ ਅਤੇ ਸੰਵਿਧਾਨ

ਉੱਤਰ ਪ੍ਰਦੇਸ਼ ਦੇ ਉਨਾਵ ਜ਼ਿਲ੍ਹੇ ਦੇ ਪਿੰਡ ਡੌਂਡੀਆਂ ਖੇੜਾ ਵਿਚ ਸਾਡੇ ਸਮਿਆਂ ਦੀ ਅਹਿਮ ਘਟਨਾ ਵਾਪਰ ਰਹੀ ਹੈ। ਸ਼ੋਭਨਾ ਸਰਕਾਰ ਨਾਮ ਦੇ ਸਾਧੂ ਦੇ ਸੁਫ਼ਨੇ ਦੀ ਨਿਸ਼ਾਨਦੇਹੀ ਅਤੇ ਖੇਤੀ ਮਹਿਕਮੇ ਦੇ ਕੇਂਦਰੀ ਰਾਜ ਮੰਤਰੀ ਚਰਨ ਦਾਸ ਮਹੰਤ ਦੀ ਸਿਫ਼ਾਰਿਸ਼ ਉੱਤੇ ਭਾਰਤੀ ਪੁਰਾਤੱਤਵ ਮਹਿਕਮਾ ਹਜ਼ਾਰ ਟਨ ਸੋਨਾ ਲੱਭਣ ਲੱਗਿਆ ਹੋਇਆ ਹੈ। ਇਸੇ ਦੌਰਾਨ ਸ਼ੋਭਨਾ ਸਰਕਾਰ ਨੇ ਇੱਕ ਹੋਰ ਸੁਫ਼ਨਾ ਦੇਖਿਆ ਹੈ। ਸ਼ੋਭਨਾ ਸਰਕਾਰ ਦੇ ਚੇਲੇ ਸਵਾਮੀ ਓਮ ਨੇ ਇਸ ਸੁਫ਼ਨੇ ਬਾਰੇ ਦੱਸਿਆ ਹੈ ਕਿ ਫ਼ਤਿਹਪੁਰ ਜ਼ਿਲ੍ਹੇ ਦੇ ਆਦਮਪੁਰ ਪਿੰਡ ਵਿਚ 2500 ਟਨ ਸੋਨਾ ਹੈ। ਆਦਮਪੁਰ ਵਿਚੋਂ ਤਾਂਤਰਿਕਾਂ, ਲੁਟੇਰਿਆਂ



**ਦਲਜੀਤ ਅਮੀ**
**ਫੋਨ: 91-97811-21873**

ਅਤੇ ਹੋਰ ਦਾਅਵੇਦਾਰਾਂ ਦੇ ਪੁੱਜ ਕੇ ਸੋਨਾ ਲੱਭਣ ਲਈ ਪੁਟਾਈ ਕਰਨ ਦੀਆਂ ਖ਼ਬਰਾਂ ਆ ਰਹੀਆਂ ਹਨ। ਸੁਫ਼ਨੇ ਨੂੰ ਭਵਿੱਖਬਾਣੀ ਮੰਨਦੇ ਹੋਏ ਜ਼ਿਲ੍ਹਾ ਮੈਜਿਸਟਰੇਟ ਅਭੈ ਕੁਮਾਰ ਨੇ ਦੱਸੀ ਗਈ ਥਾਂ ਦਾ ਸਰਵੇਖਣ ਕਰਨ ਲਈ 'ਜਿਓਲੋਜੀਕਲ ਸਰਵੇਅ ਆਫ਼ ਇੰਡੀਆ' ਨੂੰ ਚਿੱਠੀ ਲਿਖੀ ਹੈ। ਕਾਗਜ਼ੀ ਕਾਰਵਾਈ ਡੌਂਡੀਆਂ ਖੇੜਾ ਦੇ ਮਾਮਲੇ ਵਿਚ ਇਸੇ ਤਰ੍ਹਾਂ ਹੋਈ ਸੀ। ਸ਼ੋਭਨਾ ਸਰਕਾਰ ਨੇ ਸੁਫ਼ਨਾ ਦੇਖਿਆ ਅਤੇ ਇਸ ਬਾਰੇ ਪ੍ਰਧਾਨ ਮੰਤਰੀ, ਰਾਸ਼ਟਰਪਤੀ, ਪੁਰਾਤੱਤਵ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਚਿੱਠੀਆਂ ਲਿਖੀਆਂ। ਕੋਈ ਜਵਾਬ ਨਾ ਆਉਣ ਦੀ ਹਾਲਤ ਵਿਚ ਸ਼ੋਭਨਾ ਸਰਕਾਰ ਨੇ ਖੇਤੀ ਅਤੇ ਫੂਡ ਪ੍ਰਸੈਸਿੰਗ ਦੇ ਕੇਂਦਰੀ ਰਾਜ ਮੰਤਰੀ ਚਰਨ ਦਾਸ ਮਹੰਤ ਨਾਲ ਰਾਬਤਾ ਕਾਇਮ ਕੀਤਾ। ਚਰਨ ਦਾਸ ਨੇ ਮੌਕੇ ਦੇ 22 ਸਤੰਬਰ ਤੇ 7 ਅਕਤੂਬਰ ਨੂੰ ਦੌਰੇ ਕੀਤੇ। ਉਸ ਨੇ 'ਜਿਓਲੋਜੀਕਲ ਸਰਵੇਅ ਆਫ਼ ਇੰਡੀਆ' ਅਤੇ ਪੁਰਾਤੱਤਵ ਵਿਭਾਗ ਨੂੰ ਇਸ ਥਾਂ ਅਤੇ ਸ਼ੋਭਨਾ ਸਰਕਾਰ ਦੇ ਸੁਫ਼ਨਿਆਂ ਨੂੰ ਸੰਜੀਦਗੀ ਨਾਲ ਵਿਚਾਰਨ ਲਈ ਮਨਾਇਆ। ਨਤੀਜੇ ਵਜੋਂ ਪੁਰਾਤੱਤਵ ਵਿਭਾਗ ਨੇ 18 ਅਕਤੂਬਰ ਨੂੰ ਇਸ ਥਾਂ ਦੀ ਪੁਟਾਈ ਦਾ ਕੰਮ ਸ਼ੁਰੂ ਕਰ ਦਿੱਤਾ।

ਇਸ ਦੌਰਾਨ ਟੈਲੀਵਿਜ਼ਨ ਚੈਨਲਾਂ ਨੇ ਹਿਸਾਬ-ਕਿਤਾਬ ਲਗਾ ਕੇ ਦੱਸ ਦਿੱਤਾ ਹੈ ਕਿ ਸੋਨੇ ਦੇ ਇਸ ਖ਼ਜ਼ਾਨੇ ਦੀ ਕਿੰਨੀ ਕੀਮਤ ਹੈ। ਇਸ ਕੀਮਤ ਨਾਲ ਕੌਮਾਂਤਰੀ ਮੰਡੀ ਵਿਚ ਰੁਪਏ ਦੀ ਕੀਮਤ ਕਿੰਨੀ ਵਧ ਸਕਦੀ ਹੈ। ਭਾਰਤ ਦਾ ਵਿੱਤੀ ਘਾਟਾ ਕਿੰਨਾ ਘਟ ਸਕਦਾ ਹੈ। ਮਹਿੰਗਾਈ ਕਿੰਨੀ ਘਟ ਸਕਦੀ ਹੈ। ਕੁਲ ਮਿਲਾ ਕੇ ਇਸ ਖ਼ਜ਼ਾਨੇ ਨਾਲ ਭਾਰਤ ਦਾ ਅਰਥ-ਸ਼ਾਸਤਰ ਲੀਹ ਉੱਤੇ ਪੈਣ ਦੀਆਂ ਭਵਿੱਖਬਾਣੀਆਂ 'ਵਿਗਿਆਨਕ ਢੰਗ' ਨਾਲ ਕਰ ਦਿੱਤੀਆਂ ਗਈਆਂ ਹਨ। ਮਾਹਰ ਅਰਥ-ਸ਼ਾਸਤਰੀਆਂ ਦੀ ਸਰਕਾਰ ਵੇਲੇ ਇਹ ਮਸ਼ਕ ਮਾਅਨੇ ਰੱਖਦੀ ਹੈ। ਡਾ. ਮਨਮੋਹਨ ਸਿੰਘ ਆਪ ਕਹਿ ਚੁੱਕੇ ਹਨ ਕਿ ਮਹਿੰਗਾਈ ਨੂੰ ਕਾਬੂ ਕਰਨ ਲਈ ਸਾਡੇ ਕੋਲ ਕੋਈ ਜਾਦੂ ਮੰਤਰ ਨਹੀਂ ਹੈ। ਸਰਕਾਰ ਇਹ ਕਬੂਲ ਕਰ ਚੁੱਕੀ ਹੈ ਕਿ ਰੁਪਏ ਦੀ ਘਟਦੀ ਕੀਮਤ ਨੂੰ ਰੋਕਣ ਲਈ ਸਿਰਫ਼ ਮੁਕਾਮੀ ਨਹੀਂ ਸਗੋਂ ਕੌਮਾਂਤਰੀ ਹਾਲਾਤ ਕਸੂਰਵਾਰ ਹਨ। ਇਸ ਲਈ ਭਾਰਤ ਸਰਕਾਰ ਕੁਝ ਖ਼ਾਸ ਨਹੀਂ ਕਰ ਸਕਦੀ। ਵਿੱਤੀ ਘਾਟੇ ਦੇ ਮਾਮਲੇ ਵਿਚ ਸਰਕਾਰ ਦੇ ਦਾਅਵੇ ਲਗਾਤਾਰ ਝੂਠੇ ਪਏ ਹਨ ਅਤੇ ਇਹ ਹੋਰ ਵਧ ਰਿਹਾ ਹੈ। ਮਾਹਰ ਅਰਥ-ਸ਼ਾਸਤਰੀਆਂ ਦੀ ਸਰਕਾਰ ਦੀਆਂ ਸਾਰੀਆਂ ਨਾਕਾਮਯਾਬੀਆਂ ਨੂੰ ਸ਼ੋਭਨਾ ਸਰਕਾਰ ਦਾ ਸੁਫ਼ਨਾ ਕਾਮਯਾਬੀਆਂ ਵਿਚ ਬਦਲ ਸਕਦਾ ਹੈ। ਇਸ ਤੋਂ ਜ਼ਿਆਦਾ ਸਰਕਾਰ ਨੂੰ ਚੋਣਾਂ ਤੋਂ ਪਹਿਲਾਂ ਭਲਾ ਹੋਰ ਕੀ ਚਾਹੀਦਾ ਹੈ?

ਜਦੋਂ ਸਰਕਾਰ ਨੇ ਚੁੱਪ ਧਾਰੀ ਹੋਈ ਹੈ ਤਾਂ ਭਾਜਪਾ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਨਰਿੰਦਰ ਮੋਦੀ ਨੇ ਚੇਨਈ ਵਿਚ 18 ਅਕਤੂਬਰ ਨੂੰ ਆਪਣੀ ਰੈਲੀ ਵਿਚ ਕਿਹਾ, "ਇਸ ਬੇਥਵੀ ਮੁਹਿੰਮ ਕਾਰਨ ਪੂਰੀ ਦੁਨੀਆਂ ਸਾਡਾ ਮਜ਼ਾਕ ਉਡਾ ਰਹੀ ਹੈ। ਕਿਸੇ ਨੂੰ ਸੁਫ਼ਨਾ ਆਇਆ ਅਤੇ ਸਰਕਾਰ ਨੇ ਪੁਟਾਈ ਸ਼ੁਰੂ ਕਰ ਦਿੱਤੀ। ... ਚੋਰਾਂ-ਲੁਟੇਰਿਆਂ ਨੇ ਹਜ਼ਾਰ ਟਨ ਸੋਨੇ ਤੋਂ ਵੱਡਾ ਖ਼ਜ਼ਾਨਾ ਵਿਦੇਸ਼ੀ ਬੈਂਕਾਂ ਵਿਚ ਰੱਖਿਆ ਹੋਇਆ ਹੈ। ਜੇ ਸਰਕਾਰ ਉਹ ਖ਼ਜ਼ਾਨਾ ਵਾਪਸ ਲਿਆਵੇ ਤਾਂ ਸੋਨੇ ਲਈ ਉਨਾਵ ਵਿਚ ਪੱਟ-ਪਟਾਈ ਦੀ ਲੋੜ ਨਹੀਂ ਪਵੇਗੀ।" ਨਰਿੰਦਰ ਮੋਦੀ ਨਾਲ ਸਰਕਾਰ ਦੀ ਚੁੱਪ ਜ਼ਿਆਦਾ ਉਘੜ ਕੇ ਸਾਹਮਣੇ ਆਈ। ਇਸ ਤੋਂ ਬਾਅਦ ਸ਼ੋਭਨ ਸਰਕਾਰ ਦੇ ਚੇਲੇ ਸਵਾਮੀ ਓਮ ਜੀ ਨੇ ਨਰਿੰਦਰ ਮੋਦੀ ਨੂੰ ਖੁੱਲ੍ਹਾ ਖ਼ਤ ਲਿਖਿਆ, "ਮੈਂ ਤੁਹਾਨੂੰ ਨਿਮਰਤਾ ਸਹਿਤ ਦੱਸਣਾ ਚਾਹੁੰਦਾ ਹਾਂ ਕਿ ਕੇਂਦਰ ਸਰਕਾਰ ਅਤੇ ਸ੍ਰੀਮਤੀ ਸੋਨੀਆ ਗਾਂਧੀ ਉੱਤੇ ਹਮਲਾ ਬੋਲਣ ਦੀ ਕਾਹਲ ਵਿਚ ਤੁਸੀਂ ਇੱਕ ਸੰਤ ਨੂੰ ਬੇਇੱਜ਼ਤ ਕੀਤਾ ਹੈ। ਸਤਿਆ ਸੰਕਲਪ ਸੰਤ ਸ੍ਰੀ ਸਵਾਮੀ ਸ਼ੋਭਨ ਸਰਕਾਰ ਦਾ ਸੁਫ਼ਨਾ ਭਾਰਤ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਆਰਥਿਕ ਤਾਕਤ ਬਣਾਉਣਾ ਹੈ। ਇਸ ਸੁਫ਼ਨੇ ਨੂੰ ਪੂਰਾ ਕਰਨ ਲਈ ਸਵਾਮੀ ਜੀ ਨੇ ਪ੍ਰਣ ਕੀਤਾ ਹੈ ਕਿ ਇੰਗਲੈਂਡ ਅਤੇ ਅਮਰੀਕਾ ਦੇ ਸੋਨੇ ਦੇ ਖ਼ਜ਼ਾਨਿਆਂ ਦੀ ਜੋੜ ਤੋਂ ਵੱਡੀ ਸੋਨੇ ਦੀ ਖੇਪ ਭਾਰਤ ਨੂੰ ਦੇਣਗੇ। ... ਇੱਥੇ ਹਜ਼ਾਰ ਟਨ ਸੋਨੇ ਦੀ ਗੱਲ ਹੋ ਰਹੀ ਹੈ ਪਰ ਸ਼ੋਭਨ ਸਰਕਾਰ ਨੇ ਸਰਕਾਰ ਨੂੰ 21000 ਹਜ਼ਾਰ ਟਨ ਸੋਨਾ ਦੇਣਾ ਦਾ ਪ੍ਰਣ ਕੀਤਾ ਹੈ।" ਇਸ ਤੋਂ ਬਾਅਦ ਭਾਜਪਾ ਨੂੰ ਕਈ ਸਵਾਲ ਪੁੱਛੇ ਗਏ ਹਨ ਅਤੇ ਕਈ ਮੁੱਦੇ ਛੋਹੇ ਗਏ ਹਨ। ਇੱਕ ਸਵਾਲ ਸਿੱਧਾ ਮੋਦੀ ਨੂੰ ਪੁੱਛਿਆ ਗਿਆ ਹੈ, "ਕੀ ਉਹ ਧਨ ਕਾਲਾ ਹੈ ਜਾਂ ਚਿੱਟਾ ਜੋ ਤੁਹਾਡੇ ਅਕਸ ਨੂੰ ਪੇਸ਼ ਕਰਨ ਲਈ ਤੁਸੀਂ ਅਤੇ ਤੁਹਾਡੀ ਪਾਰਟੀ ਖ਼ਰਚ ਕਰ ਰਹੇ ਹੋ?" ਇਸ ਖ਼ਤ ਵਿਚ ਨਰਿੰਦਰ ਮੋਦੀ ਨੂੰ ਵੱਖ-ਵੱਖ ਮੁੱਦਿਆਂ ਉੱਤੇ ਬਹਿਸ ਦਾ ਸੱਦਾ ਦਿੱਤਾ ਗਿਆ ਹੈ। ਇਸ ਖ਼ਤ ਵਿਚ ਸ਼ੋਭਨ ਸਰਕਾਰ ਦੇ ਨਾਮ ਅੱਗੇ ਲੱਗੇ ਵਿਸ਼ੇਸ਼ਣ ਅਤੇ 'ਭਾਰਤ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਆਰਥਿਕ ਤਾਕਤ' ਬਣਾਉਣ ਦੀ ਧਾਰਨਾ, ਧਿਆਨ ਮੰਗਦੇ ਹਨ। ਇਸ ਖੁੱਲ੍ਹੇ ਖ਼ਤ ਦਾ ਜਵਾਬ ਨਰਿੰਦਰ ਮੋਦੀ ਨੇ ਟਵਿੱਟਰ ਰਾਹੀਂ ਦਿੱਤਾ ਹੈ। ਉਹ ਲਿਖਦੇ ਹਨ, "ਸੰਤ ਸ਼ੋਭਨ ਸਰਕਾਰ ਨਾਲ ਅਨੇਕਾਂ ਸਾਲਾਂ ਤੋਂ ਲੱਖਾਂ ਲੋਕਾਂ ਦੀ ਸ਼ਰਧਾ ਜੁੜੀ ਹੋਈ ਹੈ। ਮੈਂ ਉਨ੍ਹਾਂ ਦੀ ਤਪੱਸਿਆ ਅਤੇ ਤਿਆਗ ਨੂੰ ਪ੍ਰਣਾਮ ਕਰਦਾ ਹਾਂ।" ਇਸ ਤਰ੍ਹਾਂ ਸੰਤ ਨੂੰ ਸਤਿਕਾਰ ਦੇ ਕੇ ਉਨ੍ਹਾਂ ਨੇ ਕੇਂਦਰ ਸਰਕਾਰ ਉੱਤੇ ਹਮਲਾ ਕੀਤਾ ਹੈ, "ਮੈਂ ਭਾਰਤ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਵਿਦੇਸ਼ਾਂ ਵਿਚ ਜਮ੍ਹਾਂ ਕਾਲੇ ਧਨ ਬਾਰੇ 'ਸਫ਼ੇਦ ਪੱਤਰ' ਜਾਰੀ ਕਰੇ।" ਦਿਲਚਸਪ ਸਵਾਲ ਇਹ ਹੈ ਕਿ ਭਾਜਪਾ ਦੇ ਵੱਡੇ-ਵੱਡੇ ਆਗੂਆਂ ਅਤੇ ਸਹਿਯੋਗੀ ਪਾਰਟੀਆਂ ਨੂੰ ਨਜ਼ਰਅੰਦਾਜ਼ ਕਰ ਕੇ ਧੜੱਲੇ ਨਾਲ ਆਗੂ ਬਣਿਆ ਨਰਿੰਦਰ ਮੋਦੀ ਇਸ ਤਰ੍ਹਾਂ ਗੋਡੇ ਟੇਕਣ ਤੱਕ ਕਿਉਂ ਜਾਂਦਾ ਹੈ? ਇਸ ਲਈ ਭਾਜਪਾ ਦੇ ਉੱਤਰ ਪ੍ਰਦੇਸ਼ ਦੇ ਕਾਨਪੁਰ ਜ਼ਿਲ੍ਹੇ ਦੇ ਮਹਾਰਾਜਪੁਰ ਹਲਕੇ ਦੇ ਵਿਧਾਇਕ ਸਤੀਸ਼ ਮਹਾਨਾ ਨੂੰ ਸ਼ੋਭਨ ਸਰਕਾਰ ਦੇ ਆਸ਼ਰਮ ਭੇਜਿਆ ਗਿਆ। 'ਇੰਡੀਅਨ ਐਕਸਪ੍ਰੈਸ' ਵਿਚ 22 ਅਕਤੂਬਰ ਨੂੰ ਮਹਾਨਾ ਦਾ ਬਿਆਨ ਛਪਿਆ ਹੈ, "ਜੇ ਕੋਈ ਕਿਸੇ ਨੂੰ ਪ੍ਰਣਾਮ ਕਰਦਾ ਹੈ ਤਾਂ ਇਹ ਮੁਆਫ਼ੀ ਮੰਗਣ ਤੋਂ ਵੀ ਵੱਡਾ ਕੰਮ ਹੈ। ਮੈਂ ਮੋਦੀ ਜੀ ਦੀਆਂ ਭਾਵਨਾਵਾਂ ਸ਼ੋਭਨ ਸਰਕਾਰ ਤੱਕ ਪਹੁੰਚਾ ਦਿੱਤੀਆਂ ਹਨ ਅਤੇ ਉਹ ਮੰਨ ਗਏ ਹਨ। ਉਨ੍ਹਾਂ ਵੱਲੋਂ ਇਹ ਮੁੱਦਾ ਇੱਥੇ ਹੀ ਖ਼ਤਮ ਕਰ ਦਿੱਤਾ ਗਿਆ ਹੈ।" ਮਹਾਨਾ ਦੇ ਇਸ ਬਿਆਨ ਨਾਲ ਕੇਂਦਰ ਸਰਕਾਰ ਦੀ ਚੁੱਪ ਅਤੇ ਮੋਦੀ ਦੀ 'ਮੁਆਫ਼ੀ' ਇੱਕੋ ਮੰਚ ਉੱਤੇ ਆ ਗਏ ਹਨ। ਸ਼ਰਧਾ ਦੇ ਮੰਚ ਉੱਤੇ 'ਭਾਰਤ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਆਰਥਿਕ ਤਾਕਤ ਬਣਾਉਣ' ਲਈ ਟੂਣਾ-ਟਾਮਣ ਸ਼ੋਭਨ ਸਰਕਾਰ ਦੀ ਰਹਿਨੁਮਾਈ ਵਿਚ ਹੋ ਰਿਹਾ ਹੈ। ਕੀ ਸ਼ੋਭਨ ਸਰਕਾਰ ਹੀ 'ਸਰਕਾਰ' ਹੈ ਜਾਂ ਇਹ ਕਿਸ ਸਰਕਾਰ ਦੀ ਸ਼ੋਭਾ ਵਧਾਉਂਦਾ ਹੈ? ਭਾਜਪਾ ਅਤੇ ਕਾਂਗਰਸ ਆਰਥਿਕ ਸੁਧਾਰਾਂ ਰਾਹੀਂ 'ਭਾਰਤ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਆਰਥਿਕ ਤਾਕਤ ਬਣਾਉਣ' ਦਾ ਦਾਅਵਾ ਕਰਦੀਆਂ ਹਨ। ਕੀ ਸ਼ੋਭਨ ਸਰਕਾਰ ਨੇ ਇਸ ਦਾਅਵੇ ਵਿਚਲੀ ਸ਼ਰਧਾ ਉਜਾਗਰ ਕੀਤੀ ਹੈ? ਕੀ ਦੋਵੇਂ ਪਾਰਟੀਆਂ ਦੀ ਵਿਕਾਸ ਦੀ ਧਾਰਨਾ ਇਸੇ ਤਰ੍ਹਾਂ ਦੀ ਸ਼ਰਧਾ ਉੱਤੇ ਟਿਕੀ ਹੋਈ ਹੈ?

ਜਦੋਂ ਮਾਹਰ ਅਰਥ-ਸ਼ਾਸਤਰੀਆਂ ਦੀ ਸਰਕਾਰ ਹੈ ਅਤੇ ਦੂਜੀ ਧਿਰ ਵੱਲੋਂ ਵਧੇਰੇ ਕਾਰਗਰ ਸਰਕਾਰ ਬਣਾਉਣ ਲਈ ਦਾਅਵੇਦਾਰੀ ਹੋ ਰਹੀ ਹੈ ਤਾਂ 'ਸੋਨੇ ਦੀ ਖੋਜ' ਬਾਰੇ ਕੁਝ ਹੋਰ ਜਾਣ ਲੈਣਾ ਜ਼ਰੂਰੀ ਹੈ। ਹੁਣ ਤੱਕ ਪੂਰੀ ਦੁਨੀਆਂ ਉੱਤੇ ਅੰਦਾਜ਼ਨ 160,000 ਤੋਂ 175,000 ਟਨ ਸੋਨਾ ਖਾਣਾਂ ਵਿਚੋਂ ਕੱਢਿਆ ਗਿਆ ਹੈ ਜਿਸ ਨੂੰ 60 ਤੋਂ 65 ਵਰਗ ਫ਼ੁੱਟ ਥਾਂ ਉੱਤੇ ਰੱਖਿਆ ਜਾ ਸਕਦਾ ਹੈ। ਵਰਲਡ ਗੋਲਡ ਕੌਂਸਲ ਦੇ ਅੰਕੜਿਆਂ ਮੁਤਾਬਕ ਜੂਨ 2012 ਵਿਚ ਭਾਰਤ ਸਰਕਾਰ ਕੋਲ 557.7 ਟਨ ਸੋਨਾ ਸੀ। ਇਸ ਨਾਲ ਭਾਰਤ ਦਾ ਆਲਮੀ ਪੱਧਰ ਉੱਤੇ ਗਿਆਰਵਾਂ ਨੰਬਰ ਹੈ। ਭਾਰਤ ਤੋਂ ਪਹਿਲਾਂ ਕ੍ਰਮਵਾਰ ਅਮਰੀਕਾ, ਜਰਮਨ, ਕੌਮਾਂਤਰੀ ਮਾਲੀ ਫੰਡ, ਇਟਲੀ, ਫਰਾਂਸ, ਚੀਨ, ਸਵਿਟਜ਼ਰਲੈਂਡ, ਰੂਸ, ਜਾਪਾਨ ਅਤੇ ਹਾਲੈਂਡ ਦਾ ਨੰਬਰ ਆਉਂਦਾ ਹੈ। ਇਹ ਸੋਨਾ ਹਰ ਮੁਲਕ ਦੀ ਕੇਂਦਰੀ ਬੈਂਕ ਦੇ ਕਾਗਜ਼ਾਂ ਵਿਚ ਦਰਜ ਹੈ ਪਰ ਇਸ ਦਾ ਕੋਈ ਥਾਂ-ਟਿਕਾਣਾ ਜਾਂ ਲੇਖਾ-ਜੋਖਾ ਨਹੀਂ ਦਿੱਤਾ ਜਾਂਦਾ। ਵਰਲਡ ਗੋਲਡ ਕੌਂਸਲ ਦੀ 2008 ਦੀ ਰਪਟ ਮੁਤਾਬਕ ਕੁਲ ਸੋਨੇ ਦਾ 52 ਫ਼ੀਸਦੀ ਗਹਿਣੇ ਹਨ। ਵੱਖ-ਵੱਖ ਮੁਲਕਾਂ ਦੀਆਂ ਕੇਂਦਰੀ ਬੈਂਕਾਂ ਕੋਲ 18 ਫ਼ੀਸਦੀ ਸੋਨਾ ਹੈ। ਨਿਵੇਸ਼ ਵਿਚ ਸਿੱਕਿਆਂ ਅਤੇ ਇੱਟਾਂ ਵਜੋਂ 16 ਫ਼ੀਸਦੀ ਸੋਨਾ ਕੌਮਾਂਤਰੀ ਮੰਡੀ ਵਿਚ ਹੈ। ਸਨਅਤ ਵਿਚ 12 ਫ਼ੀਸਦੀ ਸੋਨਾ ਲੱਗਿਆ ਹੋਇਆ ਹੈ। ਆਲਮੀ ਪੱਧਰ ਉੱਤੇ ਸਿਰਫ਼ ਦੋ ਫ਼ੀਸਦੀ ਸੋਨਾ ਬੇਨਾਮੀ ਹੈ। ਇਨ੍ਹਾਂ ਅੰਕੜਿਆਂ ਦੇ ਹਵਾਲੇ ਨਾਲ ਡੌਂਡੀਆਂ ਖੇੜਾ ਵਿਚ ਹਜ਼ਾਰ ਟਨ ਸੋਨਾ ਹੋਣ ਦੇ ਕੀ ਮਾਅਨੇ ਹਨ? ਇਹ ਮਿਕਦਾਰ ਪੂਰੀ ਦੁਨੀਆਂ ਦੇ ਬੇਨਾਮੀ ਸੋਨੇ ਦੇ ਬਰਾਬਰ ਹੋ ਜਾਂਦੀ ਹੈ। ਸੋਨੇ ਦੀ ਪੈਦਾਵਾਰ ਪਿਛਲੇ ਡੇਢ ਸੌ ਸਾਲਾਂ ਦੌਰਾਨ ਸਭ ਤੋਂ ਜ਼ਿਆਦਾ ਹੋਈ ਹੈ। ਜੇ 1857 ਤੋਂ ਪਹਿਲਾਂ ਇੰਨੀ ਮਿਕਦਾਰ ਵਿਚ ਸੋਨਾ ਦੱਬਿਆ ਗਿਆ ਤਾਂ ਇਹ ਉਸ ਵੇਲੇ ਦੀ ਸਭ ਤੋਂ ਵੱਡੀ ਖੇਪ ਹੋਵੇਗੀ। ਉਸ ਇਲਾਕੇ ਵਿਚ ਨਾ ਕੋਈ ਸੋਨੇ ਦੀ ਖਾਣ ਹੈ ਅਤੇ ਨਾ ਹੀ ਉਥੇ ਦਾ ਕੋਈ ਵੱਡਾ ਸਾਮਰਾਜ ਰਿਹਾ ਹੈ ਜੋ ਦੁਜਿਆਂ ਦਾ ਇੰਨਾ ਸੋਨਾ ਲੁੱਟ ਲਿਆਇਆ ਹੋਵੇ। ਇਹ ਨਿਚੋੜ ਕੱਢਣ ਲਈ ਇਤਿਹਾਸ ਜਾਂ ਸੋਨਾ ਵਪਾਰ ਦਾ ਮਾਹਰ ਹੋਣ ਦੀ ਲੋੜ ਨਹੀਂ। ਇਨ੍ਹਾਂ ਤੱਥਾਂ ਦੇ ਹਵਾਲੇ ਨਾਲ ਸਰਕਾਰੀ ਚੁੱਪ ਅਤੇ ਮੋਦੀ ਦੀ ਮੁਆਫ਼ੀ ਦੇ ਕੀ ਮਾਅਨੇ ਬਣਦੇ ਹਨ? ਇਨ੍ਹਾਂ ਦੀ ਅਕਲ ਨਹੀਂ ਸਗੋਂ ਨੀਅਤ ਸ਼ੱਕ ਦੇ ਘੇਰੇ ਵਿਚ ਹੈ।

ਇਸ ਸੁਫ਼ਨੇ ਰਾਹੀਂ ਪੈਦਾ ਕੀਤੇ ਮਨੋਵੇਗ ਨਾਲ ਸੋਨੇ ਦਾ ਖ਼ਾਸਾ ਜੁੜਿਆ ਹੈ। ਸੋਨੇ ਨੇ ਅਜਿਹਾ ਮਨੋਵੇਗ ਪੈਦਾ ਕਰ ਕੇ ਬਹੁਤ ਵਾਰ ਮਨੁੱਖ ਦੀਆਂ ਪਸ਼ੂ ਬਿਰਤੀਆਂ ਨੂੰ ਉਜਾਗਰ ਕੀਤਾ ਹੈ। 19ਵੀਂ ਸਦੀ ਵਿਚ ਆਸਟਰੇਲੀਆ, ਬ੍ਰਾਜ਼ੀਲ, ਦੱਖਣੀ ਅਫ਼ਰੀਕਾ ਅਤੇ ਅਮਰੀਕਾ ਵਿਚ ਸੋਨੇ ਦੀਆਂ ਖਾਣਾਂ ਦੀ ਸੂਹ ਲੱਗਣ ਨਾਲ ਸੋਨੇ ਦੀ ਲੁੱਟ (ਗੋਲਡ ਰਸ਼) ਮੱਚਣ ਦੇ ਦੌਰ ਚੱਲੇ। ਇਨ੍ਹਾਂ ਲੁੱਟਾਂ ਦੌਰਾਨ ਸੋਨੇ ਦੇ ਸੁਫ਼ਨਿਆਂ ਦਾ ਪਿੱਛਾ ਕਰਨ ਵਾਲੇ ਕਈਆਂ ਨੂੰ ਓਪਰੀਆਂ ਥਾਵਾਂ ਉੱਤੇ ਕਬਰਾਂ ਨਸੀਬ ਹੋਈਆਂ। ਲੁੱਟ ਦੀਆਂ ਇਨ੍ਹਾਂ ਮੁਹਿੰਮਾਂ ਦੇ ਨਤੀਜੇ ਵਜੋਂ ਬਹੁਤ ਹਿਜਰਤ ਹੋਈ। ਇਤਿਹਾਸਕਾਰਾਂ ਨੇ ਦਰਜ ਕੀਤਾ ਕਿ ਇਸ ਨਾਲ ਸੋਨੇ ਦੀ ਪੂਰਤੀ ਵਧੀ। ਨਤੀਜੇ ਵਜੋਂ ਆਲਮੀ ਵਪਾਰ ਅਤੇ ਨਿਵੇਸ਼ ਵਿਚ ਵਾਧਾ ਹੋਇਆ। ਸੋਨੇ ਦੀ ਲੁੱਟ ਮਚਾਉਣ ਦੀਆਂ ਇਹ ਮੁਹਿੰਮਾਂ ਹੌਲੀ-ਹੌਲੀ ਸਰਕਾਰੀ ਵਿਉਂਤਬੰਦੀ ਦਾ ਰੂਪ ਅਖ਼ਤਿਆਰ ਕਰ ਗਈਆਂ। ਇਹ ਮੁਹਿੰਮਾਂ ਕਿਸੇ ਨਾ ਕਿਸੇ ਰੂਪ ਵਿਚ ਲਗਾਤਾਰ ਜਾਰੀ ਰਹੀਆਂ। ਮੌਜੂਦਾ ਸਦੀ ਦੇ ਪਹਿਲੇ ਦਹਾਕੇ ਵਿਚ ਮੰਗੋਲੀਆ, ਬ੍ਰਾਜ਼ੀਲ ਅਤੇ ਪੇਰੂ ਵਿਚੋਂ ਅਜਿਹੀਆਂ ਮੁਹਿੰਮਾਂ ਦਰਜ ਹੋਈਆਂ ਹਨ। ਸੋਨਾ ਲੁੱਟਣ ਦੀਆਂ ਇਹ ਮੁਹਿੰਮਾਂ ਹਮਲਾਵਰਾਂ ਵੱਲੋਂ ਦੂਜਿਆਂ ਦੇ ਖ਼ਜ਼ਾਨੇ ਲੁੱਟਣ ਤੋਂ ਵੱਖਰੀਆਂ ਹਨ। ਇਨ੍ਹਾਂ ਦਾ ਲੁੱਟ ਖੇਤਰ ਸੋਨੇ ਦੀ ਪੈਦਾਵਾਰ ਜਾਂ ਸੋਨੇ ਦੀਆਂ ਖਾਣਾਂ ਨਾਲ ਜੁੜਦਾ ਹੈ। ਉਂਝ ਸੋਨੇ ਦੇ ਖ਼ਜ਼ਾਨੇ ਲੁੱਟਣ ਦੀ ਖ਼ੂੰਖਾਰ ਮੁਹਿੰਮਾਂ ਨਾਲ ਵੀ ਮਨੁੱਖੀ ਇਤਿਹਾਸ ਭਰਿਆ ਪਿਆ ਹੈ ਭਾਵੇਂ ਖਾਣਾਂ ਵਿਚੋਂ ਸੋਨਾ ਲੁੱਟਣ ਦੀਆਂ ਮੁਹਿੰਮਾਂ ਵੀ ਘੱਟ ਖ਼ੂਨੀ ਨਹੀਂ ਰਹੀਆਂ। ਸ਼ੋਭਨਾ ਸਰਕਾਰ ਦਾ ਸੁਫ਼ਨਾ ਨਵੇਂ ਹਾਲਾਤ ਵਿਚ ਸੋਨੇ ਦੇ ਖ਼ਾਸੇ ਨਾਲ ਜੁੜਿਆ ਰਵਾਇਤੀ ਮਨੋਵੇਗ ਪੈਦਾ ਕਰਨ ਵਿਚ ਕਾਮਯਾਬ ਹੋਇਆ ਹੈ। ਇਹ ਮੁਹਿੰਮ ਵਿਚ ਅੰਧ-ਵਿਸ਼ਵਾਸ, ਆਧੁਨਿਕ ਤਕਨੀਕ ਦੀ ਵਰਤੋਂ ਅਤੇ ਸਰਕਾਰੀ ਸਰਪ੍ਰਸਤੀ ਦਾ ਜਮ੍ਹਾਂ-ਜੋੜ ਲੱਗਿਆ ਹੋਇਆ ਹੈ। ਸਰਕਾਰਾਂ, ਸ਼ੋਭਨਾ ਸਰਕਾਰ ਵਾਂਗ ਹੀ ਆਵਾਮ ਨੂੰ ਸੁਫ਼ਨੇ ਵੇਚਦੀਆਂ ਹਨ। ਮਿਸਾਲ ਵਜੋਂ ਮਨਮੋਹਨ ਸਿੰਘ ਤਵੱਕੋ ਕਰਦੇ ਹਨ ਕਿ ਆਵਾਮ ਆਰਥਿਕ ਸੁਧਾਰਾਂ ਦੇ ਮੰਤਰ ਵਿਚ ਸ਼ਰਧਾ ਕਾਇਮ ਰੱਖੇ। ਨਾਬਰਾਬਰੀ ਅਤੇ ਨਾਇਨਸਾਫ਼ੀ ਨੂੰ ਨਜ਼ਰਅੰਦਾਜ਼ ਕਰ ਕੇ ਇਨ੍ਹਾਂ ਆਰਥਿਕ ਸੁਧਾਰਾਂ ਦੀ ਗਤੀ ਤੇਜ਼ ਕੀਤੀ ਜਾਵੇ ਤਾਂ ਹੀ ਭਾਰਤ 'ਦੁਨੀਆਂ ਵਿਚ ਵੱਡੀ ਆਰਥਿਕ ਤਾਕਤ' ਬਣ ਸਕਦਾ ਹੈ। ਕੀ ਇਸ ਲਿਹਾਜ਼ ਨਾਲ ਮੌਜੂਦਾ ਸਰਕਾਰ ਨੂੰ ਮਨਮੋਹਨ-ਸ਼ੋਭਨਾ ਸਰਕਾਰ ਕਿਹਾ ਜਾ ਸਕਦਾ ਹੈ?

ਇਸ ਦੌਰਾਨ ਮੀਡੀਆ ਨੇ 'ਸੁਫ਼ਨਈ ਸੋਨੇ ਦੀ ਖੋਜ' ਨੂੰ ਬਹੁਤ ਥਾਂ ਦਿੱਤੀ ਹੈ। ਚੈਨਲਾਂ ਨੇ ਇੱਕ-ਦੂਜੇ ਤੋਂ ਵਧ ਕੇ ਸਿੱਧਾ ਪ੍ਰਸਾਰਨ ਕਰਨ ਦਾ ਬੰਦੋਬਸਤ ਕੀਤਾ ਹੈ। ਜਿਸ ਚੈਨਲ ਕੋਲ ਵੀ ਸਿੱਧਾ ਪ੍ਰਸਾਰਨ ਕਰਨ ਵਾਲੀਆਂ ਗੱਡੀਆਂ ਸਨ, ਉਸ ਨੇ ਮੌਕੇ ਉੱਤੇ ਭੇਜ ਦਿੱਤੀਆਂ। ਚੈਨਲਾਂ ਨੇ ਇਤਿਹਾਸਕਾਰਾਂ ਅਤੇ ਪੁਰਾਤੱਤਵ ਮਾਹਰਾਂ ਦੇ ਵਿਚਾਰਾਂ ਰਾਹੀਂ ਇਸ ਮੁਹਿੰਮ ਉੱਤੇ ਸਵਾਲ ਵੀ ਕੀਤੇ। ਚੈਨਲਾਂ ਦੀਆਂ ਦੋ ਦਲੀਲਾਂ ਰਹੀਆਂ ਹਨ ਕਿ ਉਹ ਤਾਂ ਉਹੋ ਦਿਖਾ ਰਹੇ ਹਨ ਜੋ ਹੋ ਰਿਹਾ ਹੈ। ਦੂਜੀ ਦਲੀਲ ਇਹ ਰਹੀ ਹੈ ਕਿ ਉਹ ਇਸ ਮੁਹਿੰਮ ਉੱਤੇ ਸਵਾਲ ਵੀ ਕਰ ਰਹੇ ਹਨ। ਦਰਅਸਲ ਇਨ੍ਹਾਂ ਦੋਵਾਂ ਦਲੀਲਾਂ ਉੱਤੇ ਨਜ਼ਰਸਾਨੀ ਕਰਨ ਦੀ ਲੋੜ ਹੈ। ਜਦੋਂ ਮੁਲਕ ਵਿਚ ਹੋਰ ਬਹੁਤ ਕੁਝ ਹੋ ਰਿਹਾ ਹੋਵੇ ਤਾਂ 'ਸੁਫ਼ਨਈ ਸੋਨੇ ਦੀ ਖੋਜ' ਨੂੰ ਇੰਨੀ ਤਵੱਜੋ ਕਿਉਂ ਅਤੇ ਕਿਵੇਂ ਮਿਲਦੀ ਹੈ? ਓਡੀਸ਼ਾ ਅਤੇ ਆਂਧਰਾ ਪ੍ਰਦੇਸ਼ ਦੇ ਹੜ੍ਹਾਂ ਵਿਚ ਫਸੇ ਲੋਕਾਂ ਨੂੰ ਇੰਨੀ ਤਵੱਜੋ ਕਿਉਂ ਨਹੀਂ ਮਿਲਦੀ? ਦੋਵਾਂ ਦਾ ਸਮਾਂ ਇੱਕੋ ਹੈ। ਹੜ੍ਹਾਂ ਬਾਰੇ ਗੱਲ ਕਰਨ ਨਾਲ ਲੋਕਾਂ ਦੀ ਰਾਹਤ ਦਾ ਸਬੱਬ ਬਣ ਸਕਦਾ ਹੈ। ਕੀ ਮੀਡੀਆ ਲੋਕਾਂ ਨੂੰ ਹੜ੍ਹਾਂ ਵਿਚ ਫਸਿਆ ਛੱਡ ਕੇ ਮੁਲਕ ਨੂੰ 'ਦੁਨੀਆਂ ਦੀ ਵੱਡੀ ਆਰਥਿਕ ਤਾਕਤ' ਬਣਾਉਣ ਦਾ ਵਡੇਰਾ ਕਾਰਜ ਕਰ ਰਿਹਾ ਹੈ? ਸਰਕਾਰ ਇਸੇ ਤਰ੍ਹਾਂ ਵਿਕਾਸ ਦਰ ਦੀਆਂ ਪ੍ਰਾਪਤੀਆਂ ਕਰਨ ਲਈ ਆਵਾਮ ਨੂੰ ਮਹਿੰਗਾਈ, ਗ਼ੁਰਬਤ, ਜ਼ਹਾਲਤ, ਨਾਬਰਾਬਰੀ ਅਤੇ ਨਾਇਨਸਾਫ਼ੀ ਨਾਲ ਦੋ-ਚਾਰ ਹੋਣ ਲਈ ਛੱਡ ਦਿੰਦੀ ਹੈ। ਕਦੇ-ਕਦਾਈ ਇਨ੍ਹਾਂ ਮਸਲਿਆਂ ਉੱਤੇ ਬਿਆਨ ਜਾਰੀ ਕਰ ਦਿੰਦੀ ਹੈ। ਮੀਡੀਆ ਅਤੇ ਸਰਕਾਰ ਦੀ ਕਾਰਜਸ਼ੈਲੀ ਵਿਚ ਇਸ ਤਰ੍ਹਾਂ ਦਾ ਮੇਲ ਸਬੱਬ ਤਾਂ ਨਹੀਂ ਹੋ ਸਕਦਾ! ਦੂਜੀ ਦਲੀਲ ਇਸ ਮੁਹਿੰਮ

## ਸਵਾਲ-ਸੰਵਾਦ

ਉੱਤੇ ਸਵਾਲ ਕਰਨ ਨਾਲ ਜੁੜੀ ਹੋਈ ਹੈ। ਜਦੋਂ ਬਹੁਤ ਕੁਝ ਵਿਚੋਂ ਇਸੇ ਮੁਹਿੰਮ ਦੀ ਚੋਣ ਕਰ ਕੇ ਮਨੋਵੇਗ ਪੈਦਾ ਕੀਤਾ ਜਾਂਦਾ ਹੈ ਤਾਂ ਦੂਜੀ ਦਲੀਲ ਬੇਮਾਅਨਾ ਹੋ ਜਾਂਦੀ ਹੈ। ਇਸੇ ਤੋਂ ਵੀ ਅੱਗੇ ਜਾ ਕੇ ਇਹ ਆਪਣੀ ਪੜਤ ਬਚਾਉਣ ਲਈ ਰਾਹ ਖੁੱਲ੍ਹਾ ਰੱਖਣ ਵਾਲੀ ਗੱਲ ਹੋ ਜਾਂਦੀ ਹੈ।

ਇਸ ਵੇਲੇ ਇੱਕ ਚਰਚਾ ਇਹ ਵੀ ਹੋ ਰਹੀ ਹੈ ਕਿ ਪੁਰਾਤੱਤਵ ਵਿਭਾਗ ਬਹੁਤ ਹੌਲੀ ਕੰਮ ਕਰ ਰਿਹਾ ਹੈ। ਇਸ ਰਫ਼ਤਾਰ ਨਾਲ ਇਹ ਕੰਮ ਕਈ ਮਹੀਨਿਆਂ ਵਿਚ ਪੂਰਾ ਹੋਵੇਗਾ। ਜੇ ਹਜ਼ਾਰ ਟਨ ਸੋਨਾ ਨਹੀਂ, ਤਾਂ ਕੁਝ ਨਾ ਕੁਝ ਬੇਸ਼ਕੀਮਤੀ ਜ਼ਰੂਰ ਮਿਲ ਜਾਵੇਗਾ। ਇਸ ਮਾਮਲੇ ਵਿਚ ਸਭ ਤੋਂ ਅਹਿਮ ਪੱਖ ਪੁਰਾਤੱਤਵ ਵਿਭਾਗ ਦੀ ਕਾਰਜਸ਼ੈਲੀ ਨਾਲ ਜੁੜਿਆ ਹੋਇਆ ਹੈ। ਇਸ ਵਿਭਾਗ ਦਾ ਕੰਮ ਹੀ ਥੇਹ ਹੋ ਚੁੱਕੀਆਂ ਸਭਿਆਤਾਵਾਂ ਦੀ ਨਿਸ਼ਾਨੀਆਂ ਅਤੇ ਸਬੂਤ ਰਾਹੀਂ ਇਤਿਹਾਸਕ ਸਰੋਤ ਪੈਦਾ ਕਰਨਾ ਅਤੇ ਵਿਰਾਸਤ ਨੂੰ ਸਾਂਭਣਾ ਹੈ। ਥੇਹ ਵਿਚੋਂ ਕਿਸੇ ਵੀ ਦੌਰ ਦੀ ਸਭਿਅਤਾ ਦੀ ਕੋਈ ਵੀ ਨਿਸ਼ਾਨੀ ਇਸ ਵਿਭਾਗ ਲਈ ਬੇਸ਼ਕੀਮਤੀ ਹੈ। ਇਸ ਦਾ ਮਤਲਬ ਇਹ ਨਹੀਂ ਕਿ ਹਰ ਲੱਭੀ ਹੋਈ ਚੀਜ਼ ਸੋਨਾ ਹੈ। ਜੇ ਪੁਰਾਤੱਤਵ ਵਿਭਾਗ ਲਈ ਬੇਸ਼ਕੀਮਤੀ ਚੀਜ਼ਾਂ ਦਾ ਹਵਾਲਾ ਦਿੱਤਾ ਜਾਵੇ ਤਾਂ ਇਸ ਦਾ ਮਤਲਬ ਸ਼ੋਭਨਾ ਸਰਕਾਰ ਦੇ ਸੁਫ਼ਨੇ ਨਾਲ ਬਿਲਕੁਲ ਨਹੀਂ ਜੁੜਦਾ। ਦੂਜਾ ਪੱਖ ਪੁਰਾਤੱਤਵ ਵਿਭਾਗ ਵੱਲੋਂ ਕੰਮ ਨੂੰ ਅੰਜਾਮ ਦੇਣ ਦੀ ਸ਼ੈਲੀ ਹੈ। ਇਹ ਵਿਭਾਗ ਕਾਂਡੀਆਂ, ਖੁਰਪਿਆਂ, ਚਾਕੂ, ਛੁਰੀਆਂ, ਸੂਇਆਂ, ਰੇਤੀਆਂ, ਗੈਂਤੀਆਂ ਅਤੇ ਕਈ ਵਾਰ ਤਾਂ ਦੰਦਾਂ ਵਾਲੇ ਡਾਕਟਰਾਂ ਦੀ ਵਰਤੋਂ ਵਾਲੇ ਬਰੀਕ ਔਜ਼ਾਰ ਵਰਤਦਾ ਹੈ। ਇਸ ਦਾ ਕੰਮ ਭੁਰਭਰੀ ਤੋਂ ਭੁਰਭਰੀ ਹਾਲਤ ਵਿਚ ਮਿੱਟੀ ਤੱਕ ਦੀਆਂ ਚੀਜ਼ਾਂ ਨੂੰ ਬਚਾਉਣਾ ਹੈ ਜੋ ਬਹੁਤ ਮਹੀਨ ਹੋ ਸਕਦੀਆਂ ਹਨ। ਇਸ ਲਈ ਉਸੇ ਔਜ਼ਾਰ ਦੀ ਵਰਤੋਂ ਹੁੰਦੀ ਹੈ ਜੋ ਮਿੱਟੀ ਦੀ ਪਤਲੀ ਤੋਂ ਪਤਲੀ ਤਹਿ ਨੂੰ ਅਰਾਮ ਨਾਲ ਪੁੱਟ ਸਕੇ। ਗੈਂਤੀ ਵਰਗੇ ਔਜ਼ਾਰਾਂ ਦੀ ਵਰਤੋਂ ਸਿਰਫ਼ ਉਨ੍ਹਾਂ ਸਖ਼ਤ ਥਾਵਾਂ ਦੀ ਪੁਟਾਈ ਲਈ ਹੁੰਦੀ ਹੈ ਜਿੱਥੇ ਦੂਜੇ ਔਜ਼ਾਰ ਕੰਮ ਨਾ ਕਰਨ। ਪੁਰਾਤੱਤਵ ਵਿਭਾਗ ਬੇਸ਼ੱਕ 'ਸੁਫ਼ਨਈ ਸੋਨੇ ਦੀ ਭਾਲ' ਕੇਂਦਰੀ ਮੰਤਰੀ ਦੀ ਸਿਫ਼ਾਰਿਸ਼ ਨਾਲ ਕਰ ਰਿਹਾ ਹੈ ਪਰ ਆਪਣੀ ਸ਼ਰਮਸਾਰੀ ਨੂੰ ਬਚਾਉਣ ਲਈ ਕੁਝ ਹੱਦ ਤੱਕ ਤਾਂ ਆਪਣੇ ਜ਼ਾਬਤੇ ਵਿਚ ਰਹਿ ਕੇ ਹੀ ਕੰਮ ਕਰੇਗਾ।

ਇਸ ਮੁਹਿੰਮ ਦਾ ਇਤਿਹਾਸ ਅਤੇ ਸੰਵਿਧਾਨ ਨਾਲ ਰਿਸ਼ਤਾ ਵੇਖਣਾ ਬਣਦਾ ਹੈ। ਅਜਿਹੀਆਂ ਮੁਹਿੰਮਾਂ ਵਿਚ ਸਰਕਾਰ, ਅੰਧ-ਵਿਸ਼ਵਾਸ ਅਤੇ ਲੁਟੇਰਾ ਅਨਸਰ ਸ਼ਾਮਿਲ ਰਿਹਾ ਹੈ। ਮੌਜੂਦਾ ਮੁਹਿੰਮ ਵਿਚ ਇਹੋ ਗੱਠਜੋੜ ਵੇਖਿਆ ਜਾ ਸਕਦਾ ਹੈ। ਸਰਕਾਰ ਅੰਧ-ਵਿਸ਼ਵਾਸ ਰਾਹੀਂ ਆਵਾਮ ਨੂੰ ਕੁਰਾਹੇ ਪਾਉਣ ਦਾ ਉਪਰਾਲਾ ਕਰ ਰਹੀ ਹੈ ਅਤੇ ਆਪਣੀ ਕਾਰਗੁਜ਼ਾਰੀ ਦੀ ਪੜਚੋਲ ਤੋਂ ਕੰਨੀ ਖਿਸਕਾ ਰਹੀ ਹੈ। ਦੂਜੇ ਪਾਸੇ ਭਾਜਪਾ ਨੂੰ ਪਤਾ ਹੈ ਕਿ ਇਹੋ ਅੰਧ-ਵਿਸ਼ਵਾਸ ਉਸ ਦੀ ਸਿਆਸਤ ਦੀ ਅਹਿਮ ਚੂਲ ਹੈ। ਭਾਜਪਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਨਰਿੰਦਰ ਮੋਦੀ ਭਾਵੇਂ ਫ਼ੌਰੀ ਤਾਅ ਵਿਚ ਬਿਆਨ ਦੇ ਗਏ ਸਨ ਪਰ ਚਿਰਕਾਲੀ ਸੋਚ ਤਹਿਤ ਉਨ੍ਹਾਂ ਨੇ 'ਮੁਆਫ਼ੀ' ਮੰਗ ਕੇ ਭੁੱਲ ਬਖ਼ਸ਼ਾ ਲਈ ਹੈ। ਸੰਵਿਧਾਨ ਵਿਚ ਆਵਾਮ ਨੂੰ ਅੰਧ-ਵਿਸ਼ਵਾਸ ਤੋਂ ਮੁਕਤ ਕਰਨ ਅਤੇ ਵਿਗਿਆਨਕ ਸੋਚ ਦੇ ਪਸਾਰੇ ਦਾ ਦਾਅਵਾ ਕਰ ਰਿਹਾ ਸੀ। ਇਸ ਵਾਅਦੇ ਤੋਂ ਸਿਆਸੀ ਪਾਰਟੀਆਂ ਸਰਕਾਰਾਂ ਕਿਨਾਰਾਕਸ਼ੀ ਕਰਦੀਆਂ ਆਈਆਂ ਹਨ। 'ਸੁਫ਼ਨਈ ਸੋਨੇ ਦੀ ਭਾਲ' ਰਾਹੀਂ 'ਭਾਰਤ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਆਰਥਿਕ ਤਾਕਤ' ਬਣਾਉਣ ਦੀ ਮੁਹਿੰਮ ਭਾਰਤ ਦੇ ਸੰਵਿਧਾਨ ਨਾਲ ਦਗ਼ੇਬਾਜ਼ੀ ਹੈ। ਇਸ ਦਗ਼ੇਬਾਜ਼ੀ ਵਿਚ ਕੇਂਦਰ ਸਰਕਾਰ ਅਤੇ ਭਾਜਪਾ (ਭਾਈਵਾਲ ਪਾਰਟੀਆਂ ਸਮੇਤ) ਇੱਕ-ਦੂਜੇ ਨਾਲ ਸਹਿਮਤ ਹਨ। ਇਹ ਗਿਆਨ ਵਿਹੂਣੀ ਰਈਅਤ ਨੂੰ ਅੰਧੀ ਰੱਖਣ ਦਾ ਮੂੰਹਜ਼ੋਰ ਉਪਰਾਲਾ ਹੈ ਜਿਸ ਤਹਿਤ ਸ਼ੋਭਨਾ ਦਾ ਸੁਫ਼ਨਾ ਸਰਕਾਰ(ੀ) ਹੋ ਗਿਆ ਹੈ।



*ਪਿੰਡ ਡੌਂਡੀਆਂ ਖੇੜਾ (ਉਤਰ ਪ੍ਰਦੇਸ਼) ਵਿਚ ਰਾਜਾ ਰਾਓ ਰਾਮ ਬਖ਼ਸ਼ ਦੇ ਕਿਲੇ ਦੇ ਬਾਹਰ ਪੁੱਜੇ ਟੀ.ਵੀ. ਚੈਨਲਾਂ ਵਾਲੇ।*

## ਛਾਤੀ ਅੰਦਰਲੇ ਥੇਹ (8)

# ਪ੍ਰਤੱਖ ਰੱਬ ਅਮਰ ਸਿੰਘ

*ਗੁਰਦਿਆਲ ਦਲਾਲ ਬੁਨਿਆਦੀ ਰੂਪ ਵਿਚ ਗਲਪਕਾਰ ਹੈ। ਹੁਣੇ-ਹੁਣੇ ਉਨ੍ਹਾਂ ਦਾ ਵੱਡ-ਆਕਾਰੀ ਨਾਵਲ 'ਪੈੜਾਂ' ਛਪਿਆ ਹੈ। 'ਛਾਤੀ ਅੰਦਰਲੇ ਥੇਹ' ਲੇਖ-ਲੜੀ ਵਿਚ ਉਨ੍ਹਾਂ ਆਪਣੇ ਜੀਵਨ ਅਤੇ ਤਜਰਬੇ ਨੂੰ ਆਧਾਰ ਬਣਾ ਕੇ ਕੁਝ ਗੱਲਾਂ ਵੱਖਰੇ ਢੰਗ ਨਾਲ ਕੀਤੀਆਂ ਹਨ ਜਿਹੜੀਆਂ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। ਇਨ੍ਹਾਂ ਗੱਲਾਂ ਦੀਆਂ ਤੰਦਾਂ, ਬੰਦੇ ਦੇ ਬੰਦਾ ਹੋਣ ਨਾਲ ਗਹਿਰੀਆਂ ਜੁੜੀਆਂ ਹੋਈਆਂ ਹਨ। ਆਸ ਹੈ, ਧੜਕਦੇ ਦਿਲ ਨਾਲ ਕੀਤੀਆਂ ਇਹ ਗੱਲਾਂ ਪਾਠਕਾਂ ਨੂੰ ਆਪਣੀਆਂ ਹੀ ਗੱਲਾਂ ਲੱਗਣਗੀਆਂ।-ਸੰਪਾਦਕ*

ਮੈਂ ਉਦੋਂ ਖਾਲਸਾ ਹਾਇਰ ਸੈਕੰਡਰੀ ਸਕੂਲ ਵਿਚ ਪੜ੍ਹਦਾ ਸਾਂ। ਲੋਕ ਘੁਲਾੜੀਆਂ ਵਿਚ ਗੰਨੇ ਪੀੜ ਕੇ ਆਪ ਹੀ ਗੁੜ ਅਤੇ ਸ਼ੱਕਰ ਬਣਾਉਂਦੇ ਸਨ। ਘੁਲਾੜੀਆਂ ਚੱਲਣ ਦਾ ਸਮਾਂ ਮੇਰੇ ਲਈ ਬੜਾ ਕਸ਼ਟਦਾਇਕ ਹੁੰਦਾ ਸੀ। ਮੈਨੂੰ ਗੁੜ ਦੀਆਂ ਕੁਝ ਪੇਸੀਆਂ ਦੇ ਬਦਲੇ ਤੜਕੇ ਦੋ ਵਜੇ ਉਠ ਕੇ ਲੋਕਾਂ ਦੀਆਂ ਘੁਲਾੜੀਆਂ ਵਿਚ ਗੰਨੇ ਲਾਉਣ ਜਾਂ ਪੱਤ ਨੂੰ ਝੋਕਾ ਲਾਉਣ ਲਈ ਜਾਣਾ ਪੈਂਦਾ ਸੀ ਤੇ ਸਕੂਲ ਦੇ ਸਮੇਂ ਤੱਕ



**ਗੁਰਦਿਆਲ ਦਲਾਲ**
**ਫੋਨ: 91-98141-85363**

ਉਥੇ ਹੀ ਰੁਕਣਾ ਪੈਂਦਾ ਸੀ। ਐਸ.ਡੀ. ਹਾਈ ਸਕੂਲ ਚਮਕੌਰ ਸਾਹਿਬ ਵਿਚ ਪੜ੍ਹਾਉਂਦੇ ਮਾਸਟਰ ਅਮਰ ਸਿੰਘ ਨੇ ਸਾਡੇ ਪਿੰਡ ਹੀ ਰਿਹਾਇਸ਼ ਕਰ ਲਈ। ਉਸ ਦਾ ਕੱਦ ਮਧਰਾ ਸੀ ਤੇ ਠੋਡੀ ਉਤੇ ਚਾਰ ਕੁ ਵਾਲ ਸਨ। ਉਹ ਖਾਕੀ ਪਗੜੀ ਹੇਠ ਲਾਲ ਫਿਫਟੀ ਬੰਨ੍ਹਦਾ ਸੀ। ਉਸ ਦੀ ਘਰਵਾਲੀ ਉਸ ਤੋਂ ਡੇਢ ਫੁੱਟ ਲੰਬੀ ਸੀ ਜੋ ਚਿੱਟੇ ਸੂਟ ਉਪਰੋਂ ਗਾਤਰਾ ਪਾਉਂਦੀ ਤੇ ਸਿਰ ਉਤੇ ਜੂੜਾ ਕਰ ਕੇ ਕਾਲੀ ਕੇਸਕੀ ਬੰਨ੍ਹਦੀ। ਪਿੰਡ ਦੇ ਲੋਕ ਅਤਿ ਗਰੀਬੀ ਵਿਚ ਵੀ ਟਿੱਚਰ-ਮਖੌਲ ਕਰਨ ਵਿਚ ਉਸਤਾਦ ਸਨ। ਉਨ੍ਹਾਂ ਨੇ ਅਮਰ ਸਿੰਘ ਦਾ ਨਾਂ 'ਖੋਜਾ ਮਾਸਟਰ' ਤੇ ਉਸ ਦੀ ਘਰਵਾਲੀ ਦਾ 'ਮੂਰਾ-ਪੀਰੀ' ਧਰ ਲਿਆ। ਉਹ ੜਾੜਾ ਨਹੀਂ ਸੀ ਬੋਲ ਸਕਦੀ। ਭੱਬੇ ਨੂੰ ਵੀ ਪੱਪਾ ਬੋਲਦੀ। ਮੂੜ੍ਹਾ-ਪੀੜ੍ਹੀ ਨੂੰ ਮੂਰਾ-ਪੀਰੀ, ਕੂੜਾ ਨੂੰ ਕੂਰਾ, ਕੜਾਹੀ ਨੂੰ ਕਰਾਹੀ ਆਖਦੀ।

ਅਮਰ ਸਿੰਘ ਨੇ ਪਿੰਡ ਵਿਚ ਆਉਂਦਿਆਂ ਹੀ ਜਿਹੜੀ ਪਹਿਲੀ ਚੇਟਕ ਮੁੰਡਿਆਂ ਨੂੰ ਲਾਈ, ਉਹ ਸੀ ਫੁਟਬਾਲ ਖੇਡਣ ਦੀ। ਉਹ ਨਿੱਕਰ ਅਤੇ ਬੂਟ ਪਾ ਕੇ ਮੁੰਡਿਆਂ ਨੂੰ ਇਕੱਠੇ ਕਰ ਕੇ ਪਿੰਡ ਦੀ ਚਰਾਂਦ ਵਿਚ ਲੈ ਜਾਂਦਾ ਤੇ ਫੁਟਬਾਲ ਖੇਡਣ ਦੇ ਗੁਰ ਸਮਝਾਉਂਦਾ। ਗੱਲ-ਗੱਲ 'ਤੇ ਗੰਦੀਆਂ ਗਾਲ੍ਹਾਂ ਕੱਢਣ ਵਾਲੇ ਤੇ ਹਰ ਵਾਕ ਨਾਲ 'ਸਾਲਾ' ਬੋਲਣ ਵਾਲੇ ਮੁੰਡਿਆਂ ਨੂੰ ਅਜਿਹਾ ਕਰਨ ਤੋਂ ਵਰਜਦਾ। ਪਿੰਡ ਦੇ ਸਾਰੇ ਮੁੰਡੇ ਨਿੱਤ ਸ਼ਾਮ ਨੂੰ ਫੁਟਬਾਲ ਖੇਡਣ ਲੱਗੇ ਤੇ ਉਨ੍ਹਾਂ ਦੀ ਬੋਲਚਾਲ ਵਿਚ ਸੁਧਾਰ ਆਉਣ ਲੱਗਾ। "ਉਇ ਆ ਜਾ ਬਾਪੂ, ਸਾਲੇ ਨੇ ਘੰਟਾ ਲਾ ਦਿੱਤਾ", ਕਹਿਣ ਵਾਲੇ 'ਬਾਪੂ ਜੀ ਆ ਜਾਵੋ' ਕਹਿਣ ਲੱਗ ਪਏ। ਲੜਨਾ-ਭਿੜਨਾ ਵੀ ਲਗਭਗ ਬੰਦ ਹੋ ਗਿਆ। ਉਸ ਦੀ ਘਰਵਾਲੀ ਵੀ ਪਿੰਡ ਵਿਚ ਗੇੜਾ ਦੇਣ ਲੱਗੀ। ਉਸ ਨੇ ਔਰਤਾਂ ਵਿਚ ਆਪਣੀ ਥਾਂ ਬਣਾ ਲਈ। ਉਹ ਉਨ੍ਹਾਂ ਨੂੰ ਗਾਲ੍ਹਾਂ ਕੱਢਣ ਅਤੇ ਲੜਾਈ ਕਰਨ ਤੋਂ ਵਰਜਦੀ। ਬੱਚਿਆਂ ਦੇ ਨਿੱਤ ਨਹਾਉਣ, ਕੱਪੜੇ ਧੋਣ, ਨਹੁੰ ਕੱਟਣ, ਵਾਲ ਵਾਹੁਣ ਲਈ ਪ੍ਰੇਰਦੀ। ਘਰ ਵਿਚ ਕੂੜਾਦਾਨ ਰੱਖਣ ਅਤੇ ਆਲਾ-ਦੁਆਲਾ ਸਾਫ਼ ਰੱਖਣ ਲਈ ਕਹਿੰਦੀ। ਗਲੀਆਂ-ਨਾਲੀਆਂ ਵਿਚ ਡੀ.ਡੀ.ਟੀ. ਸੁੱਟਣ ਲਈ ਆਖਦੀ। ਖਾਣ-ਪੀਣ, ਉਠਣ-ਬੈਠਣ, ਬੋਲਣ-ਚਾਲਣ ਦੇ ਗੁਰ ਸਮਝਾਉਂਦੀ। ਪਹਿਲਾਂ-ਪਹਿਲਾਂ ਤਾਂ ਔਰਤਾਂ ਉਸ ਨੂੰ ਟਿੱਚਰਾਂ ਹੀ ਕਰਦੀਆਂ ਸਨ, 'ਆਉ ਪੈਨ ਜੀ, ਪਰਾ ਜੀ ਦਾ ਕੀ ਹਾਲ ਏ? ਮੂਰਾ ਲਉ, ਪੀਰੀ ਲਉ। ਕਰੀ-ਚੌਲ ਖਾਉ। ਮਾਰੀ-ਮੋਟੀ ਅਕਲ ਸਾਡੇ ਅਨਪਰ੍ਹਾਂ ਨੂੰ ਵੀ ਦੇ ਦਿਉ।'

ਉਹ ਆਪਣੀਆਂ ਨਕਲਾਂ ਸੁਣ ਕੇ ਹੱਸ ਛੱਡਦੀ ਪਰ ਮਗਰੋਂ ਇਹ ਸਭ ਹੌਲੀ-ਹੌਲੀ ਬੰਦ ਹੋ ਗਿਆ। ਉਹ ਹਰ ਘਰ ਜਾਂਦੀ। ਹਰ ਔਰਤ, ਹਰ ਬੱਚੇ ਨੂੰ ਨਾਂ ਲੈ ਕੇ ਸੱਦਦੀ। ਜਾਤ-ਪਾਤ ਦਾ ਵਿਤਕਰਾ ਨਾ ਕਰਨ ਲਈ ਪ੍ਰੇਰਨਾ ਦਿੰਦੀ। ਅਜੀਬ ਕਿਸਮ ਦੀਆਂ ਕਹਾਣੀਆਂ ਸੁਣਾਉਂਦੀ। ਸਾਰੀਆਂ ਔਰਤਾਂ ਉਹਦੀ ਸੱਚੇ ਦਿਲੋਂ ਇੱਜ਼ਤ ਕਰਨ ਲੱਗ ਪਈਆਂ। ਉਹ ਔਰਤਾਂ ਨੂੰ ਆਪਣੇ ਘਰ ਸੱਦਦੀ ਅਤੇ ਪੰਜਾਬੀ ਲਿਖਣੀ-ਪੜ੍ਹਨੀ ਸਿਖਾਉਂਦੀ।

ਹੌਲੀ-ਹੌਲੀ ਮਾਸਟਰ ਅਮਰ ਸਿੰਘ ਨਾਲ ਸਕੂਲ ਨੂੰ ਪੈਦਲ ਜਾਣ ਵਾਲੇ ਮੁੰਡਿਆਂ ਦੀ ਗਿਣਤੀ ਵਧਦੀ ਚਲੀ ਗਈ। ਉਹ ਨਿੱਤ ਕੋਈ ਦਿਲਚਸਪ ਕਥਾ ਛੇੜ ਲੈਂਦਾ। ਮੁੰਡੇ ਹੁੰਗਾਰਾ ਭਰਦੇ ਜਾਂਦੇ। ਪਤਾ ਹੀ ਨਾ ਲਗਦਾ, ਅਸੀਂ ਕਦੋਂ ਸਕੂਲ ਪਹੁੰਚ ਜਾਂਦੇ ਪਰ ਕਈ ਸ਼ਰਾਰਤੀ ਮੁੰਡੇ ਸੜਕ ਉਤੇ ਚਾਕ ਨਾਲ ਉਸ ਬਾਰੇ ਊਟ-ਪਟਾਂਗ ਲਿਖ ਦਿੰਦੇ। ਫੋਟੋਆਂ ਵਾਹ ਦਿੰਦੇ। ਉਹ ਪੜ੍ਹਦਾ ਤੇ ਹੱਸ ਛੱਡਦਾ।

ਇਕ ਦਿਨ ਜਦੋਂ ਅਸੀਂ ਸਕੂਲ ਜਾ ਰਹੇ ਸੀ, ਸੜਕ ਉਤੇ ਕਿਸੇ ਡੰਗਰ ਦੀ ਲੱਤ ਦੀ ਹੱਡੀ ਪਈ ਸੀ ਤੇ ਹੇਠ ਚਾਕ ਨਾਲ ਲਿਖਿਆ ਹੋਇਆ, 'ਇਹ ਖੋਜੇ ਦੀ ਲੱਤ ਹੈ'। ਪੜ੍ਹ ਕੇ ਉਚੀ-ਉਚੀ ਹੱਸਿਆ ਤੇ ਬੋਲਿਆ, "ਵਾਹ ਬਈ ਵਾਹ! ਕਿਆ ਖ਼ੂਬਸੂਰਤ ਲੱਤ ਏ ਮੇਰੀ। ਇਹ ਕਿਸੇ ਸਾਊ ਮੁੰਡੇ ਦਾ ਕੰਮ ਨਹੀਂ, ਕਿਸੇ ਸ਼ੈਤਾਨ ਦਾ ਹੈ। ਲਿਖਣ ਵਾਲੇ ਦੇ ਕਿਹੜਾ ਵਿਚਾਰੇ ਦੇ ਵਸ ਏ। ਉਸ ਉਤੇ ਸ਼ੈਤਾਨ ਦਾ ਪਹਿਰਾ ਏ। ਦੇਖ ਲੈਣਾ, ਸ਼ੈਤਾਨ ਨੇ ਉਸ ਨੂੰ ਪੜ੍ਹਨ-ਲਿਖਣ ਤੋਂ ਵੀ ਵਾਂਝਾ ਹੀ ਰੱਖਣਾ ਏਂ। ਮਰੋੜੀ ਜਾਵੇਗਾ ਵਿਚਾਰਾ ਬਲਦਾਂ ਦੀਆਂ ਪੂਛਾਂ ਸਾਰੀ ਉਮਰ।" ਉਸ ਦੀ ਗੱਲ ਦਾ ਅਜਿਹਾ ਅਸਰ ਹੋਇਆ ਕਿ ਮੁੰਡਿਆਂ ਨੇ ਸੜਕ 'ਤੇ ਲਿਖਣਾ ਵੀ ਬੰਦ ਕਰ ਦਿੱਤਾ।

ਅਮਰ ਸਿੰਘ ਨੇ ਜਿਹੜਾ ਅਗਲਾ ਕੰਮ ਕੀਤਾ, ਉਹ ਸੀ ਮੁੰਡਿਆਂ ਦੀ ਪੜ੍ਹਾਈ ਵਿਚ ਲਗਨ ਪੈਦਾ ਕਰਨੀ। ਜਿਸ ਕੱਚੇ ਕੋਠੇ ਵਿਚ ਉਸ ਦੀ ਰਿਹਾਇਸ਼ ਸੀ, ਉਸ ਦੇ ਅੱਗੇ ਲੰਮਾ-ਚੌੜਾ ਵਿਹੜਾ ਸੀ ਜਿਥੇ ਤੂਤਾਂ, ਡੇਕਾਂ ਦੀ ਸੰਘਣੀ ਛਾਂ ਰਹਿੰਦੀ। ਮੁੰਡੇ ਸਕੂਲੋਂ ਆ ਕੇ ਆਪਣੇ ਬਸਤੇ ਲੈ ਕੇ ਉਸ ਕੋਲ ਚਲੇ ਜਾਂਦੇ ਤੇ 'ਕੱਠੇ ਬੈਠ ਕੇ ਸਕੂਲ ਦਾ ਕੰਮ ਮੁਕਾਉਂਦੇ। ਉਹ ਇਕੱਲੇ-ਇਕੱਲੇ ਕੋਲ ਘੁੰਮ ਕੇ ਪੜ੍ਹਾਈ ਵਿਚ ਮਦਦ ਕਰਦਾ। ਕਿਸੇ ਤੋਂ ਕਦੀ ਕੋਈ ਪੈਸਾ ਨਾ ਲੈਂਦਾ। ਪਿੰਡ ਦੇ ਲੋਕਾਂ ਦੀ ਉਸ ਜੋੜੀ ਪ੍ਰਤੀ ਸ਼ਰਧਾ ਇੰਨੀ ਵਧ ਗਈ ਕਿ ਉਹ ਖਾਣ-ਪੀਣ ਦੀਆਂ ਚੀਜ਼ਾਂ ਮੱਲੋ-ਮੱਲੀ ਉਸ ਦੇ ਘਰ ਸੁੱਟ ਜਾਂਦੇ। ਫਿਰ ਹੌਲੀ-ਹੌਲੀ ਉਸ ਨੇ ਮੁੰਡਿਆਂ ਨੂੰ ਕਹਾਣੀਆਂ ਤੇ ਨਾਵਲ ਪੜ੍ਹਾਉਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਦਿਨਾਂ ਵਿਚ ਨਾਨਕ ਸਿੰਘ ਦੇ ਨਾਵਲਾਂ ਦੀ ਚੜ੍ਹਤ ਸੀ। ਮੈਨੂੰ ਯਾਦ ਹੈ ਕਿ ਮੈਨੂੰ ਨਾਵਲ ਅਤੇ ਕਹਾਣੀਆਂ ਪੜ੍ਹਨ ਦੀ ਇੰਨੀ ਚੇਟਕ ਲੱਗੀ ਕਿ ਦਸਵੀਂ ਤੱਕ ਮੈਂ ਨਾਨਕ ਸਿੰਘ ਦੇ ਸਾਰੇ ਨਾਵਲ ਪੜ੍ਹ ਲਏ। ਕਈ ਕਿਤਾਬਾਂ ਪੜ੍ਹਨ ਦੇ ਨਾਲ-ਨਾਲ 'ਪ੍ਰੀਤ ਲੜੀ' ਦਾ ਪੱਕਾ ਪਾਠਕ ਵੀ ਬਣ ਗਿਆ।

ਇਕ ਦਿਨ ਸ਼ਾਮ ਨੂੰ ਅਜੀਬ ਘਟਨਾ ਵਾਪਰ ਗਈ। ਸਾਡੀ ਗਾਂ ਮਾਲ 'ਚੋਂ ਚਰ ਕੇ ਵਾਪਸ ਘਰ ਨਾ ਪਰਤੀ। ਮੈਂ ਕੀੜੂ ਪਾਲੀ ਨੂੰ ਪੁੱਛਿਆ ਤਾਂ ਉਹ ਸੋਟੀ ਚੁੱਕ ਗਾਂ ਲੱਭਣ ਮੇਰੇ ਨਾਲ ਤੁਰ ਪਿਆ। ਚਰਾਂਦ ਤੋਂ ਥੋੜ੍ਹਾ ਹਟ ਕੇ ਦਲਦਲ ਸੀ। ਇਹ ਮਣਾਂ-ਮੂੰਹੀਂ ਗਾਰੇ ਦੀ ਘਾਣੀ ਸੀ ਜਿਸ ਦੇ ਹੇਠ ਬਹੁਤ ਡੂੰਘਾਈ ਤਕ ਕੋਈ ਜ਼ਮੀਨ ਨਹੀਂ ਸੀ। ਉਥੇ ਪਹੁੰਚੇ ਤਾਂ ਗਾਂ ਪੇਟ ਤਕ ਉਸ ਵਿਚ ਧਸੀ ਖੜ੍ਹੀ ਸੀ। ਉਸ ਦੀਆਂ ਅੱਖਾਂ ਗਿੱਲੀਆਂ ਸਨ ਤੇ ਇਨ੍ਹਾਂ ਵਿਚੋਂ ਬੇਵਸੀ ਟਪਕ ਰਹੀ ਸੀ। ਉਸ ਦੀ ਹਾਲਤ ਦੇਖ ਕੇ ਮੇਰਾ ਰੋਣ ਨਿਕਲ ਗਿਆ। ਮੈਂ ਫੁਟਬਾਲ ਖੇਡਦੇ ਮੁੰਡਿਆਂ ਵੱਲ ਦੌੜ ਕੇ ਗਿਆ ਤੇ ਮਾਸਟਰ ਅਮਰ ਸਿੰਘ ਨੂੰ ਸਾਰੀ ਗੱਲ ਦੱਸੀ। ਉਹ ਸਾਰੇ ਦਲਦਲ ਕੋਲ ਆ ਗਏ। ਗਾਂ ਤਾਂ ਹੇਠ ਹੀ ਹੇਠ ਨਿਘਰਦੀ ਜਾ ਰਹੀ ਸੀ। ਹੁਣ ਉਸ ਦੀ ਮੌਤ ਨਿਸ਼ਚਿਤ ਸੀ।

ਮਾਸਟਰ ਅਮਰ ਸਿੰਘ ਕਹਿਣ ਲੱਗਾ, "ਦੇਖੋ ਪੁੱਤਰੋ! ਇਹ ਗਾਂ ਹੁਣ ਨਹੀਂ ਬਚ ਸਕਦੀ। ਜਿਵੇਂ ਇਹ ਗਾਂ ਦਲਦਲ ਵਿਚ ਧਸੀ ਹੋਈ ਏ, ਤੁਸੀਂ ਸਾਰੇ ਵੀ ਗਰੀਬੀ, ਅਨਪੜ੍ਹਤਾ ਅਤੇ ਜਹਾਲਤ ਦੀ ਦਲਦਲ ਵਿਚ ਧਸੇ ਪਏ ਹੋ। ਤੁਹਾਡੇ ਪੈਰ ਨੰਗੇ ਹਨ, ਪਾਉਣ ਲਈ ਫਟੇ ਪੁਰਾਣੇ ਕੱਪੜੇ ਹਨ, ਖਾਣ ਲਈ ਸੰਤੁਲਤ ਭੋਜਨ ਨਹੀਂ। ਰਹਿਣ ਲਈ ਢਾਰੇ ਹਨ। ਘਰਾਂ ਵਿਚ ਕੋਈ ਸਹੂਲਤ ਨਹੀਂ। ਤੁਸੀਂ ਸਾਰੇ ਇਕੋ ਜਿਹੇ ਹੋ, ਇਸ ਲਈ ਤੁਹਾਨੂੰ ਪਤਾ ਹੀ ਨਹੀਂ ਕਿ ਤੁਹਾਡੀਆਂ ਲੋੜਾਂ ਕੀ ਹਨ? ਤੁਹਾਨੂੰ ਖਾਣ-ਪਹਿਨਣ ਲਈ ਕੀ ਮਿਲਣਾ ਚਾਹੀਦਾ ਏ? ਤੁਹਾਡੇ ਮਾਂ-ਬਾਪ ਨੂੰ ਵੀ ਖਾਣ-ਪਹਿਨਣ ਲਈ ਕੁਝ ਨਹੀਂ ਜੁੜਦਾ। ਕੀ ਇਹ ਸਭ ਕੁਝ ਦਲਦਲ ਨਹੀਂ? ਗਾਂ ਤਾਂ ਦਲਦਲ ਵਿਚੋਂ ਨਹੀਂ ਨਿਕਲ ਸਕਦੀ, ਤੁਸੀਂ ਤਾਂ ਨਿਕਲ ਸਕਦੇ ਹੋ। ਤੁਸੀਂ ਪੁੱਛੋਗੇ ਕਿਵੇਂ? ਮਿਹਨਤ ਨਾਲ ਮੇਰੇ ਪੁੱਤਰੋ। ਮਿਹਨਤ ਨਾਲ। ਕਿਤਾਬਾਂ ਚੁੱਕ ਲਵੋ। ਮਿਹਨਤ ਕਰੋ। ਚੰਗੇ ਨਾਗਰਿਕ ਬਣੋ। ਅਧਿਆਪਕ ਬਣੋ, ਡਾਕਟਰ ਬਣੋ, ਇੰਜੀਨੀਅਰ ਬਣੋ। ਮਿਹਨਤ ਕਰ ਕੇ ਆਪਣੀ ਚੰਗੀ ਜ਼ਿੰਦਗੀ ਲਈ ਦਰ ਖੋਲ੍ਹ ਲਵੋ।"

ਮੈਂ ਘਰ ਪਹੁੰਚ ਕੇ ਲੱਕੜ ਦੀ ਕੁਰਸੀ ਅਤੇ ਸਟੂਲ ਲੱਭੇ। ਲਾਲਟੈਣ ਦੀ ਚਿਮਨੀ ਸਾਫ਼ ਕੀਤੀ। ਕਿਤਾਬਾਂ ਦਾ ਗਰਦਾ ਝਾੜਿਆ ਤੇ ਅੱਧੀ ਰਾਤ ਤੀਕ ਪੜ੍ਹਦਾ ਰਿਹਾ। ਦਲਦਲ ਵਿਚ ਧਸੀ ਗਾਂ ਬਾਰੇ ਵੀ ਸੋਚਦਾ ਤੇ ਆਪਣੇ ਦਲਦਲ ਵਿਚੋਂ ਨਿਕਲਣ ਬਾਰੇ ਵੀ। ਮੈਂ ਅਗਲੇ ਦਿਨ ਸਕੂਲ ਜਾਣ ਲਈ ਸਭ ਤੋਂ ਪਹਿਲਾਂ ਮਾਸਟਰ ਅਮਰ ਸਿੰਘ ਦੇ ਘਰ ਪਹੁੰਚਿਆ ਤੇ ਉਸ ਦੇ ਚਰਨ ਛੂਹੇ। ਫਿਰ ਪੁੱਛਿਆ, "ਮਾਸਟਰ ਜੀ, ਕੀ ਮੈਂ ਵੀ ਅਧਿਆਪਕ ਬਣ ਸਕਦਾ ਹਾਂ?"

ਮੇਰੀ ਪਿੱਠ ਥਾਪੜ ਕੇ ਉਸ ਨੇ ਕਿਹਾ, "ਉਇ ਮੁੰਡਿਆ, ਜੇ ਗਰੀਬ ਲਿੰਕਨ ਸੜਕ ਦੀ ਬੱਤੀ ਹੇਠ ਬਹਿ ਕੇ, ਪੜ੍ਹਾਈ ਕਰ ਕੇ, ਅਮਰੀਕਾ ਦਾ ਰਾਸ਼ਟਰਪਤੀ ਬਣ ਸਕਦਾ ਏ; ਤਾਂ ਕੀ ਤੂੰ ਮਾਸਟਰ ਵੀ ਨਹੀਂ ਬਣੇਗਾ?"

**(ਚਲਦਾ)**

*ਅਮਰ ਸਿੰਘ ਨੇ ਪਿੰਡ ਵਿਚ ਆਉਂਦਿਆਂ ਹੀ ਜਿਹੜੀ ਪਹਿਲੀ ਚੇਟਕ ਮੁੰਡਿਆਂ ਨੂੰ ਲਾਈ, ਉਹ ਸੀ ਫੁਟਬਾਲ ਖੇਡਣ ਦੀ। ਉਹ ਨਿੱਕਰ ਅਤੇ ਬੂਟ ਪਾ ਕੇ, ਮੁੰਡਿਆਂ ਨੂੰ ਇਕੱਠੇ ਕਰ ਕੇ ਪਿੰਡ ਦੀ ਚਰਾਂਦ ਵਿਚ ਲੈ ਜਾਂਦਾ ਤੇ ਫੁਟਬਾਲ ਖੇਡਣ ਦੇ ਗੁਰ ਸਮਝਾਉਂਦਾ। ਗੱਲ-ਗੱਲ 'ਤੇ ਗੰਦੀਆਂ ਗਾਲ੍ਹਾਂ ਕੱਢਣ ਵਾਲੇ ਅਤੇ ਹਰ ਵਾਕ ਨਾਲ 'ਸਾਲਾ' ਬੋਲਣ ਵਾਲੇ ਮੁੰਡਿਆਂ ਨੂੰ ਅਜਿਹਾ ਕਰਨ ਤੋਂ ਵਰਜਦਾ। ਪਿੰਡ ਦੇ ਸਾਰੇ ਮੁੰਡੇ ਨਿੱਤ ਸ਼ਾਮ ਨੂੰ ਫੁਟਬਾਲ ਖੇਡਣ ਲੱਗੇ ਤੇ ਉਨ੍ਹਾਂ ਦੀ ਬੋਲਚਾਲ ਵਿਚ ਸੁਧਾਰ ਆਉਣ ਲੱਗਾ। "ਉਇ ਆ ਜਾ ਬਾਪੂ, ਸਾਲੇ ਨੇ ਘੰਟਾ ਲਾ ਦਿੱਤਾ", ਕਹਿਣ ਵਾਲੇ "ਬਾਪੂ ਜੀ ਆ ਜਾਵੋ" ਕਹਿਣ ਲੱਗ ਪਏ। ਲੜਨਾ-ਭਿੜਨਾ ਵੀ ਲਗਭਗ ਬੰਦ ਹੋ ਗਿਆ। ਉਸ ਦੀ ਘਰਵਾਲੀ ਵੀ ਪਿੰਡ ਵਿਚ ਗੇੜਾ ਦੇਣ ਲੱਗੀ। ਉਸ ਨੇ ਔਰਤਾਂ ਵਿਚ ਆਪਣੀ ਥਾਂ ਬਣਾ ਲਈ। ਉਹ ਉਨ੍ਹਾਂ ਨੂੰ ਗਾਲ੍ਹਾਂ ਕੱਢਣ ਅਤੇ ਲੜਾਈ ਕਰਨ ਤੋਂ ਵਰਜਦੀ। ਬੱਚਿਆਂ ਦੇ ਨਿੱਤ ਨਹਾਉਣ, ਕੱਪੜੇ ਧੋਣ, ਨਹੁੰ ਕੱਟਣ, ਵਾਲ ਵਾਹੁਣ ਲਈ ਪ੍ਰੇਰਦੀ। ਘਰ ਵਿਚ ਕੂੜਾਦਾਨ ਰੱਖਣ ਅਤੇ ਆਲਾ-ਦੁਆਲਾ ਸਾਫ਼ ਰੱਖਣ ਲਈ ਕਹਿੰਦੀ। ਗਲੀਆਂ-ਨਾਲੀਆਂ ਵਿਚ ਡੀ.ਡੀ.ਟੀ. ਸੁੱਟਣ ਲਈ ਆਖਦੀ। ਖਾਣ-ਪੀਣ, ਉਠਣ-ਬੈਠਣ, ਬੋਲਣ-ਚਾਲਣ ਦੇ ਗੁਰ ਸਮਝਾਉਂਦੀ।*

---

## ਕਾਵਿ-ਜਗਤ

### ਸਾਂਭ ਲਈਏ ਕਵਿਤਾ ਨੂੰ !

ਸਾਂਭ ਲਈਏ ਕਵਿਤਾ ਨੂੰ
ਉਸ ਵੇਲੇ ਲਈ...
ਚਾਰਦੀਵਾਰੀ ਕਮਰਿਆਂ ਅੰਦਰ,
ਪਰਦੇ ਘਰ ਦੇ ਬਾਹਰ ਹੋਣੇ
ਟੈਲੀਫ਼ੋਨ ਹੀ ਟੈਲੀਫ਼ੋਨ ਦਾ
ਸੁੱਖ ਦੁੱਖ ਪੁੱਛਦੇ ਹੋਣੇ
ਨਾਨਕਿਆਂ ਦੀ ਥਾਂਵੇਂ ਬੱਚਿਆਂ
'ਜੁਰਾਸਿਕ ਪਾਰਕ' ਜਾਣਾ
ਆਪ ਮਸ਼ੀਨ ਬਣਾ ਕੇ ਬੰਦਿਆਂ
ਉਸ ਤੋਂ ਪੱਛੜ ਜਾਣਾ
ਪੈਰਾਂ ਨੂੰ ਕਾਰਾਂ ਨੇ ਖੋਹਣਾ,
ਫ਼ੇਸਬੁੱਕ ਨੇ ਚਿਹਰਾ
ਔਣ ਜਾਣ ਦੇ ਸਾਧਨ ਹੁੰਦਿਆਂ
ਮੇਲ ਗੇਲ ਮੁੱਕ ਜਾਣਾ
ਕੁੱਖ ਵਿਕਣੀ ਮਸਨੂਈ,
ਮਮਤਾ ਨੇ ਸਰਕਾਰੀ ਹੋਣਾ
ਮੰਮੀ ਡੈਡੀ ਇਕ ਦੂਜੇ ਨੂੰ
ਹਫ਼ਤੇ ਪਿੱਛੋਂ ਤੱਕਣਾ
ਰਲ ਕੇ ਬਹਿਣ ਦੀ ਥਾਂਵੇਂ ਆਪਾਂ
ਕੰਪਿਊਟਰ 'ਤੇ ਬਹਿਣਾ
ਇੰਟਰਨੈਟ 'ਤੇ ਮਿਲਣਾ
ਕੁੱਲ ਦੁਨੀਆਂ ਦਾ ਗਿਆਨ,
ਦੁੱਖ ਗੁਆਂਢੀ ਦਾ
ਗੁੰਮਨਾਮ ਹੀ ਰਹਿਣਾ
ਯਾਦਾਂ ਹਾਸਿਆਂ ਰਿਸ਼ਤਿਆਂ ਨਾਲੋਂ
ਘਰ ਵਿਚ ਡੱਬੇ ਬਹੁਤੇ ਹੋਣੇ
ਕੱਪੜੇ ਥੋੜ੍ਹੇ ਹੋਣੇ,
ਲਾਹੁਣ ਦੇ ਪੈਸੇ ਬਹੁਤੇ ਮਿਲਣੇ
ਹਰ ਇੱਕ ਬੰਦਾ ਸੈਲ ਫ਼ੋਨ 'ਤੇ
ਇਕ ਦੂਜੇ ਨਾਲ ਜੁੜਿਆ ਹੋਣਾ
ਹਰ ਬੰਦਾ ਹਰ ਬੰਦੇ ਨਾਲੋਂ ਟੁੱਟਿਆ ਹੋਣਾ!
ਪਰ ਓਦੋਂ ਵੀ...
ਲੋਕਾਂ ਪਿਆਰ ਨੂੰ ਲੱਭਿਆ ਕਰਨਾ
ਚੁੱਪ ਦਾ ਤਰਸੇਵਾਂ ਨਾ ਮੁੱਕਣਾ
ਨਿਆਂ ਦਾ ਬਦਲ ਨਿਆਂ ਹੀ ਰਹਿਣਾ
ਸਾਹਾਂ ਦੇ ਫੰਭੇ ਬਾਝੋਂ
ਦੁੱਖ ਹਰਾ ਨਾ ਹੋਣਾ
ਪਿੱਠ 'ਤੇ ਟਿਕਦਾ ਮੋਹ ਭਰਿਆ
ਹੱਥ ਕਿਤੇ ਨਾ ਵਿਕਣਾ
ਦੋ ਅੱਖਾਂ 'ਚੋਂ ਸਗਲਾ ਜੱਗ
ਪੂਰਾ ਨਾ ਦਿਸਣਾ!
ਏਸ ਵਾਸਤੇ
ਆਪੋ ਆਪਣੀ ਛਾਤੀ ਵਿਚ
ਲੁਕਾ ਕੇ ਰੱਖੀਏ ਕਵਿਤਾ ਨੂੰ!

***-ਸੁਖਪਾਲ***
*(ਕਿਤਾਬ 'ਏਸ ਜਨਮ ਨਾ ਜਨਮੇ' ਵਿਚੋਂ)*

---

### ਮੇਰੇ ਸ਼ਿਅਰ

ਦੁਨੀਆਂ ਮੈਨੂੰ ਪੁਛਦੀ ਹੈ ਮੈਂ ਕੌਣ ਹਾਂ
ਵੱਜਿਆ ਜੋ ਹਰ ਸਾਜ਼ ਤੇ ਸੰਗੀਤ ਹਾਂ ਮੈਂ।
ਲਿਖਣ ਵਾਲੇ ਤੋਂ ਜੋ ਲਿਖਿਆ ਨਾ ਗਿਆ,
ਨਾ ਕਿਸੇ ਨੇ ਗਾਇਆ ਜੋ ਉਹ ਗੀਤ ਹਾਂ ਮੈਂ।
ਮੈਂ ਹਾਂ ਬੇਟੀ ਮੈਂ ਹਾਂ ਔਰਤ ਮੈਂ ਹਾਂ ਮਾਂ,
ਸਭ ਨੂੰ ਦੇਵਾਂ ਪਿਆਰ ਜੋ ਉਹ ਮੀਤ ਹਾਂ ਮੈਂ।
ਮੌਤ ਜਿਸ ਨੂੰ ਮਾਰਨੋਂ ਡਰਦੀ ਰਹੀ,
ਸੁਣ ਲੋ ਦੁਨੀਆਂ ਵਾਲਿਓ 'ਸੁਰਜੀਤ' ਹਾਂ ਮੈਂ।

ਜ਼ਿੰਦਗੀ ਤੇਰੇ ਤੋਂ ਪਰੇਸ਼ਾਨ ਹਾਂ ਮੈਂ,
ਜ਼ੁਲਮ ਤੇਰੇ ਦੇਖ ਕੇ ਹੈਰਾਨ ਹਾਂ ਮੈਂ।
ਗੁਰਬਤ ਪੀੜਾਂ ਦਰਦ ਮੇਰੇ ਕੋਲ ਨੇ,
ਲੋਕੀਂ ਫਿਰ ਵੀ ਆਖਦੇ ਧਨਵਾਨ ਹਾਂ ਮੈਂ।
ਮਾਰ ਲੈ ਜ਼ਿੰਦਗੀ ਤੂੰ ਮੈਨੂੰ ਮਾਰ ਲੈ,
ਮਾਰਾਂ ਖਾ ਖਾ ਹੋ ਗਈ ਬਲਵਾਨ ਹਾਂ ਮੈਂ।
ਰਹਿਣਾ ਹੈ 'ਸੁਰਜੀਤ' ਨੇ ਸੁਰਜੀਤ ਹੀ,
ਸੁਣ ਲਓ ਇਹ ਸੁਰਜੀਤ ਦਾ ਐਲਾਨ ਹਾਂ ਮੈਂ।

ਮੇਰੇ ਹੱਥ ਦੇ ਵਿਚ ਜੋ ਕਲਮ ਹੈ,
ਇਹ ਸਮੇਂ ਦੀ ਤਲਵਾਰ ਹੈ।
ਮੇਰੇ ਹਥ ਦੇ ਵਿਚ ਜੋ ਕਲਮ ਹੈ,
ਖੰਡੇ ਦੀ ਤਿਖੀ ਧਾਰ ਹੈ।
'ਸੁਰਜੀਤ' ਮੇਰੀ ਕਲਮ ਦੇ
ਇਸ ਵੇਗ ਨੇ ਰੁਕਣਾ ਨਹੀਂ,
ਉਚੀਆਂ ਉਡਾਣਾਂ ਭਰਨ ਲਈ
ਇਹ ਪਉਣ 'ਤੇ ਅਸਵਾਰ ਹੈ।

ਇਜ਼ਤਾਂ, ਸ਼ਰਮਾਂ ਵਾਲਿਓ ਲੋਕੋ
ਘਰਾਂ ਨੂੰ ਲਾ ਲਓ ਜਿੰਦਰੇ ਕੁੰਡੇ।
ਹੂਟਰ ਵਾਲੀਆਂ ਜੀਪਾਂ ਉਤੇ
ਗਲੀਆਂ ਦੇ ਵਿਚ ਫਿਰਦੇ ਗੁੰਡੇ।
ਧੀਓ-ਭੈਣੋ ਲੁਕ ਜਾਓ ਅੰਦਰੀਂ
ਪਈ 'ਸੁਰਜੀਤ' ਦੁਹਾਈਆਂ ਦੇਵੇ,
ਇਹ ਨੇ ਵੱਡੇ ਘਰਾਂ ਦੇ ਕਾਕੇ
ਇਹ ਨੇ ਮੰਤਰੀਆਂ ਦੇ ਮੁੰਡੇ।

ਹਰ ਪਿੰਡ ਤੇ ਹਰ ਸ਼ਹਿਰ ਕੀਰਨੇ,
ਪੈ ਰਹੇ ਵਿਚ ਪੰਜਾਬ ਨੇ।
ਆਸਮਾਨ ਤੇ ਡਾਰਾਂ ਬੰਨ ਬੰਨ
ਉਡਦੇ ਪਏ ਉਕਾਬ ਨੇ।
ਮੁੰਡੇ ਮੰਤਰੀਆਂ ਦੇ ਲਭਦੇ
ਹਰ ਦਿਨ ਨਵੇਂ ਸ਼ਬਾਬ ਨੇ।
ਜੋ ਵੀ ਦਿਸ ਪਏ ਕੁੜੀ ਸੜਕ 'ਤੇ,
ਲੈਂਦੇ ਚੁਕ ਜਨਾਬ ਨੇ।
ਕਿਹੜੇ ਖੂਹ ਵਿਚ ਜਾਵਣ ਮਾਪੇ,
ਕਿਹੜੇ ਖੂਹ ਵਿਚ ਜਾਵਣ ਧੀਆਂ।
ਪੁਛ 'ਸੁਰਜੀਤ' ਮਜੀਠੀਆ ਜੀ ਤੋਂ,
ਦਿੰਦੇ ਕੀ ਜਵਾਬ ਨੇ?

ਹੋਣਾ ਸੀ ਅੰਜਾਮ ਵੀ ਸੋਹਣਾ
ਜੇ ਕਰ ਬੁਰਾ ਆਗਾਜ ਨਾ ਹੁੰਦਾ।
ਧਰਮ ਦੇ ਨਾਂ 'ਤੇ ਕਤਲ ਨਾ ਹੁੰਦੇ,
ਘਟੀਆ ਜਿਹਾ ਸਮਾਜ ਨਾ ਹੁੰਦਾ।
ਨਾ ਫਿਰ ਕੋਈ ਭਬੀਖਣ ਬਣਦਾ,
ਰਾਵਣ ਦੇ ਸਿਰ ਤਾਜ ਨਾ ਹੁੰਦਾ।
ਜੇ 'ਸੁਰਜੀਤ' ਪੰਜਾਬ ਮੇਰੇ ਵਿਚ,
ਬੇਈਮਾਨਾਂ ਦਾ ਰਾਜ ਨਾ ਹੁੰਦਾ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

### ਆਸਾ ਰਾਮ

ਚੇਲੇ ਚਪਟੇ ਲੁਕ-ਛਿਪ ਕੇ
ਹੁਣ ਜਾਨ ਬਚਾਉਂਦੇ ਆ।
ਆਸਾ ਰਾਮ ਦੇ ਡੇਰਿਆਂ 'ਤੇ
ਤਾਂ ਕਾਂ ਕੁਰਲਾਉਂਦੇ ਆ।

ਪ੍ਰਜਾਪਤੀ ਮੁਤਾਬਕ
ਬਾਪੂ ਪੂਰਾ ਸ਼ੌਕੀ ਸੀ।
ਕੁਟੀਆ ਇਕ ਸਪੈਸ਼ਲ
ਜਿਥੇ ਲਾਉਂਦਾ ਚੌਂਕੀ ਸੀ।
ਸ਼ਿਵੇ ਹੁਣੀਂ ਵੀ
ਬਾਪੂ 'ਤੇ ਹੀ ਦੋਸ਼ ਲਗਾਉਂਦੇ ਆ।
ਸਾਧ ਦੇ ਡੇਰਿਆਂ ਉਪਰ
ਬੈਠੇ ਕਾਂ ਕੁਰਲਾਉਂਦੇ ਆ।

ਸ਼ਿਲਪੀ ਕਿਥੇ ਮਿਲ ਪੀ
ਆਸੂ ਦਿਲ ਵਿਚ ਕਹਿੰਦਾ ਹੋਊ।
ਨੀਂਦ ਨਈਂ ਆਉਂਦੀ ਹੋਣੀ
ਰਾਤੀਂ ਉਠ ਉਠ ਬਹਿੰਦਾ ਹੋਊ।
ਵੈਦ ਫਸੇ ਹੋਏ
ਤੌਬਾ ਤੌਬਾ ਕਹਿ ਪਛਤਾਉਂਦੇ ਆ।
ਹੁਣ ਆਸੂ ਦੇ ਡੇਰੇ ਦੇ ਉਪਰ
ਕਾਂ ਕੁਰਲਾਉਂਦੇ ਆ।

'ਰਾਜ' ਵੇਖ ਲੈ ਵੱਜ ਗਿਆ ਹੈ
ਸੰਖ ਬੁਰਾਈ ਦਾ।
ਚੀਮਨੇ ਵਾਲਿਆ ਏਦਾਂ ਈ ਹੁੰਦਾ
ਅੰਤ ਬੁਰਾਈ ਦਾ।
ਗੁਰਮੁਖ ਲਾਹੇ ਲੈਂਦੇ
ਪਾਪੀ ਪਾਪ ਕਮਾਉਂਦੇ ਆ।
ਆਸਾ ਰਾਮ ਦੇ ਡੇਰਿਆਂ 'ਤੇ
ਹੁਣ ਕਾਂ ਕੁਰਲਾਉਂਦੇ ਆ।

***-ਰਾਜ ਧਾਲੀਵਾਲ***

---

### ਹਾਇਕੂ

ਵਿਦੇਸ਼ੀ ਪੁੱਤ
ਸਵੇਰਿਆਂ ਦੇ ਸੁੱਤੇ
ਰਾਤੀਂ ਜਾਗਣ

---

ਆਪਣਾ ਸੱਚ
ਧੁਰ ਅੰਦਰ ਤੀਕ
ਕੂੜ ਕੰਬਾਵੇ।

***-ਜਨਮੇਜਾ ਸਿੰਘ ਜੌਹਲ***

# ਅਕਾਲੀ ਆਗੂ ਵੱਲੋਂ ਥਾਣੇਦਾਰ ਨੂੰ ਕੁਟਾਪਾ

**ਮੁਹਾਲੀ :** ਪੰਜਾਬ ਵਿਚ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਸੋਹਾਣਾ ਜ਼ੋਨ ਤੋਂ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਅਤੇ ਲੇਬਰਫੈਡ ਪੰਜਾਬ ਦੇ ਵਾਈਸ ਚੇਅਰਮੈਨ ਪਰਮਿੰਦਰ ਸਿੰਘ ਸੋਹਾਣਾ ਨੇ ਪੰਜਾਬ ਪੁਲਿਸ ਦੇ ਏ.ਐਸ.ਆਈ. ਜਗਮਾਲ ਸਿੰਘ ਦੀ ਕੁੱਟ-ਮਾਰ ਕੀਤੀ। ਪੁਲਿਸ ਨੇ ਅਕਾਲੀ ਆਗੂ ਪਰਮਿੰਦਰ ਸਿੰਘ ਤੇ ਗੁਰਵਿੰਦਰ ਸਿੰਘ ਸਣੇ ਕਈ ਵਿਅਕਤੀਆਂ ਖ਼ਿਲਾਫ਼ ਸੈਂਟਰਲ ਥਾਣਾ ਫੇਜ਼-8 ਵਿਚ ਕੇਸ ਦਰਜ ਕਰ ਲਿਆ ਹੈ। ਝਗੜੇ ਦਾ ਕਾਰਨ ਸੜਕ 'ਤੇ ਅਕਾਲੀ ਆਗੂ ਨੂੰ ਰਾਹ ਨਾ ਦੇਣਾ ਤੇ ਕਾਰ ਨੂੰ ਟੱਕਰ ਮਾਰਨਾ ਦੱਸਿਆ ਗਿਆ ਹੈ।

ਸੈਂਟਰਲ ਥਾਣਾ ਫੇਜ਼-8 ਦੇ ਐਸ.ਐਚ.ਓ. ਕੁਲਬੀਰ ਸਿੰਘ ਸੰਧੂ ਨੇ ਅਕਾਲੀ ਆਗੂ ਖ਼ਿਲਾਫ਼ ਕੇਸ ਦਰਜ ਕਰਨ ਦੀ ਪੁਸ਼ਟੀ ਕੀਤੀ ਹੈ। ਥਾਣੇਦਾਰ ਜਗਮਾਲ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਤੇ ਰਾਜ ਸਭਾ ਦੇ ਮੈਂਬਰ ਸੁਖਦੇਵ ਸਿੰਘ ਢੀਂਡਸਾ ਦੀ ਪਾਇਲਟ ਜਿਪਸੀ ਦਾ ਡਰਾਈਵਰ ਹੈ ਜੋ ਇੱਥੋਂ ਦੇ ਸੈਂਟਰਲ ਥਾਣਾ ਫੇਜ਼-8 ਸਥਿਤ ਪੁਲਿਸ ਰਿਹਾਇਸ਼ੀ ਕੰਪਲੈਕਸ ਵਿਚ ਰਹਿੰਦਾ ਹੈ। ਥਾਣੇਦਾਰ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਕਿਹਾ ਹੈ ਕਿ ਉਹ ਆਪਣੇ ਪਰਿਵਾਰ ਨਾਲ ਮੁਹਾਲੀ ਨੇੜਲੇ ਪਿੰਡ ਸਨੇਟਾ ਆਪਣੀ ਰਿਸ਼ਤੇਦਾਰੀ ਵਿਚ ਗਿਆ ਸੀ ਤੇ ਵਾਪਸੀ ਵੇਲੇ ਉਹ ਆਪਣੇ ਘਰ ਨੇੜੇ ਪੁੱਜਾ ਹੀ ਸੀ ਕਿ ਪਿੱਛੋਂ ਅਕਾਲੀ ਆਗੂ ਤੇ ਸਾਥੀਆਂ ਨੇ ਅੱਗੇ ਹੋ ਕੇ ਉਸ ਨੂੰ ਘੇਰ ਲਿਆ। ਇਨ੍ਹਾਂ ਨੇ ਉਸ (ਥਾਣੇਦਾਰ) ਦੀ ਕੁੱਟਮਾਰ ਕੀਤੀ ਜਿਸ ਕਾਰਨ ਉਸ ਨੂੰ ਕਾਫੀ ਗੰਭੀਰ ਸੱਟਾਂ ਲੱਗੀਆਂ ਹਨ। ਬਾਅਦ ਵਿਚ ਜਦੋਂ ਹਮਲਾਵਰਾਂ ਨੂੰ ਇਸ ਗੱਲ ਦਾ ਪਤਾ ਚੱਲਿਆ ਕਿ ਉਹ ਸੀਨੀਅਰ ਅਕਾਲੀ ਆਗੂ ਦਾ ਡਰਾਈਵਰ ਹੈ ਤਾਂ ਉਹ ਘਬਰਾ ਗਏ।

ਪਰਮਿੰਦਰ ਸਿੰਘ ਨੇ ਥਾਣੇਦਾਰ ਵੱਲੋਂ ਕੁੱਟਮਾਰ ਕਰਨ ਦੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਥਾਣੇਦਾਰ ਨੇ ਸ਼ਰਾਬ ਪੀਤੀ ਹੋਈ ਸੀ ਅਤੇ ਉਸ ਨੇ ਪਹਿਲਾਂ ਪਿੰਡ ਲਖਨੌਰ ਕੋਲ ਉਸ ਦੀ ਗੱਡੀ ਨੂੰ ਸਾਈਡ ਮਾਰੀ ਅਤੇ ਥੋੜ੍ਹਾ ਅੱਗੇ ਜਾ ਕੇ ਫਿਰ ਕਾਰ ਨੂੰ ਹਿੱਟ ਕੀਤਾ। ਇਸ ਤੋਂ ਬਾਅਦ ਉਨ੍ਹਾਂ ਨੇ ਥਾਣੇਦਾਰ ਨੂੰ ਅੱਗੇ ਘੇਰ ਲਿਆ। ਇਸ ਦੌਰਾਨ ਤੂੰ-ਤੂੰ ਮੈਂ-ਮੈਂ ਤੋਂ ਬਾਅਦ ਗੱਲ ਹੱਥੋਪਾਈ ਤੱਕ ਪਹੁੰਚ ਗਈ।

# ਬਾਬਾ ਗੁਰਦਿੱਤਾ ਦਾ ਜਨਮ ਦਿਹਾੜਾ ਮਨਾਇਆ

**ਸਪਰਿੰਗਫੀਲਡ, ਓਹਾਇਓ (ਬਿਊਰੋ):** ਸਥਾਨਕ ਸੰਗਤਾਂ ਵਲੋਂ ਇਥੇ ਬਾਬਾ ਗੁਰਦਿੱਤਾ ਜੀ ਦਾ ਜਨਮ ਦਿਹਾੜਾ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਹ ਸਮਾਗਮ ਪਿੰਡ





ਲੁਹਾਰਾਂ, ਜਿਲ੍ਹਾ ਜਲੰਧਰ ਦੇ ਜੰਮਪਲ ਅਵਤਾਰ ਸਿੰਘ ਦੇ ਗ੍ਰਹਿ ਵਿਖੇ ਹਰ ਸਾਲ ਕੀਤਾ ਜਾਂਦਾ ਹੈ। ਇਸ ਵਾਰ ਇਹ ਸੋਲਵਾਂ ਸਮਾਗਮ ਸੀ।

ਅਖੰਡ ਪਾਠ ਦੇ ਭੋਗ ਉਪਰੰਤ ਸਜੇ ਦੀਵਾਨ ਵਿਚ ਗੁਰਦੁਆਰਾ ਡੇਅਟਨ ਦੇ ਮੁੱਖ ਗ੍ਰੰਥੀ ਭਾਈ ਦਰਸ਼ਨ ਸਿੰਘ, ਭਾਈ ਮਨਜੀਤ ਸਿੰਘ ਇੰਡੀਆਨਾ, ਡਾ. ਤਰਸੇਮ ਸਿੰਘ ਅਜੀਮਲ ਯੂ.ਕੇ., ਭਾਈ ਚਰਨ ਸਿੰਘ ਲੁਹਾਰਾਂ ਤੇ ਬੱਚੀ ਰਵਜੋਤ ਕੌਰ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਕਥਾਵਾਚਕ ਭਾਈ ਨਿਰਮਲ ਸਿੰਘ ਤੇ ਡੇਅਟਨ ਗੁਰਦੁਆਰੇ ਦੇ ਮੁੱਖ ਗ੍ਰੰਥੀ ਭਾਈ ਦਰਸ਼ਨ ਸਿੰਘ ਨੇ ਕਥਾ ਕੀਤੀ। ਸ. ਕਰਨਵੀਰ ਸਿੰਘ ਤੇ ਭਾਈ ਨਾਜਰ ਸਿੰਘ ਨੇ ਤਬਲੇ 'ਤੇ ਸਾਥ ਦਿੱਤਾ। ਭਾਈ ਦਰਸ਼ਨ ਸਿੰਘ, ਐਸ. ਅਸ਼ੋਕ ਭੌਰਾ, ਮੱਖਣ ਲੁਹਾਰ, ਰਾਮ ਸਿੰਘ ਸ਼ਿਕਾਗੋ, ਡਾ. ਤਰਸੇਮ ਸਿੰਘ ਅਜੀਮਲ ਨੇ ਬਾਬਾ ਗੁਰਦਿੱਤਾ ਜੀ ਦੇ ਜੀਵਨ ਅਤੇ ਸਿੱਖਿਆਵਾਂ ਉਤੇ ਝਾਤ ਪਾਈ। ਸਪਰਿੰਗਫੀਲਡ ਤੋਂ ਇਲਾਵਾ ਡੇਅਟਨ, ਸਿਨਸਿਨੈਟੀ, ਸ਼ਿਕਾਗੋ, ਮਿਸ਼ੀਗਨ, ਕੈਲੀਫੋਰਨੀਆ, ਨਿਊ ਯਾਰਕ ਆਦਿ ਸ਼ਹਿਰਾਂ ਤੋਂ ਵੀ ਸੰਗਤਾਂ ਨੇ ਇਸ ਦੀਵਾਨ ਵਿਚ ਹਾਜ਼ਰੀ ਭਰੀ।

# ਸ਼ਹਿਰਾਂ ਤੇ ਕਸਬਿਆਂ 'ਚ ਬੇਰੁਜ਼ਗਾਰੀ ਦੀ ਦਰ ਘਟੀ

**ਨਵੀਂ ਦਿੱਲੀ:** ਸਰਕਾਰੀ ਰਿਪੋਰਟ ਅਨੁਸਾਰ 2009-10 ਤੱਕ ਖਤਮ ਹੋਈ 5 ਸਾਲਾਂ ਦੀ ਮਿਆਦ ਵਿਚ ਜਿਥੇ ਸ਼ਹਿਰਾਂ ਤੇ ਕਸਬਿਆਂ ਦੇ ਵਿਚ ਬੇਰੁਜ਼ਗਾਰੀ ਦਰ ਘਟੀ ਹੈ, ਉਥੇ ਲੁਧਿਆਣਾ, ਆਗਰਾ ਅਤੇ ਮੇਰਠ 'ਚ ਇਨ੍ਹਾਂ ਪੰਜ ਸਾਲਾਂ ਦੌਰਾਨ ਬੇਰੁਜ਼ਗਾਰੀ ਦਰ ਕਾਫੀ ਤੇਜ਼ੀ ਨਾਲ ਵਧੀ ਹੈ।

ਕੌਮੀ ਸੈਂਪਲ ਸਰਵੇ ਸੰਸਥਾ (ਐਨ. ਐਸ. ਐਸ.ਓ.) ਵਲੋਂ ਕੀਤੇ ਗਏ ਸਰਵੇਖਣ ਮੁਤਾਬਕ ਲੁਧਿਆਣਾ 'ਚ ਹੁਣ ਬੇਰੁਜ਼ਗਾਰੀ ਦਰ 6.3% ਹੈ ਜੋ 2004-05 ਦੇ ਵਿਚ ਕੇਵਲ 1.2 ਸੀ। ਇਸੇ ਤਰ੍ਹਾਂ ਆਗਰਾ ਵਿਚ ਇਹ ਦਰ 0.2% ਤੋਂ ਵਧ ਕੇ 5.5% ਤੱਕ ਪਹੁੰਚ ਗਈ ਹੈ ਜਦਕਿ ਮੇਰਠ 'ਚ ਵੀ ਬੇਰੁਜ਼ਗਾਰੀ ਦਰ ਵਧ ਕੇ 3.9% ਹੋ ਗਈ ਹੈ। ਸਰਵੇਖਣ ਅਨੁਸਾਰ ਵੱਧ ਤੋਂ ਵੱਧ ਬੇਰੁਜ਼ਗਾਰੀ ਦਰ ਪਟਨਾ (13.2 ਫੀਸਦੀ) ਅਤੇ ਕਾਨਪੁਰ (7.7 ਫੀਸਦੀ) ਵਿਚ ਦਰਜ ਕੀਤੀ ਗਈ; ਜਦਕਿ ਸਭ ਤੋਂ ਘੱਟ ਬੇਰੁਜ਼ਗਾਰੀ ਦਰ ਭੁਪਾਲ (0.1 ਫੀਸਦੀ) 'ਚ ਦਰਜ ਕੀਤੀ ਗਈ ਜਿਸ ਤੋਂ ਬਾਅਦ ਸੂਰਤ 'ਚ (0.6 ਫੀਸਦੀ) ਤੇ ਇੰਦੌਰ 'ਚ (0.8 ਫੀਸਦੀ) ਦਾ ਨੰਬਰ ਹੈ। ਕਸਬਿਆਂ ਤੇ ਸ਼ਹਿਰਾਂ 'ਚ ਨੌਕਰੀਆਂ ਦੇ ਖੇਤਰ 'ਚ ਸੁਧਾਰ ਬਾਰੇ ਦੱਸਦਿਆਂ ਸਰਵੇਖਣ 'ਚ ਦੱਸਿਆ ਗਿਆ ਕਿ ਇਸ ਪੰਜ ਸਾਲ ਦੀ ਮਿਆਦ ਦੌਰਾਨ ਸ਼ਹਿਰਾਂ ਤੇ ਕਸਬਿਆਂ 'ਚ ਓਵਰਆਲ ਬੇਰੁਜ਼ਗਾਰੀ ਦਰ 3.8 ਫੀਸਦੀ ਤੋਂ ਘੱਟ ਕੇ 2.8 ਫੀਸਦੀ ਰਹਿ ਗਈ ਹੈ।

# ਸਿੱਖ ਬੀਬੀ ਚੋਰੀ ਦੇ ਕੇਸ ਵਿਚੋਂ ਬਰੀ

**ਲੰਡਨ:** ਬਰਤਾਨੀਆ ਦੀ ਇਕ ਸਿੱਖ ਬੀਬੀ ਨੂੰ ਅਦਾਲਤ ਨੇ ਕਾਗਜ਼ੀ ਕਾਰਵਾਈ ਵਿਚ ਤਰੁੱਟੀ ਰਹਿਣ ਕਰ ਕੇ ਚੋਰੀ ਦੇ ਕੇਸ ਵਿਚੋਂ ਬਰੀ ਕਰ ਦਿੱਤਾ ਹੈ। ਸਤਨਾਮ ਕੌਰ ਉਤੇ ਦੋਸ਼ ਸੀ ਕਿ ਉਸ ਨੇ ਸਕਾਟਲੈਂਡ ਦੇ ਸ਼ਹਿਰ ਐਬਰਡੀਨ ਵਿਖੇ ਰਾਇਲ ਬੈਂਕ ਆਫ ਸਕਾਟਲੈਂਡ ਵਿਚੋਂ ਗਾਹਕਾਂ ਦੇ 175000 ਪੌਂਡ ਕਢਵਾ ਲਏ ਸਨ। 30 ਸਾਲਾ ਇਸ ਸਿੱਖ ਬੀਬੀ ਖ਼ਿਲਾਫ਼ ਜਦੋਂ ਕੇਸ ਪਾਇਆ ਗਿਆ ਤਾਂ ਉਸ ਵਿਚ 'ਬਾਏ ਅਥਾਰਟੀ ਆਫ਼ ਹਰ ਮਜੈਸਟੀ'ਜ਼ ਐਡਵੋਕੇਟ' ਨਾ ਲਿਖੇ ਜਾਣ ਕਾਰਨ ਕੇਸ ਕਾਨੂੰਨੀ ਰੂਪ ਨਾ ਲੈ ਸਕਿਆ।

ਬੀਬੀ ਸਤਨਾਮ ਕੌਰ ਨੇ ਬੈਂਕ ਵਿਚ ਗਾਹਕ ਸਲਾਹਕਾਰ ਵਜੋਂ ਕੰਮ ਕਰਦਿਆਂ ਦੋ ਖਾਤਿਆਂ ਵਿਚੋਂ ਰਕਮ ਕਢਵਾਈ। ਉਸ ਨੇ ਯੂਰੋ ਵਿਚ ਰਾਸ਼ੀ ਕਢਵਾਈ ਤੇ 120000 ਪੌਂਡ ਦਾ ਚੈਕ ਆਪਣੇ ਖਾਤੇ ਵਿਚ ਲਵਾਇਆ। ਅਦਾਲਤ ਨੇ ਕਿਹਾ ਕਿ ਗਾਹਕਾਂ ਨੂੰ ਇਸ ਨਾਲ ਕੋਈ ਵਿੱਤੀ ਨੁਕਸਾਨ ਨਹੀਂ ਹੋਇਆ। ਬੈਂਕ ਨੂੰ ਜਦੋਂ ਇਸ 'ਠੱਗੀ' ਦਾ ਪਤਾ ਲੱਗਾ ਤਾਂ ਉਸ ਨੂੰ ਕੱਢ ਦਿੱਤਾ ਗਿਆ।

RKtravel
assuring you the best
999 N. Main Street, #206
Glen Ellyn, IL 60137
Discounted fares to India on: Qatar Airways, Emirates, Air India, Etihad Airways, Lufthansa, and more
QATAR AIRWAYS القطرية
Ph: 630-858-7200

OKKJI Transfer LLC.
15238 Radiance Dr., Noblesville, IN, 46060
ਓਨਰ ਅਪਰੇਟਰ ਚਾਹੀਦੇ ਹਨ
*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ
ਕਾਗਜ਼ ਦਿਓ ਤੇ ਪੈਸੇ ਲਓ



ਟਰੱਕ ਪਾਰਕਿੰਗ ਮਾਸਿਕ ਰੈਂਟ 'ਤੇ ਉਪਲਬਧ ਹੈ
ਸੰਪਰਕ ਕਰੋ:
Toll Free: 1-855-966-5554
Manny Sandhu: 317-603-1000, Sam Bhullar: 732-486-9045
Fax: 317-774-9665

ਹਰ ਯਾਦਗਾਰੀ ਪਲ ਨੂੰ ਵੀਡੀਓਗ੍ਰਾਫੀ/ਫੋਟੋਗ੍ਰਾਫੀ ਰਾਹੀਂ ਸੰਭਾਲਣ ਦੇ ਮਾਹਿਰ
AK Photographers & Videographers



ਵਿਆਹ-ਸ਼ਾਦੀ, ਮਹਿੰਦੀ, ਜਨਮ ਦਿਨ ਪਾਰਟੀ
- Live show of wedding & ongoing with projector.
- Family posters, couple posters, wall posters & more items.
- Online client access room to view worldwide.
- Multi cameras shooting.
We also provide DJ & Dholi.
Call:414-544-5328, 414-349-7437, 317-755-9974
www.akphotographers.com

INDIAN BAZAAR ਇੰਡੀਅਨ ਬਜ਼ਾਰ
334 S. Emerson Ave., GREENWOOD, IN 46143
ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਅਤੇ ਮਿਠਾਈਆਂ ਲਈ ਮਸ਼ਹੂਰ
■ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ
■ਕੈਟਰਿੰਗ ਵੀ ਕਰਦੇ ਹਾਂ
■ਵੱਡੇ ਆਰਡਰ ਲਈ ਸਪੈਸ਼ਲ ਰੇਟ
■ਤਾਜ਼ਾ ਸਬਜ਼ੀਆਂ ਹਰ ਵੀਰਵਾਰ
ਧਾਰਮਿਕ ਪ੍ਰੋਗਰਾਮਾਂ ਲਈ 10% ਛੋਟ
ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।
ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ
ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ



Ph: 317-534-5151, 317-997-9140
ਗਾਹਕਾਂ ਅਤੇ ਸਰਪ੍ਰਸਤਾਂ ਨੂੰ
ਦੀਵਾਲੀ ਮੁਬਾਰਕ
ਦੇਸੀ ਘਿਓ ਦੀਆਂ ਜਲੇਬੀਆਂ
$2.99



ਗੁਰੂ ਨਾਨਕ ਪਾਤਸ਼ਾਹ ਦੇ ਪ੍ਰਕਾਸ਼ ਪੁਰਬ ਤੱਕ ਸਪੈਸ਼ਲ ਸੇਲ

ਆਪਣੇ ਰੂਪ ਨੂੰ ਚਾਰ ਚੰਨ ਲਾਓ
DESIGNER LEHANGAS, SUITS, SAREES, KIDS WEAR
ਡਿਜ਼ਾਈਨਰ ਲਹਿੰਗੇ, ਸੂਟ ਤੇ ਸਾੜੀਆਂ
ਬੱਚਿਆਂ ਦੀਆਂ ਪੁਸ਼ਾਕਾਂ
Gidha Bhangra Dresess On Rent
Preet BOUTIQUE
ਵਿਆਹ-ਸ਼ਾਦੀ ਦੇ ਸ਼ਗਨਾਂ ਲਈ ਕਲੀਰੇ, ਗਾਨੇ, ਸੁਰਮੇਦਾਨੀ, ਕਿਰਪਾਨ, ਕਲਗੀ, ਸਿਹਰਾ, ਚੂੜਾ, ਜਾਗੋ ਮਟਕੀ, ਪਰਾਂਦੀ ਤੇ ਹੋਰ ਸਭ ਕੁਝ ਮਿਲਦਾ ਹੈ
Call: 317-603-4018, 317-332-1387
E-mail:spkaurus@yahoo.co.in
Facebook preetboutique

# ਪੰਜਾਬ ਤੋਂ ਖੁੱਸ ਰਿਹੈ ਅੰਨ ਦਾਤੇ ਦਾ ਤਾਜ

**ਨਵੀਂ ਦਿੱਲੀ:** ਭਾਰਤ ਦੇ ਅੰਨ ਦਾਤਾ ਵਜੋਂ ਵਡਿਆਏ ਜਾਂਦੇ ਪੰਜਾਬ ਸੂਬੇ ਤੋਂ ਇਹ ਉਪਾਧੀ ਖੁੱਸਦੀ ਨਜ਼ਰ ਆ ਰਹੀ ਹੈ। ਪੰਜਾਬ ਵਿਚ ਇਸ ਕਿੱਤੇ ਦੀ ਘੱਟ ਸਾਲਾਨਾ ਔਸਤ ਵਿਕਾਸ ਦਰ ਚਿੰਤਾ ਦਾ ਵਿਸ਼ਾ ਬਣਦੀ ਜਾ ਰਹੀ ਹੈ। ਭਾਰਤ ਸਰਕਾਰ ਦੇ ਖੇਤੀਬਾੜੀ ਮੰਤਰਾਲੇ ਵੱਲੋਂ ਸਾਲ 2012-13 ਵਿਚ ਭਾਰਤੀ ਖੇਤੀਬਾੜੀ ਦੀ ਅਵਸਥਾ ਬਾਰੇ ਪੇਸ਼ ਕੀਤੀ ਰਿਪੋਰਟ ਮੁਤਾਬਕ 2007-08 ਤੋਂ 2011-12 ਦਰਮਿਆਨ ਖੇਤੀਬਾੜੀ ਤੋਂ ਪੰਜਾਬ ਦੇ ਕੁੱਲ ਘਰੇਲੂ ਉਤਪਾਦ ਦੀ ਸਾਲਾਨਾ ਔਸਤਨ ਵਿਕਾਸ ਦਰ 1.6 ਫੀਸਦੀ ਹੈ। ਅੰਕੜਿਆਂ 'ਤੇ ਝਾਤ ਮਾਰਨ 'ਤੇ ਇਹ ਵੀ ਪਤਾ ਲੱਗਦਾ ਹੈ ਕਿ ਦੇਸ਼ ਦੇ 20 ਸੂਬਿਆਂ ਦੀ ਵਿਕਾਸ ਕਾਰਗੁਜ਼ਾਰੀ ਵਿਚ ਪੰਜਾਬ 18ਵੇਂ ਨੰਬਰ 'ਤੇ ਹੈ।



ਇਸ ਸੂਚੀ ਵਿਚ ਸਭ ਤੋਂ ਉਪਰ ਮੱਧ ਪ੍ਰਦੇਸ਼ ਦਾ ਨਾਂ ਆਉਂਦਾ ਹੈ, ਜਿਸ ਨੇ 11ਵੀਂ ਪੰਜ ਸਾਲਾ ਯੋਜਨਾ ਵਿਚ 7.6 ਫੀਸਦੀ ਦੀ ਦਰ ਨਾਲ ਵਿਕਾਸ ਕੀਤਾ ਹੈ। ਉਸ ਤੋਂ ਬਾਅਦ ਛਤੀਸਗੜ੍ਹ, ਰਾਜਸਥਾਨ ਤੇ ਝਾਰਖੰਡ ਦਾ ਨਾਂ ਆਉਂਦਾ ਹੈ। 20 ਸੂਬਿਆਂ ਦੀ ਸੂਚੀ ਵਿਚ ਪੰਜਾਬ ਤੋਂ ਬਾਅਦ ਸਿਰਫ ਹਿਮਾਚਲ ਪ੍ਰਦੇਸ਼ ਤੇ ਕੇਰਲ ਦਾ ਨਾਂ ਹੀ ਆਉਂਦਾ ਹੈ। ਸਾਲ 2011-2012 ਵਿਚ ਮੱਧ ਪ੍ਰਦੇਸ਼ ਨੇ 190 ਲੱਖ 46 ਹਜ਼ਾਰ ਟਨ ਅਨਾਜ ਦਾ ਉਤਪਾਦਨ ਕੀਤਾ ਸੀ, ਜਿਸ ਨੇ ਭਾਰਤ ਦੇ ਸਭ ਸੂਬਿਆਂ ਤੋਂ ਵੱਧ 19 ਫੀਸਦੀ ਵਿਕਾਸ ਦਰ ਦਰਜ ਕੀਤੀ। ਜ਼ਮੀਨ ਦੇ ਰਕਬੇ ਤੇ ਕੁਦਰਤੀ ਵਸੀਲਿਆਂ ਦੀ ਲਗਾਤਾਰ ਘਾਟ ਇਸ ਘੱਟ ਵਿਕਾਸ ਦਰ ਦਾ ਇਕ ਕਾਰਨ ਮੰਨੀ ਜਾ ਰਹੀ ਹੈ ਪਰ ਇਹ ਸਮੱਸਿਆਵਾਂ ਰਾਜ ਪੱਧਰ 'ਤੇ ਨਹੀਂ, ਸਗੋਂ ਦੇਸ਼ ਪੱਧਰ 'ਤੇ ਵਿਚਾਰਨਯੋਗ ਹਨ।

ਰਿਪੋਰਟ ਮੁਤਾਬਕ ਦੇਸ਼ ਵਿਚ ਪਾਣੀ ਦਾ ਜ਼ਮੀਨੀ ਪੱਧਰ ਲਗਾਤਾਰ ਥੱਲੇ ਜਾ ਰਿਹਾ ਹੈ। ਇਸ ਸਮੱਸਿਆ ਨਾਲ ਸਿਰਫ ਪੰਜਾਬ ਹੀ ਨਹੀਂ ਸਗੋਂ ਉੱਤਰ ਪ੍ਰਦੇਸ਼, ਰਾਜਸਥਾਨ, ਬਿਹਾਰ, ਝਾਰਖੰਡ, ਪੱਛਮੀ ਬੰਗਾਲ ਤੇ ਹਰਿਆਣਾ ਵੀ ਜੂਝ ਰਹੇ ਹਨ। ਦੇਸ਼ ਭਰ ਵਿਚ ਖੇਤੀਬਾੜੀ ਦੇ ਨਿਵੇਸ਼ ਵਿਚ ਵੀ ਘਾਟ ਵੇਖਣ ਨੂੰ ਮਿਲੀ ਹੈ। ਸਰਕਾਰੀ ਖੇਤਰ ਵੱਲੋਂ ਖੇਤੀਬਾੜੀ ਵਿਚ ਨਿਵੇਸ਼ 2006-07 ਦੇ ਮੁਕਾਬਲੇ 25 ਫੀਸਦੀ ਤੋਂ ਘਟ ਕੇ 15 ਫੀਸਦੀ ਰਹਿ ਗਿਆ ਹੈ। ਨਿੱਜੀ ਸੈਕਟਰ ਨੇ ਇਸ ਵਿਚ ਆਪਣੀ ਭਾਗੀਦਾਰੀ ਵਧਾ ਕੇ 75 ਤੋਂ 85 ਫੀਸਦੀ ਕਰ ਦਿੱਤੀ ਹੈ। ਖੇਤੀਬਾੜੀ ਖੋਜ ਬਾਰੇ ਭਾਰਤੀ ਕੌਂਸਲ ਮੁਤਾਬਿਕ ਕੁਝ ਭੂਗੋਲਿਕ ਰਕਬੇ ਵਿਚੋਂ ਜ਼ਮੀਨ ਦੀ ਉਪਜਾਊ ਸ਼ਕਤੀ ਲਗਾਤਾਰ ਘਟ ਹੋ ਰਹੀ ਹੈ, ਜਿਸ ਕਾਰਨ ਕਟਾਅ ਹੋਣ ਕਾਰਨ ਹਰ ਸਾਲ 5.3 ਅਰਬ ਟਨ ਜ਼ਮੀਨ ਦਾ ਨੁਕਸਾਨ ਹੋ ਰਿਹਾ ਹੈ। ਇਸ ਤੋਂ ਇਲਾਵਾ ਸ਼ਹਿਰੀਕਰਨ ਅਤੇ ਉਦਯੋਗੀਕਰਨ ਕਾਰਨ ਵੀ ਖੇਤੀ ਯੋਗ ਜ਼ਮੀਨ ਵਿਚ ਵੀ ਲਗਾਤਾਰ ਕਮੀ ਆ ਰਹੀ ਹੈ। 2010-11 ਵਿਚ ਖੇਤੀਬਾੜੀ ਵਿਚ ਦੇਸ਼ ਦਾ ਸਭ ਤੋਂ ਉੱਚਾ ਐਵਾਰਡ 'ਕ੍ਰਿਸ਼ੀ ਕਰਮਣ' ਐਵਾਰਡ ਹਾਸਲ ਕਰਨ ਵਾਲੇ ਪੰਜਾਬ ਨੂੰ ਅਜਿਹੀ ਕਿਹੜੀ ਵਾਅ ਲਗੀ ਹੈ ਕਿ ਜਿਸ ਨੇ ਪੰਜਾਬ ਦੇ ਇਸ ਮੁੱਖ ਕਿੱਤੇ ਦੇ ਵਿਕਾਸ ਨੂੰ ਇੰਨਾ ਹੇਠਾਂ ਪਹੁੰਚਾ ਦਿੱਤਾ ਹੈ।

# ਹਰਿਮੰਦਰ ਸਾਹਿਬ ਦੇ ਲੰਗਰ ਘਰ ਵਿਚ ਬਣੇਗੀ ਆਧੁਨਿਕ ਰਸੋਈ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਦਰਬਾਰ ਸਾਹਿਬ ਵਿਖੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਦੀ ਅਤਿ-ਆਧੁਨਿਕ ਰਸੋਈ ਉਸਾਰਨ ਦੀ ਯੋਜਨਾ ਬਣਾਈ ਹੈ। ਇਸ ਦਾ ਮਕਸਦ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਪ੍ਰਦੂਸ਼ਣ ਘਟਾਉਣ ਤੇ ਮੱਥਾ ਟੇਕਣ ਨਿੱਤ ਆਉਂਦੇ ਸੈਂਕੜੇ ਸ਼ਰਧਾਲੂਆਂ ਲਈ ਸਾਫ-ਸੁਥਰਾ ਲੰਗਰ ਮੁਹੱਈਆ ਕਰਾਉਣ ਹੈ। ਇਸ ਬਾਰੇ ਮੁੱਢਲੇ ਕੰਮ ਸ਼ੁਰੂ ਹੋ ਗਏ ਹਨ। ਇਹ ਅਤਿ ਆਧੁਨਿਕ ਰਸੋਈ ਦੀ ਇਮਾਰਤ ਤੇ ਹੋਰ ਸਬੰਧਤ ਇਮਾਰਤਾਂ ਸਾਲ ਵਿਚ ਮੁਕੰਮਲ ਹੋਣਗੀਆਂ।

**ਪ੍ਰਦੂਸ਼ਣ ਘਟਾਉਣ ਲਈ ਵੱਡੇ ਪੱਧਰ 'ਤੇ ਵਿੱਢੀ ਮੁਹਿੰਮ**

ਸ਼ਰਧਾਲੂਆਂ ਦੀ ਵੱਡੀ ਆਮਦ ਨੂੰ ਦੇਖਦਿਆਂ ਕੁਝ ਸਾਲ ਪਹਿਲਾਂ ਪ੍ਰਬੰਧਕਾਂ ਵੱਲੋਂ ਇਥੇ ਪ੍ਰਸ਼ਾਦੇ ਤਿਆਰ ਕਰਨ ਲਈ ਸਵੈ ਚਲਿਤ ਮਸ਼ੀਨ ਸਥਾਪਤ ਕੀਤੀ ਗਈ ਹੈ ਜੋ ਇਕ ਘੰਟੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਪ੍ਰਸ਼ਾਦੇ ਤਿਆਰ ਕਰਦੀ ਹੈ। ਇਸੇ ਤਰ੍ਹਾਂ ਲੰਗਰ ਹਾਲ ਦੀ ਸਫਾਈ ਵੀ ਮਸ਼ੀਨਾਂ ਨਾਲ ਕੀਤੀ ਜਾਂਦੀ ਹੈ। ਲੰਗਰ ਘਰ ਦੀ ਮੌਜੂਦਾ ਦੋ ਮੰਜ਼ਲਾ ਇਮਾਰਤ ਦੇ ਵੱਡੇ ਹਾਲ ਹਨ ਜਿਨ੍ਹਾਂ ਵਿਚ ਇਕੋ ਸਮੇਂ ਤਕਰੀਬਨ ਚਾਰ ਹਜ਼ਾਰ ਸ਼ਰਧਾਲੂ ਬੈਠ ਕੇ ਲੰਗਰ ਛਕ ਸਕਦੇ ਹਨ। ਜਦੋਂ ਸ਼ਰਧਾਲੂਆਂ ਦੀ ਗਿਣਤੀ ਹੋਰ ਵੀ ਵਧ ਜਾਂਦੀ ਹੈ ਤਾਂ ਇਥੇ ਲੰਗਰ ਹਾਲ ਵਿਚ ਲਗਦੀਆਂ ਪੰਗਤਾਂ ਦੀ ਗਿਣਤੀ ਵਿਚ ਵਾਧਾ ਕਰਕੇ ਸ਼ਰਧਾਲੂਆਂ ਦੇ ਬੈਠਣ ਦੀ ਸਮਰੱਥਾ ਵੀ ਪੰਜ ਹਜ਼ਾਰ ਕਰ ਦਿੱਤੀ ਜਾਂਦੀ ਹੈ। ਇਸ ਵੇਲੇ ਲੰਗਰ ਹਾਲ ਦੀ ਇਮਾਰਤ ਤਾਂ ਨਵੀਂ ਹੈ ਪਰ ਇਸ ਦੀ ਰਸੋਈ ਦੀ ਇਮਾਰਤ ਪੁਰਾਣੀ ਹੈ ਜਿਸ ਨੂੰ ਹੁਣ ਨਵੀਂ ਇਮਾਰਤ ਵਿਚ ਤਬਦੀਲ ਕੀਤਾ ਜਾ ਰਿਹਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਦੱਸਿਆ ਕਿ ਅਤਿ ਆਧੁਨਿਕ ਰਸੋਈ ਦੀ ਇਮਾਰਤ ਤੇ ਇਸ ਨਾਲ ਸਬੰਧਤ ਹੋਰ ਇਮਾਰਤਾਂ ਦੀ ਉਸਾਰੀ ਦਾ ਕੰਮ ਛੇਤੀ ਸ਼ੁਰੂ ਹੋ ਜਾਵੇਗਾ ਤੇ ਇਹ ਸਾਰਾ ਕੰਮ ਇਕ ਸਾਲ ਵਿਚ ਮੁਕੰਮਲ ਕੀਤਾ ਜਾਵੇਗਾ। ਇਸ ਰਸੋਈ ਵਿਚ ਪੰਜ ਤਾਰਾ ਹੋਟਲ ਵਾਂਗ ਹਰ ਸਹੂਲਤ ਮੁਹੱਈਆ ਹੋਵੇਗੀ। ਇਹ ਰਸੋਈ ਵਾਤਾਵਰਨ ਅਨੁਕੂਲ ਤੇ ਤਾਪ ਨੂੰ ਦੂਰ ਰੱਖਣ ਵਾਲੀ ਹੋਵੇਗੀ।

ਰਸੋਈ ਦੀ ਇਮਾਰਤ ਤਿੰਨ ਮੰਜ਼ਲਾ ਹੋਵੇਗੀ ਜਿਸ ਦਾ ਇਕ ਹਿੱਸਾ ਜ਼ਮੀਨਦੋਜ਼ ਹੋਵੇਗਾ। ਇਮਾਰਤ ਵਿਚ ਉਪਰ ਹੇਠਾਂ ਜਾਣ ਲਈ ਲਿਫਟ ਦਾ ਪ੍ਰਬੰਧ ਹੋਵੇਗਾ। ਰਸੋਈ ਘਰ ਵਿਚ ਐਲਪੀਜੀ ਗੈਸ ਤੋਂ ਇਲਾਵਾ ਸੂਰਜੀ ਊਰਜਾ ਨਾਲ ਤਿਆਰ ਹੋਣ ਵਾਲੀ ਭਾਫ਼ ਨਾਲ ਲੰਗਰ ਤਿਆਰ ਕਰਨ ਦਾ ਵੀ ਪ੍ਰਬੰਧ ਹੋਵੇਗਾ।

# ਭਾਰਤ ਵਿਚ 30 ਫੀਸਦੀ ਲੋਕ ਬੋਲ਼ੇਪਣ ਦੇ ਸ਼ਿਕਾਰ

**ਚੰਡੀਗੜ੍ਹ:** ਦੇਸ਼ ਵਿਚ 50 ਸਾਲ ਤੋਂ ਵੱਧ ਉਮਰ ਦੇ 30 ਫ਼ੀਸਦੀ ਲੋਕ ਬੋਲੇਪਣ ਦਾ ਸ਼ਿਕਾਰ ਹਨ। ਰੋਜ਼ਾਨਾ ਜਨਮ ਲੈਣ ਵਾਲੇ ਇਕ ਹਜ਼ਾਰ ਬੱਚੇ ਪਿੱਛੇ ਇਕ ਬੱਚਾ ਬਹਿਰੇਪਨ ਦੀ ਸਮੱਸਿਆ ਦੇ ਨਾਲ ਜਨਮ ਲੈ ਰਿਹਾ ਹੈ। ਇਸ ਬਿਮਾਰੀ ਨਾਲ ਪੀੜਤ ਲੋਕਾਂ ਵਿਚ ਸੁਣਨ ਦੀ ਸ਼ਕਤੀ ਪ੍ਰਾਪਤ ਕਰਨ ਲਈ ਇਸ ਬਾਰੇ ਵਾਇਰਲੈਸ ਤੇ ਬਲਿਊ ਟੁੱਥ ਤਕਨਾਲੋਜੀ ਦਾ ਰੁਝਾਨ ਵਧਣ ਲੱਗਾ ਹੈ।



ਡਾਕਟਰਾਂ ਅਨੁਸਾਰ ਅਜਿਹੇ ਬੱਚੇ ਦਾ ਇਲਾਜ ਜੇਕਰ ਪਹਿਲੇ ਛੇ ਮਹੀਨਿਆਂ ਦੌਰਾਨ ਸ਼ੁਰੂ ਕਰਵਾ ਦਿੱਤਾ ਜਾਵੇ ਤਾਂ ਇਸ ਸਮੱਸਿਆ ਤੋਂ ਤਿੰਨ ਮਹੀਨੇ ਵਿਚ ਨਿਜਾਤ ਪਾਇਆ ਜਾ ਸਕਦਾ ਹੈ। 100 ਵਿਚੋਂ 95 ਬੱਚਿਆਂ ਦੀ ਇਸ ਬਿਮਾਰੀ ਬਾਰੇ ਮਾਪੇ ਜਾਗਰੂਕ ਨਹੀਂ ਹੁੰਦੇ ਤੇ ਜਦੋਂ ਤੱਕ ਇਸ ਬਾਰੇ ਸਮੱਸਿਆ ਦਾ ਪਤਾ ਲੱਗਦਾ ਹੈ, ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਫਿਰ ਅਜਿਹੇ ਬੱਚਿਆਂ ਨੂੰ ਜੀਵਨ ਭਰ ਇਕ ਵੱਖਰੀ ਦੁਨੀਆ ਵਿਚ ਰਹਿਣਾ ਪੈਂਦਾ ਹੈ। ਵੱਖਰੇ ਸਕੂਲ ਤੇ ਵੱਖਰੀਆਂ ਵਿੱਦਿਅਕ ਸੰਸਥਾਵਾਂ ਵਿਚ ਸਿੱਖਿਆ ਪ੍ਰਾਪਤ ਕਰਨੀ ਪੈਂਦੀ ਹੈ ਜਿਸ ਕਾਰਨ ਉਨ੍ਹਾਂ ਵਿਚ ਹੀਣ ਭਾਵਨਾ ਵੀ ਆ ਜਾਂਦੀ ਹੈ। ਜਨਮ ਤੋਂ ਇਹ ਸਮੱਸਿਆ ਲੈ ਕੇ ਆਉਣ ਵਾਲੇ ਬੱਚਿਆਂ ਤੋਂ ਇਲਾਵਾ, ਮੋਬਾਈਲ ਫ਼ੋਨ ਦੀ ਜ਼ਿਆਦਾ ਵਰਤੋਂ, ਸ਼ੋਰ ਸ਼ਰਾਬਾ, ਉੱਚੀ ਆਵਾਜ਼ ਵਿਚ ਸਾਊਂਡ ਸੁਣਨਾ ਜਾਂ ਕਿਸੀ ਗੰਭੀਰ ਬਿਮਾਰੀ ਜਾਂ ਕੈਂਸਰ ਦੌਰਾਨ ਦਿੱਤੀਆਂ ਜਾਂਦੀਆਂ ਤੇਜ਼ ਦਵਾਈਆਂ ਵੀ ਕੰਨਾਂ ਨੂੰ ਨੁਕਸਾਨ ਪਹੁੰਚਾ ਕੇ ਸੁਣਨ ਦੀ ਸ਼ਕਤੀ ਲਈ ਹਾਨੀਕਾਰਕ ਸਿੱਧ ਹੁੰਦੇ ਹਨ।

# ਪਰਵਾਸੀਆਂ ਦੇ ਕੇਸ ਤਰਜੀਹੀ ਆਧਾਰ 'ਤੇ ਹੱਲ ਹੋਣਗੇ

**ਚੰਡੀਗੜ੍ਹ:** ਪਰਵਾਸੀ ਪੰਜਾਬੀਆਂ ਦੇ ਮਾਮਲਿਆਂ ਨੂੰ ਸਮਾਂਬੱਧ ਹੱਲ ਕਰਨ ਲਈ 11 ਐਨ.ਆਰ.ਆਈ ਥਾਣੇ ਬਣਾਏ ਗਏ ਹਨ। ਪੰਜਾਬ ਸਰਕਾਰ ਵੱਲੋਂ ਇਸ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ ਜਿਸ ਤਹਿਤ ਸਾਰੇ ਪੁਲਿਸ ਜ਼ਿਲ੍ਹਿਆਂ ਦਾ ਪਰਵਾਸੀ ਪੰਜਾਬੀਆਂ ਦੇ ਮਾਮਲਿਆਂ ਦਾ ਕੰਮਕਾਜ 11 ਐਨ.ਆਰ.ਆਈ ਪੁਲਿਸ ਥਾਣਿਆਂ ਅਧੀਨ ਹੀ ਹੋਵੇਗਾ। ਇੰਸਪੈਕਟਰ ਜਨਰਲ ਪੁਲਿਸ ਤੇ ਐਨ.ਆਰ.ਆਈ ਪੁਲਿਸ ਵਿੰਗ ਪੰਜਾਬ ਮੁਖੀ ਗੁਰਪ੍ਰੀਤ ਕੌਰ ਦਿਓ ਮੁਤਾਬਕ ਸਰਕਾਰ ਨੇ 2008 ਵਿਚ ਛੇ ਐਨ.ਆਰ.ਆਈ ਪੁਲਿਸ ਥਾਣੇ ਬਣਾਏ ਸਨ। ਹੁਣ ਲੋਕਾਂ ਦੀ ਮੰਗ ਨੂੰ ਧਿਆਨ ਵਿਚ ਰੱਖਦਿਆਂ ਇਨ੍ਹਾਂ ਦੀ ਗਿਣਤੀ 11 ਕੀਤੀ ਗਈ ਹੈ ਤੇ ਇਹ ਥਾਣੇ ਸਿੱਧੇ ਐਨ.ਆਰ.ਆਈ ਪੁਲਿਸ ਵਿੰਗ ਅਧੀਨ ਹੀ ਕੰਮ ਕਰਨਗੇ। ਸਰਕਾਰ ਨੇ ਆਜ਼ਾਦਾਨਾ ਐਨ.ਆਰ.ਆਈ ਪੁਲਿਸ ਵਿੰਗ ਦੀ ਸਥਾਪਨਾ ਕੀਤੀ ਹੈ। ਸਮੁੱਚੇ ਐਨ.ਆਰ.ਆਈ ਪੁਲਿਸ ਵਿੰਗ ਨੂੰ ਆਨਲਾਈਨ ਜੋੜਿਆ ਗਿਆ ਹੈ ਤੇ ਹਰ ਕੇਸ ਦੀ ਜਾਂਚ ਡੀ.ਆਈ.ਜੀ ਤੇ ਏ.ਆਈ.ਜੀ ਦੀ ਸਿੱਧੀ ਨਿਗਰਾਨੀ ਹੇਠ ਹੋਵੇਗੀ।

ਸ਼ਿਕਾਇਤਕਰਤਾ ਆਨਲਾਈਨ ਰਾਹੀਂ ਆਪਣੀ ਸ਼ਿਕਾਇਤ ਦਾ ਸਟੇਟਸ ਵੀ ਚੈਕ ਕਰ ਸਕਦੇ ਹਨ। ਐਸ.ਏ.ਐਸ ਨਗਰ ਤੇ ਪਟਿਆਲਾ ਜ਼ਿਲ੍ਹਾ ਐਨਆਰਆਈ ਪੁਲਿਸ ਥਾਣਾ ਐਸ.ਏ.ਐਸ ਨਗਰ ਦੇ ਅਧੀਨ ਹੋਣਗੇ। ਕਮਿਸ਼ਨਰੇਟ ਲੁਧਿਆਣਾ, ਫ਼ਤਿਹਗੜ੍ਹ ਸਾਹਿਬ, ਬਰਨਾਲਾ ਅਤੇ ਸੰਗਰੂਰ ਜ਼ਿਲ੍ਹੇ ਐਨ.ਆਰ.ਆਈ ਪੁਲਿਸ ਥਾਣਾ ਲੁਧਿਆਣਾ ਅਧੀਨ ਹੋਣਗੇ। ਕਮਿਸ਼ਨਰੇਟ ਜਲੰਧਰ ਐਨ.ਆਰ.ਆਈ ਪੁਲਿਸ ਥਾਣਾ ਜਲੰਧਰ ਅਧੀਨ ਹੋਵੇਗਾ। ਕਮਿਸ਼ਨਰੇਟ ਅੰਮ੍ਰਿਤਸਰ, ਅੰਮ੍ਰਿਤਸਰ ਦਿਹਾਤੀ ਪੁਲਿਸ ਜ਼ਿਲ੍ਹਾ ਤੇ ਤਰਨਤਾਰਨ ਜ਼ਿਲ੍ਹਾ ਐਨ.ਆਰ.ਆਈ ਪੁਲਿਸ ਥਾਣਾ ਅੰਮ੍ਰਿਤਸਰ ਅਧੀਨ ਹੋਣਗੇ।

ਮੋਗਾ, ਬਠਿੰਡਾ, ਮਾਨਸਾ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਫਰੀਦਕੋਟ ਤੇ ਫਿਰੋਜ਼ਪੁਰ ਜ਼ਿਲ੍ਹੇ ਐਨ.ਆਰ.ਆਈ ਪੁਲਿਸ ਥਾਣਾ ਮੋਗਾ ਅਧੀਨ ਹੋਣਗੇ। ਜਲੰਧਰ ਦਿਹਾਤੀ ਪੁਲਿਸ ਜ਼ਿਲ੍ਹਾ ਐਨ.ਆਰ.ਆਈ ਪੁਲਿਸ ਜ਼ਿਲ੍ਹਾ ਜਲੰਧਰ ਦਿਹਾਤੀ ਅਧੀਨ ਹੋਵੇਗਾ। ਲੁਧਿਆਣਾ ਦਿਹਾਤੀ ਪੁਲਿਸ ਜ਼ਿਲ੍ਹਾ ਐਨ.ਆਰ.ਆਈ ਪੁਲਿਸ ਥਾਣਾ ਲੁਧਿਆਣਾ ਦਿਹਾਤੀ ਅਧੀਨ ਹੋਵੇਗਾ। ਐਸ.ਬੀ.ਐਸ. ਨਗਰ ਤੇ ਰੂਪਨਗਰ ਜ਼ਿਲ੍ਹੇ ਐਨ.ਆਰ.ਆਈ ਪੁਲਿਸ ਥਾਣਾ ਐਸ.ਬੀ.ਐਸ ਨਗਰ ਅਧੀਨ ਹੋਣਗੇ। ਕਪੂਰਥਲਾ ਜ਼ਿਲ੍ਹਾ ਐਨ.ਆਰ.ਆਈ ਪੁਲਿਸ ਥਾਣਾ ਕਪੂਰਥਲਾ ਅਧੀਨ ਹੋਵੇਗਾ। ਹੁਸ਼ਿਆਰਪੁਰ ਜ਼ਿਲ੍ਹਾ ਥਾਣਾ ਹੁਸ਼ਿਆਰਪੁਰ ਅਧੀਨ ਹੋਵੇਗਾ ਤੇ ਗੁਰਦਾਸਪੁਰ, ਪਠਾਨਕੋਟ ਅਤੇ ਬਟਾਲਾ ਪੁਲਿਸ ਜ਼ਿਲ੍ਹੇ ਥਾਣਾ ਗੁਰਦਾਸਪੁਰ ਅਧੀਨ ਹੋਣਗੇ।

## ਪੰਜਾਬ ਵਿਚ ਡੇਂਗੂ ਦਾ ਕਹਿਰ

**ਚੰਡੀਗੜ੍ਹ:** ਪੰਜਾਬ ਵਿਚ ਡੇਂਗੂ ਦਾ ਕਹਿਰ ਜਾਰੀ ਹੈ। ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਅਨੁਸਾਰ ਸੂਬੇ ਵਿਚ ਡੇਂਗੂ ਬੁਖ਼ਾਰ ਤੋਂ ਪੀੜਤ ਮਰੀਜ਼ਾਂ ਦੀ ਗਿਣਤੀ 2000 ਤੱਕ ਪਹੁੰਚ ਗਈ ਹੈ। ਉਨ੍ਹਾਂ ਕਿਹਾ ਕਿ ਵਿਭਾਗ ਨੇ ਡੇਂਗੂ ਫੈਲਾਉਣ ਵਾਲੇ ਮੱਛਰਾਂ ਨੂੰ ਪੈਦਾ ਹੋਣ ਤੋਂ ਰੋਕਣ ਲਈ ਮੱਛੀ ਪਾਲਣ ਵਿਭਾਗ ਨਾਲ ਸਮਝੌਤਾ ਕੀਤਾ ਹੈ ਜਿਸ ਦੇ ਤਹਿਤ ਮੱਛੀ ਪਾਲਣ ਵਿਭਾਗ ਵੱਲੋਂ ਮੱਛਰ ਦਾ ਲਾਰਵਾ ਖਾਣ ਵਾਲੀ ਮੱਛੀ ਦੀ ਕਿਸਮ ਤਿਆਰ ਕੀਤੀ ਜਾਵੇਗੀ।

# ਅੰਗਰੇਜ਼ਾਂ ਲਈ ਲੜੇ ਸਨ ਪਟਿਆਲਾ ਰਿਆਸਤ ਦੇ 37 ਹਜ਼ਾਰ ਜਵਾਨ

## ਸਵਾ ਕਰੋੜ ਰੁਪਏ ਵੀ ਚੜ੍ਹਾਏ ਸਨ ਅੰਗਰੇਜ਼ਾਂ ਦੇ ਦਰਬਾਰ

**ਪਟਿਆਲਾ:** ਪਹਿਲੇ ਵਿਸ਼ਵ ਯੁੱਧ ਦੌਰਾਨ ਪਟਿਆਲਾ ਰਿਆਸਤ ਦੀ ਫੌਜ ਦੇ 37 ਹਜ਼ਾਰ ਜਵਾਨਾਂ ਨੇ ਬ੍ਰਿਟਿਸ਼ ਸਰਕਾਰ ਦੀ ਹਮਾਇਤ ਵਿਚ ਹਿੱਸਾ ਲਿਆ ਸੀ ਤੇ ਸਵਾ ਕਰੋੜ ਫੰਡ ਵੀ ਬ੍ਰਿਟਿਸ਼ ਸਰਕਾਰ ਲਈ ਮੁਹੱਈਆ ਕਰਵਾਏ ਸਨ। ਭਾਰਤੀਆਂ ਵਿਚੋਂ ਪਟਿਆਲਾ ਰਿਆਸਤ ਦੇ ਜਵਾਨਾਂ ਦੀ ਇਹ ਸਭ ਤੋਂ ਵੱਡੀ ਗਿਣਤੀ ਮੰਨੀ ਜਾਂਦੀ ਹੈ ਜਿਨ੍ਹਾਂ ਨੇ ਇਸ ਪਹਿਲੀ ਵਿਸ਼ਵ ਜੰਗ ਵਿਚ ਹਿੱਸਾ ਲਿਆ।

ਇਥੋਂ ਤੱਕ ਕਿ ਪਟਿਆਲਾ ਰਿਆਸਤ ਦੇ ਮਹਾਰਾਜਾ ਭੁਪਿੰਦਰ ਸਿੰਘ ਖੁਦ ਵੀ ਉਚੇਚੇ ਤੌਰ 'ਤੇ ਬ੍ਰਿਟਿਸ਼ ਸਰਕਾਰ ਦੇ ਹੱਕ ਵਿਚ ਉਥੇ ਗਏ ਸਨ ਪਰ ਬਿਮਾਰ ਹੋ ਜਾਣ ਕਾਰਨ ਉਨ੍ਹਾਂ ਨੂੰ ਵਾਪਸ ਪਟਿਆਲਾ ਭੇਜ ਦਿੱਤਾ ਗਿਆ ਸੀ। ਇਹ ਵੀ ਇਕ ਇਤਿਹਾਸਕ ਪੱਖ ਹੈ ਕਿ ਉਹ ਸਮੂਹ ਭਾਰਤੀ ਰਾਜਿਆਂ ਵਿਚੋਂ ਇਕੱਲੇ ਅਜਿਹੇ ਸਨ, ਜੋ ਉਸ ਵਕਤ ਉਥੇ ਗਏ ਸਨ। ਇਸੇ ਦੌਰਾਨ 1914 ਵਿਚ ਹੋਈ ਇਸ ਪਹਿਲੀ ਸੰਸਾਰ ਜੰਗ ਵਿਚ ਹਿੱਸਾ ਲੈਣ ਬਾਰੇ ਸਿੱਖ ਸਿਪਾਹੀਆਂ ਦੇ ਵਿਸਥਾਰ ਵੇਰਵੇ ਇਕੱਤਰ ਕਰਨ ਲਈ ਯੂ.ਕੇ ਦੀ ਲੋਟਰੀ ਨਾਂ ਦੀ ਇਕ ਕੰਪਨੀ ਵੱਲੋਂ ਸਿੱਖ ਆਰਗੇਨਾਈਜ਼ੇਸ਼ਨ ਨੂੰ ਫੰਡ ਵੀ ਮੁਹੱਈਆ ਕਰਵਾਏ ਗਏ ਹਨ।

ਉਂਜ ਹੁਣ ਤੱਕ ਦੇ ਤੱਥਾਂ ਮੁਤਾਬਕ ਪਟਿਆਲਵੀ ਫੌਜ ਦੇ ਇਨ੍ਹਾਂ ਜਵਾਨਾਂ ਦੀ ਗਿਣਤੀ ਦੇ ਦੋ ਤਰ੍ਹਾਂ ਦੇ ਅੰਕੜੇ ਸਾਹਮਣੇ ਆ ਰਹੇ ਹਨ ਕਿਉਂਕਿ 1923 ਵਿਚ ਇੰਗਲੈਂਡ ਵਿਚ ਛਪੀ ਇਕ ਪੁਸਤਕ ਵਿਚ ਪਟਿਆਲਾ ਰਿਆਸਤ ਤੋਂ ਭੇਜੇ ਗਏ ਜਵਾਨਾਂ ਦੀ ਗਿਣਤੀ 28 ਹਜ਼ਾਰ ਤੋਂ ਵੱਧ ਦੱਸੀ ਗਈ ਹੈ ਪਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇਤਿਹਾਸ ਵਿਭਾਗ ਦੇ ਮੁਖੀ ਡਾ. ਕੁਲਬੀਰ ਸਿੰਘ ਢਿੱਲੋਂ ਵੱਲੋਂ ਪਟਿਆਲਾ, ਨਾਭਾ ਤੇ ਜੀਂਦ ਰਿਆਸਤਾਂ ਦੀ ਕੀਤੀ ਖੋਜ ਮੁਤਾਬਕ ਇਨ੍ਹਾਂ ਜਵਾਨਾਂ ਦੀ ਤਕਰੀਬਨ ਗਿਣਤੀ 37 ਹਜ਼ਾਰ ਸੀ ਜਿਨ੍ਹਾਂ ਵਿਚੋਂ ਤਕਰੀਬਨ ਅੱਠ ਸੌ ਜਵਾਨਾਂ ਦੀ ਲੜਾਈ ਦੌਰਾਨ ਮੌਤ ਹੋ ਗਈ ਸੀ ਤੇ ਕੁਝ ਵਾਪਸ ਨਹੀਂ ਸਨ ਆਏ।

ਇਸ ਬਾਰੇ ਸ. ਢਿੱਲੋਂ ਨੇ ਦੱਸਿਆ ਕਿ ਅਸਲ ਵਿਚ ਇਨ੍ਹਾਂ ਭਾਰਤੀ ਜਵਾਨਾਂ ਨੇ ਰਿਆਸਤਾਂ ਤੇ ਅੰਗਰੇਜ਼ਾਂ ਦਰਮਿਆਨ 1809 ਵਿਚ ਹੋਏ ਸਮਝੌਤੇ ਤਹਿਤ ਹਿੱਸਾ ਲਿਆ ਸੀ ਕਿਉਂਕਿ ਉਸ ਵਕਤ ਮਹਾਰਾਜਾ ਰਣਜੀਤ ਸਿੰਘ ਦੇ ਹਮਲਿਆਂ ਤੋਂ ਬਚਾਉਣ ਦੀ ਮੰਗ ਨੂੰ ਲੈ ਕੇ ਰਿਆਸਤਾਂ ਦੇ ਮਹਾਰਾਜੇ ਖੁਦ ਚੱਲ ਕੇ ਅੰਗਰੇਜ਼ ਹਕੂਮਤ ਕੋਲ ਗਏ ਸਨ। ਇਸ ਦੌਰਾਨ ਹੋਏ ਸਮਝੌਤਿਆਂ ਤਹਿਤ ਇਥੋਂ ਦੀਆਂ ਸਮੂਹ ਰਿਆਸਤਾਂ ਨੂੰ ਅੰਗਰੇਜ਼ਾਂ ਵੱਲੋਂ ਪੂਰੀ ਸੁਰੱਖਿਆ ਦੇਣ ਦਾ ਵਾਅਦਾ ਕਰਦਿਆਂ, ਰਿਆਸਤਾਂ ਦੇ ਅੰਦਰੂਨੀ ਮਾਮਲਿਆਂ ਵਿਚ ਕੋਈ ਸਿੱਧੀ ਦਖ਼ਲ-ਅੰਦਾਜ਼ੀ ਨਾ ਕਰਨ ਦਾ ਵਾਅਦਾ ਵੀ ਕੀਤਾ ਸੀ ਪਰ ਇਸ ਮੌਕੇ ਕਈ ਹੋਰ ਮੱਦਾਂ ਸਮੇਤ ਲੋੜ ਪੈਣ 'ਤੇ ਰਿਆਸਤਾਂ ਵੱਲੋਂ ਅੰਗਰੇਜ਼ਾਂ ਦੀ ਮਦਦ ਕੀਤੇ ਜਾਣ ਦੀ ਸ਼ਰਤ ਵੀ ਰੱਖੀ ਗਈ ਸੀ।



ਸ. ਢਿੱਲੋਂ ਨੇ ਦੱਸਿਆ ਕਿ ਇਸੇ ਕੜੀ ਵਜੋਂ ਹੀ 'ਐਂਗਲੋ ਸਿੱਖ ਵਾਰ' ਤੇ ਫਿਰ 1857 ਵਿਚ ਗਦਰ ਦੌਰਾਨ ਵੀ ਰਿਆਸਤਾਂ ਵੱਲੋਂ ਅੰਗਰੇਜ਼ਾਂ ਦੀ ਮਦਦ ਕੀਤੀ ਗਈ ਤੇ ਇਨ੍ਹਾਂ ਤਿੰਨਾਂ ਮੌਕਿਆਂ 'ਤੇ ਪਟਿਆਲਾ ਰਿਆਸਤ ਦੀ ਸਭ ਤੋਂ ਵਧੇਰੇ ਭੂਮਿਕਾ ਰਹੀ। ਇਸ ਜੰਗ ਵਿਚ ਹਿੱਸਾ ਲੈਣ ਵਾਲੇ ਜਵਾਨਾਂ ਦੇ ਟਰੁੱਪ ਤਿੰਨ ਭਾਗਾਂ ਵਿਚ ਵੰਡੇ ਹੋਏ ਸਨ ਜਿਨ੍ਹਾਂ ਵਿਚੋਂ 'ਇੰਪੀਰੀਅਲ ਸਰਵਿਸ ਟਰੁੱਪ' ਦੀ ਸਾਰੀ ਕਮਾਂਡ ਅੰਗਰੇਜ਼ਾਂ ਕੋਲ ਸੀ ਤੇ ਇਸ ਟਰੁੱਪ ਵਿਚਲੇ ਫੌਜੀ ਜਵਾਨਾਂ ਨੂੰ ਪਹਿਲਾਂ ਹੀ ਇਸ ਲੜਾਈ ਲਈ ਭੇਜ ਦਿੱਤਾ ਗਿਆ ਸੀ।

ਜਦਕਿ 'ਸਟੇਟ ਸਰਵਿਸ ਟਰੁੱਪ' ਜੋ ਰਿਆਸਤਾਂ ਦੇ ਅਧੀਨ ਸਨ, ਵਿਚਲੇ ਜਵਾਨਾਂ ਨੂੰ ਬਾਅਦ ਵਿਚ ਬ੍ਰਿਟਿਸ਼ ਸਰਕਾਰ ਵੱਲੋਂ ਮੰਗਵਾਏ ਜਾਣ 'ਤੇ ਲੜਾਈ ਵਿਚ ਭੇਜਿਆ ਗਿਆ। ਇਸੇ ਤਰ੍ਹਾਂ ਹੋਰ ਜਵਾਨਾਂ ਦੀ ਮੰਗ ਕਰਨ 'ਤੇ ਤੀਸਰੇ ਟਰੁੱਪ ਵਜੋਂ ਸੈਂਕੜੇ ਹੀ ਹੋਰ ਜਵਾਨਾਂ ਨੂੰ ਰਿਆਸਤ ਦੇ ਹਾਕਮਾਂ ਵੱਲੋਂ ਮੌਕੇ 'ਤੇ ਹੀ ਭਰਤੀ ਕਰਕੇ ਇਸ ਲੜਾਈ ਵਿਚ ਬਰਤਾਨਵੀ ਸਰਕਾਰ ਦੀ ਮਦਦ ਲਈ ਭੇਜਿਆ ਗਿਆ ਸੀ।

ਇਸੇ ਦੌਰਾਨ ਪਟਿਆਲਾ ਰਿਆਸਤ ਦੀ ਫੌਜ ਦੀ ਕਾਰਗੁਜ਼ਾਰੀ ਤੋਂ ਅੰਗਰੇਜ਼ ਹਾਕਮ ਇਸ ਕਦਰ ਪ੍ਰਭਾਵਤ ਸਨ ਕਿ ਇਸ ਬਾਰੇ ਸਰਕਾਰੀ ਪੱਧਰ 'ਤੇ ਢੂੰਡੀ ਦਾ ਵੀ ਐਲਾਨ ਕੀਤਾ ਗਿਆ ਸੀ। ਇਸ ਲੜਾਈ ਵਿਚ ਹਿੱਸਾ ਲੈਣ 'ਤੇ ਪਟਿਆਲਾ ਸਮੇਤ ਹੋਰਾਂ ਰਿਆਸਤਾਂ ਦੇ ਰਾਜਿਆਂ ਨੂੰ ਕਈ ਤਰ੍ਹਾਂ ਦਾ ਮਾਣ ਸਨਮਾਨ ਦਿੱਤਾ ਗਿਆ ਸੀ। ਫਰਵਰੀ 1922 ਪ੍ਰਿੰਸ ਆਫ਼ ਵੇਲਜ਼ ਨੇ ਆਪਣੀ ਪਟਿਆਲਾ ਫੇਰੀ ਦੌਰਾਨ ਪਟਿਆਲਾ ਰਿਆਸਤ ਦੀ ਫੌਜ ਦੀ ਸ਼ਲਾਘਾ ਕੀਤੀ ਸੀ।

# ਪੀਪਲਜ਼ ਪਾਰਟੀ ਆਫ ਪੰਜਾਬ

## ਨਵੀਂ ਉਮੀਦ ਨਵਾਂ ਇਨਕਲਾਬ ਆਓ ਸਿਰਜੀਏ ਨਵਾਂ ਪੰਜਾਬ

ਆਓ ਪੰਜਾਬ ਦੀ ਦਸ਼ਾ ਤੇ ਦਿਸ਼ਾ ਸੁਧਾਰਣ ਲਈ ਤੇ ਆਪਣੇ ਉਜੱੜੇ ਘਰਾਂ ਨੂੰ ਮੁੜ ਵਸਾਉਣ ਲਈ ਮਿਲ ਕੇ ਹੰਭਲਾ ਮਾਰੀਏ

## PEOPLE'S PARTY OF PUNJAB

ਪਪਪ

## ਸਮੂਹ ਪੰਜਾਬੀਆਂ ਨੂੰ ਬੰਦੀਛੋੜ ਦਿਵਸ ਦੀਵਾਲੀ ਦੀ ਬਹੁਤ ਬਹੁਤ ਵਧਾਈ

ਆਓ ਸਾਰੇ ਰਲ ਮਿਲ ਕੇ ਪੰਜਾਬ ਨੂੰ ਮੁੜ ਤੋਂ ਖੁਸ਼ਹਾਲ ਅਤੇ ਸੋਹਣਾ ਬਣਾਉਣ ਦਾ ਤਹੱਈਆ ਕਰੀਏ ਤਾਂ ਜੋ ਹਰ ਘਰ ਵਿਚ ਦੀਵਾਲੀ ਦਾ ਚਾਨਣ ਖਿਲਰੇ



ਮਨਪ੍ਰੀਤ ਸਿੰਘ ਬਾਦਲ
ਪਾਰਟੀ ਪ੍ਰਧਾਨ



ਹਰਪਾਲ ਸਿੰਘ ਟਾਂਡਾ
ਪ੍ਰਧਾਨ
ਫੋਨ: 269-420-8135



ਨਰਿੰਦਰ ਸਿੰਘ ਮੁੰਦਰ
ਜਨਰਲ ਸਕੱਤਰ
ਫੋਨ: 269-615-0216

## ਪੀਪਲਜ਼ ਪਾਰਟੀ ਆਫ ਪੰਜਾਬ, ਮਿਡਵੈਸਟ ਇਕਾਈ







Listen for free:
1. Punjabi Radio USA LIVE!
2. Gurbani Radio
3. Non-Stop Punjabi Songs
4. Non-Stop Hindi Songs

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

DOWNLOAD THE NEW FREE IPHONE and ANDROID APP (Search for "Punjabi Radio USA" in App store and Google Play)

# KHALSA
## INSURANCE AGENCY, INC.

WE NOW INSURE IN 33 STATES

LARGEST INDEPENDENT INSURANCE BROKERS
REPRESENTING OVER 100 A+ RATED COMPANIES




TAXI-CABS LIMOUSINES
COMMERCIAL AUTO

CALL TO CHECK OUR LOWEST RATES FOR
AUTO • HOME • HEALTH • LIFE

WWW.KHALSAINSURANCE.COM

LICENSED IN : Alabama • Arkansas • Arizona • California • Colorado • Connecticut • DC • Georgia • Florida • Idaho • Iowa • Indiana • Illinois • Kansas • Louisiana • Maryland • Mississippi Michigan • Minnesota • Nevada • New Jersey • New York • New Mexico • Oregon • Ohio • Oklahoma • Pennsylvania • Texas • Utah • Virginia • Vermont • Washington • Wisconsin

3750 McKee Road, Suite A • San Jose, CA 95127 • Fax 408.493.4552 California License # 0F89805

408-272-2500 • 1-800-954-5409

# ਗੁਰਦੁਆਰਾ ਬਰੁੱਕਫੀਲਡ ਵਿਚ ਖੂਨਦਾਨ ਕੈਂਪ

**ਮਿਲਵਾਕੀ (ਬਿਊਰੋ):** ਸਥਾਨਕ ਗੁਰਦੁਆਰਾ ਬਰੁੱਕਫੀਲਡ ਵਿਖੇ ਤੀਜਾ ਸਾਲਾਨਾ ਖੂਨਦਾਨ ਕੈਂਪ ਲਾਇਆ ਗਿਆ ਜਿਸ ਵਿਚ ਸੰਗਤ









ਦੇ 30 ਤੋਂ ਵੱਧ ਮੈਂਬਰਾਂ ਨੇ ਖੂਨਦਾਨ ਦਿਤਾ। ਇਸ ਖੂਨਦਾਨ ਕੈਂਪ ਦਾ ਪ੍ਰਬੰਧ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕੀਤਾ ਗਿਆ ਜਿਸ ਵਿਚ ਪ੍ਰਧਾਨ ਗੁਰਚਰਨ ਸਿੰਘ ਗਰੇਵਾਲ, ਮਨਜੀਤ ਸਿੰਘ ਢਿੱਲੋਂ, ਹਰਜੀਤ ਸਿੰਘ ਸੰਧਰ, ਦਵਿੰਦਰ ਸਿੰਘ ਸੰਘਾ, ਤਲਵਿੰਦਰ ਸਿੰਘ ਸੂਸ ਅਤੇ ਉਨ੍ਹਾਂ ਦੇ ਸਾਥੀਆਂ ਨੇ ਪੂਰੇ ਉਤਸ਼ਾਹ ਨਾਲ ਆਪਣਾ ਯੋਗਦਾਨ ਪਾਇਆ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਗਰੇਵਾਲ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਹੁਣ ਖੂਨਦਾਨ ਕੈਂਪ ਸਾਲ ਵਿਚ ਦੋ ਵਾਰ ਲਾਇਆ ਜਾਵੇਗਾ ਤਾਂ ਜੋ ਅਮਰੀਕੀ ਮੁੱਖ ਧਾਰਾ ਦੇ ਲੋਕਾਂ ਵਿਚ ਸਿੱਖਾਂ ਦੀ ਪਛਾਣ ਬਿਹਤਰ ਬਣ ਸਕੇ। ਖੂਨਦਾਨ ਕੈਂਪ ਲਈ ਜਿਨ੍ਹਾਂ ਹੋਰ ਵਿਅਕਤੀਆਂ ਨੇ ਸਹਿਯੋਗ ਦਿਤਾ ਉਨ੍ਹਾਂ ਵਿਚ ਡਾ. ਸੰਧੂ, ਡਾ. ਬਾਜਵਾ, ਹਰਭਜਨ ਸਿੰਘ ਸੰਧਾਵਾਲੀਆ, ਪਵਨਜੀਤ ਸਿੰਘ ਹੋਠੀ, ਜਗਦੀਸ਼ਰ ਸਿੰਘ ਕਲੇਰ, ਬਚਨ ਸਿੰਘ ਗਿੱਲ, ਅਮਰਜੀਤ ਸਿੰਘ ਸੰਧਰ, ਬਲਬੀਰ ਸਿੰਘ ਸੈਣੀ, ਜਗਿੰਦਰ ਸਿੰਘ ਸੰਧਾਵਾਲੀਆ, ਹਰਪ੍ਰੀਤ ਸਿੰਘ ਹੈਪੀ, ਬਲਬੀਰ ਸਿੰਘ ਮੁਲਤਾਨੀ, ਸੁਖਜੀਤ ਸਿੰਘ ਢਿੱਲੋਂ ਅਤੇ ਸੁਰਜੀਤ ਸਿੰਘ ਜ਼ਖਮੀ ਦੇ ਨਾਂ ਸ਼ਾਮਲ ਹਨ।

ਹੋਰ ਜਾਣਕਾਰੀ ਲਈ ਪ੍ਰਧਾਨ ਗੁਰਚਰਨ ਸਿੰਘ ਗਰੇਵਾਲ ਨਾਲ ਫੋਨ 414-559-3434 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਗੁਜਰਾਤ ਵਿਚ ਪੰਜਾਬੀ ਕਿਸਾਨਾਂ ਨਾਲ ਵਧੀਕੀਆਂ ਨਾ ਮੁੱਕੀਆਂ

**ਭੁਜ:** ਸਥਾਨਕ ਲੋਕਾਂ ਤੇ ਇਥੇ ਵਸੇ ਪੰਜਾਬੀ ਕਿਸਾਨਾਂ ਦਰਮਿਆਨ ਪੰਜ ਦਹਾਕਿਆਂ ਤੋਂ ਚਲੀ ਆ ਰਹੀ ਦੋਸਤੀ ਅੱਠ ਅਕਤੂਬਰ ਦੀ ਰਾਤ ਨੂੰ ਅਚਨਚੇਤੀ ਟੁੱਟ ਗਈ ਜਦੋਂ ਲੈਂਡ ਮਾਫੀਆ ਦੇ ਹਥਿਆਬੰਦ ਗੁੰਡਿਆਂ ਨੇ ਪਿੰਡ ਲੋਰੀਆ ਵਿਚ ਇਕ ਪੰਜਾਬੀ ਪਰਿਵਾਰ 'ਤੇ ਗੋਲੀ ਚਲਾ ਦਿੱਤੀ ਤੇ ਇਸ ਦੇ ਚਾਰ ਜੀਆਂ ਦੀ ਕੁੱਟਮਾਰ ਕੀਤੀ। ਇਹ ਵਧੀਕੀ ਇਥੇ ਤਕ ਹੀ ਸੀਮਤ ਨਹੀਂ ਰਹੀ। ਮੁਕਾਮੀ ਪੰਜਾਬੀ ਭਾਈਚਾਰੇ ਵੱਲੋਂ ਚੀਕ-ਚਿਹਾੜਾ ਪਾਏ ਜਾਣ ਤੋਂ ਬਾਅਦ ਪੁਲਿਸ ਨੇ ਅੱਠ ਹਮਲਾਵਰ ਤਾਂ ਗ੍ਰਿਫਤਾਰ ਕਰ ਲਏ ਬਾਕੀ ਅੱਠਾਂ ਨੂੰ ਹੱਥ ਨਹੀਂ ਪਾਇਆ।

ਹਮਲਾਵਰਾਂ ਨੂੰ ਸਿਆਸੀ ਸ਼ਹਿ ਤੇ ਸਰਪ੍ਰਸਤੀ ਹਾਸਲ ਸੀ। ਇਹ ਤੱਥ ਇਥੇ ਕਿਸੇ ਤੋਂ ਛੁਪਿਆ ਨਹੀਂ। ਇਸ ਦੀ ਪੁਸ਼ਟੀ ਉਦੋਂ ਹੋ ਗਈ ਜਦੋਂ ਉਨ੍ਹਾਂ ਵੱਲੋਂ ਇਸ ਪਰਿਵਾਰ ਦੀ ਜ਼ਮੀਨ ਜਬਰੀ ਖੋਹੇ ਜਾਣ ਦੀ ਕਾਰਵਾਈ ਨੂੰ ਰੋਕਣ ਲਈ ਅਧਿਕਾਰੀਆਂ ਨੇ ਕੁਝ ਨਹੀਂ ਕੀਤਾ। ਪਰਿਵਾਰ ਇਸ ਜ਼ਮੀਨ ਦਾ 1965 ਤੋਂ ਕਾਨੂੰਨੀ ਤੌਰ 'ਤੇ ਮਾਲਕ ਸੀ ਤੇ ਇਸ ਉਤੇ ਖੇਤੀ ਕਰਦਾ ਆ ਰਿਹਾ ਸੀ। ਇਸ ਘਟਨਾ ਤੋਂ ਨਾ ਸਿਰਫ ਪੰਜਾਬੀ ਭਾਈਚਾਰੇ ਵਿਚ ਦਹਿਸ਼ਤ ਫੈਲ ਗਈ ਬਲਕਿ ਮੁਕਾਮੀ ਪੰਜਾਬੀਆਂ ਦਰਮਿਆਨ ਸਾਂਝ ਤੇ ਦੋਸਤੀ ਉਤੇ ਵੀ ਪ੍ਰਸ਼ਨ-ਚਿੰਨ੍ਹ ਲੱਗ ਗਿਆ।

ਲੋਰੀਆ ਉਹ ਪਿੰਡ ਹੈ ਜਿਥੇ 1965 ਵਿਚ ਤਤਕਾਲੀਨ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦੇ ਸੱਦੇ ਉਤੇ ਪੰਜਾਬੀ ਜਾ ਵਸੇ ਸਨ। ਉਦੋਂ ਇਸ ਇਲਾਕੇ ਦੀ ਸੁਰੱਖਿਆ ਨੂੰ ਖ਼ਤਰਾ ਸੀ। ਇਥੇ ਮੁੱਖ ਤੌਰ 'ਤੇ ਮੁਸਲਿਮ ਲੋਕ ਰਹਿੰਦੇ ਸਨ ਜਿਨ੍ਹਾਂ ਦੇ ਪਰਿਵਾਰ ਹਿੰਦ-ਪਾਕਿ ਸਰਹੱਦ ਦੇ ਦੋਹੀਂ ਪਾਸੀਂ ਵਸੇ ਹੋਏ ਸਨ। ਹਮਲੇ ਦਾ ਸ਼ਿਕਾਰ ਪਰਿਵਾਰ ਜਸਵਿੰਦਰ ਸਿੰਘ ਦਾ ਹੈ। ਆਲੇ-ਦੁਆਲੇ ਦੇ ਲੋਕ ਇਸ ਪਰਿਵਾਰ ਨਾਲ ਹਮਦਰਦੀ ਪ੍ਰਗਟਾਉਣ ਤੇ ਹਾਲ-ਚਾਲ ਪੁੱਛਣ ਲਈ ਆਉਂਦੇ ਰਹਿੰਦੇ ਹਨ।

ਇਥੋਂ ਦੇ ਪੰਜਾਬੀ-ਹਰਿਆਣਵੀ ਕਿਸਾਨਾਂ ਦੀਆਂ ਜ਼ਮੀਨਾਂ ਬਚਾਉਣ ਲਈ ਅੰਦੋਲਨ ਦੀ ਅਗਵਾਈ ਕਰਨ ਵਾਲੇ ਲਛਮਣ ਸਿੰਘ ਤੇ ਜਸਬੀਰ ਸਿੰਘ ਦਾ ਕਹਿਣਾ ਹੈ ਕਿ ਪੰਜਾਬੀ ਕਾਸ਼ਤਕਾਰਾਂ ਉਤੇ ਹਮਲੇ ਸਥਾਨਕ ਲੋਕਾਂ ਵੱਲੋਂ ਨਹੀਂ ਕੀਤੇ ਜਾ ਰਹੇ ਬਲਕਿ ਇਹ ਲੈਂਡ ਮਾਫੀਆ ਦੀ ਭੁੱਖ ਤੇ ਲਾਲਚ ਦਾ ਨਤੀਜਾ ਹਨ। ਇਹ ਮਾਫੀਆ ਪੰਜਾਬੀ ਕਿਸਾਨਾਂ ਵੱਲੋਂ ਜ਼ਰਖੇਜ਼ ਬਣਾਈ ਗਈ ਜ਼ਮੀਨ ਹੁਣ ਹਰ ਹੀਲੇ ਹਥਿਆਉਣਾ ਚਾਹੁੰਦਾ ਹੈ।

ਜ਼ਿਕਰਯੋਗ ਹੈ ਕਿ ਗੁਜਰਾਤ ਦੇ ਕੱਛ ਖਿੱਤੇ ਵਿਚ ਵਧਦੇ ਸੈਂਕੜੇ ਪੰਜਾਬੀ ਤੇ ਹਰਿਆਣਵੀ ਕਿਸਾਨਾਂ ਦੇ ਚਿਹਰੇ ਮੁਰਝਾਏ ਹੋਏ ਹਨ ਤੇ ਉਨ੍ਹਾਂ ਨੂੰ ਆਪਣੇ ਆਉਣ ਵਾਲੇ ਕੱਲ੍ਹ ਦੀ ਚਿੰਤਾ ਸਤਾ ਰਹੀ ਹੈ। ਗੁਜਰਾਤ ਸਰਕਾਰ ਨੇ 2010 ਵਿਚ ਹੀ ਇਨ੍ਹਾਂ ਕਿਸਾਨਾਂ ਦੇ ਭੋਂਇ ਖਾਤੇ ਜਾਮ ਕਰਵਾ ਦਿੱਤੇ ਸਨ ਪਰ ਹਾਲ ਹੀ ਵਿਚ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਭਾਜਪਾ ਦੇ ਉਮੀਦਵਾਰ ਬਣੇ ਨਰਿੰਦਰ ਮੋਦੀ ਵੱਲੋਂ ਇਨ੍ਹਾਂ ਕਿਸਾਨਾਂ ਨੂੰ ਭਰੋਸਾ ਦਿਵਾਇਆ ਸੀ ਕਿ ਉਨ੍ਹਾਂ ਨੂੰ ਉਜੜਨ ਨਹੀਂ ਦਿੱਤਾ ਜਾਵੇਗਾ ਪਰ ਸਿਤਮ ਦੀ ਗੱਲ ਇਹ ਹੈ ਕਿ ਮੋਦੀ ਸਰਕਾਰ ਹਾਈ ਕੋਰਟ ਦੇ ਉਸ ਫੈਸਲੇ ਖਿਲਾਫ਼ ਸੁਪਰੀਮ ਕੋਰਟ ਵਿਚ ਚਾਰਾਜੋਈ ਕਰ ਰਹੀ ਹੈ ਜਿਸ ਵਿਚ ਕਿਸਾਨਾਂ ਦੇ ਹੱਕ ਵਿਚ ਫਤਵਾ ਦਿੱਤਾ ਗਿਆ ਸੀ।

ਪਿੰਡ ਗਤਵਾਰਾ ਦੇ ਬਜ਼ੁਰਗ ਸੁਖਵਿੰਦਰ ਸਿੰਘ ਨੂੰ ਆਪਣੀ ਕਿਸਮਤ ਦੇ ਇਸ ਕੋਝੇ ਮਜ਼ਾਕ 'ਤੇ ਯਕੀਨ ਨਹੀਂ ਆ ਰਿਹਾ ਪਰ ਉਨ੍ਹਾਂ ਦੇ ਬੱਚੇ ਸਾਫ ਕਹਿ ਰਹੇ ਹਨ ਕਿ ਉਹ ਛੇਤੀ ਹੀ ਇਹ ਪਿੰਡ ਛੱਡ ਕੇ ਚਲੇ ਜਾਣਾ ਚਾਹੁੰਦੇ ਹਨ। ਸੁਖਵਿੰਦਰ ਸਿੰਘ ਨੇ ਕਿਹਾ ਕਿ ਪਿਛਲੇ 3 ਸਾਲਾਂ ਤੋਂ ਮੁਸ਼ਕਲਾਂ ਦਾ ਸਾਹਮਣਾ ਕਰਦੇ-ਕਰਦੇ ਵੱਡਾ ਪੁੱਤਰ ਤੇ ਉਸ ਦੀ ਪਤਨੀ ਸਹੁਰੇ ਘਰ ਚਲੇ ਗਏ ਹਨ।

# ਰਾਹੁਲ ਗਾਂਧੀ ਦੇ ਬਿਆਨ ਦੀ ਨਿਖੇਧੀ

**ਸ਼ਿਕਾਗੋ (ਬਿਊਰੋ):** ਸ਼੍ਰੋਮਣੀ ਅਕਾਲੀ ਦਲ ਦੀ ਸ਼ਿਕਾਗੋ ਇਕਾਈ ਨੇ ਕੁਲ ਹਿੰਦ ਕਾਂਗਰਸ ਕਮੇਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਵਲੋਂ ਸ਼ਹੀਦ ਬੇਅੰਤ ਸਿੰਘ ਤੇ ਸਤਵੰਤ ਸਿੰਘ ਨੂੰ ਫਿਰਕੂ ਤਾਕਤਾਂ



*ਮੀਟਿੰਗ ਵਿਚ ਹਾਜ਼ਰ ਸੀਨੀਅਰ ਅਕਾਲੀ ਆਗੂ*

ਕਹਿਣ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ ਅਤੇ ਕਿਹਾ ਹੈ ਕਿ ਸਿੱਖ ਪੰਥ ਲਈ ਉਹ ਮਹਾਨ ਸ਼ਹੀਦ ਹਨ। ਸ਼ਿਕਾਗੋ ਇਕਾਈ ਦੀ ਇਥੇ ਮੋਤੀ ਮਹਿਲ ਰੈਸਟੋਰੈਂਟ ਵਿਚ ਹੋਈ ਇਕ ਮੀਟਿੰਗ ਵਿਚ ਵੱਖ ਵੱਖ ਬੁਲਾਰਿਆਂ ਨੇ ਆਖਿਆ ਕਿ ਰਾਹੁਲ ਗਾਂਧੀ ਬਚਗਾਨਾ ਗੱਲਾਂ ਕਰ ਰਿਹਾ ਹੈ।

ਇਸ ਮੀਟਿੰਗ ਵਿਚ ਸ਼੍ਰੋਮਣੀ ਅਕਾਲੀ ਦਲ ਦੀਆਂ ਲੋਕ ਪੱਖੀ ਨੀਤੀਆਂ ਦੀ ਸ਼ਲਾਘਾ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਪੰਜਾਬ ਦੇਸ਼ ਭਰ ਦੇ ਮੋਹਰੀ ਸੂਬਿਆਂ ਦੀ ਕਤਾਰ ਵਿਚ ਆ ਪਹੁੰਚਿਆ ਹੈ। ਪਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ ਦੀ ਹਿਫਾਜ਼ਤ ਲਈ ਬਾਦਲ ਸਰਕਾਰ ਵਲੋਂ ਬਣਾਏ ਗਏ ਕਾਨੂੰਨ ਦੀ ਉਚੇਚੀ ਸ਼ਲਾਘਾ ਕੀਤੀ ਗਈ। ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦੇ ਪੁੱਤਰ ਤਜਿੰਦਰਪਾਲ ਸਿੰਘ ਦੇ ਚਲਾਣੇ ਉਤੇ ਅਫਸੋਸ ਦਾ ਪ੍ਰਗਟਾਵਾ ਕੀਤਾ ਗਿਆ।

ਇਸ ਮੀਟਿੰਗ ਵਿਚ ਸੀਨੀਅਰ ਅਕਾਲੀ ਆਗੂ ਗੁਰਮੀਤ ਸਿੰਘ ਭੋਲਾ ਅਤੇ ਲਖਵੰਤ ਸਿੰਘ ਕੋਮਲ ਤੋਂ ਇਲਾਵਾ ਜਸਕਰਨ ਸਿੰਘ ਧਾਲੀਵਾਲ, ਅਮਰੀਕ ਸਿੰਘ (ਅਮਰ ਕਾਰਪੈਟਸ), ਪ੍ਰਭਜੋਤ ਸਿੰਘ, ਇੰਦਰਜੀਤ ਸਿੰਘ ਅਤੇ ਮਨਮਿੰਦਰ ਸਿੰਘ ਸ਼ਾਮਲ ਹੋਏ।


Want to Buy/Sell ?

*Single Home, TH, Condo, Apt, Business, Land, Motel, Investment Property*

Call Madan Khatri 847-530-1550



*Madan Khatri*

www.PropertyZoo.com

One of 10 Top Producers in 2011 & 2012 at the Prudential Office!

Interest Rates are moving up!

Buy A Home anywhere in Metro NOW !!

*A Broker who can work with you from Beginning to End, Call Now!*

Prudential at 25 Turner Ave, Elk Grove Village, IL



Sistar Mortgage

Minimizing Cost, Maximizing Investment

www.SistarMortgage.com



Balbir (Bill) Grewal, Loan Officer

*Residential & Commercial Loans*

(734) 330-8859 Mobile

(586) 802-7385 Fax

Balbir.Grewal@SistarMortgage.com

**Refinance up to 125% value of the house.*

*Loans Available In Most States!*

>100% FHA Financing >Residential (Purchase & *Refinance) >Self Employed >Cash Out Refinance >Investment Property Loans >Jumbo Loans >Commercial Property With Business or Business Only





ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

www.011india.com

$25 2,500 Minutes

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ

ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।

✓ ਵਧੀਆ, ਸਾਫ਼ ਆਵਾਜ਼

✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ

✓ ਬਗੈਰ ਪਿੰਨ ਤੋਂ ਵਰਤੋ

✓ ਸਪੀਡ ਵਾਲੇ ਨੰਬਰ ਸੈਟ ਕਰੋ

Limited Time Offer. Restrictions & Additional Fees Apply.

800.914.1013 • 408.659.9400

# ਤੂ ਪਿਆਰ ਕਾ ਸਾਗਰ ਹੈ...

## ਨਹੀਂ ਮੁੱਕਣਾ ਮੰਨਾ ਡੇ ਦੇ ਗੀਤਾਂ ਦਾ ਜਾਦੂ



ਆਪਣੇ ਨਿਆਰੇ ਅਤੇ ਨਿਵੇਕਲੇ ਅੰਦਾਜ਼ ਅਤੇ ਆਵਾਜ਼ ਨਾਲ ਸੰਗੀਤ ਦੀ ਦੁਨੀਆਂ ਵਿਚ ਜਾਦੂ ਧੂੜਨ ਵਾਲਾ ਗਾਇਕ ਮੰਨਾ ਡੇ ਆਖਰਕਾਰ ਇਸ ਦੁਨੀਆਂ ਤੋਂ ਰੁਖਸਤ ਹੋ ਗਿਆ। ਕਈ ਮਹੀਨਿਆਂ ਤੋਂ ਉਹ ਬਿਮਾਰ ਸੀ। ਮੰਨਾ ਡੇ ਦੇ ਜਾਣ ਨਾਲ ਹਿੰਦੀ ਸਿਨੇਮਾ ਦੇ ਗਾਇਕਾਂ ਦੀ ਮਸ਼ਹੂਰ ਚੌਕੜੀ ਹੁਣ ਸਿਫਰ ਹੋ ਗਈ ਹੈ। ਮੁਹੰਮਦ ਰਫ਼ੀ, ਮੁਕੇਸ਼, ਕਿਸ਼ੋਰ ਕੁਮਾਰ ਅਤੇ ਮੰਨਾ ਡੇ ਨੇ 1950 ਤੋਂ 1980 ਦੇ ਦਹਾਕਿਆਂ ਤਕ ਆਪੋ-ਆਪਣੇ ਫਨ ਦਾ ਜਾਦੂ ਬਿਖੇਰਿਆ। ਰਫ਼ੀ, ਕਿਸ਼ੋਰ ਤੇ ਮੁਕੇਸ਼ ਅਰਸਾ ਪਹਿਲਾਂ ਇਸ ਸੰਸਾਰ ਨੂੰ ਅਲਵਿਦਾ ਕਹਿ ਚੁੱਕੇ ਹਨ।

ਮੰਨਾ ਡੇ ਵਰਗਾ ਸਾਦਗੀ-ਪਸੰਦ ਅਤੇ ਨਿਰਮਾਣ ਬੰਦਾ ਅੱਜਕੱਲ੍ਹ ਲੱਭਣਾ ਜੇ ਅਸੰਭਵ ਨਹੀਂ ਤਾਂ ਔਖਾ ਜ਼ਰੂਰ ਹੈ। ਉਹਦੀ ਧੀ ਸ਼ੁਮਿਤਾ ਦੱਸਦੀ ਹੈ ਕਿ ਉਹਦੇ ਪਿਤਾ ਦੇ ਆਦਰਸ਼ ਬੜੇ ਸਿੱਧੇ, ਸਰਲ ਤੇ ਸਾਦੇ ਸਨ। ਉਹਦਾ ਅੰਤਿਮ ਸੰਸਕਾਰ ਵੀ ਸਾਦਗੀ ਨਾਲ ਕੀਤਾ ਗਿਆ; ਹਾਲਾਂਕਿ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਪਰਿਵਾਰ ਨੂੰ ਬਾਕਾਇਦਾ ਕਿਹਾ ਸੀ ਕਿ ਅੰਤਿਮ ਸੰਸਕਾਰ ਵੱਡੇ ਪੱਧਰ ਉਤੇ ਕੀਤਾ ਜਾਵੇਗਾ। ਉਂਝ ਵੀ ਪਰਿਵਾਰ ਨੂੰ ਮਮਤਾ ਬੈਨਰਜੀ ਨਾਲ ਇਹ ਰੋਸਾ ਸੀ ਕਿ ਬਿਮਾਰ ਮੰਨਾ ਡੇ ਦੀ ਤਾਂ ਹਸਪਤਾਲ ਵਿਚ ਕਿਸੇ ਨੇ ਖਬਰਸਾਰ ਨਾ ਲਈ; ਹੁਣ ਮਰਨ ਪਿਛੋਂ ਅਜਿਹਾ ਦਿਖਾਵਾ ਕਿਉਂ? ਪਰਿਵਾਰਕ ਕਲੇਸ਼ ਕਰ ਕੇ ਸਰਕਾਰ ਨੇ ਤਾਂ ਉਸ ਨੇ ਨਾਂ ਜਾਰੀ ਕੀਤੇ ਫੰਡ ਵੀ ਰੋਕ ਲਏ ਸਨ ਜਿਸ ਕਾਰਨ ਇਲਾਜ ਕਰਵਾਉਣਾ ਵੀ ਔਖਾ ਹੋ ਗਿਆ ਸੀ।

ਕੋਲਕਾਤਾ ਵਿਚ ਪਹਿਲੀ ਮਈ 1919 ਵਿਚ ਜਨਮੇ ਇਸ ਗਾਇਕ ਦਾ ਨਾਂ ਪ੍ਰਬੋਧ ਚੰਦਰ ਡੇ ਸੀ ਪਰ ਉਹ ਮਸ਼ਹੂਰ ਮੰਨਾ ਡੇ ਵਜੋਂ ਹੋਇਆ। ਮੰਨਾ ਨਾਂ ਉਹਨੂੰ ਉਹਦੇ ਚਾਚੇ ਕ੍ਰਿਸ਼ਨ ਚੰਦਰ ਨੇ ਦਿੱਤਾ। ਉਸੇ ਨੇ ਹੀ ਉਸ ਦੀ ਪ੍ਰਤਿਭਾ ਪਛਾਣੀ ਅਤੇ ਫਿਰ ਸੰਗੀਤ ਦਾ ਅੰਬਰ ਉਹਦੀ ਖੁੱਲ੍ਹੀ ਉਡਾਣ ਲਈ ਖੋਲ੍ਹ ਦਿੱਤਾ। ਉਹ ਸ਼ੁਰੂ ਵਿਚ ਬੈਰਿਸਟਰ ਬਣਨਾ ਚਾਹੁੰਦਾ ਸੀ, ਪਰ ਚਾਚੇ ਕ੍ਰਿਸ਼ਨ ਚੰਦਰ ਦੇ ਪ੍ਰਭਾਵ ਹੇਠ ਉਹਨੇ ਸੰਗੀਤ ਨੂੰ ਪਹਿਲ ਦਿੱਤੀ। ਦਸ ਸਾਲ ਦੀ ਉਮਰ ਵਿਚ ਤਾਂ ਉਹ ਸਟੇਜ ਸ਼ੋਅ ਵੀ ਕਰਨ ਲੱਗ ਪਿਆ ਸੀ। ਉਸ ਦੀ ਆਵਾਜ਼ ਦਾ ਜਾਦੂ ਇਸ ਕਦਰ ਸਿਰ ਚੜ੍ਹ ਕੇ ਬੋਲਦਾ ਸੀ ਕਿ ਹਰ ਥਾਂ ਉਸ ਨਾਲ ਕੋਈ ਨਾ ਕੋਈ ਕਿੱਸਾ ਜੁੜ ਜਾਂਦਾ। ਕਾਲਜ ਵਿਚ ਉਹਨੇ ਤਿੰਨ ਸਾਲ ਗਾਇਨ ਦੇ ਵੱਖ-ਵੱਖ



ਵਰਗਾਂ ਦੇ ਮੁਕਾਬਲਿਆਂ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ। ਚੌਥੇ ਸਾਲ ਉਸ ਉਤੇ ਮੁਕਾਬਲਿਆਂ ਵਿਚ ਹਿੱਸਾ ਲੈਣ ਉਤੇ ਪਾਬੰਦੀ ਲਾ ਦਿੱਤੀ ਗਈ। ਪ੍ਰਿੰਸੀਪਲ ਅਤੇ ਅਧਿਆਪਕਾਂ ਦਾ ਕਹਿਣਾ ਸੀ ਕਿ ਹੋਰ ਹੋਣਹਾਰ ਵਿਦਿਆਰਥੀਆਂ ਨੂੰ ਵੀ ਜਿੱਤਣ ਦਾ ਮੌਕਾ ਮਿਲਣਾ ਚਾਹੀਦਾ ਹੈ! ਹੋਰ ਵਿਦਿਆਰਥੀ ਤਾਂ ਮੁਕਾਬਲੇ ਵਿਚ ਉਹਦੇ ਨੇੜੇ-ਤੇੜੇ ਵੀ ਨਹੀਂ ਸਨ ਪੁੱਜਦੇ ਹੁੰਦੇ।

ਆਪਣੇ ਕਰੀਅਰ ਦੀ ਸ਼ੁਰੂਆਤ ਮੰਨਾ ਡੇ ਨੇ 1943 ਵਿਚ 'ਤਮੰਨਾ' ਫ਼ਿਲਮ ਨਾਲ ਗਾਇਕ ਵਜੋਂ ਕੀਤੀ। ਉਹਨੇ 90 ਦੇ ਦਹਾਕੇ ਵਿਚ ਫ਼ਿਲਮਾਂ ਨੂੰ ਅਲਵਿਦਾ ਆਖਣ ਤੋਂ ਪਹਿਲਾਂ ਹਿੰਦੀ, ਬੰਗਲਾ, ਗੁਜਰਾਤੀ, ਮਰਾਠੀ, ਮਲਿਆਲਮ ਤੇ ਕੰਨੜ ਤੇ ਅਸਮੀ ਫ਼ਿਲਮਾਂ ਵਿਚ 4000 ਤੋਂ ਵੱਧ ਗੀਤ ਗਾਏ। ਉਹਦਾ ਆਖਰੀ ਗੀਤ 1991 ਵਿਚ ਆਈ ਫਿਲਮ 'ਪ੍ਰਹਾਰ' ਦਾ 'ਹਮਾਰੀ ਹੀ ਮੁੱਠੀ ਮੇਂ' ਸੀ। ਉਹਦੇ ਗਾਏ ਸਦਾਬਹਾਰ ਗੀਤ ਅੱਜ ਵੀ ਸੰਗੀਤ ਪ੍ਰੇਮੀਆਂ ਦੀ ਜ਼ੁਬਾਨ ਉਤੇ ਹਨ। ਕਲਾਸੀਕਲ ਅਤੇ ਭਾਰਤੀ ਸੰਗੀਤ ਦਾ ਜਿਸ ਤਰ੍ਹਾਂ ਦਾ ਸੁਮੇਲ ਮੰਨਾ ਡੇ ਦੇ ਗਾਇਨ ਵਿਚ ਵੇਖਣ ਨੂੰ ਮਿਲਦਾ ਸੀ, ਉਸ ਦੀ ਹੋਰ ਮਿਸਾਲ ਕਿਧਰੇ ਨਹੀਂ ਮਿਲਦੀ। ਉਹ ਫ਼ਿਲਮੀ ਗਾਇਨ ਦਾ ਇਤਿਹਾਸ ਸਨ। ਉਹਦੀ ਆਵਾਜ਼ ਵਿਚ ਉਹ ਖਣਕ ਸੀ ਕਿ ਉਹਦੇ ਕਰਾਰੇਪਣ ਦੀ ਕੋਈ ਨਕਲ ਵੀ ਨਹੀਂ ਕਰ ਸਕਿਆ। ਮੁਹੰਮਦ ਰਫ਼ੀ ਵਰਗਾ ਮਿਸਾਲੀ ਗਾਇਕ ਆਪਣੇ ਸਰੋਤਿਆਂ ਨੂੰ ਅਕਸਰ ਕਹਿੰਦਾ ਹੁੰਦਾ ਸੀ: "ਤੁਸੀਂ ਮੈਨੂੰ ਸੁਣਦੇ ਹੋ, ਤੇ ਮੈਂ ਖ਼ੁਦ ਮੰਨਾ ਡੇ ਨੂੰ ਸੁਣਦਾ ਹਾਂ।"

ਆਪਣੇ ਫਨ ਸਦਕਾ ਉਹਨੂੰ ਮਾਣ-ਸਨਮਾਨ ਬਹੁਤ ਮਿਲੇ। 1971 ਵਿਚ ਪਦਮਸ੍ਰੀ, 2005 ਵਿਚ ਪਦਮ ਵਿਭੂਸ਼ਣ ਅਤੇ 2007 ਵਿਚ ਫਾਲਕੇ ਐਵਾਰਡ ਨਾਲ ਮੰਨਾ ਡੇ ਦਾ ਸੰਗੀਤ-ਸਫ਼ਰ ਹੋਰ ਵੀ ਬੁਲੰਦੀਆਂ 'ਤੇ ਪਹੁੰਚ ਗਿਆ। 2004 ਵਿਚ ਰਵਿੰਦਰ ਭਾਰਤੀ ਯੂਨੀਵਰਸਿਟੀ ਨੇ ਉਹਨੂੰ ਡੀ. ਲਿੱਟ ਦੀ ਆਨਰੇਰੀ ਡਿਗਰੀ ਨਾਲ ਨਵਾਜਿਆ।

ਮੰਨਾ ਡੇ ਨੇ 1953 ਵਿਚ ਸੁਲੋਚਨਾ ਕੁਮਾਰੀ ਨਾਲ ਵਿਆਹ ਕੀਤਾ। ਜਦੋਂ 2012 ਵਿਚ ਪਤਨੀ ਦਾ ਦੇਹਾਂਤ ਹੋ ਗਿਆ ਤਾਂ ਉਹ ਬੁਰੀ ਤਰ੍ਹਾਂ ਟੁੱਟ ਗਿਆ। ਅਖੀਰ 24 ਅਕਤੂਬਰ 2013 ਨੂੰ ਸਭ ਤੋਂ ਵਿਛੜ ਗਏ। ਮੰਨਾ ਡੇ ਦੀ ਆਵਾਜ਼ ਨਾਲ ਸਜੇ ਗੀਤ ਦੇ ਬੋਲ ਹਨ: ਤੂ ਪਿਆਰ ਕਾ ਸਾਗਰ ਹੈ', ... ਤੇ ਉਹ ਹੁਣ ਆਪਣੇ ਚਾਹੁਣ ਵਾਲਿਆਂ ਲਈ ਸੰਗੀਤ ਦਾ ਸਾਗਰ ਆਪਣੇ ਪਿੱਛੇ ਛੱਡ ਗਏ ਹਨ।

### ਮੰਨਾ ਡੇ ਦੇ ਯਾਦਗਾਰੀ ਗੀਤ

ਕਸਮੇਂ ਵਾਦੇ ਪਿਆਰ ਵਫਾ
ਯੇਹ ਰਾਤ ਭੀਗੀ ਭੀਗੀ
ਤੂ ਪਿਆਰ ਕਾ ਸਾਗਰ ਹੈ
ਐ ਮੇਰੀ ਜ਼ੋਹਰਾ ਜਬੀਂ
ਆਜਾ ਸਨਮ ਮਧੁਰ ਚਾਂਦਨੀ ਮੈਂ ਹਮ
ਲਾਗਾ ਚੁਨਰੀ ਮੇਂ ਦਾਗ ਛੁਪਾਊਂ ਕੈਸੇ
ਝਨਕ ਝਨਕ ਤੋਰੀ ਬਾਜੇ ਪਾਇਲੀਆ
ਨਦੀਆ ਚਲੇ, ਚਲੇ ਰੇ ਧਾਰਾ
ਪੂਛੋ ਨਾ ਕੈਸੇ ਮੈਂ ਰੈਨ ਬਿਤਾਈ
ਪਿਆਰ ਹੂਆ ਇਕਰਾਰ ਹੂਆ
ਤੁਝੇ ਸੂਰਜ ਕਹੂੰ ਯਾ ਚੰਦਾ
ਜ਼ਿੰਦਗੀ ਕੈਸੀ ਹੈ ਪਹੇਲੀ ਹਾਏ
ਚੁਨਰੀ ਸੰਭਾਲ ਗੋਰੀ ਉੜੀ ਚਲੀ ਜਾਏ ਰੇ
ਇਕ ਚਤੁਰ ਨਾਰ ਕਰ ਕੇ ਸ਼ਿੰਗਾਰ
ਏ ਭਾਈ ਜ਼ਰਾ ਦੇਖ ਕੇ ਚਲੋ
ਯੇਹ ਦੋਸਤੀ ਹਮ ਨਹੀਂ ਤੋੜੇਂਗੇ
ਐ ਮੇਰੇ ਪਿਆਰੇ ਵਤਨ



ਮੰਨਾ ਡੇ ਦੀ ਹੱਥ-ਲਿਖਤ।



ਆਪਣੀ ਪਤਨੀ ਸਲੋਚਨਾ ਨਾਲ।

# ਭਾਰਤੀ ਸਿਹਤ-ਪ੍ਰਬੰਧ ਤੇ ਗਰਭਪਾਤ ਦਾ ਮੁੱਦਾ

ਕੁਲਦੀਪ ਕੌਰ
ਫੋਨ: +91-98554-04330

ਗਰਭਪਾਤ ਨਾਲ ਸਬੰਧਤ ਸੇਵਾਵਾਂ ਔਰਤਾਂ ਦੀਆਂ ਸਿਹਤ ਸੇਵਾਵਾਂ ਦਾ ਸੰਵੇਦਨਸ਼ੀਲ ਅਤੇ ਅਹਿਮ ਹਿੱਸਾ ਹਨ। ਆਲਮੀਕਰਨ ਤੇ ਉਦਾਰੀਕਰਨ ਦੇ ਇਸ ਦੌਰ ਵਿਚ ਜਦੋਂ ਇੱਕ ਪਾਸੇ ਸਿਹਤ ਸੇਵਾਵਾਂ ਪ੍ਰਾਈਵੇਟ ਅਦਾਰਿਆਂ ਦੇ ਹੱਥਾਂ ਵਿਚ ਸੁੰਘੜ ਰਹੀਆਂ ਹਨ, ਦੂਜੇ ਪਾਸੇ ਮੌਜੂਦਾ ਸਿਹਤ ਢਾਂਚਾ ਭਾਰਤੀ ਸਿਆਸਤ ਵਿਚਲੀਆਂ ਮਿੱਥਾਂ, ਵਿਤਕਰਿਆਂ, ਰੂੜੀਵਾਦੀ ਤੇ ਔਰਤ-ਵਿਰੋਧੀ ਸੋਚ ਦਾ ਪ੍ਰਤੱਖ ਪ੍ਰਮਾਣ ਬਣ ਚੁੱਕਿਆ ਹੈ। ਗਰਭਪਾਤ ਸਿਰਫ਼ ਸਿਹਤ ਮੁੱਦਾ ਹੀ ਨਹੀਂ ਸਗੋਂ ਇਹ ਔਰਤ ਦੇ ਸਰੀਰ ਸਬੰਧੀ ਸੱਭਿਆਚਾਰਕ ਧਾਰਾਨਾਵਾਂ, ਸਿਆਸੀ ਨੀਤੀਆਂ, ਆਰਥਿਕ ਰੁਝਾਨ, ਸਮਾਜਕ ਵਿਤਕਰਿਆਂ ਅਤੇ ਧਾਰਮਿਕ ਰਵਾਇਤਾਂ ਦਾ ਪ੍ਰਗਟਾਵਾ ਵੀ ਹੈ।

ਪ੍ਰਸਿੱਧ ਸਿਹਤ ਮੈਗਜ਼ੀਨ 'ਲੈਨਸਟ' ਵਿਚ ਛਪੇ ਅਧਿਐਨ ਮੁਤਾਬਕ ਹਰ ਸਾਲ ਭਾਰਤ ਵਿਚ ਤਕਰੀਬਨ 6.4 ਲੱਖ ਗਰਭਪਾਤ ਹੁੰਦੇ ਹਨ ਜਿਨ੍ਹਾਂ ਵਿਚੋਂ 56 ਫ਼ੀਸਦੀ ਗ਼ੈਰ-ਕਾਨੂੰਨੀ ਹਨ। ਗ਼ੈਰ-ਕਾਨੂੰਨੀ ਗਰਭਪਾਤ ਦਾ ਦੂਜਾ ਅਰਥ ਇਹ ਵੀ ਬਣਦਾ ਹੈ ਕਿ ਇਨ੍ਹਾਂ ਗਰਭਪਾਤਾਂ ਦਾ ਕੋਈ ਰਿਕਾਰਡ ਨਹੀਂ। ਇਹ ਗਰਭਪਾਤ ਗ਼ੈਰ-ਸਿਖਲਾਈਯਾਫ਼ਤਾ ਸਿਹਤ ਕਾਮਿਆਂ ਰਾਹੀਂ ਚੋਰੀ-ਛਿਪੇ ਅਜਿਹੀਆਂ ਥਾਵਾਂ 'ਤੇ ਕੀਤੇ ਜਾਂਦੇ ਹਨ ਜਿਨ੍ਹਾਂ ਨੂੰ ਸਹੀ ਅਰਥਾਂ ਵਿਚ ਸਿਹਤ ਕੇਂਦਰ ਜਾਂ ਕਲੀਨਿਕ ਨਹੀਂ ਕਿਹਾ ਜਾ ਸਕਦਾ। ਇਸ ਦਾ ਤੀਜਾ ਅਰਥ ਇਹ ਹੈ ਕਿ ਹੁਣ ਤੱਕ ਅਜਿਹਾ ਕੋਈ ਅਧਿਐਨ ਜਾਂ ਸਰਵੇਖਣ ਨਹੀ ਕੀਤਾ ਗਿਆ ਜੋ ਇਹ ਦਰਸਾ ਸਕੇ ਕਿ ਇਨ੍ਹਾਂ ਗਰਭਪਾਤਾਂ ਤੋਂ ਬਾਅਦ ਔਰਤਾਂ ਨੂੰ ਕਿਨ੍ਹਾਂ ਸਰੀਰਿਕ ਸਮੱਸਿਆਵਾਂ ਵਿਚੋਂ ਗੁਜ਼ਰਨਾ ਪਿਆ, ਜਾਂ ਔਰਤਾਂ ਲਈ ਇਨ੍ਹਾਂ ਗਰਭਪਾਤਾਂ ਨਾਲ ਸਬੰਧਤ ਮਾਨਸਿਕ ਸਦਮੇ ਕਿਸ ਤਰ੍ਹਾਂ ਦੇ ਸਨ, ਜਾਂ ਇਹ ਗਰਭਪਾਤ ਉਨ੍ਹਾਂ ਦੀ ਪੜ੍ਹਾਈ, ਨੌਕਰੀ ਅਤੇ ਰੋਜ਼-ਮੱਰਾ ਜ਼ਿੰਦਗੀ ਉੱਤੇ ਕਿਵੇਂ ਅਸਰਅੰਦਾਜ਼ ਹੋਏ। ਗਰਭਪਾਤ ਨੂੰ ਔਰਤਾਂ ਦੇ ਮਨੁੱਖੀ ਹਕੂਕ ਦਾ ਰੁਤਬਾ ਦਿਵਾਉਣ ਦੀ ਲੜਾਈ ਲੜ ਰਹੀਆਂ ਜਥੇਬੰਦੀਆਂ ਮੁਤਾਬਕ ਗਰਭਪਾਤ ਬਹੁਤ ਵਾਰ ਔਰਤਾਂ ਦੀ ਜਣਨ-ਸ਼ਕਤੀ ਨੂੰ ਹਮੇਸ਼ਾ ਲਈ ਖ਼ਤਮ ਕਰਨ ਵਾਲਾ ਸਾਬਤ ਹੁੰਦਾ ਹੈ। ਇਹ ਮੁੱਦੇ ਦਾ ਸਿਰਫ਼ ਇੱਕ ਪੱਖ ਹੈ। ਗਰਭਪਾਤ ਸਬੰਧੀ ਖੋਜ ਕਾਰਜਾਂ ਵਿਚ ਜੁਟੀ ਸੰਸਥਾ 'ਸਿਹਤ' (ਛਉਠ) ਮੁਤਾਬਕ ਭਾਰਤ ਵਿਚ ਜਣਨ-ਪ੍ਰਕਿਰਿਆ ਵਿਚ ਮਰਨ ਵਾਲੀਆਂ ਮਾਵਾਂ ਦੀ ਗਿਣਤੀ ਦਾ ਜ਼ਿਕਰਗੋਚਰਾ ਹਿੱਸਾ ਗਰਭਪਾਤ ਨਾਲ ਮਰਨ ਵਾਲੀਆਂ ਔਰਤਾਂ ਵੀ ਹਨ। ਇਸ ਸਬੰਧ ਵਿਚ ਟਿੱਪਣੀ ਕਰਦਿਆਂ ਕੇਂਦਰੀ ਸਿਹਤ ਮੰਤਰੀ ਗੁਲਾਮ ਨਬੀ ਆਜ਼ਾਦ ਨੇ ਕਿਹਾ ਕਿ ਕੇਂਦਰੀ ਸਿਹਤ ਪ੍ਰਬੰਧ ਅਤੇ ਜਾਣਕਾਰੀ ਵਾਲੇ ਮਹਿਕਮੇ ਕੋਲ ਅਜਿਹਾ ਕੋਈ ਅੰਕੜਾ ਨਹੀਂ ਜੋ ਇਨ੍ਹਾਂ ਮੌਤਾਂ ਦੀ ਸਹੀ ਨਿਸ਼ਾਨਦੇਹੀ ਕਰ ਸਕੇ। ਔਰਤਾਂ ਦੀਆਂ ਸਿਹਤ ਸੇਵਾਵਾਂ ਵਿਚ ਅਜਿਹੀ ਅਣਦੇਖੀ ਸਿਰਫ਼ ਨੀਤੀਗਤ ਮੁੱਦਾ ਨਹੀਂ ਹੋ ਸਕਦਾ। ਇਸ ਆਬਾਦੀ ਦੀਆਂ ਜ਼ਰੂਰਤਾਂ ਮੁਤਾਬਕ ਮੌਜੂਦਾ ਸਿਹਤ ਢਾਂਚੇ ਨੂੰ ਢਾਲਣਾ ਵੀ ਜ਼ਰੂਰੀ ਹੈ। ਹੁਣ ਲੜਕੀਆਂ ਨਾ ਸਿਰਫ਼ ਵੱਡੀ ਗਿਣਤੀ ਵਿਚ ਸਕੂਲਾਂ, ਕਾਲਜਾਂ, ਦਫ਼ਤਰਾਂ, ਕੰਪਨੀਆਂ ਤੇ ਕਾਰਖ਼ਾਨਿਆਂ ਵਿਚ ਪੜ੍ਹਨ ਅਤੇ ਰੁਜ਼ਗਾਰ ਢਾਂਚਿਆਂ ਵਿਚ ਸ਼ਾਮਿਲ ਹਨ ਪਰ ਉਨ੍ਹਾਂ ਦਾ ਪਰਿਵਾਰ, ਸਮਾਜ ਤੇ ਰਾਜ ਵਰਗੇ ਰਵਾਇਤੀ ਢਾਂਚਿਆਂ ਵਿਚਲੀ ਪਿਤਰਸੱਤਾ ਨਾਲ ਸਿੱਧਾ ਟਕਰਾਅ ਵੀ ਸਾਹਮਣੇ ਆ ਰਿਹਾ ਹੈ।

ਜੇ ਗਰਭਪਾਤ ਵਰਗੇ ਸੰਵੇਦਨਸ਼ੀਲ ਮੁੱਦੇ ਨੂੰ ਹੀ ਵਿਚਾਰਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਕਾਨੂੰਨੀ ਹੋਣ ਦੇ ਬਾਵਜੂਦ ਇਹ ਅਜਿਹੇ ਸਿਹਤ ਢਾਂਚੇ ਦਾ ਸ਼ਿਕਾਰ ਹੋ ਗਿਆ ਜਿਹੜਾ ਔਰਤਾਂ ਦੇ ਸਰੀਰ ਨੂੰ ਉਸੇ ਨਜ਼ਰੀਏ ਨਾਲ ਵੇਖਦਾ ਹੈ ਜਿਸ ਦੀਆਂ ਉਹ ਸਮਾਜਕ ਢਾਂਚੇ ਵਿਚ ਪਹਿਲਾ ਹੀ ਸ਼ਿਕਾਰ ਸਨ। ਇੱਥੇ ਇਹ ਤੱਥ ਵੀ ਮਹੱਤਵਪੂਰਨ ਹੈ ਕਿ ਭਾਰਤ ਵਿਚ ਔਰਤਾਂ ਦੀਆਂ ਸਿਹਤ ਸੇਵਾਵਾਂ ਦਾ ਸਿਆਸੀ ਅਰਥਚਾਰਾ ਉਨ੍ਹਾਂ ਦੀਆਂ ਲੋੜਾਂ ਨਹੀਂ ਸਗੋਂ ਪਰਿਵਾਰ ਨਿਯੋਜਨ ਕਰਨ ਵਾਲੀਆਂ ਕੰਪਨੀਆਂ ਤੈਅ ਕਰਦੀਆਂ ਹਨ ਜਿਨ੍ਹਾਂ ਦੀ ਸਿਧਾਂਤਕ ਸੇਧ ਡਾਰਵਿਨਵਾਦ ਤੋਂ ਪ੍ਰੇਰਿਤ ਹੈ। ਇਹ ਸਿਰਫ਼ ਭਾਰਤ ਨਹੀਂ ਸਗੋਂ ਤੀਜੀ ਦੁਨੀਆਂ



ਦੀਆਂ ਔਰਤ ਸਬੰਧਤ ਸਾਰੀਆਂ ਸਿਹਤ ਨੀਤੀਆਂ ਦਾ ਸੱਚ ਹੈ। ਗਰਭਪਾਤ ਦਾ ਹੱਕ ਅਸਲ ਵਿਚ ਪਰਿਵਾਰ ਨਿਯੋਜਨ ਲਈ ਪ੍ਰਵਾਨ ਕੀਤਾ ਗਿਆ। ਗਰਭਪਾਤ ਸਬੰਧੀ ਫ਼ੈਸਲੇ ਦੀ ਅੰਤਿਮ-ਵਿਆਖਿਆ ਡਾਕਟਰਾਂ ਦੇ ਹੱਥਾਂ ਵਿਚ ਛੱਡ ਦਿੱਤੀ ਗਈ। ਮਿਸ਼ੇਲ ਫੂਕੋ ਮੁਤਾਬਕ ਸਤਹੀ ਤੌਰ ਉੱਤੇ ਵੀ ਤੀਮਾਰਦਾਰ ਅਤੇ ਬਿਮਾਰ ਦਾ ਇਹ ਰਿਸ਼ਤਾ ਕਿਤੇ ਸਮਾਜਕ ਕੰਟਰੋਲ ਦੀਆਂ ਹੱਦਬੰਦੀਆਂ ਤੋਂ ਪਾਰ ਨਹੀਂ ਜਾਂਦਾ। ਨਤੀਜੇ ਵਜੋਂ ਔਰਤ ਦੀ ਸਹਿਮਤੀ/ਅਸਹਿਮਤੀ ਸਮਾਜਕ ਕਾਰਨ ਤੈਅ ਕਰਦੇ ਹਨ। ਦੂਜਾ ਜਦੋਂ ਮੁਲਕ ਦੀਆਂ ਬਹੁ-ਗਿਣਤੀ ਔਰਤਾਂ ਅਨਪੜ੍ਹ, ਗ਼ਰੀਬ ਅਤੇ ਸਮਾਜਕ ਤੌਰ ਉੱਤੇ ਤੰਗ ਘੇਰਿਆਂ ਵਿਚ ਸਿਮਟੀਆਂ ਹਨ, ਉਨ੍ਹਾਂ ਤੱਕ ਮੂਲ ਜਾਣਕਾਰੀ ਪਹੁੰਚਾਉਣ ਦਾ ਕੋਈ ਠੋਸ ਤਰੱਦਦ ਵੀ ਨਹੀਂ ਕੀਤਾ ਗਿਆ। ਇਸ ਤੋਂ ਇਲਾਵਾ ਜਨਤਕ ਫੰਡ ਦੀ ਹਮੇਸ਼ਾ ਕਮੀ ਦਰਸਾਈ ਗਈ ਜਿਸ ਰਾਹੀਂ ਡਾਕਟਰਾਂ ਦੀ ਖ਼ਾਸ ਗਿਣਤੀ ਨੂੰ ਗਰਭਪਾਤ ਸਬੰਧੀ ਸੇਵਾਵਾਂ ਦੇਣ ਲਈ ਤਿਆਰ ਕੀਤਾ ਜਾਣਾ ਸੀ। ਇਸੇ ਤਿਆਰੀ ਤਹਿਤ ਗਰਭਪਾਤ ਨਾਲ ਜੁੜੀ ਸ਼ਰਮ, ਝਿਜਕ ਤੇ ਨੈਤਿਕਤਾ ਨੂੰ ਵੀ ਸਮਝਿਆ ਜਾਣਾ ਸੀ।

ਚੋਰੀ ਛਿਪੇ ਹੁੰਦੇ ਗਰਭਪਾਤਾਂ ਦਾ ਤ੍ਰਾਸਦਿਕ ਪੱਖ ਇਨ੍ਹਾਂ ਵਿਚ ਵਰਤੇ ਗਏ ਤਰੀਕੇ ਹਨ ਜੋ ਨਾ ਸਿਰਫ਼ ਜਾਨਲੇਵਾ ਸਾਬਤ ਹੋ ਸਕਦੇ ਹਨ ਬਲਕਿ ਕਈ ਵਾਰ ਔਰਤਾਂ ਨੂੰ ਉਮਰ ਭਰ ਲਈ ਪ੍ਰਜਨਣ ਪੱਖੋਂ ਨਕਾਰਾ ਕਰ ਸਕਦੇ ਹਨ। ਇਸ ਤੋਂ ਬਿਨਾਂ ਜਣਨ ਅੰਗਾਂ ਦੀਆਂ ਲਾਗ ਦੀਆਂ ਬਿਮਾਰੀਆਂ, ਖ਼ੂਨ ਦੀ ਕਮੀ, ਲਗਾਤਾਰ ਥਕਾਵਟ, ਪਿੱਠ ਦਰਦ, ਸਰੀਰ ਪ੍ਰਤੀ ਨਾਪਸੰਦਗੀ ਤੇ ਆਤਮ-ਵਿਸ਼ਵਾਸ ਵਿਚ ਕਮੀ ਵਰਗੀਆਂ ਸਮੱਸਿਆਵਾਂ ਨਾਲ ਵੀ ਜੂਝਣਾ ਪੈਂਦਾ ਹੈ। ਜੇ ਕਾਨੂੰਨੀ ਤੌਰ ਉੱਤੇ ਗਰਭਪਾਤ ਕਰਵਾਇਆ ਜਾਵੇ ਤਾਂ ਮੌਜੂਦਾ ਭਾਰਤੀ ਸਿਹਤ ਢਾਂਚੇ ਵਿਚ ਔਰਤਾਂ ਲਈ ਸਭ ਤੋਂ ਨੇੜੇ ਦੇ ਸਿਹਤ ਕੇਂਦਰਾਂ ਵਿਚ ਨਾ ਤਾਂ ਲੋੜੀਂਦੀ ਗਿਣਤੀ ਦਾ ਅਮਲਾ ਤਾਇਨਾਤ ਹੈ, ਨਾ ਲੋੜੀਂਦਾ ਸਾਜ਼ੋ-ਸਮਾਨ ਹੈ ਅਤੇ ਨਾ ਹੀ ਗੰਭੀਰ ਮਰੀਜ਼ਾਂ ਲਈ ਸਾਂਭ-ਸੰਭਾਲ ਦਾ ਪ੍ਰਬੰਧ ਹੈ। ਦਿੱਲੀ ਵਿਚ ਗਰਭਪਾਤ ਸਬੰਧੀ ਹੋਏ ਸਰਵੇਖਣ ਮੁਤਾਬਕ ਮੁਫ਼ਤ ਹੋਣ ਦੇ ਬਾਵਜੂਦ ਘਰਾਂ ਵਿਚ ਨੌਕਰਾਣੀ ਵਜੋਂ ਕੰਮ ਕਰਦੀਆਂ ਔਰਤਾਂ ਅਤੇ ਸੜਕਾਂ 'ਤੇ ਗੁਜ਼ਰ-ਬਸਰ ਕਰਦੀਆਂ ਔਰਤਾਂ ਵੀ ਸਰਕਾਰੀ ਸਿਹਤ ਕੇਂਦਰਾਂ ਨੂੰ ਤਰਜੀਹ ਦੇਣਾ ਪਸੰਦ ਨਹੀਂ ਕਰਦੀਆਂ। ਇਸ ਦੇ ਕਾਰਨ ਬਿਆਨਦਿਆਂ ਇਕ ਔਰਤ ਨੇ ਦੱਸਿਆ ਕਿ ਸਰਕਾਰੀ ਹਸਪਤਾਲਾਂ ਵਿਚ ਜਦੋਂ ਤੱਕ ਤੁਹਾਡੀ ਵਾਰੀ ਆਉਂਦੀ ਹੈ, ਉਦੋਂ ਤੱਕ ਤੁਸੀਂ ਖੁਦ ਹੀ ਫਰਸ਼ 'ਤੇ ਢੇਰ ਹੋ ਸਕਦੇ ਹੋ। ਇੱਕ ਹੋਰ ਔਰਤ ਦਾ ਕਹਿਣਾ ਸੀ ਕਿ ਅਸੀਂ ਦਾਈਆਂ ਅਤੇ ਅਹੁੜ-ਪਹੁੜ ਵਾਲਿਆਂ ਕੋਲ ਇਸ ਲਈ ਜਾਣਾ ਪਸੰਦ ਕਰਦੇ ਹਾਂ ਕਿ ਘੱਟੋ-ਘੱਟ ਕੋਈ ਤੁਹਾਨੂੰ ਬਿਨਾਂ ਕਾਰਨ ਤੋਂ ਘੂਰਦਾ ਨਹੀਂ ਹੈ। ਬਹੁਤ ਵਾਰ ਜਨਾਨਾ ਡਾਕਟਰ ਨਾ ਹੋਣ ਕਾਰਨ ਵੀ ਔਰਤਾਂ ਨੇ ਸਰਕਾਰੀ ਹਸਪਤਾਲਾਂ ਤੋਂ ਟਾਲਾ ਵੱਟਿਆ ਹੈ।

ਇਸ ਸਰਵੇਖਣ ਨਾਲ ਸਬੰਧਤ ਸਾਰੀਆਂ ਔਰਤਾਂ ਦਾ ਸਾਂਝਾ ਡਰ ਇਹ ਸੀ ਕਿ ਕਿਤੇ ਸਰਕਾਰੀ ਡਾਕਟਰ ਗਰਭਪਾਤ ਦੇ ਬਹਾਨੇ ਨਸਬੰਦੀ ਨਾ ਕਰ ਦੇਵੇ। ਇਸ ਤੋਂ ਇਲਾਵਾ ਜਦੋਂ ਗਰਭਪਾਤ ਦੀ ਜ਼ਰੂਰਤ ਅਣਵਿਆਹੀਆਂ ਔਰਤਾਂ ਨੂੰ ਪੈਂਦੀ ਹੈ ਤਾਂ ਉਨ੍ਹਾਂ ਲਈ ਸਿਹਤ ਸੇਵਾਵਾਂ ਦੇ ਦਰਵਾਜ਼ੇ ਘਿਰਣਾ ਨਾਲ ਬੰਦ ਹੋ ਜਾਂਦੇ ਹਨ। ਅਜਿਹਾ ਕੋਈ ਜਾਗਰੂਕਤਾ ਸੈੱਲ ਸਰਕਾਰੀ ਸੇਵਾਵਾਂ ਵਿਚ ਮੌਜੂਦ ਨਹੀਂ ਜੋ ਭਵਿੱਖ ਵਿਚ ਔਰਤਾਂ ਦੇ ਗਰਭਪਾਤ ਸਬੰਧੀ ਸੰਸਿਆਂ ਨੂੰ ਮੁਖ਼ਾਤਬ ਹੁੰਦਾ ਹੋਵੇ। ਆਬਾਦੀ ਦੇ ਕੰਟਰੋਲ ਸਬੰਧੀ ਨੈਤਿਕ ਤੌਰ ਉੱਤੇ ਆਪਣੇ-ਆਪ ਨੂੰ ਜਵਾਬਦੇਹ ਮੰਨਦੀਆਂ ਸਿਹਤ ਸੇਵਾਵਾਂ ਅਕਸਰ ਗ਼ਰੀਬ, ਅਨਪੜ੍ਹ ਤੇ ਪੱਛੜੇ ਖੇਤਰਾਂ ਦੀਆਂ ਔਰਤਾਂ ਨਾਲ ਬੇਦਿਲੀ, ਤਰਸ ਅਤੇ ਸੁਧਾਰ ਦੀ ਭਾਵਨਾ ਨਾਲ ਵਰਤਦੀਆਂ ਹਨ। ਇਸ ਤਰ੍ਹਾਂ, ਕਾਨੂੰਨੀ ਪੇਸ਼ਬੰਦੀਆਂ ਧਰੀਆਂ-ਧਰਾਈਆਂ ਰਹਿ ਜਾਂਦੀਆਂ ਹਨ। ਸਰਕਾਰੀ ਸੇਵਾਵਾਂ ਤੋਂ ਹਤਾਸ਼ ਔਰਤਾਂ ਜਦ ਗ਼ੈਰ-ਸਿਖਲਾਈਯਾਫ਼ਤਾ ਸਿਹਤ ਕਾਮਿਆਂ ਕੋਲ ਜਾਂਦੀਆਂ ਹਨ ਤਾਂ ਗਰਭਪਾਤ ਦੀ ਕੀਮਤ ਕਈ ਗੁਣਾ ਵੱਧ ਵਸੂਲੀ ਜਾਂਦੀ ਹੈ। ਸਿਹਤ ਸੇਵਾਵਾਂ ਦੇ ਮਿਆਰ ਦੇ ਮਾਮਲੇ ਵਿਚ ਸਮਝੌਤਾ ਕੀਤਾ ਜਾਂਦਾ ਹੈ। ਆਮ ਔਰਤਾਂ ਲਈ ਗਰਭ-ਨਿਰਧੋਕ ਜਾਣਕਾਰੀ ਦੇ ਦਰਵਾਜ਼ੇ ਬੰਦ ਹੀ ਰਹਿੰਦੇ ਹਨ। ਇੱਥੇ ਇਹ ਦੱਸਣਾ ਅਹਿਮ ਹੈ ਕਿ ਗਰਭਪਾਤ ਵਿਚ ਔਰਤਾਂ ਲਈ ਜ਼ਰੂਰੀ ਮੁੱਦਾ ਇਲਾਜ ਦਾ ਸਮਾਜਕ ਪਰਦਾ ਕਾਇਮ ਰੱਖਦੇ ਹੋਏ ਸੇਵਾਵਾਂ ਮੁਹੱਈਆ ਕਰਨਾ ਹੈ। ਔਰਤਾਂ ਨੀਮ-ਹਕੀਮਾਂ ਅਤੇ ਜਾਣਕਾਰ ਪ੍ਰਾਈਵੇਟ ਸਿਹਤ ਕਾਮਿਆਂ ਕੋਲ ਇਸ ਲਈ ਵੀ ਜਾਂਦੀਆਂ ਹਨ ਕਿ ਉਹ ਸਾਲਾਂ ਬੱਧੀ ਉਨ੍ਹਾਂ ਦੇ ਯਕੀਨ ਨੂੰ ਕਾਇਮ ਰੱਖਦੇ ਹਨ। ਗਰਭਪਾਤ ਕਾਨੂੰਨ ਇਨ੍ਹਾਂ ਸਿਹਤ ਕਾਮਿਆਂ ਦੀ ਹੋਂਦ ਨੂੰ ਮੂਲੋਂ ਹੀ ਰੱਦ ਕਰਦਾ ਹੈ। ਇਹ ਟਿੱਪਣੀ ਗਰਭਪਾਤ ਨਾਲ ਹੁੰਦੀਆਂ ਮੌਤਾਂ ਅਤੇ ਬਿਮਾਰੀਆਂ ਬਾਰੇ ਕੀਤੀ ਜਾ ਸਕਦੀ ਹੈ। ਗਰਭਪਾਤ ਸੇਵਾਵਾਂ ਹਰ ਹਾਲਤ ਵਿਚ ਸਿਹਤ ਸੇਵਾਵਾਂ ਦੀ ਜ਼ਰੂਰੀ ਮੱਦ ਹਨ ਜਿਨ੍ਹਾਂ ਬਾਰੇ ਪਸਰੀ ਚੁੱਪ ਹਰ ਪੱਧਰ 'ਤੇ ਤੋੜਨ ਦੀ ਜ਼ਰੂਰਤ ਹੈ।

# PATEL® BROTHERS

"Celebrating Our Food...Our Culture"

4150 LAFAYETTE ROAD, SUITE F, INDIANAPOLIS, IN 46254
T: 317.293.8345 • F: 317.293.8395

www.patelbros.com



## ਗਾਹਕਾਂ ਅਤੇ ਸਰਪ੍ਰਸਤਾਂ ਨੂੰ



# ਦੀਵਾਲੀ ਮੁਬਾਰਕ

ਪਰਮਾਤਮਾ ਕਰੇ ਇਹ ਤਿਓਹਾਰ ਸਭਨਾਂ ਦੇ ਘਰੀਂ ਖ਼ੁਸ਼ੀਆਂ ਦੇ ਦੀਵੇ ਬਾਲੇ








## ਰਜਬ ਅਲੀ ਦੇ ਰੰਗ-13



*ਬਾਬੂ ਰਜਬ ਅਲੀ ਖਾਨ (10 ਅਗਸਤ 1894-6 ਮਈ 1979) ਦਾ ਜਨਮ ਮੀਆਂ ਧਮਾਲੀ ਖਾਨ ਅਤੇ ਜਿਉਣੀ ਦੇ ਘਰ ਪਿੰਡ ਸਾਹੋਕੇ ਜ਼ਿਲ੍ਹਾ ਫਿਰੋਜ਼ਪੁਰ ਵਿਚ ਹੋਇਆ। ਉਨ੍ਹਾਂ ਨੇ ਸਿਵਲ ਇੰਜੀਨੀਅਰਿੰਗ ਦਾ ਡਿਪਲੋਮਾ (ਓਵਰਸੀਅਰੀ) ਪਾਸ ਕੀਤਾ ਅਤੇ ਸਿੰਜਾਈ ਵਿਭਾਗ ਵਿਚ ਨੌਕਰੀ ਕਰ ਲਈ, ਪਰ ਗਾਉਣ ਦੇ ਇਸ਼ਕ ਕਰ ਕੇ 1940 ਵਿਚ ਨੌਕਰੀ ਛੱਡ ਦਿੱਤੀ। 1947 ਦੀ ਵੰਡ ਵੇਲੇ ਉਨ੍ਹਾਂ ਨੂੰ ਪਾਕਿਸਤਾਨ ਜਾਣਾ ਪਿਆ, ਪਰ ਕਵੀਸ਼ਰ ਦਾ ਦਿਲ ਮਾਲਵੇ ਦੇ ਪਿੰਡਾਂ ਵਿਚ ਹੀ ਰਿਹਾ। ਲਹਿੰਦੇ ਪੰਜਾਬ ਵਿਚ ਉਨ੍ਹਾਂ ਨੂੰ ਓਕਾੜਾ ਜ਼ਿਲ੍ਹੇ ਵਿਚ ਚੱਕ ਨੂੰਬਰ 32/2 ਵਿਖੇ ਜ਼ਮੀਨ ਅਲਾਟ ਹੋਈ। ਉਹ ਕਵੀਸ਼ਰੀ ਦੇ ਬਾਦਸ਼ਾਹ ਵਜੋਂ ਮਸ਼ਹੂਰ ਹਨ। ਉਨ੍ਹਾਂ ਦਰਜਨਾਂ ਕਿੱਸੇ ਅਤੇ ਅਨੇਕਾਂ ਕਵਿਤਾਵਾਂ ਲਿਖੀਆਂ। ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਪੰਜਾਬ, ਖਾਸ ਕਰ ਮਾਲਵੇ ਦੀ ਰੂਹ ਝਲਕਦੀ ਹੈ। ਉਨ੍ਹਾਂ ਦਾ ਚਾਚਾ ਹਾਜੀ ਰਤਨ ਵੀ ਵਧੀਆ ਕਵੀਸ਼ਰ ਸੀ। ਉਨ੍ਹਾਂ ਦੀਆਂ ਰਚਨਾਵਾਂ ਦਾ ਰੰਗ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਉਨ੍ਹਾਂ ਦੀ ਕਵਿਤਾ ਲੜੀਵਾਰ ਛਾਪ ਰਹੇ ਹਾਂ। -ਸੰਪਾਦਕ*

# ਭੂਗੋਲ ਦੇ ਕਬਿੱਤ

੧

ਬੀਕਾਨੇਰ ਬੋਤੇ,
ਮੱਝਾਂ ਚੰਗੀਆਂ ਬਹੌਲਪੁਰ,
ਸਿੰਧ ਦੀ ਮਦੀਨ,
ਲੈਣੇ ਬਲਦ ਹਿਸਾਰ 'ਚੋਂ।
ਨਾਸਕ ਦੇ ਪਾਨ,
ਬਾਂਸ ਥਿਆਉਣੇ ਨਾ ਬਰੇਲੀ ਜੈਸੇ,
ਮਥਰਾ ਦੇ ਪੇੜੇ,
ਰਿਉੜੀ ਰੋਹਤਕ ਬਜ਼ਾਰ 'ਚੋਂ।
ਕੋਟੇ ਖੁਰਮਾਨੀ,
ਹੈਨਾ ਸਰਦੇ ਪਿਸ਼ੌਰ ਜੈਸੇ,
ਹਿੰਗ ਚੰਗੀ ਲੱਭੇ ਜਾ ਕੇ
ਕਾਬਲ ਕੰਧਾਰ 'ਚੋਂ।
ਸੋਮਨਾਥ ਮੋਤੀ,
ਹੀਰੇ ਹੈਦਰਾ ਅਬਾਦ ਚੰਗੇ,
'ਬਾਬੂ' ਮੀਲ ਮੀਲ ਤੋਂ
ਦਮ੍ਹਕ ਮਾਰੇ ਹਾਰ 'ਚੋਂ।

੨

ਕੌਲੀਆਂ ਭਦੌੜ,
ਨਾ ਕੜਾਹਾ ਭਾਈ ਰੂਪੇ ਜੈਸਾ,
ਘਾਂਗੇ ਦਾ ਪਲੰਘ ਹੈ,
ਮਸ਼ਹੂਰ ਜੁੱਤੀ ਡੱਲੇ ਦੀ।
ਕੜਮੀਂ ਤੰਬਾਟੋ,
ਮਿੱਠੀ ਗਾਜਰ ਚੁਹਾਨ ਕਿਆਂ ਦੀ,
ਆ ਜੇ ਕਰਨਾਲ ਖਾ
ਲੱਜ਼ਤ ਦਹੀਂ-ਭੱਲੇ ਦੀ।
ਟੇਸ਼ਨ ਬਠਿੰਡਾ,
ਤੇ ਸਰਾਂ ਨਾ ਨੂਰ-ਮਹਿਲ ਜੈਸੀ,
ਤਾਲ ਤਲਵੰਡੀ ਦਾ,
ਸੁਹਾਵੇ ਢਾਬ ਮੱਲੇ ਦੀ।
ਮੇਰਠ ਜਿਹਾ ਗੁੜ,
'ਬਾਬੂ' ਅੰਬ ਨਾ ਅੰਬਾਲੇ ਜੈਸੇ,
ਲਹਿਰੀਏ ਪਟਿਆਲੇ
ਤੇ ਜ਼ਨਾਨੀ ਜੋਗੇ-ਰੱਲੇ ਦੀ।

੩

ਗੱਡੇ ਹੰਢਿਆਏ,
ਸੀਰ ਵਾਲੀ ਦੀ ਗੰਡਾਸੀ ਚੰਗੀ,
ਸਾਰੰਗੀ ਸੰਘੇੜਿਆਂ ਦੀ,
ਬਣਨ ਕੂੰਡੇ ਰਾਂਮਤੇ।
ਗੰਢੇ ਇੰਦਗੜ੍ਹ ਦੇ,
ਨਕੋਦਰ ਚਿਲਮ ਚੰਗੀ,
ਬੱਸ ਹੋ ਗਈ ਨਾਸ ਦੀ
ਗਿੱਦੜ-ਬਹੇ ਗਾਮ 'ਤੇ।
ਆਧਨੀਏਂ ਕਹੀ
ਮੂਲਿਆਂ ਵਾਲੇ ਦੀ ਦਰਾਤੀ ਚੰਗੀ,
ਵਿਚੇ ਉੱਚੀ ਰੱਖਦੇ
ਬਣਾ ਕੇ ਖਾਨਾ ਲਾਮ੍ਹ 'ਤੇ।
'ਰਜਬ ਅਲੀ' ਜਿਹੜੇ
ਗੋਲੇ ਵਾਲੇ ਦੇ ਫਿਰਾਏ ਬੋਤੇ,
ਹਰ ਮੇਲੇ ਜਾ ਕੇ
ਲੱਗ ਜਾਮਦੇ ਇਨਾਮ 'ਤੇ।

੪

ਲੋਟ ਘੁਮਿਆਰੇ,
ਨਿਉਲ ਰਾਮੇ ਕੇ ਬਣਨ ਚੰਗੇ,
ਲਾਪਰਾਂ ਦੀ ਮੱਕੀ,
ਤੇ ਖਿਡੌਣੇ ਚੰਗੇ ਰੋਪੜ ਦੇ।
ਪਉਏ ਭੈਣੀ ਸਾਹਿਬ,
ਜੋੜੀ ਬਣੇਂ ਨਾ ਘੜੂੰਏਂ ਜੈਸੀ,
ਮੱਟ ਜੰਘੀਰਾਣੇ ਦੇ
ਬਣਾ ਕੇ ਉਤੋਂ ਚੋਪੜ ਦੇ।
ਕੋਟਲੇ ਦੀ ਮੇਥੀ,
ਨਾ ਮਤੀਰਾ ਰਾਸੂਵਾਲ ਜੈਸਾ,
ਮਿੱਠਾ ਲੱਗੇ ਜਾਣੀਂ
ਚੱਬ ਜਾਂ ਸਣੇ ਖਰੋਪੜ ਦੇ।
'ਰਜਬ ਅਲੀ' ਸੇਲਾ
ਭਾਈ ਕੋਟ ਦਾ ਮਸ਼ਹੂਰ ਬਾਹਲਾ,
ਸਾਰ ਪਾਰ ਲੰਘ ਜੇ
ਵਿਚਾਲੇ ਠੋਕਿਆਂ ਖੋਪੜ ਦੇ।

੫

ਭੰਗ ਰਿਖੀਕੇਸ਼,
ਚਾਹ ਨਾ ਮਿਲੇ ਡੇਹਰਾਦੂਨ ਜੈਸੀ,
ਭੂਰੀ ਖੇਮਕਰਨ ਦੀ,
ਕਸੂਰ ਚੂੜਾ ਦੰਦ ਦਾ।
ਸੰਗਤ ਪਿੱਪਲ,
ਲੰਮੀ ਜੈਸੇ ਦਰਵਾਜ਼ੇ ਹੈ ਨਹੀਂ,
ਰੱਖਿਆ ਅਲਹਿਦਾ ਜਿਹਾ
ਤਰੀਕਾ ਉੱਚੀ ਕੰਧ ਦਾ।
ਸਫ਼ਾ ਜੰਗ ਭਾਈ ਬਖ਼ਤੌਰ 'ਚ
ਬਣਾਉਂਦੇ ਸੋਹਣੇ,
ਛਜਲੀ ਤੇ ਛੱਜ
ਚੰਗਾ ਹੁੰਦਾ ਜੋਗਾ ਨੰਦ ਦਾ।
ਤਿਉਂ ਜਣਿਆਂ ਦੇ ਛੰਦ
ਹਾਸ-ਰਸ ਦਾ ਨਮੂਨਾ ਇਕੋ,
'ਬਾਊ ਜੀ', ਤੇ 'ਮਾਘੀ ਸਿਉਂ',
ਮਰਾੜ ਵਾਲੇ 'ਚੰਦ' ਦਾ।

੬

ਦੱਖਣ ਦਾ ਹੀਰਾ ਚੰਗਾ,
ਕਾਬਲੀ ਮਮੀਰਾ ਚੰਗਾ,
ਥਲੀ ਦਾ ਮਤੀਰਾ ਚੰਗਾ,
ਕਮਾਦ ਚੰਗੇ ਪੁਆਧ ਦੇ।
ਬਲ੍ਹਦ ਨਗੌਰੀ
ਤੇ ਅੰਬਰਸਰ ਜੌਹਰੀ ਚੰਗੇ,
ਲੁੰਗੀਆਂ ਪਿਸ਼ੌਰੀ,
ਚੌਲ ਚੰਗੇ ਫ਼ਤਿਆਬਾਦ ਦੇ।
ਆਗਰੇ ਦੇ ਰੋਜ਼ੇ ਚੰਗੇ,
ਸ਼ਿਮਲੇ ਦੇ ਨਿਉਜ਼ੇ ਚੰਗੇ,
ਗੰਗਾ ਦੇ ਨਗੋਜੇ ਚੰਗੇ,
ਵਧ ਕੇ ਖ਼ਰਾਦ ਦੇ।
ਸਾਦਕੀ ਦੇ ਦਾਨੇ ਚੰਗੇ,
ਰੋਹਤਕ ਮਖਾਣੇ ਚੰਗੇ,
ਸਰਸੇ ਪਲਾਣੇ ਚੰਗੇ,
'ਰਜਬ ਅਲੀ' ਆਦਿ ਦੇ।

੭

ਰੋਪੜ ਦੇ ਤਾਲੇ ਚੰਗੇ,
ਪਟਿਆਲੇ ਨਾਲੇ ਚੰਗੇ,
ਦਰੀਆਂ ਅੰਬਾਲੇ
ਤੇ ਪਿਆਲੇ ਗੁਜਰਾਤ ਦੇ।
ਮੇਰਠ ਦਾ ਗੁੜ,
ਗੰਨੇ ਚੰਗੇ ਉੜ ਮੁੜ,
ਜੀ ਜਗਾਧਰੀ ਦੇ ਪੁੜ,
ਚੰਗੇ ਲਗਦੇ ਪਰਾਤ ਦੇ।
ਦਿੱਲੀ ਦੇ ਹਕੀਮ,
ਕਲਕੱਤੇ ਦੇ ਮੁਨੀਮ ਚੰਗੇ,
ਬੀਕਾਨੇਰੀ ਅਫ਼ੀਮ
ਵਿਸਕੀ ਨੂੰ ਕਰ ਮਾਤ ਦੇ।
ਪੈਰਸ ਮਹੱਲ
ਤੇ ਲਾਹੌਰ ਵਿਚ ਮੱਲ ਚੰਗੇ,
'ਰਜਬ ਅਲੀ' ਫਲ,
ਕਸ਼ਮੀਰ ਭਾਂਤ-ਭਾਂਤ ਦੇ।

੮

ਲੁਧਿਆਣੇ ਜ਼ੀਨ ਚੰਗੀ,
ਦੁਆਬੇ ਦੀ ਜ਼ਮੀਨ ਚੰਗੀ,
ਸਿੰਧ ਦੀ ਮਦੀਨ ਜੀ
ਰੁਹਾਲ ਚਾਲ ਤੁਰਦੀ।
ਹਾਕਮ ਅੰਗਰੇਜ਼,
ਤਬਰੇਜ਼ ਦੇ ਦੁਸ਼ਾਲੇ ਚੰਗੇ,
ਦਿੰਦੇ ਦੂਰ ਭੇਜ
ਮੇਜ਼ ਕਰਤਾਰਪੁਰ ਦੀ।
ਕੋਇਟੇ ਦੇ ਬਦਾਮ
ਤੇ ਕਸੂਰ ਦੇ ਲਗਾਮ ਚੰਗੇ,
ਕਾਨ੍ਹਪੁਰ ਆਮ,
ਬਿਲਟੀ ਮੰਗਾ ਲਉ ਧੁਰ ਦੀ।
'ਬਾਊ' ਵਾਰਤਾ ਕਤੇਬੀ,
ਚੀਨ ਦੇਸ਼ ਦੀ ਰਕੇਬੀ,
ਤੇ ਬਠਿੰਡੇ ਦੀ ਜਲੇਬੀ,
ਜਾਵੇ ਸ਼ਹਿਤ ਵਾਂਗੂੰ ਖੁਰਦੀ।

ਭੰਗ ਰਿਖੀਕੇਸ਼, ਚਾਹ ਨਾ ਮਿਲੇ ਡੇਹਰਾਦੂਨ ਜੈਸੀ...



# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 9 ਨਵੰਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-89




*ਲੱਦ ਸਵਾਰੀਆਂ ਤੁਰ ਪੈਂਦਾ ਸੀ ਲੈ ਕੇ ਬੱਸ ਦੀਆਂ ਬਿੜਕਾਂ।
ਚੜ੍ਹਨ ਤੇ ਉਤਰਨ ਵੇਲੇ ਮਾਈਆਂ ਖਾਂਦੀਆਂ ਸਿਗੀਆਂ ਝਿੜਕਾਂ।
ਨਾ ਹੀ ਟਿਕਟ-ਕੰਡਕਟਰ ਕੋਈ ਨਾ ਕੋਈ ਵਿਸਲਾਂ ਮਾਰੇ।
ਮਿਨੀ ਬੱਸਾਂ ਦੀ ਜਾਨ ਨੂੰ ਰੋਂਦੇ ਹੁਣ ਟੈਂਪੂ ਖੜ੍ਹੇ ਵਿਚਾਰੇ!*

## ਕੈਪਸ਼ਨ ਮੁਕਾਬਲਾ-87



ਅੰਨ ਦਾ ਦਾਤਾ ਮੈਂ ਕਹਾਵਾਂ
ਪਰ ਬਣ ਗਿਆ ਖੁਦ ਸਵਾਲੀ।
ਕਰਜ਼ੇ ਦਾ ਜਿੰਨ ਸਦਾ ਸਤਾਵੇ
ਸਾਰੇ ਕੀਲੇ ਹੋ ਗਏ ਖਾਲੀ।
ਬਚੀ ਖੁਚੀ ਕੁੱਝ ਹੂੰਝ ਕੇ ਰੂੜੀ
ਭਈਏ ਲੱਗੇ ਭਰਨ ਟਰਾਲੀ।
ਬਿੰਦ ਝੱਟ ਢੂਹੀ ਸਿੱਧੀ ਕਰਨ ਨੂੰ
ਪਿੱਪਲ ਦੇ ਮੁੱਢ ਮੰਜੀ ਡਾਹ'ਲੀ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਬਾਪੂ ਜੀ ਹੁਣ ਬਿਨਾ ਸੰਗ ਤੋਂ
ਡੰਡ ਬੈਠਕਾਂ ਮਾਰੋ।
ਰਾਮ ਭਰੋਸੇ ਛਕ ਹਵਾ ਨੂੰ
ਰਹਿੰਦਾ ਸਮਾਂ ਗੁਜ਼ਾਰੋ।
ਬਾਪੂ ਜੀ ਅਸੀਂ ਸ਼ਾਪਿੰਗ ਜਾਣਾ
ਤੁਸੀਂ ਹਵੇਲੀ ਚੱਲੋ।
ਨੂੰਹਾਂ ਆਖਣ ਖਾਲੀ ਮੰਜਾ
ਜਾ ਕੇ ਉਸ ਨੂੰ ਮੱਲੋ।
ਨੂੰਹਾਂ ਪੁੱਤ ਪੋਤਰੇ ਅੱਜ ਦੇ
ਬਣ ਗਏ ਨੇ ਨਿਰਦਈ।
ਬਾਪੂ ਪਿਆ ਖਸਮਾਂ ਨੂੰ ਖਾਵੇ
ਉਨ੍ਹਾਂ ਆਪਣੀ ਪਈ।

*-ਪ੍ਰੋ. ਕਸ਼ਮੀਰਾ ਸਿੰਘ*

---

ਝੜ ਰਹੇ ਨੇ ਰੁੱਖਾਂ ਦੇ ਪੱਤੇ
ਅਸਾਂ ਵੀ ਇਕ ਦਿਨ ਝੜ ਜਾਣਾ।
ਕੰਮਕਾਰ ਰਹਿਣਗੇ ਚਲਦੇ
ਬਿਨ ਸਾਡੇ ਵੀ ਸਰ ਜਾਣਾ।
ਲੈ ਲਓ ਬੱਚਿਓ ਅਸ਼ੀਰਵਾਦ ਅਸਾਥੋਂ
ਪਤਾ ਨਹੀਂ ਕਦ ਤੁਰ ਜਾਣਾ

*-ਗੁਰਦੇਵ ਸਿੰਘ ਵਿਰਦੀ*
*ਫੋਨ: 226-345-7126*

---

ਦਾਤੇ ਚੰਗੀ ਸਿਹਤ ਹੈ ਬਖਸ਼ੀ
ਮੈਂ ਵਿਹਲਾ ਨਹੀਂ ਬਹਿੰਦਾ।
ਜਦੋਂ ਲੇਟਾਂ ਇਸ ਮੰਜੇ 'ਤੇ
ਵਾੜੇ ਦੀ ਦੇਖ-ਭਾਲ 'ਚ ਰਹਿੰਦਾ।
ਭਈਆ ਲਾਇਆ ਚੁੱਕਣ ਗੋਹਾ
ਪਾਲੀ ਤੋਰੇ ਵੱਲ ਚਰਾਂਦਾਂ।
ਸਾਰੇ ਲਾਣੇ ਦਾ ਮੁਖੀ ਅਖਵਾਵਾਂ
ਸਭ ਪਾਣੀ ਮੇਰਾ ਭਰਦੇ।
ਛੋਟੇ-ਵੱਡੇ ਦਾ ਖਿਆਲ ਰੱਖਾਂ ਮੈਂ
ਤਾਹੀਓਂ ਸਭ ਆਦਰ ਕਰਦੇ।

*-ਸੇਵਾ ਸਿੰਘ ਨੂਰਪੂਰੀ*

# ਹਨੀ ਸਿੰਘ ਦੀ ਆਵਾਜ਼ ਦੇ ਸੈਂਪਲ ਲਏ

**ਚੰਡੀਗੜ੍ਹ:** ਪੰਜਾਬੀ ਰੈਪਰ ਯੋ ਯੋ ਹਨੀ ਸਿੰਘ ਨੇ ਫੋਰੈਂਸਿਕ ਸਾਇੰਸ ਲੈਬਾਰਟਰੀ ਲਈ ਆਪਣੀ ਆਵਾਜ਼ ਦੇ ਨਮੂਨੇ ਦਿੱਤੇ। ਹਨੀ ਸਿੰਘ 'ਤੇ ਦੋਸ਼ ਹੈ ਕਿ ਉਸ ਨੇ ਗੀਤ 'ਮੈਂ ਹੂੰ ਬਲਾਤਕਾਰੀ' ਗਾਇਆ ਹੈ ਪਰ ਉਹ ਉਸ ਤੋਂ ਇਨਕਾਰ ਕਰਦਾ ਆ ਰਿਹਾ ਹੈ।

ਪੰਜਾਬ-ਹਰਿਆਣਾ ਹਾਈ ਕੋਰਟ ਨੇ ਨਿਰਦੇਸ਼ ਦਿੱਤੇ ਸਨ ਕਿ ਜੇ ਲੈਬਾਰਟਰੀ ਨੂੰ ਉਸ ਦੀ ਆਵਾਜ਼ ਦੇ ਨਮੂਨੇ ਚਾਹੀਦੇ ਹੋਣਗੇ ਤਾਂ ਦੋਵੇਂ ਧਿਰਾਂ ਨੂੰ ਠੀਕ ਲਗਦੇ ਕਿਸੇ ਦਿਨ ਚੰਡੀਗੜ੍ਹ ਵਿਚ ਲਏ ਜਾ ਸਕਦੇ ਹਨ ਜਿਸ ਲਈ ਉਨ੍ਹਾਂ ਨੂੰ ਹੈਦਰਾਬਾਦ ਜਾਣ ਦੀ ਲੋੜ ਨਹੀਂ।

**ਪੰਜਾਬੀ ਗਾਇਕੀ ਦੇ ਅੰਦਰ-ਬਾਹਰ**

# ਪ੍ਰਛਾਵੇਂ ਹੇਠ ਲੁਕੀਆਂ ਬੰਦੂਕਾਂ ਦੇ ਜ਼ਮਾਨੇ



**ਐਸ. ਅਸ਼ੋਕ ਭੌਰਾ**

ਜੇ ਗਹੁ ਨਾਲ ਦੇਖੋ ਤਾਂ ਸੂਫੀ ਫਕੀਰਾਂ ਤੇ ਗਾਇਕਾਂ ਨੇ ਇਸਲਾਮ ਨੂੰ ਦੁਨੀਆਂ ਦੇ ਕੋਨੇ-ਕੋਨੇ ਵਿਚ ਪਹੁੰਚਾਇਆ ਹੈ। ਵੰਡ ਤੋਂ ਪਿੱਛੋਂ ਵੀ ਭਾਵੇਂ ਪੰਜਾਬੀ ਪਿੰਡਾਂ ਵਿਚਲੀਆਂ ਮਜ਼ਾਰਾਂ, ਪੁਰਾਤਨ ਮਸਜਿਦਾਂ ਅੱਗੇ ਝੁਕ ਕੇ ਮੱਥਾ ਵੀ ਟੇਕਦੇ ਰਹੇ ਹਨ, ਕੱਵਾਲੀਆਂ ਵੀ ਸੁਣਦੇ ਹਨ ਪਰ ਖੇਤਾਂ ਦੇ ਵੱਟ-ਬੰਨਿਆਂ 'ਤੇ ਕੰਮ ਕਰਨ ਵਾਲੇ ਮਜ਼ਦੂਰ ਤੇ ਕਿਸਾਨ ਅਖਾੜਾ ਕਲਚਰ ਜ਼ਰੀਏ ਆਪਣਾ ਭਰਵਾਂ ਮੰਨੋਰੰਜਨ ਕਰਦੇ ਰਹੇ ਹਨ। ਇਸੇ ਲਈ ਦੋ-ਗਾਣਿਆਂ ਤੇ ਹਲਕੀ-ਫੁਲਕੀ ਗਾਇਕੀ ਨੂੰ ਦਮ ਮਿਲਦਾ ਰਿਹਾ ਹੈ। ਇਹ ਗੱਲ ਇਥੇ ਜ਼ਿਕਰਯੋਗ ਹੈ ਕਿ ਅਮਰ ਸਿੰਘ ਚਮਕੀਲਾ ਤੇ ਅਮਰਜੋਤ ਨਾ ਸਿਰਫ ਇਨ੍ਹਾਂ ਲੋਕਾਂ ਦਾ ਚਿੱਤ ਪ੍ਰਚਾਉਂਦੇ ਰਹੇ ਹਨ, ਸਗੋਂ ਇਹਦੇ ਵਿਚ ਵੀ ਕੋਈ ਸ਼ੱਕ ਨਹੀਂ ਕਿ ਹਾਲੇ ਤੀਕਰ ਨੌਜਵਾਨ ਵਰਗ ਵਿਚ ਇਸ ਜੋੜੀ ਨੂੰ ਪੂਰੀ ਤਰ੍ਹਾਂ ਸੁਣਿਆ ਜਾ ਰਿਹਾ ਹੈ ਤੇ ਇਕ ਵਾਰ ਪੰਜਾਬ ਤੋਂ ਆਇਆ ਇਕ ਧਾਰਮਿਕ ਸੰਗੀਤ ਰਸੀਆ ਅਤੇ ਕਥਾਵਾਚਕ ਕਹਿਣ ਲੱਗਾ, 'ਅੱਜ ਚਮਕੀਲਾ ਹੀ ਸੁਣਾ ਦੇਹ।' ਸ਼ਰੀਫ਼ ਹਮੇਸ਼ਾਂ ਇਹ ਚਾਹੁੰਦੇ ਹੁੰਦੇ ਹਨ ਕਿ ਉਹ ਕਿਸੇ ਨੂੰ ਬਦਮਾਸ਼ ਬਿਲਕੁਲ ਨਾ ਦਿਸਣ।

ਬਲੂ ਸਟਾਰ ਅਪ੍ਰੇਸ਼ਨ ਤੋਂ ਬਾਅਦ ਕੁਝ ਵਕਫੇ ਪਿਛੋਂ ਖਾੜਕੂ ਲਹਿਰ ਹੋਰ ਤਿੱਖੀ ਹੋ ਗਈ ਸੀ। 1985 ਵਿਚ ਕਈ ਗਾਇਕਾਂ ਦੀ ਖਿੱਚ-ਧੂਹ ਅਖਾੜਿਆਂ ਵਿਚ ਕੀਤੀ ਜਾ ਚੁੱਕੀ ਸੀ। ਜਸਵੰਤ ਸੰਦੀਲਾ ਅਤੇ ਦੀਦਾਰ ਸੰਧੂ ਇਸ ਦੀ ਲਪੇਟ ਵਿਚ ਆ ਚੁੱਕੇ ਸਨ। ਇਸੇ ਕਰ ਕੇ ਬਾਅਦ ਵਿਚ ਪੰਜ-ਚਾਰ ਸਾਲ ਉਹਨੇ ਅਖਾੜੇ ਲਾਉਣੇ ਬੰਦ ਕਰ ਦਿੱਤੇ ਸਨ। ਮਾਹੌਲ ਦਾ ਗਾਇਕਾਂ 'ਤੇ ਸਿੱਧਾ ਜਾਂ ਅਸਿੱਧਾ ਅਸਰ ਹੋ ਗਿਆ ਸੀ। ਇਕ ਪੇਂਡੂ ਅਖਾੜੇ ਦੀ ਸਮਾਪਤੀ ਵੇਲੇ ਬੋਲੀਆਂ ਪਾਉਣ ਪਿੱਛੋਂ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ' ਦਾ ਜੈਕਾਰਾ ਬੁਲਾਉਣ ਦੀ ਆਡੀਓ ਆਉਣ ਨਾਲ ਉਹਨੂੰ ਧਮਕੀ ਮਿਲ ਗਈ ਸੀ ਜਿਸ ਨੂੰ ਛੇਤੀ ਹੀ ਰਫਾ-ਦਫਾ ਸ਼ਾਇਦ ਇਸ ਕਰ ਕੇ ਕਰ ਦਿੱਤਾ ਗਿਆ ਸੀ ਕਿ ਗੁਰਜੰਟ ਸਿੰਘ ਬੁੱਧਸਿੰਘਵਾਲਾ ਮਾਣਕ ਦੇ ਪਿੰਡਾਂ ਵੱਲੋਂ ਵੀ ਸੀ ਤੇ ਉਹਦਾ ਕੱਟੜ ਉਪਾਸ਼ਕ ਵੀ ਸੀ। ਖ਼ਬਰਾਂ ਇਸ ਵਰ੍ਹੇ ਵਿਚ ਇਹ ਆਉਂਦੀਆਂ ਰਹੀਆਂ ਕਿ ਚਮਕੀਲੇ ਸਮੇਤ ਕਈ ਗਾਇਕਾਂ ਨੂੰ ਖਾੜਕੂ ਜਥੇਬੰਦੀਆਂ ਵੱਲੋਂ ਧਮਾਕੀ ਭਰੇ ਖ਼ਤ ਮਿਲ ਰਹੇ ਹਨ ਪਰ ਖੁੱਲ੍ਹ ਕੇ ਇਸ ਗੱਲ ਦਾ ਕੋਈ ਖੁਲਾਸਾ ਨਹੀਂ ਕਰ ਰਿਹਾ ਸੀ। ਇਹਦੇ ਨਾਲ ਅਫ਼ਵਾਹਾਂ ਤੇ ਕਿਤੇ-ਕਿਤੇ ਸੱਚਾਈ ਵਾਂਗ ਇਹ ਵੀ ਕਿਹਾ ਜਾਣ ਲੱਗ ਪਿਆ ਸੀ ਕਿ ਜਿਥੇ ਕੁਝ ਗਾਇਕ ਸੰਭਲ ਗਏ ਹਨ, ਉਥੇ ਕਈਆਂ ਨੇ ਖਾੜਕੂ ਸਿੰਘਾਂ ਨੂੰ ਲੁਧਿਆਣੇ ਲਾਗਲੇ ਇਕ ਗੁਰਦੁਆਰੇ ਵਿਚ ਮਹੀਨਾ ਦੇਣਾ ਵੀ ਸ਼ੁਰੂ ਕਰ ਦਿੱਤਾ ਹੈ। ਸਾਲ 86 ਦੇ ਜਨਵਰੀ ਮਹੀਨੇ ਤੱਕ ਗਾਇਕੀ ਦੀ ਇਹ ਹਾਲਤ ਹੋ ਗਈ ਸੀ ਕਿ ਗੁਰਦਾਸ ਮਾਨ ਤੱਕ-ਸਭ ਡਰ ਗਏ ਸਨ ਤੇ ਸਾਹ ਲੈਣਾ ਵੀ ਔਖਾ ਹੋ ਗਿਆ ਸੀ।

ਹੁਣ ਭਾਵੇਂ ਗਾਇਕਾਂ ਦੇ ਦਫ਼ਤਰ ਪਿੰਡ-ਪਿੰਡ ਤੇ ਸ਼ਹਿਰ-ਸ਼ਹਿਰ ਖੁੱਲ੍ਹ ਗਏ ਹਨ ਤੇ ਕਈਆਂ ਨੇ ਮੁਹਾਲੀ, ਜਲੰਧਰ ਤੇ ਚੰਡੀਗੜ੍ਹ ਵਰਗੇ ਸ਼ਹਿਰਾਂ ਵਿਚ ਆਲੀਸ਼ਾਨ ਦਫ਼ਤਰ ਖੋਲ੍ਹ ਲਏ ਹਨ ਪਰ ਕਿਸੇ ਵੇਲੇ ਲੁਧਿਆਣਾ ਹੀ ਗਾਇਕੀ ਦੀ ਸਭ ਤੋਂ ਵੱਡੀ ਮੰਡੀ ਸੀ ਤੇ ਇਸੇ ਕਰ ਕੇ ਹੋਰ ਕਿਸੇ ਸਰਕਾਰੀ ਜਾਂ ਗ਼ੈਰ-ਸਰਕਾਰੀ ਦਫ਼ਤਰ ਵਿਚ ਧੂਫ-ਬੱਤੀ ਨੌਂ-ਦਸ ਵਜੇ ਹੋਵੇ ਪਰ ਗਾਇਕਾਂ ਦੇ ਲੁਧਿਆਣੇ ਦੇ ਬੱਸ ਅੱਡੇ ਲਾਗਲੇ ਦਫ਼ਤਰਾਂ ਵਿਚ ਚਹਿਲ-ਪਹਿਲ ਸਵੇਰੇ ਸਾਝਰੇ ਹੀ ਇਸ ਕਰ ਕੇ ਸ਼ੁਰੂ ਹੋ ਜਾਂਦੀ ਸੀ ਕਿਉਂਕਿ ਗੰਗਾਨਗਰ ਤੋਂ ਆਉਣ ਵਾਲੀਆਂ ਪਾਰਟੀਆਂ ਰਾਤ ਵਾਲੀ ਬੱਸੇ ਚੜ੍ਹ ਕੇ ਤੜਕੇ ਹੀ ਆ ਜਾਂਦੀਆਂ ਸਨ ਤੇ ਦਿੱਲੀ ਵਿਚ ਜਿਵੇਂ ਹੋਟਲਾਂ ਦੇ ਮਾਲਕਾਂ ਨੇ ਦਲਾਲ ਛੱਡੇ ਹੁੰਦੇ ਹਨ, ਇਵੇਂ ਇਨ੍ਹਾਂ ਦੇ ਬੁਕਿੰਗ ਕਲਰਕ ਚਿੰਬੜ ਹੀ ਜਾਂਦੇ ਸਨ। ਫਿਰ ਹਾਲਾਤ ਬਦਤਰ ਹੁੰਦੇ ਗਏ ਤੇ ਗਾਇਕਾਂ ਵਿਚਾਰਿਆਂ ਦੇ ਸਾਹ ਸੁਕਦੇ ਰਹੇ।

1986 ਦੇ ਫਰਵਰੀ ਮਹੀਨੇ ਦੇ ਦੂਜੇ ਹਫ਼ਤੇ ਦੀ ਗੱਲ ਹੋਵੇਗੀ। ਸਾਡੇ ਘਰੇ ਉਸ ਵਕਤ ਫੋਨ ਨਹੀਂ ਸੀ। ਪਾਲੀ ਦੇਤਵਾਲੀਏ ਦਾ ਰਾਤ ਵੇਲੇ ਸਾਡੇ ਗੁਆਂਢੀਆਂ ਦੇ ਘਰੇ ਫੋਨ ਆਇਆ। ਆਵਾਜ਼ ਕੰਬ ਰਹੀ ਸੀ। ਉਹ ਕਹਿਣ ਲੱਗਾ, 'ਲੰਕਾ ਉਜੜਨ ਲੱਗੀ ਹੈ। ਅੱਜ ਬਹੁਤੇ ਗਾਇਕਾਂ ਦੇ ਦਫ਼ਤਰਾਂ ਵਿਚ ਸਿੰਘਾਂ ਨੇ ਆਪ ਆ ਕੇ ਦਬਕੇ ਮਾਰੇ ਹਨ। ਇੰਨਾ ਸਹਿਮ ਹੈ ਕਿ ਸਾਰਿਆਂ ਨੇ ਆਪੋ-ਆਪਣੇ ਬੋਰਡ ਉਤਾਰ ਦਿੱਤੇ ਹਨ। ਤੁਸੀਂ ਇਸ ਸੰਗੀਤ-ਦਰਦ ਬਾਰੇ ਕੁਝ ਲਿਖੋ।'

ਮਨ ਮੇਰਾ ਵੀ ਸਾਰੀ ਰਾਤ ਉਚਾਟ ਰਿਹਾ। ਸਵੇਰੇ ਸਵਖਤੇ ਮੈਂ ਪਹੁੰਚ ਨਹੀਂ ਸਕਦਾ ਸੀ, ਕਿਉਂਕਿ ਅੱਠਵੀਂ ਦੇ ਸਾਲਾਨਾ ਪੇਪਰਾਂ ਵਿਚ ਮੈਂ ਇਕ ਸੈਂਟਰ ਵਿਚ ਸੁਪਰਡੈਂਟ ਲੱਗਾ ਹੋਇਆ ਸਾਂ। ਪੇਪਰ ਖ਼ਤਮ ਹੋਣ ਉਪਰੰਤ ਮੈਂ ਅਨੰਦਪੁਰ ਸਾਹਿਬ ਤੋਂ ਬੱਸ ਲਈ ਅਤੇ ਕਰੀਬ ਚਾਰ ਕੁ ਵਜੇ ਲੁਧਿਆਣੇ ਪੁੱਜ ਗਿਆ। ਪਹਿਲਾਂ ਵ੍ਹਾਈਟ ਹਾਊਸ ਦੇ ਸਾਹਮਣੇ ਵਾਲੇ ਦਫ਼ਤਰਾਂ ਵਿਚ ਗਿਆ। ਬੋਰਡ ਸਿਰਫ਼ ਮਾਣਕ ਦਾ ਲੱਗਾ ਹੋਇਆ ਸੀ। ਉਥੇ ਚੰਨ ਸ਼ਾਹਕੋਟੀ ਮਿਲਿਆ। ਜਿਹੜੇ ਮੇਰੇ ਲਈ ਭੱਜ-ਭੱਜ ਕੇ ਚਾਹ ਲੈਣ ਜਾਂਦੇ ਸਨ, ਉਨ੍ਹਾਂ ਦੇ ਮੂੰਹੋਂ ਘੁਟ ਪਾਣੀ ਪਿਆਉਣ ਦੀ ਗੱਲ ਵੀ ਨਹੀਂ ਸੀ ਹੋ ਰਹੀ। ਹਾਲਤ ਇੱਦਾਂ ਦੀ ਲੱਗ ਰਹੀ ਸੀ ਕਿ ਸ਼ਾਇਦ ਗਾਇਕਾਂ ਨੂੰ ਮਾਰ ਕੇ ਸੌਖਿਆਂ ਹੀ ਖਾਲਿਸਤਾਨ ਬਣ ਸਕਦਾ ਸੀ। ਇੱਦਾਂ ਲਗਦਾ ਸੀ, ਗਊਆਂ ਸਾਰੀਆਂ ਅੰਦਰ ਵਾੜ ਦਿੱਤੀਆਂ ਸਨ। ਜਿਨ੍ਹਾਂ ਦਫ਼ਤਰਾਂ ਵਿਚ ਮਾੜੇ ਸਿਨਮੇ ਵਿਚ ਲੱਗੀ ਚੰਗੀ ਫਿਲਮ ਜਿੰਨਾ ਰੱਸ਼ ਹੁੰਦਾ ਸੀ, ਵੈਦ ਕਰਤਾਰ ਸਿੰਘ ਦੀ ਬਿਲਡਿੰਗ ਭਾਂ-ਭਾਂ ਕਰ ਰਹੀ ਸੀ। ਦਰਖ਼ਤ ਜਿਵੇਂ ਕਿਸੇ ਨੇ ਗਲਤੀ ਨਾਲ ਬਸੰਤ ਰੁੱਤ ਵਿਚ ਛਾਂਗ ਦਿੱਤੇ ਹੋਣ! ਇਨ੍ਹਾਂ ਦੇ ਬੁਕਿੰਗ ਕਲਰਕ ਘਰਾਂ ਨੂੰ ਚਲੇ ਗਏ ਸਨ। ਮੈਂ ਚਮਕੀਲੇ ਨੂੰ ਲੱਭਣ ਲੱਗ ਪਿਆ। ਕਿਸੇ ਤੋਂ ਪਤਾ ਲੱਗਾ ਕਿ ਦੁਪਹਿਰ ਦੋ ਕੁ ਵਜੇ ਤਾਂ ਉਹ ਕੁਲਦੀਪ ਪਾਰਸ ਦੇ ਨਾਲ ਸੀ। ਦਫ਼ਤਰਾਂ ਦੇ ਮੇਨ ਦਰਵਾਜ਼ੇ ਨੂੰ ਬਾਹਰੋਂ ਕੁੰਡਾ ਵੱਜਿਆ ਹੋਇਆ ਸੀ। ਮੈਂ ਸੋਚਿਆ, ਕੱਲ੍ਹ ਮਿਲਾਂਗੇ, ਹੁਣ ਮਾਣਕ ਦੇ ਘਰੇ ਭਾਈ ਰਣਧੀਰ ਸਿੰਘ ਨਗਰ ਚਲਦਾ ਹਾਂ। ਕੁਦਰਤੀ ਬੱਸ ਅੱਡੇ ਵੱਲੋਂ ਪ੍ਰਿਥੀ ਆਉਂਦਾ ਦਿਸ ਪਿਆ। ਉਦੋਂ ਉਹ ਸ਼ਿੰਦੇ ਦੇ ਪ੍ਰੋਗਰਾਮਾਂ ਦੀ ਬੁਕਿੰਗ ਕਰਦਾ ਸੀ। ਮੈਂ ਪੁੱਛਿਆ, "ਪ੍ਰਿਥੀ, ਤੈਨੂੰ ਪਤਾ ਚਮਕੀਲਾ ਕਿਥੇ ਐ?"

ਉਹਨੇ ਅੱਖਾਂ ਭਰ ਲਈਆਂ। ਉਹਦਾ ਉਤਰ ਸੀ, "ਕਾਹਦੀ ਜ਼ਿੰਦਗੀ ਐ। ਮੌਤ ਕੰਧਾੜੇ ਚੜ੍ਹੀ ਬੈਠੀ ਆ। ਚਮਕੀਲਾ ਸਵੇਰੇ ਪਾਰਸ ਦੇ ਗੱਲ ਲੱਗ ਕੇ ਬਹੁਤ ਰੋਇਆ।"

"ਹੁਣ ਕਿਥੇ ਐ?"

"ਮੇਰੇ ਨਾਲ ਆ ਜੋ।" ਤੇ ਉਹ ਉਨ੍ਹਾਂ ਹੀ ਦਫ਼ਤਰਾਂ ਵਿਚ ਪਿਛਵਾੜ ਵੱਲੋਂ ਇਕ ਘਰ ਦੀ ਛੱਤ ਤੋਂ ਛਾਲ ਮਾਰ ਕੇ ਮੈਨੂੰ ਉਨ੍ਹਾਂ ਹੀ ਦਫ਼ਤਰਾਂ ਵਿਚ ਲੈ ਗਿਆ। ਦੀਦਾਰ ਦੇ ਦਫ਼ਤਰ ਦੀ ਬਾਹਰੋਂ ਕੁੰਡੀ ਲੱਗੀ ਹੋਈ ਸੀ; ਖੋਲ੍ਹੀ ਪਰ ਦਰਵਾਜ਼ਾ ਅੰਦਰੋਂ ਵੀ ਬੰਦ ਸੀ। ਦੋ ਕੁ ਵਾਰ ਬੂਹਾ ਖੜਕਾਇਆ, ਕੋਈ ਨਾ ਬੋਲਿਆ। "ਮੈਂ ਪ੍ਰਿਥੀ ਹਾਂ ਤੇ ਮੇਰੇ ਨਾਲ ਅਸ਼ੋਕ ਐ", ਇਹ ਕਹਿਣ ਨਾਲ ਚੀਂ ਦੇਣੀ ਬਾਰ ਖੁੱਲ੍ਹ ਗਿਆ। ਚਮਕੀਲੇ ਨੂੰ ਸਾਰੇ ਡਰਾਕਲ ਕਹਿੰਦੇ ਸਨ ਪਰ ਉਸ ਦਿਨ ਉਹ ਬਿਨਾਂ ਗੱਲ ਕੀਤਿਆਂ ਮੈਨੂੰ ਚਿੰਬੜ ਗਿਆ। ਦਿਲ ਹਲਕਾ ਹੋਇਆ ਤਾਂ ਬੋਲਿਆ, "ਹੁਣ ਮਰਨਾ ਤਾਂ ਹੈ ਹੀ ਪਰ ਭੱਜਾਂਗਾ ਨਹੀਂ, ਗੋਲੀਆਂ ਖੜ੍ਹ ਕੇ ਖਾਵਾਂਗਾ।" ਇਹੋ ਉਸ ਨੇ ਮਰਨ ਵੇਲੇ ਕੀਤਾ ਸੀ।

ਇਹ ਗੱਲ ਕਹਿਣ ਨੂੰ ਜੀਅ ਨਹੀਂ ਕਰਦਾ, ਉਹ ਦੋਵੇਂ-ਪਾਰਸ ਤੇ ਚਮਕੀਲਾ, ਅੱਧ-ਪੀਤੀਆਂ ਬੀੜੀਆਂ ਹੀ ਦੁਬਾਰਾ ਹੇਠੋਂ ਚੁੱਕ ਕੇ ਪੀ ਰਹੇ ਸਨ। ਪਾਰਸ ਦੇ ਮਨ੍ਹਾਂ ਕਰਦਿਆਂ ਵੀ ਮੈਂ ਹੇਠੋਂ ਸਿਗਰਟਾਂ ਦੀ ਡੱਬੀ ਲਿਆ ਕੇ ਦਿੱਤੀ। ਦੋਵੇਂ ਇਕੋ ਸਵਾਲ ਵਾਰ-ਵਾਰ ਕਰ ਰਹੇ ਸਨ ਕਿ "ਭਾਜੀ ਦੱਸੋ ਤਾਂ ਅਸੀਂ ਕੀ ਕਰੀਏ?" ਚਮਕੀਲੇ ਨੇ ਤਾਂ ਇਹ ਵੀ ਕਿਹਾ ਕਿ ਸਾਥੋਂ ਪੈਸੇ ਵੀ ਲਈ ਜਾਂਦੇ ਆ, ਤੇ ਦਬਕੇ ਵੀ ਮਾਰੀ ਜਾਂਦੇ ਆ। ਵਕਤ ਉਸ ਦਿਨ ਇੱਦਾਂ ਦੀ ਵਿਆਖਿਆ ਕਰ ਰਿਹਾ ਸੀ ਕਿ ਮੌਤ ਉਨ੍ਹਾਂ ਵੱਲ ਨਹੀਂ, ਉਹੀ ਮੌਤ ਵੱਲ ਵਧ ਰਹੇ ਹਨ। ਉਹ ਬਾਹਰ ਨਿਕਲਣ ਲਈ ਤਿਆਰ ਨਹੀਂ ਸਨ। ਉਨ੍ਹਾਂ ਨੂੰ ਲਗਦਾ ਸੀ, ਹੋਣੀ ਜਿਵੇਂ ਕੰਧ ਨਾਲ ਢੋਅ ਲਾ ਕੇ ਬੈਠੀ ਹੋਵੇ। ਜਿੰਨਾ ਕੁ ਮੇਰੇ ਕੋਲ ਹੌਂਸਲਾ ਸੀ, ਦੋਹਾਂ ਨੂੰ ਦੇ ਕੇ ਕਿਰਾਏ ਦੀ ਕਾਰ ਵਿਚ ਘਰਾਂ ਨੂੰ ਤੋਰ ਦਿੱਤਾ ਤੇ ਮੈਂ ਆਪ ਆਟੋ ਲੈ ਕੇ ਮਾਣਕ ਕੋਲ ਚਲਾ ਗਿਆ। ਦੇਰ ਰਾਤ ਘੁੱਟ ਪੀਣ ਦੇ ਨਾਲ-ਨਾਲ ਗੱਲਾਂ ਵੀ ਕੀਤੀਆਂ। ਡਰਿਆ ਉਸ ਦਿਨ ਉਹ ਵੀ ਬਹੁਤ ਸੀ, ਹਾਲਾਂਕਿ ਬਠਿੰਡੇ ਆਲੇ ਆਪਣੇ ਸੁਭਾਅ ਅਨੁਸਾਰ ਇਹ ਵੀ ਆਖੀ ਜਾਵੇ, "ਲੈ! ਐਵੇਂ ਕੰਜਰ ਡਰੀ ਬੈਠੇ ਆ। ਖਾੜਕੂ ਆਪਣੇ ਹੀ ਨੇ। ਕਰ ਲਊਂਗਾ ਮੈਂ ਗੱਲ।" ਉਹ ਸਾਰੀ ਰਾਤ ਮੇਰੀ ਵੀ ਸੋਚਾਂ ਵਿਚ ਨਿਕਲ ਗਈ। ਕੰਧ ਨਾਲ ਲਟਕਦੀ ਤੂੰਬੀ ਮੈਨੂੰ ਮੌਤ ਦਾ ਸਮਾਨ ਹੀ ਲਗਦੀ ਰਹੀ।



*ਗਾਇਕ ਕੁਲਦੀਪ ਪਾਰਸ (ਮਰਹੂਮ), ਮਾਣਕ ਦਾ ਤਤਕਾਲੀਨ ਬੁਕਿੰਗ ਕਲਰਕ ਮੇਵਾ ਸਿੰਘ ਨੌਰਥ, ਬੋਰਡ ਲੱਥਣ ਤੋਂ ਅਗਲੇ ਦਿਨਾਂ ਵਿਚ ਮੇਰੇ ਕੋਲ ਪਿੰਡ ਆ ਗਏ। ਚਮਕੀਲਾ ਘਰੋਂ ਨਿਕਲਣ ਲਈ ਰਜ਼ਾਮੰਦ ਨਾ ਹੋਇਆ। ਪਾਰਸ ਦੀ ਮੌਤ ਭਾਵੇਂ ਕੁਝ ਵਰ੍ਹੇ ਪਹਿਲਾਂ ਬਿਮਾਰੀ ਨਾਲ ਹੋਈ, ਪਰ ਉਦੋਂ ਉਹ ਸੰਗੀਨਾਂ ਦੇ ਭੈਅ ਹੇਠ ਸਹਿਮਿਆ ਮੇਰੇ ਕੋਲ ਦਿਨੇ ਵੀ ਘੁੱਟ ਨਹੀਂ, ਕਈ ਘੁੱਟ ਪੀਂਦਾ ਰਿਹਾ।*

ਸਵੇਰੇ ਸੱਤ ਵਜੇ ਚਾਹ ਦਾ ਘੁੱਟ ਪੀ ਕੇ ਸਿੱਧਾ ਬੱਸ ਅੱਡੇ ਲਾਗੇ ਸਦੀਕ ਨੂੰ ਮਿਲਣ ਰਣਜੀਤ ਵਾਲੀ ਕੋਠੀ ਚਲੇ ਗਿਆ। ਉਥੇ ਗਿਆ ਤਾਂ ਮੈਂ ਵਕਤ ਦਾ ਤਰਜਮਾ ਕਰਨ ਲਈ ਸੀ ਪਰ ਹੋਣੀ ਜਿਵੇਂ ਨਵਾਂ ਝੱਗਾ ਪਾ ਕੇ ਫਿਰ ਮੂਹਰੇ ਬੈਠੀ ਸੀ। ਦਫ਼ਤਰ ਵਾਂਗ ਲੱਗੇ ਮੇਜ਼ ਕੁਰਸੀ 'ਤੇ ਮੁਹੰਮਦ ਸਦੀਕ ਬੈਠਾ ਸੀ। ਸੱਜੇ ਪਾਸੇ ਕੰਬਲੀ ਦੀਆਂ ਬੁੱਕਲਾਂ ਮਾਰੀ ਕੁਰਸੀਆਂ 'ਤੇ ਬੈਠੇ ਸਨ ਦੋ ਨੌਜਵਾਨ ਸਿੰਘ। ਮੈਂ ਅੰਦਰ ਚਲੇ ਗਿਆ। ਸਦੀਕ ਨੇ ਸਿਰਫ਼ ਇਸ਼ਾਰਾ ਕੀਤਾ ਬੈਠਣ ਦਾ। ਸਮੇਂ ਦਾ ਸੇਕ ਮੈਂ ਮਹਿਸੂਸ ਕਰ ਲਿਆ ਸੀ। ਚੁੱਪ-ਚਾਪ ਇਕ ਬੰਨੇ ਮੈਂ ਬਹਿ ਗਿਆ। ਸ਼ਾਂਤੀ ਦਾ ਛੱਟਾ ਪੰਜ-ਸੱਤ ਮਿੰਟ ਪਿਆ ਰਿਹਾ। ਗੱਲ ਫਿਰ ਸਦੀਕ ਵੱਲੋਂ ਅਰੰਭ ਹੋਈ, "ਦੇਖੋ, ਅਸੀਂ ਲੋਕ ਸੰਪਰਕ ਵਿਭਾਗ ਵਿਚ ਸੱਠ-ਸੱਤਰ ਰੁਪਏ ਨੂੰ ਨੌਕਰੀ ਕਰਦੇ ਰਹੇ ਹਾਂ। ਉਮਰ ਵਿਹਾ ਕੇ ਆਹ ਦਿਨ ਆਏ ਸਨ। ਤੁਸੀਂ ਆਖਦੇ ਹੋ ਤਾਂ ਅਸੀਂ ਗਾਉਣਾ ਛੱਡ ਹੀ ਦਿੰਦੇ ਹਾਂ।" ਦੋਹਾਂ ਸਿੰਘਾਂ ਵਿਚੋਂ ਇਕ ਉਠ ਕੇ ਖੜ੍ਹ ਗਿਆ। ਉਹਦੀ ਬੁੱਕਲ ਵਿਚ ਕੁਝ ਸੀ ਜਾਂ ਨਹੀਂ, ਪਰ ਵਹਿਮ ਮੇਰਾ ਕਹਿ ਰਿਹਾ ਸੀ ਕਿ ਲੱਗੀ ਏ.ਕੇ. ਸੰਤਾਲੀ ਚੱਲਣ। ਇੱਦਾਂ ਹੋਇਆ ਤਾਂ ਨਹੀਂ, ਉਂਜ ਉਹ ਕਹਿਣ ਲੱਗਾ, "ਤੁਸੀਂ ਲੋਕਾਂ ਨੂੰ ਤੂੰਬੀਆਂ ਸੁਣਾ ਕੇ ਸਾਡੇ ਸੰਘਰਸ਼ ਨੂੰ ਕੁਰਾਹੇ ਪਾ ਰਹੇ ਹੋ। ਸਾਡੇ ਸਿੰਘ ਸ਼ਹੀਦ ਹੋ ਰਹੇ ਨੇ, ਅਸੀਂ ਪਰਾਲੀਆਂ ਵਿਚ ਸੌਂਦੇ ਹਾਂ, ਕਮਾਦ ਵਿਚ ਰਾਤਾਂ ਕੱਟਦੇ ਹਾਂ। ਬੰਦੇ ਬਣ ਜੋ। ਪਹਿਲਾਂ ਤਾਂ ਦਸਵੰਧ ਗੁਰਦੁਆਰੇ ਪਹੁੰਚਾਓ, ਨਹੀਂ ਤਾਂ...ਚੀਂ ਗੋਲੀਆਂ ਕੱਢਾਂਗੇ। ਚਮਕੀਲੇ ਦਾ ਕੰਮ ਤਾਂ ਛੇਤੀ ਕਰ ਦਿਆਂਗੇ।" ਤੇ ਉਹ ਬਾਹਰ ਨਿਕਲ ਗਏ। ਸਦੀਕ ਦਾ ਚਿਹਰਾ ਮੈਂ ਪਹਿਲੀ ਵਾਰ ਉਦਾਸ ਤੇ ਉਤਰਿਆ ਵੇਖਿਆ ਸੀ। ਉਹ ਕਹਿਣ ਲੱਗਾ, "ਜਨਾਬ ਭੌਰਾ ਸਾਹਿਬ! ਮੈਨੂੰ ਲਿਖਦੇ ਓ 'ਪੰਜਾਬੀ ਫਿਲਮਾਂ ਦਾ ਗੱਬਰ ਸਿੰਘ' ਤੇ ਦੁਰਦਸ਼ਾ ਦੇਖੋ ਸਾਡੀ!" ਸਿਰਫ਼ ਧਾਹ ਹੀ ਮਾਰਨੋਂ ਰਹਿੰਦੀ ਸੀ। ਹਾਲਾਤ ਦੀ ਦਰਦ ਕਹਾਣੀ ਦੀਆਂ ਫਿਰ ਖੂਬ ਗੱਲਾਂ ਹੋਈਆਂ।

ਉਥੋਂ ਨਿਕਲ ਕੇ ਮੈਂ ਨਰਿੰਦਰ ਬੀਬਾ ਦੀ ਬੱਸ ਅੱਡੇ ਦੇ ਪਿਛਵਾੜ ਵਾਲੀ ਪੀਲੀ ਕੋਠੀ ਵਿਚ ਗਿਆ। ਦੋ ਦਿਨ ਤੋਂ ਜੋ ਪੰਜਾਬੀ ਗਾਇਕਾਂ ਤੇ ਗਾਇਕੀ ਨਾਲ ਹੋ ਰਿਹਾ ਸੀ, ਉਸ ਬਾਰੇ ਸਾਰੀ ਉਮਰ ਸਿੱਖ ਇਤਿਹਾਸ ਗਾਉਣ ਵਾਲੀ ਨਰਿੰਦਰ ਬੀਬਾ ਨੇ ਇਕ ਗੱਲ ਆਖੀ, "ਅਸ਼ੋਕ ਕਦੇ ਚਿਤ-ਚੇਤਾ ਵੀ ਨਹੀਂ ਸੀ, ਆਹ ਕੁਲੱਛਣੇ ਦਿਨ ਵੀ ਦੇਖਣੇ ਪੈਣਗੇ। ਪਤਾ ਨਹੀਂ ਸਾਡੇ ਪਿੱਛੇ ਕਿਉਂ ਪੈ ਗਏ ਨੇ?" ਤੇ ਚੁੰਨੀ ਦੇ ਲੜ ਨਾਲ ਜਦੋਂ ਉਹਨੇ ਅੱਖਾਂ ਪੂੰਝੀਆਂ ਤਾਂ ਬੀਬਾ ਜੀ ਨੇ ਕੁਝ ਵੀ ਨਾ ਕਹਿ ਕੇ ਬੱਸ ਹਉਕਾ ਭਰ ਕੇ ਸਭ ਕੁਝ ਕਹਿ ਦਿੱਤਾ ਸੀ। ਜਿਸ ਗਾਇਕਾ ਨੂੰ ਮੈਂ ਮਾਂ ਵਾਂਗ ਸਮਝਦਾ ਸੀ, ਉਸ ਦਿਨ ਇੱਦਾਂ ਹੋਇਆ ਸੀ ਕਿ ਚਾਹ ਦੇ ਕੱਪ ਤਾਂ ਆਏ, ਪਰ ਠੰਢੇ ਹੋ ਗਏ ਤੇ ਅਸੀਂ ਚੀਸ ਦੀਆਂ ਪੂਣੀਆਂ ਕੱਤਦੇ ਅਲੱਗ ਹੋ ਗਏ। ਅਗਲੀ ਮੁਲਾਕਾਤ ਮੈਂ ਸੁਰਿੰਦਰ ਸ਼ਿੰਦੇ ਨਾਲ ਕਰ ਕੇ ਘਰ ਮੁੜ ਗਿਆ।

ਅਗਲੇ ਹੀ ਦਿਨ ਲੰਬਾ ਲੇਖ ਲਿਖ ਕੇ ਮੈਂ ਅਜੀਤ ਨੂੰ ਭੇਜਿਆ, ਪੰਜਾਬੀ ਗਾਇਕਾਂ ਨੂੰ ਦਾਲ-ਰੋਟੀ ਦੇ ਝੋਰੇ। ਹੰਝੂਆਂ ਨਾਲ ਭਿੱਜੀ ਪੰਜਾਬੀ ਗਾਇਕੀ ਦੀ ਇਸ ਵਿਥਿਆ ਨੂੰ ਤਰਜੀਹੀ ਤੌਰ 'ਤੇ ਤਾਂ ਛਾਪ ਦਿੱਤਾ ਗਿਆ ਪਰ ਹੋਇਆ ਇਹ ਕਿ ਮੇਰੇ ਲੈਟਰ ਬਕਸ ਵੱਲ ਪਹਿਲਾ ਧਮਕੀ ਭਰਿਆ ਪੱਤਰ ਤੋਰ ਦਿੱਤਾ ਗਿਆ। ਕੁਝ ਹੋਰ ਕਾਰਨਾਂ ਕਰ ਕੇ ਮੈਂ ਉਹ ਖ਼ਤ ਤਾਂ ਇਥੇ ਪਾਠਕਾਂ ਨਾਲ ਸਾਂਝਾ ਨਹੀਂ ਕਰ ਸਕਦਾ ਪਰ ਉਸ ਵਿਚਲੀਆਂ ਦੋ ਸਤਰਾਂ ਜ਼ਰੂਰ ਗੁੱਝੇ ਭੇਤ ਵਾਂਗ ਖੋਲ੍ਹਦਾ ਹਾਂ; ਇਸ ਕਰ ਕੇ ਕਿ ਕਈ ਗਾਇਕਾਂ ਵਿਚ ਕਮੀਨਗੀ ਦੀ ਸਿਰੇ ਵਾਲੀ ਹੱਦ ਹਾਲੇ ਵੀ ਹੈ ਪਰ ਕਿਸੇ ਵਕਤ ਅੱਥਰੂ ਇਨ੍ਹਾਂ ਦੇ ਡਿਗਦੇ ਸਨ ਤੇ ਵੈਣ ਮੈਂ ਪਾ ਰਿਹਾ ਸਾਂ। ਉਸ ਚਿੱਠੀ ਵਿਚ ਲਿਖਿਆ ਸੀ, 'ਇਨ੍ਹਾਂ ਦੀ ਦਾਲ-ਰੋਟੀ ਦਾ ਫਿਕਰ ਨਾ ਕਰ ਸਗੋਂ ਅੱਜ ਤੋਂ ਇਹ ਵੀ ਝੋਰਾ ਕਰ ਕਿ ਰਾਹ ਤੇਰਾ ਵੀ ਸਾਫ਼ ਕਰ ਦਿਆਂਗੇ, ਕਿਉਂਕਿ ਚਮਕੀਲੇ ਨੂੰ ਤੇਰੀ ਸ਼ਹਿ ਹੈ। ਜੋੜੀ ਚੁਬਾਰੇ ਚੜ੍ਹਾਉਣ ਵਾਲਾ ਦੀਦਾਰ ਸੰਧੂ ਵੀ ਤੇਰੇ ਨਾਲ ਬਹਿੰਦਾ-ਉਠਦਾ ਹੈ। ਇਹ ਉਲ-ਜਲੂਲ ਲਿਖਣਾ ਬੰਦ ਕਰ ਦੇ ਵਰਨਾ... ਘੜਾ ਬਾਅਦ ਵਿਚ, ਪਹਿਲਾਂ ਕੌਲਾ ਚੱਕ ਦਿਆਂਗੇ...।" ਹਾਲਾਂ ਕਿ ਮੈਂ ਬਹੁਤਾ ਡਰਿਆ ਨਹੀਂ ਕਿਉਂਕਿ ਜਵਾਨੀ ਦੇ ਜ਼ੋਰ ਵਿਚ ਇੰਨਾ ਕੁ ਹਮਲਾ ਦਿਲ ਸੌਖਿਆਂ ਹੀ ਝੱਲ ਲੈਂਦਾ ਹੈ।

ਕਰੀਬ ਦੋ ਕੁ ਮਹੀਨੇ ਗਾਇਕਾਂ ਦੇ ਦਫ਼ਤਰਾਂ ਦੀ ਹਾਲਤ ਉਹੀ ਰਹੀ ਜਿਵੇਂ ਭੁਚਾਲ ਤੋਂ ਬਾਅਦ ਢੱਠੀਆਂ ਇਮਾਰਤਾਂ ਆਪਣੇ ਹੀ ਗੱਲ ਲੱਗ ਕੇ ਰੋ ਰਹੀਆਂ ਹੁੰਦੀਆਂ ਹਨ। ਪ੍ਰੋਗਰਾਮਾਂ ਦੀ ਗਿਣਤੀ ਘੱਟ ਗਈ ਸੀ ਕਿਉਂਕਿ ਬਰਾਤਾਂ ਅਤੇ ਹੋਰ ਸਮਾਜ ਸੁਧਾਰਾਂ ਦਾ ਫਰਮਾਨ ਵੀ ਜਬਰੀ ਲਾਗੂ ਕੀਤਾ ਜਾਣ ਲੱਗ ਪਿਆ ਸੀ। ਉਸ ਵੇਲੇ ਇਕ ਹੋਰ ਗੱਲ ਜਿਹੜੀ ਖਾਸ ਸੀ, ਉਹ ਇਹ ਕਿ ਪੰਜਾਬੀ ਫਿਲਮ ਸਨਅਤ 'ਤੇ ਵਕਤ ਨੇ ਹਾਲੇ ਇੰਨਾ ਪ੍ਰਛਾਵਾਂ ਨਹੀਂ ਪਾਇਆ ਸੀ। ਵਰਿੰਦਰ ਦੀ ਮੌਤ ਦਾ ਉਸ ਵੇਲੇ ਕਿਸੇ ਦੇ ਚਿੱਤ-ਖਿਆਲ ਹੀ ਨਹੀਂ ਸੀ ਕਿ ਇੱਦਾਂ ਵੀ ਹੋਵੇਗਾ। ਇਨ੍ਹਾਂ ਹੀ ਸਮਿਆਂ ਵਿਚ 'ਪਟੋਲਾ' ਫਿਲਮ ਚੱਲ ਗਈ। ਚਮਕੀਲੇ ਦਾ ਉਸ ਫਿਲਮ ਵਿਚ ਇਕ ਗੀਤ ਸੀ ਜਿਸ ਦੀ ਇਕ ਸਤਰ ਸੀ, ਪਹਿਲੇ ਲਲਕਾਰੇ ਨਾਲ ਮੈਂ ਡਰ ਗਈ। ਇਤਫਾਕਵੱਸ ਹੋਇਆ ਇਹ ਕਿ ਫਿਲਮਾਂ ਬਾਰੇ ਇਕ ਲੇਖ 'ਅਜੀਤ' ਦੇ ਫਿਲਮ ਐਡੀਸ਼ਨ ਵਿਚ ਛਪ ਗਿਆ ਜਿਸ ਦਾ ਮੈਂ ਪਹਿਲਾਂ ਜ਼ਿਕਰ ਕਰ ਆਇਆ ਹਾਂ। ਚਮਕੀਲਾ ਉਹਦੇ ਕਰਕੇ ਅੰਦਰੋਂ ਮੇਰੇ ਨਾਲ ਨਾਰਾਜ਼ ਸੀ।

ਉਦੋਂ ਕਰਤਾਰ ਰਮਲੇ ਵਰਗੇ ਗਾਇਕ ਵੀ ਧਾਰਮਿਕ ਗੀਤ ਗਾਉਣ ਲਈ ਉਸਲਵੱਟੇ ਲੈ ਰਹੇ ਸਨ। ਚਮਕੀਲੇ ਨੇ ਸਵਰਨ ਸਿਵੀਏ ਨਾਲ ਗੀਤ ਲਿਖਣ ਲਈ ਹੱਥ ਜੋੜ ਲਏ ਸਨ।

ਇਕ ਰਾਤ ਮੇਰੇ ਕੋਲ ਕੁੱਕੀ ਨਾਂ ਦਾ ਇਕ ਮੁੰਡਾ ਚਮਕੀਲੇ ਦਾ ਭੇਜਿਆ ਘਰ ਆਇਆ। ਸੁਨੇਹਾ ਇਹ ਸੀ ਕਿ ਜਲਦੀ ਮੈਂ ਉਸ ਨੂੰ ਮਿਲਾਂ। ਖ਼ੈਰ! ਗਿਆ ਤਾਂ ਮੈਂ ਉਸ ਤੋਂ ਅਗਲੇ ਦੋ ਦਿਨ ਠਹਿਰ ਕੇ ਪਰ ਉਸ ਦਿਨ ਉਹ ਇੰਨਾ ਰੋਇਆ ਕਿ ਸ਼ਾਇਦ ਭਵੀਸ਼ਣ ਰਾਹੀਂ ਲੰਕਾ ਉਜੜਵਾ ਕੇ ਰਾਵਣ ਨੇ ਵੀ ਇੰਨਾ ਸਿਆਪਾ ਨਾ ਕੀਤਾ ਹੋਵੇ। ਰਾਤ ਨੂੰ ਅਸੀਂ ਰੋਟੀ ਤਾਂ ਖਾ ਲਈ, ਉਹਦੇ ਜਮਾਲਪੁਰ ਵਿਚਲੇ ਘਰ ਵਿਚ ਪਰ ਪਿੱਛੋਂ ਜਦੋਂ ਵੱਡਾ ਸਾਰਾ ਕਾਗਜ਼ਾਂ ਵਾਲਾ ਲਫ਼ਾਫਾ ਚੁਕ ਕੇ ਲਿਆਇਆ ਤਾਂ ਇਹਦੇ ਵਿਚ ਧਮਕੀ ਭਰੇ ਲਫ਼ਜ਼ਾਂ ਵਾਲੇ ਪੇਪਰ ਸਨ। ਉਂਜ ਮੈਨੂੰ ਲਗਦਾ ਸੀ ਜਿਵੇਂ ਕਾਰਗਿਲ ਨੂੰ ਬਰੂਦ ਦਾ ਟਰੱਕ ਭੇਜਿਆ ਜਾ ਰਿਹਾ ਹੋਵੇ। ਇਹ ਛੇ-ਸੱਤ ਜਥੇਬੰਦੀਆਂ ਦੇ ਹਰਮਨ ਪਿਆਰੇ ਪੱਤਰ ਸਨ। ਉਹਨੇ ਉਦਣ ਖੁਲਾਸਾ ਕੀਤਾ ਕਿ ਮੈਂ ਇਕ ਸਿੰਘ ਜ਼ਰੀਏ ਅੰਮ੍ਰਿਤਸਰ ਚਿੱਠੀਆਂ ਦੇ ਵਾਰਸਾਂ ਨੂੰ ਮਿਲਣ ਦਾ ਪ੍ਰੋਗਰਾਮ ਬਣਾ ਲਿਆ ਹੈ।

(ਚਲਦਾ)



ਸਚਿੱਤਰ ਕੌਮੀ ਏਕਤਾ

LARGEST CERTIFIED CIRCULATION AMONG ALL THE PUNJABI PAPERS

ILLUSTRATED QAUMI EKTA

Editor : RAJINDER SINGH

C-342, DEFENCE COLONY NEW DELHI - 110 024

Phone : 611288

Member : Audit Bureau of Circulation Ltd.

Ref. No. 1552

ਮਿਤੀ: 4 ਫਰਵਰੀ, 1986.

[illegible]

ਧੰਨਵਾਦ ਸਹਿਤ,

[illegible]

*ਦਿੱਲੀ ਤੋਂ ਛਪਣ ਵਾਲੇ ਰਜਿੰਦਰ ਸਿੰਘ ਭਾਟੀਆ ਦੇ ਮਾਸਿਕ 'ਸਚਿੱਤਰ ਕੌਮੀ ਏਕਤਾ' ਦੀ ਪੰਜਾਬੀ ਰਸਾਲਿਆਂ ਵਿਚ ਉਹੀ ਥਾਂ ਸੀ ਜੋ ਅੰਗਰੇਜ਼ੀ ਦੇ 'ਇਲਸਟ੍ਰੇਟਿਡ ਵੀਕਲੀ' ਜਾਂ 'ਇੰਡੀਆ ਟੂਡੇ' ਦੀ ਸੀ। ਅਖ਼ਬਾਰਾਂ ਪਿੱਛੋਂ ਮੈਂ ਗਾਇਕਾਂ ਬਾਰੇ ਛਾਪਣ ਲਈ ਭਾਟੀਆ ਨੂੰ ਵੀ ਲਾਮਬੰਦ ਕਰ ਲਿਆ ਸੀ। 'ਕੌਮੀ ਏਕਤਾ' ਵੱਲੋਂ ਲਿਖਿਆ ਇਹ ਉਹ ਖ਼ਤ ਹੈ ਜਿਸ ਵਿਚ ਉਸ ਲੇਖ ਦਾ ਵੀ ਜ਼ਿਕਰ ਹੈ ਜਿਸ ਦਾ ਜ਼ਿਕਰ ਹਥਲੀ ਰਚਨਾ ਵਿਚ ਮੁਹੰਮਦ ਸਦੀਕ ਨੇ ਵੀ ਕੀਤਾ ਹੈ।*

ਗੁਰਮਤਿ ਵਿਚਾਰ

# ਸਤਿ ਦਾ ਮਾਰਗ



ਡਾ. ਗੁਰਨਾਮ ਕੌਰ, ਕੈਨੇਡਾ

ਗੁਰੂ ਨਾਨਕ ਸਾਹਿਬ ਨੇ ਜਪੁਜੀ ਦੇ ਅਰੰਭ ਵਿਚ ਇੱਕ ਅਕਾਲ ਪੁਰਖ ਦੇ ਗੁਣਾਂ ਦਾ ਵਿਖਿਆਨ ਕਰਨ ਤੋਂ ਬਾਅਦ ਉਨ੍ਹਾਂ ਸਾਰੀਆਂ ਧਾਰਮਿਕ ਪ੍ਰੰਪਰਾਵਾਂ ਦੀ ਗੱਲ ਕੀਤੀ ਹੈ ਜੋ ਉਨ੍ਹਾਂ ਤੋਂ ਪਹਿਲਾਂ ਪਰਮਾਤਮਾ ਨੂੰ ਪਾਉਣ ਵਾਸਤੇ ਜਾਂ ਮੁਕਤੀ ਪ੍ਰਾਪਤ ਕਰਨ ਲਈ ਪ੍ਰਚੱਲਤ ਸਨ ਜਿਵੇਂ ਤੀਰਥਾਂ 'ਤੇ ਇਸ਼ਨਾਨ ਕਰਨਾ, ਮੌਨ ਵਰਤ ਰੱਖਣਾ, ਅੰਨ-ਪਾਣੀ ਦਾ ਤਿਆਗ ਕਰਨਾ ਅਰਥਾਤ ਵਰਤ ਆਦਿ ਰੱਖਣਾ ਅਤੇ ਦੱਸਿਆ ਹੈ ਕਿ ਇਨ੍ਹਾਂ ਸਾਧਨਾਂ ਰਾਹੀਂ ਆਪਣੇ ਨਿਸ਼ਾਨੇ ਤੱਕ ਪਹੁੰਚਣਾ ਅਰਥਾਤ ਮੁਕਤੀ ਪ੍ਰਾਪਤ ਕਰਨੀ ਸੰਭਵ ਨਹੀਂ ਹੈ। ਕਿਉਂ? ਕਿਉਂਕਿ ਘੋਰ ਤਪੱਸਿਆ ਕਰਕੇ ਵੀ ਇਹ ਮਨ ਵੱਸ ਵਿਚ ਨਹੀਂ ਆਉਂਦਾ ਅਰਥਾਤ ਅਜਿਹੇ ਕਠਿਨ ਸਾਧਨਾਂ ਰਾਹੀਂ ਸਰੀਰ ਨੂੰ ਤਾਂ ਕਸ਼ਟ ਦਿੱਤਾ ਜਾ ਸਕਦਾ ਹੈ ਪਰ ਮਨ ਨੂੰ ਸਿਧਾਉਣਾ ਆਸਾਨ ਨਹੀਂ ਹੈ। ਅਜਿਹੀ ਤਪੱਸਿਆ ਵੀ ਬਹੁਤੀ ਵਾਰ ਮਨੁੱਖ ਦੇ ਮਨ ਨੂੰ ਅਹੰਕਾਰੀ ਬਣਾ ਦਿੰਦੀ ਹੈ।

ਸਤਿ ਦੇ ਮਾਰਗ 'ਤੇ ਚੱਲਣ ਦੇ ਰਸਤੇ ਵਿਚ ਬਹੁਤ ਸਾਰੀਆਂ ਅੜਿਚਣਾਂ, ਰੁਕਾਵਟਾਂ ਦਾ ਮਨੁੱਖ ਨੂੰ ਸਾਹਮਣਾ ਕਰਨਾ ਪੈਂਦਾ ਹੈ। ਮਨੁੱਖ ਦੇ ਮਨ ਨੂੰ ਵਿਚਲਿਤ ਕਰਨ ਵਾਲੀਆਂ, ਉਸ ਦੇ ਪੈਂਡੇ ਨੂੰ ਖੋਟਾ ਕਰਨ ਵਾਲੀਆਂ ਮਨੁੱਖ ਦੇ ਆਪਣੇ ਮਨ ਦੀਆਂ ਬਿਰਤੀਆਂ ਹਨ ਜਿਨ੍ਹਾਂ ਨੂੰ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਜਾਂ ਹਉਮੈ ਦਾ ਨਾਮ ਦਿੱਤਾ ਗਿਆ ਹੈ। ਜੇ ਰਸਤੇ ਵਿਚ ਟੋਏ-ਟਿੱਬੇ ਹੋਣ, ਚਿੱਕੜ ਹੋਵੇ, ਰਾਹ ਕੰਡਿਆਂ ਨਾਲ ਭਰਿਆ ਹੋਵੇ, ਉਭੜ-ਖਾਬੜ ਹੋਵੇ ਤਾਂ ਉਸ ਰਸਤੇ ਉਤੇ ਬਿਨਾਂ ਰੋਕ-ਟੋਕ, ਪੈਂਡਾ ਖੋਟਾ ਕੀਤੇ ਬਿਨਾਂ ਕਿਵੇਂ ਚੱਲਿਆ ਜਾ ਸਕਦਾ ਹੈ? ਇਸੇ ਤਰ੍ਹਾਂ ਸਤਿ ਦੇ ਮਾਰਗ 'ਤੇ ਚੱਲਣ ਤੋਂ ਰੋਕਣ ਲਈ ਮਨੁੱਖ ਦੇ ਰਸਤੇ ਵਿਚ ਅਨੇਕ ਕਿਸਮ ਦੇ ਟੋਏ-ਟਿੱਬੇ ਅਤੇ ਰੁਕਾਵਟਾਂ ਹਨ ਜੋ ਮਨੁੱਖ ਦੀ ਚਾਲ ਨੂੰ ਇਕਸਾਰ ਨਹੀਂ ਰਹਿਣ ਦਿੰਦੀਆਂ ਅਤੇ ਵਾਰ ਵਾਰ ਉਸ ਦਾ ਰਾਹ ਰੋਕਦੀਆਂ ਹਨ। ਕੀ ਅਜਿਹਾ ਮਨੁੱਖ ਸਤਿ ਦੇ ਮਾਰਗ 'ਤੇ ਚੱਲ ਸਕਦਾ ਹੈ ਜਿਸ ਦੇ ਮਨ ਨੂੰ ਵੱਖੋ-ਵੱਖਰੇ ਮਨੋਵੇਗ ਮਾਰਗ ਤੋਂ ਵਿਚਲਿਤ ਕਰ ਰਹੇ ਹੋਣ, ਜਿਸ ਦੇ ਮਾਨਸਿਕ ਸੰਤੁਲਨ ਨੂੰ ਵਿਗਾੜਨ ਵਾਲੀਆਂ ਪਰਵਿਰਤੀਆਂ ਮਨ ਨੂੰ ਘੇਰੀ ਰੱਖਣ ਅਤੇ ਆਪਣੇ ਅਸਰ ਹੇਠ ਕਰਮ ਕਰਵਾਉਣ? ਅਜਿਹੀਆਂ ਪਰਸਥਿਤੀਆਂ ਮਨੁੱਖ ਨੂੰ ਆਪਣੇ ਆਤਮ-ਅਨੁਭਵ ਦੇ ਰਸਤੇ ਤੇ ਅਰਥਾਤ ਸਤਿ ਦੇ ਮਾਰਗ 'ਤੇ ਸਾਬਤ-ਕਦਮੀ ਕਦੇ ਨਹੀਂ ਤੁਰਨ ਦਿੰਦੀਆਂ। ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਅਜਿਹੀਆਂ ਪਰਵਿਰਤੀਆਂ ਅਤੇ ਮਨੋਵੇਗ ਹਨ ਜੋ ਮਨੁੱਖ ਦੇ ਮਨ ਨੂੰ ਵਿਚਲਤ ਕਰਦੇ ਹਨ ਅਤੇ ਉਸ ਤੋਂ ਉਸ ਦੇ ਆਤਮਕ ਸੰਤੁਲਨ ਨੂੰ ਵਿਗਾੜਨ ਵਾਲੇ ਕਰਮ ਕਰਾਉਣ ਦਾ ਕਾਰਨ ਬਣਦੇ ਹਨ। ਇਸੇ ਲਈ ਗੁਰਮਤਿ ਵਿਚ ਇਨ੍ਹਾਂ ਨੂੰ ਪੰਜ ਚੋਰ ਜਾਂ ਪੰਜ ਠੱਗ ਕਿਹਾ ਗਿਆ ਹੈ ਜੋ ਮਨੁੱਖ ਪਾਸੋਂ ਚੰਗੇ ਗੁਣਾਂ ਨੂੰ ਖੋਹ ਲੈਂਦੇ ਹਨ, ਉਸ ਦੀ ਚੰਗਿਆਈ ਨੂੰ ਖਸ ਲੈਂਦੇ ਹਨ।

ਗੁਰੂ ਨਾਨਕ ਸਾਹਿਬ ਅਤੇ ਦੂਸਰੇ ਗੁਰੂ ਸਾਹਿਬਾਨ ਇਸ ਸਮੱਸਿਆ ਤੋਂ ਪੂਰੀ ਤਰ੍ਹਾਂ ਚੇਤੰਨ ਸਨ। ਗੁਰੂ ਸਾਹਿਬਾਨ ਅਨੁਸਾਰ ਸਤਿ ਦੇ ਮਾਰਗ 'ਤੇ ਸਾਬਤ ਕਦਮਾਂ ਨਾਲ ਚੱਲਣ ਲਈ ਇਨ੍ਹਾਂ ਪੰਜ ਚੋਰਾਂ ਨੂੰ ਨੱਥ ਪਾਉਣ ਦੀ ਲੋੜ ਹੈ, ਇਨ੍ਹਾਂ ਨੂੰ ਆਪਣੇ ਆਦਰਸ਼ ਦੀ ਪ੍ਰਾਪਤੀ ਪ੍ਰਤੀ ਅਨੁਸ਼ਾਸਿਤ ਕਰਨ ਦੀ ਲੋੜ ਹੈ। ਕੀ ਇਸ ਦਾ ਅਰਥ ਇਹ ਹੈ ਕਿ ਗੁਰੂ ਨਾਨਕ ਸਾਹਿਬ ਕਿਸੇ ਇਕਾਂਤ ਥਾਂ 'ਤੇ ਜਾ ਕੇ ਜਿਵੇਂ ਜੰਗਲ ਜਾਂ ਪਹਾੜਾਂ ਦੀਆਂ ਕੰਦਰਾਂ ਵਿਚ ਤਪੱਸਿਆ ਕਰਨ ਦੀ ਗੱਲ ਕਰਦੇ ਹਨ? ਕੀ ਉਹ ਸਰੀਰ ਨੂੰ ਹੱਠ-ਯੋਗ ਆਦਿ ਦੀਆਂ ਕਿਰਿਆਵਾਂ ਰਾਹੀਂ ਯਾਤਨਾ ਦੇਣ ਦਾ ਸੁਝਾ ਦਿੰਦੇ ਹਨ? ਜਾਂ ਫਿਰ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਤੋਂ ਛੁਟਕਾਰਾ ਪਾਉਣ ਲਈ ਸੰਸਾਰ ਅਤੇ ਸਮਾਜ ਦਾ ਪੂਰਨ ਤਿਆਗ ਕਰਕੇ ਸੰਨਿਆਸ ਲੈਣ ਦੀ ਪ੍ਰੇਰਨਾ ਕਰਦੇ ਹਨ? ਗੁਰੂ ਨਾਨਕ ਸਾਹਿਬ ਇਸ ਸੱਚਾਈ ਵੱਲ ਸੰਕੇਤ ਕਰਦੇ ਹਨ ਕਿ ਮਨੋ-ਵਿਗਿਆਨਕ ਤੌਰ 'ਤੇ, ਇਨ੍ਹਾਂ ਮਨੋਵੇਗਾਂ ਨੂੰ ਦਬਾਉਣਾ ਮੁਸ਼ਕਿਲ ਹੀ ਨਹੀਂ ਬਲਕਿ ਅਸੰਭਵ ਹੈ, ਅਤੇ ਨੈਤਿਕ ਤੌਰ 'ਤੇ ਅਜਿਹਾ ਕਰਨ ਦੀ ਲੋੜ ਵੀ ਨਹੀਂ ਹੈ ਅਤੇ ਇਹ ਅਣਇੱਛਤ ਵੀ ਹੈ।

ਇਕਿ ਕੰਦ ਮੂਲੁ ਚੁਣਿ ਖਾਹਿ  
ਵਣ ਖੰਡਿ ਵਾਸਾ॥  
ਇਕਿ ਭਗਵਾ ਵੇਸੁ ਕਰਿ  
ਫਿਰਹਿ ਜੋਗੀ ਸੰਨਿਆਸਾ॥  
ਅੰਦਰਿ ਤ੍ਰਿਸਨਾ ਬਹੁਤੁ ਛਾਦਨ  
ਭੋਜਨ ਕੀ ਆਸਾ॥  
ਬਿਰਥਾ ਜਨਮੁ ਗਵਾਇ  
ਨ ਗਿਰਹੀ ਨ ਉਦਾਸਾ॥  
ਜਮਕਾਲੁ ਸਿਰਹੁ ਨ ਉਤਰੈ  
ਤ੍ਰਿਬਿਧਿ ਮਨਸਾ॥ (ਪੰਨਾ 140)

ਇਸੇ ਲਈ ਗੁਰੂ ਨਾਨਕ ਸਾਹਿਬ ਜਿਸ ਤਰ੍ਹਾਂ ਦੀ ਮਨੁੱਖ ਜਾਂ ਆਤਮ ਦੀ ਬਣਤਰ ਹੈ, ਉਸ ਦੀ ਅਮਲੀ ਹਾਲਤ ਨੂੰ ਪ੍ਰਵਾਨ ਕਰਦੇ ਹਨ, ਜਿਸ 'ਤੇ ਮਨੁੱਖ ਨੇ ਆਪਣੀ ਨੈਤਿਕ ਯਾਤਰਾ 'ਤੇ ਚੱਲਣਾ ਹੈ। ਆਤਮ ਨੂੰ ਹਿੰਸਕ ਜ਼ਖ਼ਮ ਦੇ ਕੇ ਨਹੀਂ ਬਲਕਿ ਉਸ ਨੂੰ ਸਿਧਾ ਕੇ ਅਤੇ ਅਨੁਸ਼ਾਸਿਤ ਕਰਕੇ। ਗੁਰੂ ਨਾਨਕ ਸਾਹਿਬ ਅਤੇ ਦੂਸਰੇ ਗੁਰੂ ਸਾਹਿਬਾਨ ਯੋਗ, ਵਰਤ, ਕਠਿਨ ਤਪੱਸਿਆ ਆਦਿ ਜਹੀਆਂ ਸਖ਼ਤ, ਹਠੀ ਸਰੀਰਕ ਕਿਰਿਆਵਾਂ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕਰਦੇ ਹਨ। ਇਸ ਲਈ ਸਿੱਖ ਧਰਮ ਅਨੁਸਾਰ ਇਸ ਮਾਰਗ 'ਤੇ ਗੁਰੂ ਦੀ ਸਿੱਖਿਆ ਰਾਹੀਂ ਆਤਮਕ ਇਕਸੁਰਤਾ ਜੀਵਨ ਦੇ ਇਸ ਪੱਖ ਨੂੰ ਅਨੁਸ਼ਾਸਿਤ ਕਰਕੇ ਅਤੇ ਕਾਬੂ ਵਿਚ ਰੱਖ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ,

ਸਾਚੇ ਗੁਰ ਕੀ ਸਾਚੀ ਸੀਖ॥  
ਤਨੁ ਮਨੁ ਸੀਤਲੁ ਸਾਚੁ ਪਰੀਖ॥  
ਜਲ ਪੁਰਾਇਨਿ ਰਸ ਕਮਲ ਪਰੀਖ॥  
ਸਬਦਿ ਰਤੇ ਮੀਠੇ ਰਸ ਈਖ॥3॥  
ਹੁਕਮਿ ਸੰਜੋਗੀ ਗੜਿ ਦਸ ਦੁਆਰ॥  
ਪੰਚ ਵਸਹਿ ਮਿਲਿ ਜੋਤਿ ਅਪਾਰ॥  
ਆਪਿ ਤੁਲੈ ਆਪੇ ਵਣਜਾਰ॥  
ਨਾਨਕ ਨਾਮਿ ਸਵਾਰਣਹਾਰ॥4॥5॥  
(ਪੰਨਾ 152)

ਸਿੱਖ ਧਰਮ ਦੀ ਸਿੱਖਿਆ ਅਨੁਸਾਰ ਜਿਸ ਤਰ੍ਹਾਂ ਪਾਣੀ ਵਿਚ ਉਗਿਆ ਹੋਇਆ ਕੰਵਲ ਦਾ ਫੁੱਲ ਪਾਣੀ ਤੋਂ ਨਿਰਲੇਪ ਰਹਿੰਦਾ ਹੈ ਅਤੇ ਮੁਰਗਾਬੀ ਪਾਣੀ ਵਿਚ ਤੈਰਦੀ ਹੈ ਪਰ ਉਸ ਦੇ ਖੰਭ ਪਾਣੀ ਤੋਂ ਅਭਿੱਜ ਰਹਿੰਦੇ ਹਨ, ਇਸੇ ਤਰ੍ਹਾਂ ਗੁਰੂ ਦੇ ਸ਼ਬਦ ਵਿਚ ਸੁਰਤਿ ਜੋੜ ਕੇ ਨਾਮ ਜਪਿਆਂ ਸੰਸਾਰ ਸਾਗਰ ਤੋਂ ਪਾਰ ਹੋ ਜਾਈਦਾ ਹੈ,

ਜੈਸੇ ਜਲ ਮਹਿ ਕਮਲੁ ਨਿਰਾਲਮੁ  
ਮੁਰਗਾਈ ਨੈ ਸਾਣੇ॥  
ਸੁਰਤਿ ਸਬਦਿ ਭਵ ਸਾਗਰੁ ਤਰੀਐ  
ਨਾਨਕ ਨਾਮੁ ਵਖਾਣੇ॥ (ਪੰਨਾ 938)

ਗੁਰੂ ਸਾਹਿਬਾਨ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ, ਜੋ ਕਿ ਮਨੁੱਖ ਦੇ ਕਰਮ ਕਰਨ ਦਾ ਕਾਰਨ ਬਣਦੇ ਹਨ, ਗੁਣਾਂ ਵਿਚ ਤਬਦੀਲ ਕਰਨ ਲਈ ਕਹਿੰਦੇ ਹਨ। ਕਹਿਣ ਤੋਂ ਭਾਵ ਹੈ ਕਿ ਕਰਮ ਤਾਂ ਕੀਤਾ ਜਾਵੇ ਪਰ ਉਨ੍ਹਾਂ ਦਾ ਨੈਤਿਕ ਆਧਾਰ ਵੱਖਰਾ ਹੋਣਾ ਚਾਹੀਦਾ ਹੈ। ਗੁਰੂ ਸਾਹਿਬਾਨ ਦਾ ਆਤਮਕ ਇਕਸੁਰਤਾ ਦਾ ਇਹ ਨਜ਼ਰੀਆ ਹੈ ਜੋ ਕਿ ਆਤਮਕ-ਅਨੁਭਵ ਲਈ ਜ਼ਰੂਰੀ ਅਤੇ ਲੋੜੀਂਦਾ ਹੈ।

ਅਜਿਹੇ ਨੈਤਿਕ ਆਦਰਸ਼ ਦਾ ਸਮਾਜਕ ਸੰਦਰਭ ਕੀ ਹੋਵੇਗਾ ਜਾਂ ਇਸ ਵਿਚ ਸਮਾਜਿਕ ਰਿਸ਼ਤਿਆਂ ਦਾ ਕੀ ਸਥਾਨ ਹੈ? ਕੀ ਇਹ ਅਨੁਭਵ ਸਮਾਜਿਕ ਹਾਲਾਤ, ਸਮਾਜਿਕ ਰਿਸ਼ਤਿਆਂ ਅਤੇ ਸਮਾਜਿਕ ਸਰਗਰਮੀਆਂ ਤੋਂ ਦੂਰ ਕਿਸੇ ਇਕਾਂਤਕ ਥਾਂ ਤੇ ਕੀਤਾ ਜਾਣਾ ਹੈ? ਕੀ ਇਕਾਂਤਵਾਸ ਆਤਮਕ ਅਨੁਭਵ ਲਈ ਜ਼ਿਆਦਾ ਲਾਹੇਵੰਦਾ ਹੈ ਬਜਾਏ ਇਸ ਦੇ ਕਿ ਦੂਸਰੇ ਪ੍ਰਾਣੀਆਂ ਨਾਲ ਰਹਿੰਦੇ ਹੋਏ ਜੀਵਨ ਦੇ ਝਮੇਲਿਆਂ ਅਤੇ ਫਿਕਰਾਂ ਵਿਚ ਰਹਿ ਕੇ ਆਤਮਕ ਅਨੁਭਵ ਕੀਤਾ ਜਾਵੇ? ਗੁਰੂ ਸਾਹਿਬਾਨ ਇਸ ਤੱਥ ਨੂੰ ਨਕਾਰਦੇ ਹਨ। ਸਿੱਖ ਧਰਮ ਚਿੰਤਨ ਮਨੁੱਖ ਨੂੰ ਸਮਾਜਿਕ ਹਾਲਾਤ, ਸਮਾਜਿਕ ਜ਼ਿੰਮੇਵਾਰੀਆਂ ਤੋਂ ਭੱਜਣ ਦਾ ਉਪਦੇਸ਼ ਨਹੀਂ ਦਿੰਦਾ। ਮਨੁੱਖ ਨੂੰ ਇਹ ਪ੍ਰਵਾਨ ਕਰਕੇ ਤੁਰਨਾ ਚਾਹੀਦਾ ਹੈ ਕਿ ਆਤਮ-ਅਨੁਭਵ ਵਿਚ ਸਮਾਜ ਇੱਕ ਲਾਜ਼ਮੀ ਅਤੇ ਜ਼ਰੂਰੀ ਤੱਥ ਹੈ। ਸਮਾਜ ਤੋਂ ਭੱਜਣਾ ਸਮਾਜ ਅਤੇ ਵਿਅਕਤੀ ਦੋਵਾਂ ਦੇ ਵਿਕਾਸ ਅਤੇ ਸੰਪੂਰਨਤਾ ਦੀ ਤਬਾਹੀ ਹੈ। ਇਸ ਵਿਕਾਸ ਵਿਚ ਗ੍ਰਹਿਸਥ, ਸਮਾਜ ਅਤੇ ਮਨੁੱਖੀ ਸ਼ਮੂਲੀਅਤ ਨੂੰ ਪਵਿੱਤਰ ਅਤੇ ਪਰਮਾਣਕ ਮੰਨਿਆ ਗਿਆ ਹੈ।

ਜੇ ਸਾਰੇ ਮਨੁੱਖ ਇੱਕ ਹੀ ਅਧਿਆਤਮਕ ਸੋਮੇ ਤੋਂ ਪੈਦਾ ਹੋਏ ਹਨ ਤਾਂ ਸਮਾਜ ਨੂੰ ਇੱਕ ਅਧਿਆਤਮਕ ਏਕਤਾ ਮੰਨਣਾ ਚਾਹੀਦਾ ਹੈ ਅਤੇ ਸਮਾਜ ਨੂੰ ਅਧਿਆਤਮਕਤਾ ਦੀ ਪ੍ਰਾਪਤੀ ਦੇ ਰਸਤੇ ਦਾ ਰੋੜਾ ਨਹੀਂ ਸਮਝਣਾ ਚਾਹੀਦਾ। ਸਮਾਜਿਕ ਅਤੇ ਮਨੁੱਖੀ ਵਫਦਾਰੀਆਂ ਨੂੰ ਹਾਂ-ਵਾਚਕ ਪਹਿਚਾਣ ਦਿੱਤੀ ਗਈ ਹੈ। ਸਿੱਖ ਧਰਮ ਬਾਕੀ ਭਾਰਤੀ ਧਰਮਾਂ ਨਾਲੋਂ ਜਿਨ੍ਹਾਂ ਵਿਚ ਜ਼ਾਤੀ ਪ੍ਰਬੰਧ ਨੂੰ ਮਾਨਤਾ ਦਿੱਤੀ ਗਈ ਹੈ, ਸਮਾਜਿਕ ਰਿਸ਼ਤਿਆਂ ਨੂੰ ਜ਼ਿਆਦਾ ਮੰਨਦਾ ਵੀ ਹੈ ਅਤੇ ਉਨ੍ਹਾਂ ਦਾ ਤਰਕ ਵੀ ਸਿਰਜਦਾ ਹੈ।

ਇਸ ਦੇ ਨਾਲ ਹੀ ਅਗਲਾ ਪ੍ਰਸ਼ਨ ਇਹ ਹੈ ਕਿ ਇਸ ਆਦਰਸ਼ ਦੀ ਪ੍ਰਾਪਤੀ ਨਾਲ ਕਿਸ ਕਿਸਮ ਦੀਆਂ ਨੈਤਿਕ ਕੀਮਤਾਂ ਜੁੜੀਆਂ ਹੋਈਆਂ ਹਨ? ਕੀ ਇਹ ਕੀਮਤਾਂ ਅੰਤ੍ਰੀਵੀ ਹਨ ਜਾਂ ਬਾਹਰਮੁਖੀ? ਇਸ ਗੱਲ ਦੀ ਚਰਚਾ ਪਹਿਲੇ ਹੀ ਕੀਤੀ ਜਾ ਚੁੱਕੀ ਹੈ ਕਿ 'ਹੁਕਮ' ਨੂੰ ਗੁਰੂ ਨਾਨਕ ਦੇਵ ਜੀ ਨੇ 'ਲਿਖਿਆ ਨਾਲਿ' ਕਿਹਾ ਹੈ ਪਰ ਇਸ ਦੇ ਨਾਲ ਹੀ ਇਹ ਸਰਬ-ਵਿਆਪਕ ਵੀ ਹੈ, ਇਸ ਲਈ ਇਹ ਅੰਤ੍ਰੀਵਤਾ ਜਾਂ ਨਿੱਜਤਵ ਤੋਂ ਪਾਰ ਲੰਘ ਜਾਂਦਾ ਹੈ। ਸਿੱਖ ਧਰਮ, ਆਪਣੇ ਆਮ ਅਧਿਆਤਮਕ ਨਜ਼ਰੀਏ ਤੋਂ ਇਹ ਮੰਨਦਾ ਹੈ ਕਿ ਕੀਮਤਾਂ ਇਸ ਨੁਕਤੇ ਤੋਂ ਬਾਹਰਮੁਖੀ ਹਨ ਕਿ ਆਤਮ ਨੇ ਇਨ੍ਹਾਂ ਨੂੰ ਆਪ ਲੱਭਣਾ ਹੈ, ਇਨ੍ਹਾਂ ਦੀ ਖੋਜ ਉਸ ਨੂੰ ਆਪ ਕਰਨੀ ਪੈਣੀ ਹੈ। ਇਹ ਆਤਮ ਦੀਆਂ ਅੰਤ੍ਰੀਵੀ ਵਿਸ਼ੇਸ਼ਤਾਵਾਂ ਅਤੇ ਨਿਜੀ ਵੀ ਹਨ ਕਿਉਂਕਿ ਇਨ੍ਹਾਂ ਦਾ ਸੋਮਾ ਉਹ ਸਰਬ ਵਿਆਪਕ ਜੋਤਿ ਹੈ ਜੋ ਆਤਮ ਦਾ ਵੀ ਸੋਮਾ ਹੈ। ਖੰਡਾਂ ਦੀਆਂ ਪਉੜੀਆਂ ਵਿਚ ਆਤਮ ਦੇ ਵਿਕਾਸ ਦਾ ਜੋ ਸੰਕਲਪ ਦਿੱਤਾ ਗਿਆ ਹੈ (ਖੰਡ ਦਰ ਖੰਡ ਵਿਕਾਸ) ਇਸ ਤੱਥ ਵੱਲ ਇਸ਼ਾਰਾ ਕਰਦਾ ਹੈ ਕਿ ਆਤਮ ਨੇ ਇਨ੍ਹਾਂ ਕੀਮਤਾਂ ਨੂੰ ਆਪ ਲੱਭਣਾ ਹੈ। ਆਦਰਸ਼ ਆਤਮ (ਪਰਮਾਤਮਾ) ਨੂੰ 'ਪੁਰਖ' ਕਿਹਾ ਗਿਆ ਹੈ ਜੋ ਕਿ ਸਰਬ-ਉਚ ਹੋਂਦ ਹੈ ਅਤੇ ਜਿਸ ਵਿਚ ਸਾਰੀਆਂ ਅਧਿਆਤਮਕ ਕੀਮਤਾਂ ਸਮਾਈਆਂ ਹੋਈਆਂ ਹਨ। ਇਸੇ ਨੂੰ ਧਾਰਮਿਕ ਭਾਸ਼ਾ ਵਿਚ ਪਰਮਾਤਮਾ ਕਿਹਾ ਜਾਂਦਾ ਹੈ। ਇਥੇ ਇਸ ਦਾ ਅਰਥ ਇਹ ਬਣਦਾ ਹੈ ਕਿ ਸਾਰੀਆਂ ਅਧਿਆਤਮਕ ਕੀਮਤਾਂ ਦਾ ਸੋਮਾ ਅਕਾਲ ਪੁਰਖ ਜਾਂ ਪਰਮਾਤਮਾ ਆਪ ਹੈ।

ਗੁਰੂ ਸਾਹਿਬਾਨ ਨੇ ਪਰਮਾਤਮਾ ਨੂੰ ਆਮ ਤੌਰ 'ਤੇ 'ਤੁਧ, ਤੇਰੀ, ਤੂੰ' ਕਹਿ ਕੇ ਪੁਕਾਰਿਆ ਹੈ। ਮੁੱਢਲੇ ਤੌਰ 'ਤੇ ਇਹ ਧਾਰਮਿਕ ਪਹੁੰਚ ਹੋਣ ਕਰਕੇ, ਕੀਮਤਾਂ ਦੀ ਬਾਹਰਮੁਖਤਾ ਤੇ ਬਹੁਤ ਜ਼ੋਰ ਦਿੱਤਾ ਗਿਆ ਜਿਸ ਕਰਕੇ ਕਈ ਵਾਰੀ ਇਨ੍ਹਾਂ ਨੂੰ ਸਮਝਣ ਵਿਚ ਭੁਲੇਖਾ ਲੱਗ ਸਕਦਾ ਹੈ। ਇਹ ਇਸ ਲਈ ਵੀ ਕੀਤਾ ਜਾਪਦਾ ਹੈ ਕਿਉਂਕਿ ਗੁਰੂ ਸਾਹਿਬਾਨ ਇਸ ਵਿਚ 'ਮੈਂ' ਦੀ ਭਾਵਨਾ ਨੂੰ ਘਰ ਨਹੀਂ ਕਰਨ ਦੇਣਾ ਚਾਹੁੰਦੇ ('ਮੈਂ' ਦੀ ਭਾਵਨਾ ਵਿਚੋਂ ਹੀ ਸਾਰੇ ਦੋਸ਼ ਪੈਦਾ ਹੁੰਦੇ ਹਨ)। ਸ਼ਾਇਦ ਗੁਰੂ ਸਾਹਿਬਾਨ ਦੇ ਮਨ ਵਿਚ ਸ਼ੰਕਰ ਦੇ 'ਮੈਂ-ਵਾਦ' (ਅਹੰਮ ਬ੍ਰਹਮ ਅਸਮੀ' ਅਰਥਾਤ 'ਮੈਂ ਹੀ ਬ੍ਰਹਮ ਹਾਂ') ਦਾ ਮੈਂ-ਵਾਦ ਅਤੇ ਉਸ ਦੀਆਂ ਊਣਤਾਈਆਂ ਦੀ ਚੇਤਨਾ ਹੋਵੇ। ਵੈਸ਼ਨਵ ਸੰਤਾਂ ਦੀ ਭਗਤੀ, ਜਿਸ ਨਾਲ ਸਿੱਖ ਧਰਮ ਦੀ ਬਹੁਤ ਸਾਰੀਆਂ ਗੱਲਾਂ ਵਿਚ ਸਹਿਮਤੀ ਹੈ, ਵੀ ਕੀਮਤਾਂ ਦੀ ਬਾਹਰਮੁੱਖਤਾ 'ਤੇ ਜ਼ੋਰ ਦਿੰਦੀ ਹੈ। ਇਥੇ ਬਾਹਰਮੁੱਖਤਾ ਤੋਂ ਭਾਵ ਉਹ ਆਦਰਸ਼ ਹੈ, ਜਿਸ ਨਾਲ ਆਤਮ ਦਾ ਸਬੰਧ ਹੈ, ਪਰ ਆਪਣੀ ਸੰਭਾਲ ਦੇ ਸੋਮੇ ਦੇ ਸਰੂਪ ਕਾਰਨ ਇਹ ਕੀਮਤਾਂ ਅੰਤਰਮੁਖੀ ਹਨ (ਅਰਥਾਤ ਇਨ੍ਹਾਂ ਦਾ ਸੋਮਾ ਪਰਮਾਤਮਾ ਹੈ ਅਤੇ ਆਤਮਾ ਉਸ ਪਰਮਾਤਮਾ ਦੀ ਅੰਸ਼ ਹੈ) ਪਰ ਇਹ ਸੋਮਾ ਅੰਤਰਮੁਖਤਾ ਨੂੰ ਪਾਰ ਕਰ ਜਾਂਦਾ ਹੈ। ਪਹਿਲਾਂ ਵੀ ਇਸ ਤੱਥ ਦਾ ਜ਼ਿਕਰ ਹੋ ਚੁੱਕਾ ਹੈ ਕਿ ਸਿੱਖ ਧਰਮ ਮਨੁੱਖ ਨੂੰ ਜਗਦੀਸ਼-ਅੰਸ਼ ਪਰਵਾਨ ਕਰਦਾ ਹੈ, "ਸਭਿ ਮਹਿ ਜੋਤਿ ਜੋਤਿ ਹੈ ਸੋਇ॥ ਤਿਸਦੈ ਚਾਨਣਿ ਸਭਿ ਮਹਿ ਚਾਨਣੁ ਹੋਇ॥" 'ਲਧਾ' 'ਖੋਜਤ' ਆਦਿ ਸ਼ਬਦਾਂ ਦਾ ਪ੍ਰਗਟਾਵਾ ਇਸ ਦੀਆਂ ਕੀਮਤਾਂ ਦੀ ਬਾਹਰਮੁਖਤਾ ਵੱਲ ਇਸ਼ਾਰਾ ਕਰਦੇ ਹਨ।

ਇਨ੍ਹਾਂ ਕੀਮਤਾਂ ਦੀ ਬਾਹਰਮੁਖਤਾ ਦੇ ਨਜ਼ਰੀਏ ਦਾ ਜ਼ਰੂਰੀ ਫਲ ਉਹ ਭਾਵਨਾ ਹੈ ਜਿਸ ਨੂੰ ਮਨ ਵਿਚ ਲੈ ਕੇ ਮਨੁੱਖ ਆਤਮ-ਅਨੁਭਵ ਅਰਥਾਤ ਆਪਣੇ ਅੰਦਰ ਵੱਸ ਰਹੀ ਜੋਤਿ ਦਾ ਅਨੁਭਵ ਕਰਨ ਦੇ ਰਸਤੇ 'ਤੇ ਅੱਗੇ ਵਧਦਾ ਹੈ। ਗੁਰੂ ਨਾਨਕ ਸਾਹਿਬ ਅਨੁਸਾਰ ਇਹ ਭਾਵਨਾ ਹੈ ਸਿਰੇ ਦੀ ਹਲੀਮੀ (ਗਰੀਬੀ ਗਦਾ ਹਮਾਰੀ) ਜਿਸ ਨੂੰ ਉਨ੍ਹਾਂ ਨੇ ਕਈ ਥਾਂਵਾਂ 'ਤੇ ਅਰਬੀ ਦੇ ਸ਼ਬਦ 'ਰਜ਼ਾ' ਰਾਹੀਂ ਪ੍ਰਗਟ ਕੀਤਾ ਹੈ। 'ਰਜ਼ਾ' ਦਾ ਅਰਥ ਹੈ ਆਪਣੇ ਆਪ ਨੂੰ ਪੂਰੀ ਤਰ੍ਹਾਂ ਉਸ ਅਕਾਲ ਪੁਰਖ ਦੇ ਭਾਣੇ ਪ੍ਰਤੀ ਸਮਰਪਿਤ ਕਰ ਦੇਣਾ। ਇਹ ਸਮਰਪਣ ਦੀ ਭਾਵਨਾ ਵੱਲ ਤਾਂ ਇਸ਼ਾਰਾ ਹੈ ਪਰ ਇਹ ਨਿਸ਼ਕਿਰਯ (ਉਦਾਸੀਨ) ਸਮਰਪਣ ਨਹੀਂ ਹੈ। ਇਹ ਇੱਕ ਤਰ੍ਹਾਂ ਨਾਲ ਪੂਰਨ ਲਗਾਉ ਦੀ ਭਾਵਨਾ ਹੈ ਪਰ ਮਨੁੱਖ ਇਸ ਵਿਚ ਲਗਾਤਾਰ ਕਰਮਸ਼ੀਲ ਹੁੰਦਾ ਹੈ, ਉਦਮੀ ਰਹਿੰਦਾ ਹੈ। ਇਹ 'ਹਉ' ਜਾਂ 'ਮੈਂ' ਦੀ ਭਾਵਨਾ ਦਾ ਸਮਰਪਣ ਹੈ। ਆਪਣੇ ਅੰਦਰੋਂ ਹਉਮੈ ਦੀ ਚੇਤਨਤਾ ਦਾ ਤਿਆਗ ਹੈ। ਇਸ ਦੀ ਵਿਆਖਿਆ ਇਉਂ ਵੀ ਕੀਤੀ ਜਾ ਸਕਦੀ ਹੈ ਕਿ ਇਹ ਆਪਣੇ ਨਿਜ ਦੀ ਤੁੱਛਤਾ ਨੂੰ ਪ੍ਰਵਾਨ ਕਰਨਾ ਹੈ ਜੋ ਜਗਿਆਸੂ ਵੱਲੋਂ ਸਰਬ-ਵਿਆਪਕ ਨਜ਼ਰੀਆ ਅਖਤਿਆਰ ਕਰਨ ਲਈ ਬਹੁਤ ਹੀ ਜ਼ਰੂਰੀ ਹੈ, ਆਪਣੇ ਨਜ਼ਰੀਏ ਨੂੰ ਵਿਸ਼ਾਲਤਾ ਪ੍ਰਦਾਨ ਕਰਨ ਲਈ ਜ਼ਰੂਰੀ ਹੈ। ਇਸ ਲਈ ਇਥੇ ਇੱਕ ਗੱਲ ਸਪਸ਼ਟ ਕਰ ਦੇਣੀ ਜ਼ਰੂਰੀ ਹੈ ਕਿ ਹਲੀਮੀ ਦੀ ਇਸ ਚੇਤਨਤਾ ਦਾ ਅਰਥ ਕੋਈ ਨਿਰਾਸ਼ਾਵਾਦ, ਸੰਤੁਸ਼ਟੀ, ਪਰਾਲਭਦਵਾਦ, ਕਿਰਿਆਹੀਣਤਾ ਜਾਂ ਵਿਕਰਿਤੀ ਦਾ ਸਿਧਾਂਤ ਨਹੀਂ ਹੈ। 'ਚਲਣਾ' ਜਾਂ 'ਰਜ਼ਾ' ਆਦਿ ਸ਼ਬਦਾਂ ਦੀ ਵਰਤੋਂ ਇਨ੍ਹਾਂ ਉਪਰ ਦੱਸੇ ਸਿਧਾਂਤਾਂ ਦੀ ਮੁਖ਼ਾਲਫਤ ਨੂੰ ਦਰਸਾਉਂਦਾ ਹੈ। ਇਹ ਤਾਂ ਸਦੀਵੀ ਸਕ੍ਰਿਅਤਾ ਦਾ ਸਿਧਾਂਤ ਹੈ ਜਿਸ ਨੂੰ 'ਗੁਰਮੁਖਿ ਬੁਢੇ ਕਦੇ ਨਾਹਿ' ਰਾਹੀਂ ਪ੍ਰਗਟ ਕੀਤਾ ਜਾਂਦਾ ਹੈ। ਮਨੁੱਖ ਇਸ ਤੱਥ ਪ੍ਰਤੀ ਲਗਾਤਾਰ ਚੇਤੰਨ ਰਹਿੰਦਾ ਹੈ ਕਿ ਕੁੱਝ ਹੈ ਜੋ ਉਸ ਦੀ ਸਰਗਰਮੀ ਤੋਂ ਵੀ ਪਾਰ ਹੈ, ਇਹ ਚੇਤਨਤਾ ਕਿ ਮਨੁੱਖ ਹੀ ਇਕੱਲਾ ਕਰਨ ਵਾਲਾ ਅਤੇ ਸਭ ਕੁੱਝ ਨਹੀਂ ਹੈ। ਇਹ ਚੇਤਨਤਾ ਮਨੁੱਖ ਅੰਦਰ ਹਲੀਮੀ ਦੀ ਭਾਵਨਾ ਪੈਦਾ ਕਰਦੀ ਹੈ ਅਤੇ ਉਸ ਨੂੰ ਸਕੂਨ ਵੀ ਬਖ਼ਸ਼ਦੀ ਹੈ।

ਇਸੇ ਦਿਸ਼ਾ ਵੱਲ ਸਿੱਖ ਧਰਮ ਚਿੰਤਨ ਦਾ ਨਦਰਿ, ਕਰਮ, ਪਰਸਾਦ ਅਤੇ ਭਾਣੇ ਦਾ ਸਿਧਾਂਤ ਇੱਕ ਹੋਰ ਕਦਮ ਹੈ। ਮੂਲ ਮੰਤਰ ਵਿਚ ਅਕਾਲ ਪੁਰਖ ਦੇ ਗੁਣਾਂ ਦਾ ਵਰਨਣ ਕਰਨ ਤੋਂ ਬਾਅਦ 'ਗੁਰ ਪਰਸਾਦਿ' ਕਿਹਾ ਗਿਆ ਹੈ, ਜਿਸ ਦਾ ਅਰਥ ਹੈ ਕਿ ਉਸ ਅਕਾਲ ਪੁਰਖ ਨੂੰ ਜਿਸ ਦੀ ਇਥੇ ਵਿਆਖਿਆ ਕੀਤੀ ਗਈ ਹੈ, ਗੁਰੂ ਦੀ ਕਿਰਪਾ ਜਾਂ ਨਦਰਿ ਰਾਹੀਂ ਪ੍ਰਾਪਤ ਕਰ ਸਕੀਦਾ ਹੈ। ਇਹ ਇੱਕ ਤਰ੍ਹਾਂ ਨਾਲ ਅਕਾਲ ਪੁਰਖ ਦਾ ਸ਼ੁਕਰਾਨਾ ਵੀ ਹੈ ਜੋ ਸਿੱਖ ਹਰ ਸੁਖ ਅਤੇ ਇਥੋਂ ਤੱਕ ਕਿ ਦੁੱਖ ਦੀ ਘੜੀ ਵਿਚ ਵੀ ਕਰਦਾ ਹੈ। ਇਹ ਹਲੀਮੀ ਦੀ ਭਾਵਨਾ ਪਰਮਾਤਮਾ ਪ੍ਰਤੀ ਭਗਤੀ ਵਿਚ ਆਮ ਹੁੰਦੀ ਹੈ ਕਿਉਂਕਿ ਇਸ ਭਾਵਨਾ ਤੋਂ ਬਿਨਾ ਭਗਤੀ ਸੰਭਵ ਨਹੀਂ ਹੈ।

## ਜੇਤੀ ਸਮਗ੍ਰੀ ਦੇਖਹੁ ਰੇ ਨਰ...

ਗੁਰਬਾਣੀ ਗਿਆਨ

**ਸੋਰਠਿ ਮਹਲਾ ੫**  
ਜੇਤੀ ਸਮਗ੍ਰੀ ਦੇਖਹੁ ਰੇ ਨਰ  
ਤੇਤੀ ਹੀ ਛਡਿ ਜਾਨੀ॥  
ਰਾਮ ਨਾਮ ਸੰਗਿ ਕਰਿ ਬਿਉਹਾਰਾ  
ਪਾਵਹਿ ਪਦੁ ਨਿਰਬਾਨੀ॥੧॥  
ਪਿਆਰੇ ਤੂ ਮੇਰੋ ਸੁਖਦਾਤਾ॥  
ਗੁਰਿ ਪੂਰੈ ਦੀਆ ਉਪਦੇਸਾ  
ਤੁਮ ਹੀ ਸੰਗਿ ਪਰਾਤਾ॥ਰਹਾਉ॥  
ਕਾਮ ਕ੍ਰੋਧ ਲੋਭ ਮੋਹ ਅਭਿਮਾਨਾ  
ਤਾ ਮਹਿ ਸੁਖੁ ਨਹੀ ਪਾਈਐ॥  
ਹੋਹੁ ਰੇਨ ਤੂ ਸਗਲ ਕੀ ਮੇਰੇ ਮਨ  
ਤਉ ਅਨਦ ਮੰਗਲ ਸੁਖੁ ਪਾਈਐ॥੨॥  
ਘਾਲ ਨ ਭਾਨੈ ਅੰਤਰ ਬਿਧਿ ਜਾਨੈ  
ਤਾ ਕੀ ਕਰਿ ਮਨ ਸੇਵਾ॥  
ਕਰਿ ਪੂਜਾ ਹੋਮਿ ਇਹੁ ਮਨੂਆ  
ਅਕਾਲ ਮੂਰਤਿ ਗੁਰਦੇਵਾ॥੩॥  
ਗੋਬਿਦ ਦਾਮੋਦਰ ਦਇਆਲ ਮਾਧਵੇ  
ਪਾਰਬ੍ਰਹਮ ਨਿਰੰਕਾਰਾ॥  
ਨਾਮੁ ਵਰਤਣਿ ਨਾਮੋ ਵਾਲੇਵਾ  
ਨਾਮੁ ਨਾਨਕ ਪ੍ਰਾਨ ਅਧਾਰਾ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਜੀਵ ਨੂੰ ਇਸ ਝੂਠੇ ਸੰਸਾਰ ਦੀਆਂ ਝੂਠੀਆਂ ਚੀਜ਼ਾਂ ਬਾਰੇ ਸੁਚੇਤ ਕਰਦੇ ਹਨ, ਜੇਤੀ ਸਮਗ੍ਰੀ ਦੇਖਹੁ ਰੇ ਨਰ, ਭਾਵ ਭਾਈ! ਇਹ ਜੋ ਧਨ ਪਦਾਰਥ ਤੈਨੂੰ ਦਿਖਾਈ ਦੇ ਰਹੇ ਹਨ; ਤੇਤੀ ਹੀ ਛਡਿ ਜਾਨੀ, ਭਾਵ ਇਹ ਸਭ ਤੂੰ ਇਕ ਦਿਨ ਛੱਡ ਕੇ ਚਲੇ ਜਾਣਾ ਹੈ; ਰਾਮ ਨਾਮ ਸੰਗਿ ਕਰਿ ਬਿਉਹਾਰਾ, ਹੇ ਜੀਵ! ਤੂੰ ਉਸ ਮਿਹਰਬਾਨ ਪ੍ਰਭ ਜੀ ਦੇ ਨਾਲ ਆਪਣੀ ਸਾਂਝ ਬਣਾ; ਪਾਵਹਿ ਪਦੁ ਨਿਰਬਾਨੀ, ਫਿਰ ਤੈਨੂੰ ਉਹ ਆਤਮਕ ਅਸਥਾਨ ਪ੍ਰਾਪਤ ਹੋ ਜਾਵੇਗਾ ਜਿਥੇ ਵਾਸਨਾ ਪੋਹ ਨਹੀਂ ਸਕਦੀ।

ਪਿਆਰੇ ਤੂ ਮੇਰੋ ਸੁਖਦਾਤਾ॥  
ਗੁਰਿ ਪੂਰੈ ਦੀਆ ਉਪਦੇਸਾ  
ਤੁਮ ਹੀ ਸੰਗਿ ਪਰਾਤਾ॥ਰਹਾਉ॥

ਗੁਰਦੇਵ ਪਿਤਾ ਉਸ ਸੰਸਾਰ ਦੇ ਮਾਲਕ ਪ੍ਰਭੂ ਨੂੰ ਮੁਖਾਤਬ ਹਨ, ਪਿਆਰੇ ਤੂ ਮੇਰੋ ਸੁਖਦਾਤਾ, ਹੇ ਮੇਰੇ ਮਿਹਰਬਾਨ ਪ੍ਰਭੂ ਜੀਉ! ਮੇਰਾ ਵਿਸ਼ਵਾਸ ਹੈ ਕਿ ਮੈਨੂੰ ਸਾਰੇ ਸੁੱਖ ਦੇਣ ਵਾਲਾ ਦਾਤਾ ਤੂੰ ਹੀ ਹੈਂ; ਗੁਰਿ ਪੂਰੈ ਦੀਆ ਉਪਦੇਸਾ, ਭਾਵ ਜਦ ਤੋਂ ਮੇਰੇ ਪੂਰੇ ਗੁਰੂ ਨੇ ਮਿਹਰਾਂ ਵਿਚ ਆ ਕੇ ਮੈਨੂੰ ਉਪਦੇਸ਼ ਦਿੱਤਾ ਹੈ, ਸੋਹਣੀ ਸਿਖਿਆ ਦਿੱਤੀ ਹੈ; ਤੁਮ ਹੀ ਸੰਗਿ ਪਰਾਤਾ, ਉਸ ਸਮੇਂ ਤੋਂ ਹੀ ਮੈਂ ਪ੍ਰਭੂ ਜੀ, ਤੇਰੇ ਨਾਲ ਪ੍ਰੋਤਾ ਗਿਆ ਹਾਂ। ਹੇ ਮੇਰੇ ਮਿਹਰਾਂ ਦੇ ਮਾਲਕ! ਮੇਰਾ ਇਹ ਮਨ ਤੇਰੇ ਨਾਲ ਜੁੜ ਗਿਆ ਹੈ।

ਕਾਮ ਕ੍ਰੋਧ ਲੋਭ ਮੋਹ ਅਭਿਮਾਨਾ  
ਤਾ ਮਹਿ ਸੁਖੁ ਨਹੀ ਪਾਈਐ॥  
ਹੋਹੁ ਰੇਨ ਤੂ ਸਗਲ ਕੀ ਮੇਰੇ ਮਨ  
ਤਉ ਅਨਦ ਮੰਗਲ ਸੁਖੁ ਪਾਈਐ॥੨॥

ਹੁਣ ਗੁਰੂ ਪਿਤਾ ਪੰਜ ਚੋਰਾਂ ਦੀ ਗੱਲ ਕਰਦੇ ਹਨ, ਕਾਮ ਕ੍ਰੋਧ ਲੋਭ ਮੋਹ ਅਭਿਮਾਨਾ, ਭਾਵ ਹੇ ਭਾਈ! ਜੇ ਜੀਵ ਕਾਮ ਕ੍ਰੋਧ ਲੋਭ ਮੋਹ ਅਹੰਕਾਰ ਵਿਚ ਹੀ ਫਸਿਆ ਰਹੇ; ਤਾ ਮਹਿ ਸੁਖੁ ਨਹੀ ਪਾਈਐ, ਤਾਂ ਜੀਵ ਨੂੰ ਕਦੀ ਵੀ ਸੁੱਖ ਪ੍ਰਾਪਤ ਨਹੀਂ ਹੋ ਸਕਦਾ; ਹੋਹੁ ਰੇਨ ਤੂ ਸਗਲ ਕੀ ਮੇਰੇ ਮਨ, ਹੇ ਮੇਰੇ ਮਨ! ਤੂੰ ਪਰਮਾਤਮਾ ਦੇ ਬਣਾਏ ਹੋਏ ਜੀਵਾਂ ਦੀ ਚਰਨ ਧੂੜ ਬਣਿਆ ਰਹੁ; ਤਉ ਅਨਦ ਮੰਗਲ ਸੁਖੁ ਪਾਈਐ, ਤਾਂ ਹੇ ਮੇਰੇ ਮਨ! ਹਲੀਮੀ ਨਾਲ ਹੀ ਅਨੰਦ ਅਤੇ ਸੁੱਖ ਪ੍ਰਾਪਤ ਹੁੰਦਾ ਹੈ।

ਘਾਲ ਨ ਭਾਨੈ ਅੰਤਰ ਬਿਧਿ ਜਾਨੈ  
ਤਾ ਕੀ ਕਰਿ ਮਨ ਸੇਵਾ॥  
ਕਰਿ ਪੂਜਾ ਹੋਮਿ ਇਹੁ ਮਨੂਆ  
ਅਕਾਲ ਮੂਰਤਿ ਗੁਰਦੇਵਾ॥੩॥

ਘਾਲ ਨ ਭਾਨੈ ਅੰਤਰ ਬਿਧਿ ਜਾਨੈ, ਭਾਵ ਹੇ ਮੇਰੇ ਮਨ! ਉਹ ਸੋਹਣਾ ਮਿਹਰਬਾਨ ਪ੍ਰਭੂ ਜੋ ਕਿਸੇ ਦੀ ਵੀ ਕੀਤੀ ਹੋਈ ਮਿਹਨਤ ਨੂੰ ਕਦੀ ਵਿਅਰਥ ਨਹੀਂ ਜਾਣ ਦਿੰਦਾ ਅਤੇ ਸਭ ਦੇ ਦਿਲ ਦੀ ਗੱਲ ਵੀ ਜਾਣਦਾ ਹੈ; ਤਾ ਕੀ ਕਰਿ ਮਨ ਸੇਵਾ, ਤੂੰ ਵੀ ਉਸੇ ਪ੍ਰਭੂ ਦੀ ਮਨ ਲਾ ਕੇ ਸੇਵਾ ਭਗਤੀ ਕਰਿਆ ਕਰ; ਕਰਿ ਪੂਜਾ ਹੋਮਿ ਇਹੁ ਮਨੂਆ ਅਕਾਲ ਮੂਰਤ ਗੁਰਦੇਵਾ, ਹੇ ਮੇਰੇ ਮਨ! ਜਿਸ ਦਾ ਸਰੂਪ ਮੌਤ ਤੋਂ ਰਹਿਤ ਹੈ ਅਤੇ ਜੋ ਪ੍ਰਭੂ ਸਭ ਤੋਂ ਵੱਡਾ ਹੈ, ਉਸ ਦੀ ਤੂੰ ਐਸੀ ਪੂਜਾ ਕਰ, ਐਸਾ ਹਵਨ ਕਰ ਕਿ ਆਪਣਾ ਮਨ ਉਸ ਦੀ ਭੇਟ ਕਰ ਦੇਹ।

ਗੋਬਿਦ ਦਾਮੋਦਰ ਦਇਆਲ ਮਾਧਵੇ  
ਪਾਰਬ੍ਰਹਮ ਨਿਰੰਕਾਰਾ॥  
ਨਾਮੁ ਵਰਤਣਿ ਨਾਮੋ ਵਾਲੇਵਾ  
ਨਾਮੁ ਨਾਨਕ ਪ੍ਰਾਨ ਅਧਾਰਾ॥੪॥

ਗੋਬਿਦ ਦਾਮੋਦਰ ਦਇਆਲ ਮਾਧਵੇ, ਭਾਵ ਉਹ ਜੋ ਮਾਂ ਦੇ ਪੇਟ ਵਿਚ ਵੀ ਰੱਖਿਆ ਕਰਦਾ ਹੈ, ਦਇਆ ਦਾ ਸਾਗਰ ਹੈ, ਮਾਇਆ ਪਤੀ ਪ੍ਰਭੂ ਜੀ ਹੈ; ਪਾਰਬ੍ਰਹਮ ਨਿਰੰਕਾਰਾ, ਉਹ ਨਿਰ ਆਕਾਰ ਪ੍ਰਭ ਜੀ ਜਿਸ ਦਾ ਕੋਈ ਪਾਰਾਵਾਰ ਹੀ ਨਹੀਂ ਹੈ; ਨਾਮੁ ਵਰਤਣਿ ਨਾਮੋ ਵਾਲੇਵਾ, ਹੇ ਜੀਵ! ਉਸ ਨਿਰੰਕਾਰ ਪਰਮਾਤਮਾ ਦੇ ਨਾਮ ਨੂੰ ਹੀ ਤੂੰ ਹਰ ਵੇਲੇ ਕੰਮ ਆਉਣ ਵਾਲੀ ਚੀਜ਼, ਹਿਰਦੇ ਰੂਪੀ ਘਰ ਦਾ ਸਾਰਾ ਸਾਮਾਨ ਬਣਾ ਲੈ। ਇਹ ਨਾਨਕ ਆਖਦਾ ਹੈ-ਹੇ ਮਨ! ਉਸ ਦਾ ਨਾਮ ਹੀ ਤੇਰੇ ਪ੍ਰਾਣਾਂ ਦਾ ਆਧਾਰ ਹੈ, ਤੇਰਾ ਆਸਰਾ ਹੈ।

ਆਓ! ਦੇਹਧਾਰੀ ਗੁਰੂਆਂ ਨੂੰ ਛੱਡ ਕੇ ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*  
*ਫੋਨ: 916-687-3536*

***ਦਿੱਲੀ ਸਿੰਘਾਸਣ ਨੇ ਸਿੱਖਾਂ ਨਾਲ ਵਫਾਈ ਘੱਟ ਹੀ ਕੀਤੀ ਹੈ। ਹੁਣ ਤਾਂ ਹਿੰਦੋਸਤਾਨ ਵਿਚ ਵਸਦੀਆਂ ਸਾਰੀਆਂ ਘੱਟ-ਗਿਣਤੀਆਂ ਵੱਲ ਇਹਦਾ ਵਤੀਰਾ ਮਤਰੇਈ ਮਾਂ ਵਰਗਾ ਹੋ ਚੁੱਕਾ ਹੈ। ਇਕ ਬੜਾ ਭਰਮਾਊ ਲਫ਼ਜ਼ ਮੁੱਖ ਧਾਰਾ ਭਾਰਤੀ ਸਟੇਟ ਨੇ ਲੱਭਿਆ ਹੋਇਆ ਹੈ। ਜਿਹੜਾ ਵੀ ਕੋਈ ਮਾੜਾ ਜਿਹਾ ਕੁਸਕਦਾ ਹੈ, ਇਹ ਇਲਜ਼ਾਮ ਲਾ ਕੇ ਕਿ ਇਹ ਮੁੱਖ ਧਾਰਾ ਤੋਂ ਮੁਨਕਰ ਹੋ ਕੇ ਏਕਤਾ ਤੇ ਅਖੰਡਤਾ ਨੂੰ ਖ਼ਤਰਾ ਪੈਦਾ ਕਰ ਰਿਹਾ ਹੈ, ਸਮੁੱਚੀ ਸਟੇਟ ਉਹਦੇ ਮਗਰ ਪੈ ਜਾਂਦੀ ਹੈ। ਇਹ ਮੁੱਖ ਧਾਰਾ ਭਲਾ ਕਹਿੰਦੇ ਕਿਹਨੂੰ ਆ ਜਿਹਨੂੰ ਸਿਰਫ਼ ਘੱਟ-ਗਿਣਤੀਆਂ ਤੋਂ ਹੀ ਖ਼ਤਰਾ ਹੈ? ... ਇਹ ਮੁੱਖ ਧਾਰਾ ਲੱਖਾਂ ਸਿੱਖਾਂ, ਮੁਸਲਮਾਨਾਂ, ਈਸਾਈਆਂ, ਦਲਿਤਾਂ, ਆਦਿਵਾਸੀਆਂ, ਬੋਡੋਆਂ, ਨਾਗਿਆਂ, ਆਸਾਮੀਆਂ, ਮਨੀਪੁਰੀਆਂ ਦੀ ਬਲੀ ਲੈ ਕੇ ਵੀ ਇਹ ਨਹੀਂ ਰੱਜੀ। ਇਹਨੂੰ ਮਹਿਫ਼ੂਜ਼ ਰੱਖਣ ਲਈ ਨਵੇਂ ਕਾਨੂੰਨ ਘੜੇ ਜਾਂਦੇ ਹਨ ਅਤੇ ਪਹਿਲਿਆਂ ਵਿਚ ਸੋਧ ਕੀਤੀ ਜਾਂਦੀ ਹੈ ਤਾਂ ਕਿ ਦਹਾਕਿਆਂ ਤੱਕ ਇਨਸਾਫ ਕਰਨ ਵਿਚ ਬਦਨੀਅਤੀ ਬਣੀ ਰਹੇ ਤੇ ਦੁਨੀਆਂ ਨੂੰ ਭਰਮ ਇਹੋ ਪਾਲਿਆ ਜਾਵੇ ਕਿ ਸਭ ਕੁਝ ਕਾਨੂੰਨ ਦੇ ਦਾਇਰੇ ਵਿਚ ਹੋ ਰਿਹਾ ਹੈ।***

# ਜਬ ਬੜਾ ਪੇੜ ਗਿਰਤਾ ਹੈ, ਤੋ ਧਰਤੀ ਕਾਂਪਤੀ ਹੈ...

**ਮਝੈਲ ਸਿੰਘ ਸਰਾਂ**

ਲਫ਼ਜ਼ ਤਾਂ ਇਹ ਅੱਠ-ਦਸ ਕੁ ਹੀ ਹਨ ਪਰ ਇਹ 29 ਸਾਲਾਂ ਤੋਂ ਸਿੱਖਾਂ ਦੇ ਸੀਨੇ ਵਿਚ ਕਿੱਲ ਵਾਂਗ ਖੁੱਭੇ ਪਏ ਹਨ। ਇਨ੍ਹਾਂ ਲਫ਼ਜ਼ਾਂ ਨੇ ਸਿੱਖਾਂ ਉਤੇ ਉਹ ਹਨ੍ਹੇਰੀ ਝੁਲਾਈ ਕਿ ਰਹੇ ਰੱਬ ਦਾ ਨਾਂ! ਅੱਜ ਤੱਕ ਇਹਦਾ ਅਸਰ ਪੈ ਰਿਹਾ ਹੈ। ਕਿਸੀ ਵੱਡੀ ਘਟਨਾ ਤੋਂ ਬਾਅਦ ਕਿਸੇ ਵੱਡੇ ਲੀਡਰ ਦੇ ਮੂੰਹੋਂ ਨਿਕਲੇ ਲਫ਼ਜ਼ਾਂ ਦਾ ਕੋਈ ਮਕਸਦ ਹੁੰਦਾ ਹੈ। ਕੋਈ ਵੀ ਫੈਸਲਾ ਸੁਨੇਹੇ ਦੇ ਰੂਪ ਵਿਚ ਮੁਲਕ ਦੀ ਜਨਤਾ ਅਤੇ ਹਾਕਮਾਂ ਨੂੰ ਦਿੱਤਾ ਜਾਂਦਾ ਕਿ ਵਾਪਰੀ ਘਟਨਾ ਨਾਲ ਆਉਣ ਵਾਲੇ ਵਕਤ ਵਿਚ ਕਿੱਦਾਂ ਨਜਿੱਠਣਾ ਹੈ। ਇਨ੍ਹਾਂ ਲਫ਼ਜ਼ਾਂ ਨੇ ਵੀ 29 ਸਾਲ ਪਹਿਲਾਂ ਫੈਸਲਾ ਕਰ ਦਿੱਤਾ ਇਕ ਕੌਮ ਦੀ ਨਸਲਕੁਸ਼ੀ ਦਾ ਅਤੇ ਮੁਲਕ ਦੇ ਹਾਕਮਾਂ ਤੇ ਜਨਤਾ ਨੇ ਇਸ ਉਤੇ ਪਹਿਰਾ ਦਿੱਤਾ। ਮੁਲਕ ਦੀ ਰਾਜਧਾਨੀ ਤੋਂ ਸ਼ੁਰੂ ਹੋਈ ਇਹ ਨਸਲਕੁਸ਼ੀ ਇਕ ਵਾਢਿਓਂ ਇਕ ਕੌਮ ਦੇ ਲੋਕਾਂ ਨੂੰ ਜਿਉਂਦਿਆਂ ਸਾੜਨ, ਵੱਢ-ਕੱਟ ਕਰਨ, ਜਬਰ ਜਨਾਹਾਂ, ਘਰ-ਬਾਰਾਂ ਤੇ ਹੋਰ ਵਸੀਲਿਆਂ ਨੂੰ ਮਿੱਥ ਕੇ ਅੱਗਾਂ ਲਾ ਕੇ ਜਾਲਣ ਦੀ ਕਰਤੂਤ ਸਾਰੇ ਮੁਲਕ ਵਿਚ ਫੈਲ ਗਈ। ਐਸੀ 'ਧਰਤੀ ਕੰਬਾਈ' ਕਿ ਨਾਮੋ-ਨਿਸ਼ਾਨ ਤੱਕ ਮਿਟਾ ਦਿੱਤੇ। 'ਧਰਤੀ ਕਾਂਪਤੀ' ਦਾ ਅਸਰ ਥੋੜ੍ਹਾ ਚਿਰਾ ਨਹੀਂ ਸੀ, ਬੜਾ ਵਿਉਂਤਬੰਦ ਤੇ ਲੰਮੇ ਸਮੇਂ ਤੱਕ ਰਹਿਣ ਵਾਲਾ ਸੀ। ਮੂਲ ਮੁੱਦੇ ਤੋਂ ਲਾਂਭੇ ਕਰਨ ਲਈ ਬੋਲੀ ਵਿਚ ਅਸ਼ਲੀਲਤਾ ਭਰੀ ਅਤੇ ਧਰਮ ਤੋਂ ਅਲੱਗ ਕਰਨ ਲਈ ਗੁਰੂਡੰਮ ਦਾ ਪਸਾਰਾ ਕੀਤਾ ਜਾ ਰਿਹਾ ਹੈ। ਕੌਮ ਵਿਚ ਫੁੱਟ ਪਾਉਣ ਲਈ ਉਸੇ ਕੌਮ ਦੇ ਧਰਮ ਨੂੰ ਵਰਤਿਆ ਜਾ ਰਿਹਾ ਹੈ।

ਉਦਾਂ ਤਾਂ ਹਰ ਸਿੱਖ ਸਿਰਲੇਖ ਵਾਲੇ ਇਨ੍ਹਾਂ ਲਫ਼ਜ਼ਾਂ ਤੋਂ ਜਾਣੂੰ ਹੈ, ਫਿਰ ਵੀ ਇਨ੍ਹਾਂ ਲਫਜ਼ਾਂ ਬਾਰੇ ਜਾਣਕਾਰੀ ਗੱਲ ਕਰ ਲਈਏ। 31 ਅਕਤੂਬਰ 1984 ਨੂੰ ਸ੍ਰੀਮਤੀ ਇੰਦਰਾ ਗਾਂਧੀ ਦਾ ਕਤਲ ਉਹਦੇ ਦੋ ਗਾਰਡਾਂ ਨੇ ਕਰ ਦਿੱਤਾ। ਬਿਨਾਂ ਸ਼ੱਕ, ਇਹ ਵੱਡਾ ਸਿਆਸੀ ਕਤਲ ਸੀ, ਖਾਸ ਕਰ ਕੇ ਉਦੋਂ ਜਦੋਂ ਇੰਦਰਾ ਗਾਂਧੀ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਉਤੇ ਫੌਜੀ ਹਮਲਾ ਕਰ ਕੇ ਭਾਰਤੀ ਸਮਾਜ ਵਿਚ ਹਰਮਨਪਿਆਰੀ ਸ਼ਖ਼ਸੀਅਤ ਦਾ ਰੁਤਬਾ ਹਾਸਲ ਕਰ ਲਿਆ ਸੀ। ਫਿਰ ਇਸ ਵੱਡੇ ਕਤਲ ਦਾ ਪ੍ਰਤੀਕਰਮ ਹੋਣਾ ਵੀ ਸੁਭਾਵਿਕ ਸੀ।

ਭਾਰਤੀ ਮੀਡੀਆ ਨੇ ਇਸ ਕਤਲ ਵਿਚ ਸਕਿਉਰਿਟੀ ਗਾਰਡਾਂ ਨਾਲੋਂ ਸਿੱਖ ਗਾਰਡਾਂ ਦਾ ਜ਼ਿਕਰ ਅਹਿਮੀਅਤ ਨਾਲ ਕੀਤਾ। ਬਸ! ਫਿਰ ਦਾੜ੍ਹੀ, ਕੇਸਾਂ ਤੇ ਪੱਗਾਂ ਵਾਲਿਆਂ ਨਾਲ ਸ਼ੁਰੂ ਹੋ ਗਈ ਦਰਿੰਦਗੀ ਤੇ ਨਫ਼ਰਤ ਦੀ ਅੱਗ। ਦੁਨੀਆਂ ਦੀ ਸਭ ਤੋਂ ਵੱਡੀ ਲੋਕਰਾਜੀ ਰਾਜਧਾਨੀ ਦਿੱਲੀ, ਜੰਗਲ ਰਾਜ ਵਿਚ ਵਟ ਰਹੀ ਸੀ, ਉਹ ਵੀ ਸਿਰਫ਼ ਸਿੱਖਾਂ ਖਿਲਾਫ਼। ਕਿਸੇ ਵੀ ਲੋਕਰਾਜੀ ਲੀਡਰ ਨੂੰ ਇਹਦੇ ਨਾਲ ਕੋਈ ਵਾਸਤਾ ਨਹੀਂ ਸੀ, ਉਹ ਤਾਂ ਆਪੋ-ਆਪਣੀ ਕੁਰਸੀ ਲੈਣ ਦੇ ਆਹਰੇ ਲੱਗੇ ਹੋਏ ਸਨ। ਇਨ੍ਹਾਂ ਹੀ ਵਿਉਂਤਬੰਦੀਆਂ ਵਿਚ ਮੁਲਕ ਦੇ ਸਿੱਖ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਨਹਿਰੂ ਟੱਬਰ ਦੀ ਝਾੜੂ-ਬਰਦਾਰੀ ਦਾ ਸਬੂਤ ਦਿੰਦਿਆਂ ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾ ਦਿੱਤਾ, ਤੇ ਉਹ ਸਾਰੀ ਲਗੌੜ ਪਾਰਟੀ ਜਿਹੜੀ ਕਦੇ ਸੰਜੇ ਗਾਂਧੀ ਨਾਲ ਹੁੰਦੀ ਸੀ, ਹੁਣ ਇਹਦੇ ਦੁਆਲੇ ਇਕੱਠੀ ਹੋ ਗਈ ਤੇ ਇਸ਼ਾਰੇ ਦੀ ਉਡੀਕ ਕਰਨ ਲੱਗੀ। ਬਤੌਰ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਜਿਹੜਾ ਪਹਿਲਾ ਭਾਸ਼ਣ ਦਿੱਤਾ, ਉਸ ਵਿਚ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਉਠੀ ਨਫ਼ਰਤ ਨੂੰ ਇਹ ਕਹਿ ਕੇ ਜਾਇਜ਼ ਠਹਿਰਾਇਆ- 'ਜਬ ਬੜਾ ਪੇੜ ਗਿਰਤਾ ਹੈ ਤੋ ਧਰਤੀ ਕਾਂਪਤੀ ਹੈ।' ਇਸ ਦਾ ਸਿੱਧਾ ਤੇ ਸਪਸ਼ਟ ਮਤਲਬ ਸੀ ਕਿ ਇੰਦਰਾ ਗਾਂਧੀ ਦਾ ਕਤਲ ਹੋਣ 'ਤੇ ਸਿੱਖਾਂ ਨੂੰ ਇੰਨਾ ਕੁ ਮੁੱਲ ਤਾਂ ਤਾਰਨਾ ਹੀ ਪੈਣਾ ਹੈ। ਉਹਦੇ ਇਸ ਭਾਸ਼ਣ ਨੇ ਬਲਦੀ 'ਤੇ ਤੇਲ ਪਾ ਦਿੱਤਾ ਤੇ ਮੁਜਰਮਾਨਾ ਬਿਰਤੀ ਵਾਲੇ ਤਮਾਮ ਲੀਡਰਾਂ ਨੇ ਕਮਾਨ ਸੰਭਾਲ ਲਈ ਧਰਤੀ ਕੰਬਾਉਣ ਦੀ।

ਧਰਤੀ ਕੰਬਾਉਣ ਵਾਲੇ ਇਨ੍ਹਾਂ ਲਫ਼ਜ਼ਾਂ ਦਾ ਅਸਰ ਇਹ ਹੋਇਆ ਕਿ ਇਨ੍ਹਾਂ ਨੇ ਸਿੱਖਾਂ ਲਈ ਅਗਾਂਹ ਨਵੀਆਂ ਚੁਣੌਤੀਆਂ ਲਿਆ ਖੜ੍ਹੀਆਂ ਕੀਤੀਆਂ। ਪਹਿਲਾਂ ਤਾਂ ਸਿੱਖ ਮੁਲਕ ਵਿਚ ਆਪਣੇ ਆਪ ਨੂੰ ਬਰਾਬਰ ਦੇ ਹੱਕਦਾਰ ਕਹਾਉਣ ਲਈ ਜੱਦੋ-ਜਹਿਦ ਕਰਦੇ ਸੀ ਪਰ 'ਬੜਾ ਪੇੜ ਗਿਰਨ' ਨਾਲ ਉਸੇ ਮੁਲਕ ਵਿਚ ਖੁਦ ਨੂੰ ਪਰਾਏ ਸਮਝਣ ਲਈ ਮਜਬੂਰ ਕਰ ਦਿੱਤਾ ਗਿਆ। ਇਹੀ ਨਹੀਂ, ਦੁਸ਼ਮਣਾਂ ਵਰਗਾ ਸਲੂਕ ਸ਼ੁਰੂ ਕਰ ਦਿੱਤਾ।

ਇਨਸਾਫ਼ ਦੇ ਦਰਵਾਜ਼ੇ ਇਕ ਤਰ੍ਹਾਂ ਨਾਲ ਬੰਦ ਹੀ ਕਰ ਦਿੱਤੇ। ਹੈਰਤ-ਅੰਗੇਜ਼ ਨਹੀਂ ਕਿ ਹੋਵੇ ਮੁਲਕ ਦੀ ਰਾਜਧਾਨੀ; ਹਜ਼ਾਰਾਂ ਲੋਕਾਂ (ਸਿੱਖਾਂ) ਦੇ ਕਤਲ ਦਿਨ-ਦਿਹਾੜੇ ਲੋਕਾਂ ਦੀਆਂ ਅੱਖਾਂ ਸਾਹਮਣੇ ਹੋਏ ਹੋਣ; ਘਰਾਂ, ਦੁਕਾਨਾਂ, ਕਾਰੋਬਾਰਾਂ ਤੇ ਵਾਹਨਾਂ, ਇਥੋਂ ਤੱਕ ਕਿ ਗੁਰਦੁਆਰਿਆਂ ਨੂੰ ਅੱਗ ਲਾ ਕੇ ਸੁਆਹ ਕਰ ਦਿੱਤਾ ਹੋਵੇ; ਬੇਸ਼ਰਮੀ ਇਸ ਕਦਰ ਕਿ ਸੜਕਾਂ 'ਤੇ ਜਬਰ ਜਨਾਹ ਹੋਏ ਤੇ ਕਰਨ ਵਾਲਿਆਂ ਦੀ ਪਛਾਣ ਵੀ ਹੋ ਗਈ; ਪਰ 29 ਸਾਲਾਂ ਬਾਅਦ ਵੀ ਭਾਰਤੀ ਸਟੇਟ ਪੂਰਾ ਇਨਸਾਫ਼ ਇਹ ਕਹਿ ਕੇ ਟਾਲ ਰਹੀ ਹੈ ਕਿ ਹੁਣ ਬੀਤੇ ਨੂੰ ਭੁੱਲ ਵੀ ਜਾਓ...! ਇਹ ਧਰਤੀ ਕਾਹਦੀ ਕੰਬੀ, ਸਿੱਖਾਂ ਦੇ ਨਾਂ ਨਾਲ ਨਫ਼ਰਤ ਭਰੇ ਤਖੱਲਸ ਅਤਿਵਾਦੀ, ਵੱਖਵਾਦੀ ਜੋੜ ਦਿੱਤੇ ਗਏ। ਜੇ ਸਿੱਖ ਸੱਚਮੁੱਚ ਹੀ ਵੱਖਵਾਦੀ ਹੁੰਦੇ ਤਾਂ 29 ਸਾਲਾਂ ਤੋਂ ਮੁੜ-ਮੁੜ, ਸਟੇਟ ਦੀਆਂ ਉਨ੍ਹਾਂ ਹੀ ਅਦਾਲਤਾਂ ਵਿਚ ਇਨਸਾਫ਼ ਲੈਣ ਜਾਂਦੇ ਜਿਥੇ ਪਹਿਲਾਂ ਹੀ ਬਹਾਨੇ ਬਣਾ-ਬਣਾ ਕੇ ਅਨਿਆਂ ਕੀਤਾ ਜਾਂਦਾ ਹੈ?

ਬੜਾ ਸਬਰ ਰੱਖਿਆ ਸਿੱਖਾਂ ਨੇ। ਇਹ ਜਾਣਦੇ ਹੋਏ ਵੀ ਕਿ ਇਨਸਾਫ਼ ਨਹੀਂ ਮਿਲਣਾ, ਕੋਈ ਹੋਰ ਵੱਖਰਾ ਰਸਤਾ ਅਖ਼ਤਿਆਰ ਨਹੀਂ ਕੀਤਾ ਮੁਲਜ਼ਮਾਂ ਨੂੰ ਸਜ਼ਾ ਦੇਣ ਦਾ। ਫਿਰ ਕਿੱਦਾਂ ਵੱਖਵਾਦੀ ਹੋ ਗਏ ਸਿੱਖ? ਕੀ ਘੱਟ-ਗਿਣਤੀਆਂ ਵੱਲੋਂ ਇਨਸਾਫ਼ ਮੰਗਣਾ ਤੇ ਹੱਕਾਂ 'ਤੇ ਪਹਿਰਾ ਦੇਣਾ ਭਾਰਤ ਵਰਗੇ ਮੁਲਕ ਦੀ ਡਿਕਸ਼ਨਰੀ ਵਿਚ ਵੱਖਵਾਦੀ ਹੁੰਦਾ ਹੈ? ਮੁਲਕ ਦੀ ਏਕਤਾ ਤੇ ਅਖੰਡਤਾ ਜਿਹੜੀ 1947 ਤੋਂ ਬਾਅਦ ਅਸਲ ਵਿਚ ਗਾਇਬ ਹੀ ਦਿਸਦੀ ਹੈ, ਕੀ ਇੱਦਾਂ ਹੀ ਘੱਟ-ਗਿਣਤੀਆਂ ਦੀ ਨਸਲਕੁਸ਼ੀ ਕਰ ਕੇ ਬਚਣੀ ਹੈ? ਫਿਰ ਪੋਚਾ ਪਾਉਣਾ ਇਹ ਕਹਿ ਕੇ, ਕਿ 'ਬੜਾ ਪੇੜ ਗਿਰਤਾ ਹੈ ਤੋ ਧਰਤੀ ਕਾਂਪਤੀ ਹੈ'। ਪੂਰੀ ਗਿਣੀ-ਮਿਥੀ ਸਾਜ਼ਿਸ਼ ਹੇਠ ਬੋਲੇ ਗਏ ਸਨ ਇਹ ਲਫ਼ਜ਼। ਇਹ ਲਫ਼ਜ਼ ਇਕੱਲੇ ਰਾਜੀਵ ਗਾਂਧੀ ਦੇ ਨਹੀਂ ਸਨ, ਇਹ ਭਾਰਤੀ ਸਟੇਟ ਦੇ ਲਫ਼ਜ਼ ਸਨ ਸੰਘਰਸ਼ ਕਰਦੀ ਕੌਮ ਲਈ, ਤੇ ਉਹਨੂੰ ਦੁਬੇਲ ਬਣਾ ਕੇ ਰੱਖਣ ਦੇ। ਅੱਜ ਵੀ ਕੁਝ ਲੋਕ ਇਹ ਕਹਿ ਕੇ ਇਨ੍ਹਾਂ ਲਫ਼ਜ਼ਾਂ ਨੂੰ ਬਹੁਤੀ ਅਹਿਮੀਅਤ ਨਹੀਂ ਦਿੰਦੇ ਕਿ ਉਦੋਂ ਰਾਜੀਵ ਗਾਂਧੀ ਅਜੇ ਰਾਜਨੀਤੀ ਵਿਚ ਪਰਪੱਕ ਨਹੀਂ ਸੀ ਤੇ ਉਹਦੇ ਦਿਲ-ਦਿਮਾਗ 'ਤੇ ਆਪਣੀ ਮਾਂ ਇੰਦਰਾ ਗਾਂਧੀ ਦੇ ਕਤਲ ਦਾ ਸਦਮਾ ਵੀ ਸੀ। ਇਹ ਬਿਲਕੁਲ ਨਿਰਮੂਲ ਦਲੀਲ ਹੈ, ਨਿਰੀ ਪਰਦੇ ਪਾਉਣ ਵਾਲੀ। ਬਤੌਰ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਇਹ ਭਾਸ਼ਣ ਲਿਖ ਕੇ ਦਿਤਾ ਗਿਆ ਸੀ।





*ਇਕ ਸਿੱਖ ਬੀਬੀ ਜਿਸ ਦਾ ਨਵੰਬਰ 84 ਦੇ ਸਿੱਖ ਕਤਲੇਆਮ ਵਿਚ ਸਭ ਕੁਝ ਲੁੱਟਿਆ ਗਿਆ*

ਦਿੱਲੀ ਸਿੰਘਾਸਨ ਨੇ ਸਿੱਖਾਂ ਨਾਲ ਵਫਾਈ ਘੱਟ ਹੀ ਕੀਤੀ ਹੈ। ਹੁਣ ਤਾਂ ਹਿੰਦੋਸਤਾਨ ਵਿਚ ਵਸਦੀਆਂ ਸਾਰੀਆਂ ਘੱਟ-ਗਿਣਤੀਆਂ ਵੱਲ ਇਹਦਾ ਵਤੀਰਾ ਮਤਰੇਈ ਮਾਂ ਵਰਗਾ ਹੋ ਚੁੱਕਾ ਹੈ। ਇਕ ਬੜਾ ਭਰਮਾਊ ਲਫ਼ਜ਼ 'ਮੁੱਖ ਧਾਰਾ' ਭਾਰਤੀ ਸਟੇਟ ਨੇ ਲੱਭਿਆ ਹੋਇਆ ਹੈ। ਜਿਹੜਾ ਵੀ ਕੋਈ ਮਾੜਾ ਜਿਹਾ ਕੁਸਕਦਾ ਹੈ, ਇਹ ਇਲਜ਼ਾਮ ਲਾ ਕੇ ਕਿ ਇਹ ਮੁੱਖ ਧਾਰਾ ਤੋਂ ਮੁਨਕਰ ਹੋ ਕੇ ਏਕਤਾ ਤੇ ਅਖੰਡਤਾ ਨੂੰ ਖ਼ਤਰਾ ਪੈਦਾ ਕਰ ਰਿਹਾ ਹੈ, ਸਮੁੱਚੀ ਸਟੇਟ ਉਹਦੇ ਮਗਰ ਪੈ ਜਾਂਦੀ ਹੈ। ਇਹ ਮੁੱਖ ਧਾਰਾ ਭਲਾ ਕਹਿੰਦੇ ਕਿਹਨੂੰ ਆ ਜਿਹਨੂੰ ਸਿਰਫ਼ ਘੱਟ-ਗਿਣਤੀਆਂ ਤੋਂ ਹੀ ਖ਼ਤਰਾ ਹੈ? ਜਿਨ੍ਹਾਂ ਸਿੱਖਾਂ ਨੇ ਆਪਣਾ ਸਾਰਾ ਕੁਝ ਦਾਅ 'ਤੇ ਲਾ ਕੇ ਸਾਰੀਆਂ ਹਬੀਆਂ-ਨਬੀਆਂ ਆਪਣੇ ਪਿੰਡੇ ਉਤੇ ਝੱਲ ਕੇ ਮੁਲਕ ਆਜ਼ਾਦ ਕਰਵਾਇਆ ਹੋਵੇ, ਆਪਣਾ ਨਸੀਬ ਵੀ ਉਸੇ ਮੁਲਕ ਦੀ ਧਾਰਾ ਨਾਲ ਪੱਕਾ ਜੋੜ ਲਿਆ ਹੋਵੇ, ਕੀ ਉਨ੍ਹਾਂ ਦਾ ਕਸੂਰ ਇਹੀ ਹੈ ਕਿ ਉਨ੍ਹਾਂ ਹੱਕ ਮੰਗ ਲਿਆ! ਨਾਲੇ ਦੱਸੋ ਭਲਾ, ਵਾਅਦਾ ਕਰ ਕੇ ਮੁਕਰਨਾ ਮੁੱਖ ਧਾਰਾ ਹੁੰਦੀ ਆ?

ਕੀ ਇਕ ਖਿੱਤੇ ਦੇ ਵਸਨੀਕਾਂ ਨਾਲ, ਉਨ੍ਹਾਂ ਦੀ ਬੋਲੀ ਨਾਲ ਦਵੈਤ ਰੱਖਣਾ ਤੇ ਉਸ ਸੂਬੇ ਨੂੰ ਛਾਂਗ ਕੇ ਰੁੰਡ-ਮਰੁੰਡ ਕਰਨਾ ਤੇ ਉਹਦੇ ਵਗਦੇ ਦਰਿਆਵਾਂ ਵਿਚੋਂ ਆਪਣੀ ਮਰਜ਼ੀ ਨਾਲ ਪਾਣੀ ਨਾ ਵਰਤਣ ਦੇਣਾ, ਉਥੇ ਵਸਦੇ ਲੋਕਾਂ ਦੇ ਨਿਆਰੇ ਤੇ ਨਿਵੇਕਲੇ ਧਰਮ ਵਿਚ ਬੇਵਜ੍ਹਾ ਦਖ਼ਲ-ਅੰਦਾਜ਼ੀ ਕਰਨੀ ਮੁੱਖ ਧਾਰਾ ਹੁੰਦੀ ਹੈ? ਕੀ ਧਾਰਮਿਕ ਸਥਾਨ 'ਤੇ ਫੌਜਾਂ ਚੜ੍ਹਾ ਕੇ ਤੋਪਾਂ ਨਾਲ ਬੇਗੁਨਾਹ ਬੱਚਿਆਂ, ਬੀਬੀਆਂ, ਬਜ਼ੁਰਗਾਂ, ਜੁਆਨਾਂ ਨੂੰ ਜਲੀਲ ਕਰ ਕੇ ਗੋਲੀਆਂ ਨਾਲ ਭੁੰਨਣਾ ਮੁੱਖ ਧਾਰਾ ਹੈ? ਕੀ ਸਟੇਟ ਦੀ ਹਮਾਇਤ ਨਾਲ ਬਣੀਆਂ ਗੁੰਡਾ ਫੋਰਸਾਂ ਆਲਮ ਸੈਨਾ, ਬਲੈਕ ਕੈਟਸ, ਸਲਵਾ ਜੂਡਮ ਤੇ ਹੋਰ ਕਿੰਨੀਆਂ ਹੀ ਖੂੰਖਾਰ ਸੈਨਾਵਾਂ ਮੁੱਖ ਧਾਰਾ ਦਾ ਹਿੱਸਾ ਹੁੰਦੀਆਂ ਜਿਨ੍ਹਾਂ ਨੇ ਲੋਕਾਂ ਦਾ ਜੀਣਾ ਦੁੱਭਰ ਕਰ ਰੱਖਿਆ ਹੈ?

ਕੀ ਮੁੱਖ ਧਾਰਾ ਆਪਣੀ ਫੌਜ ਨੂੰ ਇਹੋ ਕਹਿੰਦੀ ਹੈ ਕਿ ਬੰਦੂਕ ਦੀ ਨੋਕ 'ਤੇ ਇਕ ਫਿਰਕੇ ਦੇ ਨਿਹੱਥੇ ਲੋਕਾਂ ਦੀਆਂ ਬਹੂ-ਬੇਟੀਆਂ ਨਾਲ ਸਮੂਹਕ ਜਬਰ ਜਨਾਹ ਕਰੋ? ਕੀ ਇਹੋ ਜਿਹੇ ਲੀਡਰਾਂ ਦੀ ਜੈ-ਜੈਕਾਰ ਕਰਨੀ ਮੁੱਖ ਧਾਰਾ ਹੁੰਦੀ ਹੈ ਜਿਹੜੇ ਕਿਸੇ ਕੌਮ ਦੇ ਨਸਲਘਾਤ ਨੂੰ ਵਾਜਬ ਠਹਿਰਾਉਣ ਲਈ ਇਹ ਲਫ਼ਜ਼ ਬੋਲਣ ਕਿ 'ਧਰਤੀ ਕਾਂਪਤੀ ਹੈ?' ਕੀ ਗੁਰੂਆਂ ਦੀ ਪਵਿੱਤਰ ਧਰਤੀ ਉਤੇ ਮਾਰੂ ਨਸ਼ਿਆਂ ਦਾ ਹੜ੍ਹ ਵਗਾ ਕੇ 30 ਪ੍ਰਤੀਸ਼ਤ ਮੁੰਡਿਆਂ ਨੂੰ ਖੱਸੀ ਕਰਨ ਵਾਲੇ ਇਹ ਸਾਰੇ ਹੀ 'ਦਾਨਿਸ਼ਮੰਦ ਸੌਦਾਗਰ' ਲੀਡਰ ਮੁੱਖ ਧਾਰਾ ਦੇ ਸਰਬਰਾਹ ਹਨ? ਕੀ ਹਜ਼ਾਰਾਂ ਹੀ ਨੌਜਵਾਨਾਂ ਦੇ ਸਿਵਿਆਂ ਦੀ ਸੁਆਹ 'ਤੇ ਆਪਣੀ ਰਾਜ ਗੱਦੀ ਦੀ ਕੁਰਸੀ ਡਾਹ ਕੇ ਉਨ੍ਹਾਂ ਹੀ ਤੁਅਸਬੀ ਲੀਡਰਾਂ ਦੇ ਗੁਣਗਾਨ ਕਰਨਾ ਕਿ 'ਸਬੱਬ ਨਾਲ ਹੀ ਇਹ ਸਭ ਕੁਝ ਵਾਪਰਿਆ' ਤੇ ਜਿਨ੍ਹਾਂ ਨੇ ਕੌਮ ਨੂੰ ਹਾਸਲ ਕੁਝ ਵੀ ਨਾ ਕਰ ਕੇ ਦਿੱਤਾ, ਮੁੱਖ ਧਾਰਾ ਹੈ?

ਕੀ ਮੁੱਖ ਧਾਰਾ ਇਸ ਨੂੰ ਕਿਹਾ ਜਾਂਦਾ ਹੈ ਜਿਹਨੇ ਹਜ਼ਾਰਾਂ ਬੇਗੁਨਾਹ ਸਿੱਖ ਨੌਜਵਾਨਾਂ ਨੂੰ ਅਣਪਛਾਤੀਆਂ ਲਾਸ਼ਾਂ ਦੇ ਰਜਿਸਟਰ ਵਿਚ ਦਰਜ ਕਰ ਦਿੱਤਾ ਜਿਨ੍ਹਾਂ ਦੇ ਮਾਪੇ ਅਜੇ ਵੀ ਕਿਸੇ ਆਸ ਵਿਚ ਉਨ੍ਹਾਂ ਦੇ ਭੋਗ ਨਹੀਂ ਪੁਆਉਂਦੇ... ਤੇ ਜੇ ਇਕ ਇਨਸਾਨ ਨੇ ਜਿਗਰਾ ਕਰ ਕੇ ਉਨ੍ਹਾਂ ਦੇ ਕਿੱਸੇ ਫਰੋਲਣੇ ਸ਼ੁਰੂ ਕੀਤੇ ਤਾਂ ਇਸ 'ਮੁੱਖ ਧਾਰਾ' ਨੇ ਉਸ ਨੂੰ ਵੀ ਅਣਪਛਾਤੀ ਲਾਸ਼ ਬਣਾ ਦਿੱਤਾ। ਜਾਂ ਕੀ ਇਨਸਾਫ਼ ਦੀ ਅੱਖ ਦੇ ਟੀਰ ਨੂੰ ਵੀ ਮੁੱਖ ਧਾਰਾ ਕਹਿ ਦੇਈਏ ਜਿਹੜਾ ਇਨਸਾਫ਼ ਦੇ ਤਰਾਜੂ ਨਾਲ ਸਮੂਹਿਕ ਚੇਤਨਾ ਦਾ ਪਾਂਸਕੂ ਬੰਨ੍ਹ ਕੇ ਕਿਸੇ ਵੀ ਬੇਗੁਨਾਹ ਨੂੰ ਫਾਂਸੀ ਦੇ ਫੰਦੇ ਉਤੇ ਚੜ੍ਹਾ ਦੇਵੇ ਤੇ ਹੋਣਹਾਰ ਨੌਜਵਾਨ ਨੂੰ ਨੀਮ-ਪਾਗਲਪਣ ਦੇ ਦਰਵਾਜ਼ੇ ਤੱਕ ਪਹੁੰਚਾ ਕੇ ਫਿਰ ਫਾਂਸੀ ਲਾਉਣ ਲਈ ਬਜ਼ਿੱਦ ਹੋਵੇ?

ਉਪਰ ਬਿਆਨੀ ਇਸ ਮੁੱਖ ਧਾਰਾ ਨੂੰ ਇਤਨੀ ਪਵਿੱਤਰ ਦੇਵੀ ਦਾ ਨਾਂ ਦਿੱਤਾ ਗਿਆ ਹੈ ਕਿ ਲੱਖਾਂ ਸਿੱਖਾਂ, ਮੁਸਲਮਾਨਾਂ, ਈਸਾਈਆਂ, ਦਲਿਤਾਂ, ਆਦਿਵਾਸੀਆਂ, ਬੋਡੋਆਂ, ਨਾਗਿਆਂ, ਆਸਾਮੀਆਂ, ਮਨੀਪੁਰੀਆਂ ਦੀ ਬਲੀ ਲੈ ਕੇ ਵੀ ਇਹ ਨਹੀਂ ਰੱਜੀ। ਇਹਨੂੰ ਮਹਿਫ਼ੂਜ਼ ਰੱਖਣ ਲਈ ਨਵੇਂ ਕਾਨੂੰਨ ਘੜੇ ਜਾਂਦੇ ਹਨ ਅਤੇ ਪਹਿਲਿਆਂ ਵਿਚ ਸੋਧ ਕੀਤੀ ਜਾਂਦੀ ਹੈ ਤਾਂ ਕਿ ਦਹਾਕਿਆਂ ਤੱਕ ਇਨਸਾਫ ਕਰਨ ਵਿਚ ਬਦਨੀਅਤੀ ਬਣੀ ਰਹੇ ਤੇ ਦੁਨੀਆਂ ਨੂੰ ਭਰਮ ਇਹੋ ਪਾਇਆ ਜਾਵੇ ਕਿ ਸਭ ਕੁਝ ਕਾਨੂੰਨ ਦੇ ਦਾਇਰੇ ਵਿਚ ਹੋ ਰਿਹਾ ਹੈ। 1947 ਤੋਂ ਬਾਅਦ ਜਿਵੇਂ-ਜਿਵੇਂ ਮੁੱਖ ਧਾਰਾ ਦੀ ਟੋਪੀ ਵਾਲਿਆਂ ਦੀ ਪਕੜ ਭਾਰਤੀ ਸਟੇਟ ਉਤੇ ਮਜ਼ਬੂਤ ਹੁੰਦੀ ਗਈ, ਨਾਲ ਦੀ ਨਾਲ ਸਿੱਖਾਂ ਨਾਲ ਤੱਦੀਆਂ ਵੀ ਵਧਦੀਆਂ ਗਈਆਂ। ਉਸ ਦਿਨ ਤਾਂ ਹੱਦ ਹੀ ਮੁਕਾ ਦਿੱਤੀ ਗਈ ਜਿੱਦਣ ਸਾਰੇ ਪੰਜਾਬ ਵਿਚ ਕਰਫਿਊ ਲਾ ਕੇ ਸ੍ਰੀ ਹਰਿਮੰਦਰ ਸਾਹਿਬ ਉਤੇ ਹਮਲਾ ਕਰਵਾ ਦਿੱਤਾ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਪਾਂ ਨਾਲ ਉਡਾ ਦਿੱਤਾ। ਸਿੱਖ ਇਸ ਕਹਿਰ ਨਾਲ ਝੰਜੋੜੇ ਗਏ। ਸਿੱਖ ਮਨਾਂ ਵਿਚ ਖਾਮੋਸ਼ ਬਗਾਵਤ ਦਾ ਬੀਜ ਬੀਜਿਆ ਗਿਆ ਜਿਸ ਦਾ ਤਤਕਾਲੀ ਅਸਰ ਹੋਇਆ। ਆਮ ਸਿੱਖ ਅੰਦਰੋ-ਅੰਦਰੀ ਗੁੱਸੇਖੋਰ ਹੋ ਗਿਆ। ਬਲਦੀ ਉਤੇ ਤੇਲ ਪਾਇਆ ਅੰਮ੍ਰਿਤਸਰ ਸ਼ਹਿਰ ਦੇ ਹੀ ਕੁਝ ਨਾ-ਸ਼ੁਕਰੇ ਲੋਕਾਂ ਨੇ। ਜਦੋਂ ਹਰਿਮੰਦਰ ਸਾਹਿਬ ਵਿਚੋਂ ਲਾਸ਼ਾਂ ਦੀਆਂ ਭਰੀਆਂ ਗੱਡੀਆਂ ਸ਼ਮਸ਼ਾਨ ਵੱਲ ਜਾ ਰਹੀਆਂ ਸਨ ਤਾਂ ਲੱਡੂ ਵੰਡੇ ਗਏ। ਹਮਲੇ ਤੋਂ ਬਾਅਦ ਸਿੱਖਾਂ ਨੂੰ ਬਦਨਾਮ ਕਰਨ ਲਈ 'ਦੂਰਦਰਸ਼ਨ' ਨੇ ਰੱਜ ਕੇ ਕੁਫ਼ਰ ਤੋਲਿਆ। ਇੱਦਾਂ ਦੇ ਵਰਤਾਰਿਆਂ ਨੇ ਸਿੱਖਾਂ ਵਿਚ ਬੇਗਾਨਗੀ ਭਰਨੀ ਸ਼ੁਰੂ ਕਰ ਦਿੱਤੀ।

ਸਿੱਖ ਧਰਮ ਕਦੇ ਵੀ ਬੇਗੁਨਾਹ ਦੇ ਕਤਲ ਦੀ ਇਜਾਜ਼ਤ ਨਹੀਂ ਦਿੰਦਾ ਸਗੋਂ ਕਤਲ ਨੂੰ ਤਾਂ ਪਾਪ ਮੰਨਿਆ ਜਾਂਦਾ ਹੈ ਪਰ ਪਾਪੀ ਨੂੰ ਦੰਡ ਦੇਣ ਦੀ ਗੱਲ ਵੀ ਗੁਰਬਾਣੀ ਵਿਚ ਦਰਜ ਹੈ ਤੇ ਇਹ ਸਿੱਖ ਚੇਤਨਾ ਵਿਚ ਉਦੋਂ ਤੋਂ ਹੀ ਚਲੀ ਆ ਰਹੀ ਹੈ ਜਦੋਂ ਪਾਪੀ ਚੰਦੂ ਨੂੰ ਸ਼ਾਂਤੀ ਦੇ ਪੁੰਜ ਗੁਰੂ ਅਰਜਨ ਜੀ ਨੂੰ ਸ਼ਹੀਦ ਕਰਾਉਣ ਬਦਲੇ ਸਿੱਖਾਂ ਹੱਥੋਂ ਮਰਨਾ ਪਿਆ। ਚੰਦੂ ਦਾ ਮਰਨਾ ਸਿੱਖਾਂ ਲਈ ਪੁੰਨ ਦਾ ਕੰਮ ਸੀ।

ਸਿੱਖ ਆਪਣੇ ਪਿੰਡੇ 'ਤੇ ਵਧੀਕੀ ਝੱਲ ਕੇ ਵੀ ਭਾਣੇ ਵਿਚ ਰਹਿਣਾ ਪਸੰਦ ਕਰ ਸਕਦਾ ਹੈ ਪਰ ਆਪਣੇ ਗੁਰੂ ਅਤੇ ਹਰਿਮੰਦਰ ਸਾਹਿਬ ਵਰਗੇ ਪਵਿੱਤਰ ਗੁਰਧਾਮ ਦੀ ਬੇਅਦਬੀ ਝੱਲਣਾ ਨਾਮੁਮਕਿਨ ਹੈ। ਦਰਬਾਰ ਸਾਹਿਬ 'ਤੇ ਹਮਲਾ ਸਿੱਖਾਂ ਦੀ ਹਸਤੀ ਉਤੇ ਹਮਲਾ ਸਮਝਿਆ ਜਾਂਦਾ ਕਿਉਂਕਿ ਸਿੱਖ ਹਿਰਦਿਆਂ ਵਿਚ ਆਪਣੇ ਗੁਰੂ ਦੇ ਬੋਲ 'ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥' ਸਦਾ ਗੂੰਜਦੇ ਰਹਿੰਦੇ ਹਨ ਅਤੇ ਉਹ ਗੁਰਬਾਣੀ ਦੀ ਓਟ ਲੈ ਕੇ ਉਸ ਪਾਪੀ ਨੂੰ ਦੰਡ ਦੇਣਾ ਰੱਬ ਦੀ ਸੇਵਾ ਸਮਝਦਾ ਹੈ। ਹਰਿਮੰਦਰ ਸਾਹਿਬ 'ਤੇ ਕੀਤੇ ਗਏ ਫੌਜੀ ਹਮਲੇ ਦਾ ਕੋਈ ਵੱਡਾ ਪ੍ਰਤੀਕਰਮ ਹੋਣਾ ਜੱਗ ਜ਼ਾਹਰ ਸੀ।

ਖੁਦ ਇੰਦਰਾ ਗਾਂਧੀ ਵੀ ਜਾਣਦੀ ਸੀ ਕਿ ਉਹਨੇ ਅਬਦਾਲੀ ਨਾਲੋਂ ਵੀ ਬੁਰਾ ਕੰਮ ਕੀਤਾ ਹੈ। ਫਿਰ ਜੋ 31 ਅਕਤੂਬਰ ਦੀ ਸਵੇਰ ਨੂੰ ਵਾਪਰਿਆ, ਉਹ ਕਿਆਫਿਆਂ ਮੁਤਾਬਿਕ ਹੀ ਸੀ। ਫਿਰ ਕੀ ਜ਼ਰੂਰਤ ਪਈ ਸੀ ਉਹਦੇ ਪੁੱਤ ਨੂੰ ਇਹ ਕਹਿਣ ਦੀ, ਕਿ 'ਜਬ ਬੜਾ ਪੇੜਾ ਗਿਰਤਾ ਹੈ ਤੋ ਧਰਤੀ ਕਾਂਪਤੀ ਹੈ'; ਪਰ ਉਹ ਤਾਂ ਆਪਣੀ ਮਾਂ ਨਾਲੋਂ ਵੀ ਦੋ ਕਦਮ ਅੱਗੇ ਵਧ ਕੇ ਸਿੱਖ ਕੌਮ ਨਾਲ ਸਿੱਝਣਾ ਚਾਹੁੰਦਾ ਸੀ। ਉਹਨੂੰ ਦਿੱਲੀ ਵਿਚ ਕੀਤਾ ਸਿੱਖ ਕਤਲੇਆਮ ਕੀੜੇ-ਮਕੌੜਿਆਂ ਦੇ ਮਰਨ ਤੋਂ ਵੱਧ ਨਜ਼ਰ ਨਹੀਂ ਆਇਆ। ਕਿਸੇ ਦਾ ਕਤਲ ਕਰਨ ਵਾਲਾ ਅਕਸਰ ਮੁਜਰਮਾਨਾ ਬਿਰਤੀ ਵਾਲਾ ਬੰਦਾ ਗਿਣਿਆ ਜਾਂਦਾ ਹੈ ਪਰ ਜਦੋਂ ਕੋਈ ਸ਼ਰੀਫ਼ ਡਿਊਟੀ-ਪਸੰਦ ਬੰਦਾ ਜਿਸ ਨੇ ਕਿਸੇ ਅਵਾਰਾ ਕੁੱਤੇ ਦੇ ਵੀ ਡੰਡਾ ਨਾ ਮਾਰਿਆ ਹੋਵੇ, ਉਹ ਤਾਬੜ-ਤੋੜ ਗੋਲੀਆਂ ਚਲਾ ਕੇ ਉਸੇ ਨੂੰ ਹੀ ਮਾਰ ਸੁੱਟੇ ਜਿਸ ਨੂੰ ਬਚਾਉਣ ਦੀ ਉਹਦੀ ਡਿਊਟੀ ਸੀ, ਇਸ ਮਨੋਵਿਗਿਆਨ ਨੂੰ ਭਾਰਤੀ ਸਟੇਟ ਨੇ ਕਦੇ ਵੀ ਗੌਲਿਆ ਨਹੀਂ ਕਿ ਇਹ ਵਾਕਿਆ ਕਿਉਂ ਹੋਇਆ?

ਸਿੱਖਾਂ ਨੇ ਇੰਦਰਾ ਗਾਂਧੀ ਦੇ ਕਤਲ ਪਿਛੋਂ ਬਹੁਤ ਨੁਕਸਾਨ ਉਠਾਏ। ਭਾਰਤੀ ਸਟੇਟ ਨੇ ਇਨ੍ਹਾਂ ਨਾਲ ਬੇਇਨਸਾਫ਼ੀਆਂ ਕੀਤੀਆਂ ਤੇ ਹੁਣ ਵੀ ਕਰ ਰਹੀ ਹੈ। ਸੱਚੀ ਗੱਲ ਤਾਂ ਇਹ ਹੈ ਕਿ ਵੱਡੇ ਦਰਖ਼ਤ ਨੇ ਤਾਂ ਆਪਣੀਆਂ ਆਪ ਹੁਦਰੀਆਂ ਕਰ ਕੇ ਅੱਜ ਨਹੀਂ ਤਾਂ ਭਲਕੇ, ਡਿੱਗਣਾ ਹੀ ਡਿੱਗਣਾ ਸੀ; ਫਿਰ ਇਹਦੇ ਵਿਚ ਸਿੱਖਾਂ ਦਾ ਕੀ ਕਸੂਰ? ਤੇ ਉਹ ਵੱਡਾ ਦਰਖ਼ਤ 31 ਅਕਤੂਬਰ ਨੂੰ ਡਿੱਗ ਪਿਆ ਤੇ ਇਨਸਾਫ਼ ਨੇ ਬੇਇਨਸਾਫ਼ੀ ਕਰ ਕੇ ਫਾਂਸੀ ਉਤੇ ਚੜ੍ਹਾਇਆ ਬੇਗੁਨਾਹ ਸ. ਕਿਹਰ ਸਿੰਘ; ਅਖੇ ਉਹਨੇ ਇਸ ਦਰਖ਼ਤ ਦੀਆਂ ਜੜ੍ਹਾਂ ਪੋਲੀਆਂ ਕੀਤੀਆਂ ਸਨ। ਉਂਜ ਅੱਜ ਤਿੰਨ ਦਹਾਕਿਆਂ ਬਾਅਦ ਵੀ ਉਹੋ ਇਨਸਾਫ਼ ਘੋਗੜ ਕੰਨਾ ਕਿਉਂ ਬਣੀ ਬੈਠਾ ਹੈ ਸਿੱਖ ਕਤਲੇਆਮ ਦੇ ਮੁਜਰਮਾਂ ਨੂੰ ਸਜ਼ਾ ਦੇਣ ਵੇਲੇ? ਸ਼ਾਇਦ ਇਸ ਇਨਸਾਫ਼ ਉਤੇ ਅਸਰ ਜਾਂ ਦਬਾਅ ਉਨ੍ਹਾਂ ਲਫ਼ਜ਼ਾਂ ਦਾ ਹੈ ਕਿ 'ਜਬ ਬੜਾ ਪੇੜ ਗਿਰਤਾ ਹੈ ਤੋ ਧਰਤੀ ਕਾਂਪਤੀ ਹੈ'। ਇਹ ਲਫ਼ਜ਼ ਇਨਸਾਫ਼ ਲਈ ਕਾਨੂੰਨ ਤੋਂ ਉਪਰ ਹੋ ਚੁੱਕੇ ਹਨ।

*(ਬਾਕੀ ਸਫਾ 28 'ਤੇ)*

## ਗਦਰੀ ਬਾਬੇ ਕੌਣ ਸਨ?-2

*ਭਾਰਤੀ ਆਜ਼ਾਦੀ ਦੇ ਇਤਿਹਾਸ ਦੇ ਮਿਸਾਲੀ ਘੋਲ 'ਗਦਰ ਲਹਿਰ' ਦਾ ਸ਼ਤਾਬਦੀ ਵਰ੍ਹਾ ਚੱਲ ਰਿਹਾ ਹੈ। 20ਵੀਂ ਸਦੀ ਦੇ ਅਰੰਭ ਵਿਚ ਇਨ੍ਹਾਂ ਗਦਰੀਆਂ ਨੇ ਬਰਤਾਨਵੀ ਹਕੂਮਤ ਨੂੰ ਹੱਥਾਂ-ਪੈਰਾਂ ਦੀ ਪਾ ਦਿੱਤੀ ਸੀ। ਇਨ੍ਹਾਂ ਗਦਰੀਆਂ ਦੀ ਚਰਚਾ ਗਾਹੇ-ਬਗਾਹੇ ਹੁੰਦੀ ਰਹੀ ਹੈ ਅਤੇ ਸੰਜੀਦਾ ਜੁਝਾਰੂ ਲੋਕ ਉਨ੍ਹਾਂ ਦੀ ਵਿਰਾਸਤ ਨੂੰ ਅਗਾਂਹ ਤੋਰਨ ਦੇ ਆਹਰ ਵਿਚ ਵੀ ਲੱਗੇ ਰਹੇ ਹਨ। ਹੁਣ ਸ਼ਤਾਬਦੀ ਮੌਕੇ ਗਦਰੀਆਂ ਵੱਲੋਂ ਕੌਮੀ ਕਾਜ ਵਿਚ ਪਾਏ ਗਏ ਯੋਗਦਾਨ ਬਾਰੇ ਚਰਚਾ ਇਕ ਵਾਰ ਫਿਰ ਭਰਪੂਰ ਰੂਪ ਵਿਚ ਛਿੜੀ ਹੈ ਪਰ ਕੁਝ ਵਿਦਵਾਨ ਗਦਰ ਲਹਿਰ ਨੂੰ ਮਹਿਜ਼ ਸਿੱਖਾਂ ਤੱਕ ਸੀਮਤ ਕਰ ਰਹੇ ਹਨ। ਇਸ ਨੁਕਤਾ-ਨਿਗ੍ਹਾ ਤੋਂ ਕਹਾਣੀਕਾਰ ਵਰਿਆਮ ਸਿੰਘ ਸੰਧੂ ਦਾ ਲੰਮਾ ਲੇਖ ਪਹਿਲਾਂ ਪਾਠਕਾਂ ਦੀ ਨਜ਼ਰ ਕੀਤਾ ਜਾ ਚੁੱਕਾ ਹੈ। ਹੁਣ ਅਸੀਂ ਡਾ. ਸਰਬਜੀਤ ਸਿੰਘ ਦੀ ਲੇਖ ਲੜੀ ਛਾਪ ਰਹੇ ਹਾਂ। ਪਿਛਲੇ ਅੰਕ ਵਿਚ ਉਸ ਨੇ ਗ਼ਦਰੀਆਂ ਦੇ ਸਿਰੜ ਤੇ ਸਿਦਕ ਦੀਆਂ ਜੜ੍ਹਾਂ ਬਾਰੇ ਗੱਲਾਂ ਕੀਤੀਆਂ ਸਨ। ਐਤਕੀਂ ਧਰਮ ਬਾਰੇ ਪੱਖ ਛੋਹੇ ਹਨ। ਇਸ ਬਾਰੇ ਆਏ ਹੋਰ ਵਿਚਾਰਾਂ ਨੂੰ ਪਰਚੇ ਵਿਚ ਬਣਦੀ ਥਾਂ ਦਿੱਤੀ ਜਾਵੇਗੀ।-ਸੰਪਾਦਕ*

# ਗਦਰੀਆਂ ਦੀ ਮੋਕਲੀ ਸਿਆਸਤ ਅਤੇ ਧਰਮ ਦਾ ਸਵਾਲ

ਗ਼ਦਰ ਲਹਿਰ ਨੂੰ ਸਿੱਖ ਲਹਿਰ ਕਹਿਣ ਵਾਲੇ ਦੋਸਤਾਂ ਦੇ ਇੱਕਾ-ਦੁੱਕਾ ਲੇਖ ਹਨ ਪਰ ਅਜਮੇਰ ਸਿੰਘ ਨੇ ਹੀ ਇਸ ਮਸਲੇ ਉਤੇ ਪੁਸਤਕ ਲਿਖੀ ਹੈ, 'ਗ਼ਦਰੀ ਬਾਬੇ ਕੌਣ ਸਨ? ਅਨਮਤੀਆਂ ਦੇ ਕੂੜ ਦਾਅਵਿਆਂ ਦਾ ਖੰਡਨ।' ਪੁਸਤਕ ਦਾ ਨਾਮਕਰਨ ਹੀ ਦੱਸ ਦਿੰਦਾ ਹੈ ਕਿ ਲੇਖਕ ਦਾ ਵਧੇਰੇ ਜ਼ੋਰ ਅਨਮਤੀਆਂ (ਰਾਸ਼ਟਰਵਾਦੀ, ਖੱਬੇਪੱਖੀ, ਮਾਰਕਸਵਾਦੀ, ਕਾਮਰੇਡਾਂ) ਦੀਆਂ ਸਥਾਪਨਾਵਾਂ ਦਾ ਖੰਡਨ ਕਰਨਾ ਹੈ। ਖੰਡਨ ਦੀ ਬਿਰਤੀ ਇਕ ਵਾਫਿਓਂ ਰੱਦ ਕਰਨ ਦੀ ਹੁੰਦੀ ਹੈ। ਇਸ ਵਿਚ ਸੰਵਾਦੀ ਤੱਤ ਨਹੀਂ ਹੁੰਦਾ ਪਰ ਬੌਧਿਕ ਸਦਾਚਾਰ ਅਤੇ ਚਿੰਤਨ ਦਾ ਧਰਮ ਸੰਵਾਦ ਵਾਲਾ ਹੁੰਦਾ ਹੈ। ਗੁਰੂ ਨਾਨਕ ਦੇਵ



**ਡਾ. ਸਰਬਜੀਤ ਸਿੰਘ**
**ਫੋਨ: 91-98155-74144**

ਜੀ ਵੀ ਇਹੋ ਸੁਝਾਉਂਦੇ ਹਨ:

ਜਬਿ ਲਗਿ ਦੁਨੀਆ ਰਹੀਐ ਨਾਨਕ,
ਕਿਛੁ ਸੁਣੀਏ ਕਿਛੁ ਕਹੀਐ।

ਲੇਖਕ ਆਪਣੀ ਭੂਮਿਕਾ ਵਿਚ ਵੀ ਇਸ ਤੱਥ ਅਤੇ ਤੱਤ ਨੂੰ ਸਵੀਕਾਰ ਕਰਦਾ ਲਿਖਦਾ ਹੈ, "ਕਿਤਾਬ ਦਾ ਜ਼ਾਹਰਾ ਪ੍ਰਸੰਗ ਭਲੇ ਹੀ ਖੱਬੇਪੱਖੀਆਂ ਨਾਲ ਵਾਦ-ਵਿਵਾਦ ਹੈ, ਪਰ ਹਕੀਕਤ ਵਿਚ ਇਹ ਕਿਤਾਬ ਕਿਸੇ ਵੀ ਕਿਸਮ ਦੇ 'ਵਾਦ' ਤੋਂ ਬੇਲਾਗ ਸਾਧਾਰਨ ਪਾਠਕਾਂ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤੀ ਗਈ ਹੈ। ਇਸ ਕਰ ਕੇ ਵਿਦਵਾਨਾਂ ਕੋਲੋਂ ਖਿਮਾ ਦੇ ਜਾਚਕ ਹਾਂ।" ਲੇਖਕ ਦਾ ਸਪਸ਼ਟੀਕਰਨ ਸ਼ੁਰੂ ਵਿਚ ਹੀ ਘਚੋਲੇ ਗ੍ਰਸਿਆ ਬਣ ਜਾਂਦਾ ਹੈ ਜਦੋਂ ਉਹ ਖੱਬੇਪੱਖੀਆਂ ਨਾਲ ਵਾਦ-ਵਿਵਾਦ ਕਹਿ ਕੇ ਪੁਸਤਕ ਨੂੰ 'ਬੇਲਾਗਵਾਦ' ਬਣਾ ਦਿੰਦਾ ਹੈ। ਸੁਆਲ ਖੜ੍ਹਾ ਹੋ ਜਾਂਦਾ ਹੈ ਕਿ ਜਦੋਂ ਇਹ ਵਾਦ ਮੁਕਤ ਹੈ ਤਾਂ ਕਿਤਾਬ ਨੂੰ ਤਿਆਰ ਕਰਨ ਦੀ ਕੀ ਲੋੜ ਹੈ? ਪਰ ਅਜਿਹਾ ਨਹੀਂ ਹੈ ਕਿਉਂਕਿ ਉਹ ਕਿਤਾਬ ਨੂੰ ਗ਼ਦਰ ਲਹਿਰ 'ਤੇ ਕੇਂਦਰਿਤ ਕਰ ਕੇ ਇਹ ਸਿੱਧ ਕਰਨ 'ਤੇ ਪੂਰਾ ਜ਼ੋਰ ਲਾ ਦਿੰਦਾ ਹੈ ਕਿ ਇਹ ਸਿੱਖ ਲਹਿਰ ਸੀ, ਇਹੋ ਇਸ ਦਾ ਵਾਦ ਹੈ। ਇਸ ਕਰ ਕੇ ਹੀ ਉਹ ਪੁਸਤਕ ਸਾਧਾਰਨ ਪਾਠਕ ਲਈ ਤਿਆਰ ਕਰਦਾ ਹੈ ਤੇ ਵਿਦਵਾਨਾਂ ਤੋਂ ਖਿਮਾ ਦਾ ਜਾਚਕ ਹੈ, ਪਰ ਉਸ ਦੀ ਸਾਧਾਰਨ ਪਾਠਕ ਵਾਲੀ ਕੋਟੀ ਵੀ ਹਾਸੋਹੀਣੀ ਹੈ ਕਿਉਂਕਿ ਪਾਠਕਾਂ ਦੀਆਂ ਅਜਿਹੀਆਂ ਕਿਸਮਾਂ ਨਹੀਂ ਹੁੰਦੀਆਂ, ਉਨ੍ਹਾਂ ਦੀਆਂ ਕਿਸਮਾਂ ਵਿਸ਼ਾ-ਖੇਤਰਾਂ ਦੀਆਂ ਹੁੰਦੀਆਂ ਹਨ।

ਲੇਖਕ ਦਾ ਨਜ਼ਰੀਆ ਕੀ ਹੈ? ਇਸ ਪ੍ਰਤੀ ਲੇਖਕ ਦੀ ਹੀ ਸਿਧਾਂਤਕ ਉਕਤੀ ਦਾ ਜ਼ਿਕਰ ਕਰਦੇ ਹਾਂ। ਲੇਖਕ ਪ੍ਰਸਿੱਧ ਇਤਿਹਾਸਕਾਰ ਈ.ਐਚ. ਕਾਰ ਦੇ ਹਵਾਲੇ ਨਾਲ ਗੱਲ ਕਰਦਾ ਹੈ, "ਇਤਿਹਾਸ ਪੜ੍ਹਨ ਵੇਲੇ ਤੱਥਾਂ ਦਾ ਅਧਿਐਨ ਕਰਨ ਤੋਂ ਪਹਿਲਾਂ ਇਤਿਹਾਸਕਾਰ ਦਾ ਅਧਿਐਨ ਕਰੋ। ਜਦੋਂ ਅਸੀਂ ਇਤਿਹਾਸ ਦੀ ਕੋਈ ਲਿਖਤ ਪੜ੍ਹਦੇ ਹਾਂ ਤਾਂ ਸਾਨੂੰ ਇਹ ਦੇਖਣ ਤੋਂ ਪਹਿਲਾਂ ਕਿ ਇਸ ਵਿਚ ਦਰਜ ਤੱਥ ਕਿਹੜੇ ਹਨ, ਇਹ ਦੇਖਣਾ ਚਾਹੀਦਾ ਹੈ ਕਿ ਇਸ ਦਾ ਲੇਖਕ ਕੌਣ ਹੈ; ਭਾਵ ਤੱਥਾਂ ਤੋਂ ਪਹਿਲਾਂ ਇਤਿਹਾਸਕਾਰ ਦੀ ਜ਼ਾਤ (ਜਾਤ ਨਹੀਂ) ਵੱਲ ਦੇਖੋ, ਉਹ ਕੌਣ ਹੈ; ਉਸ ਦੇ ਸਿਧਾਂਤਕ ਅਕੀਦੇ ਤੇ ਮਾਨਸਿਕ ਝੁਕਾਅ ਕਿਹੋ ਜਿਹੇ ਹਨ ਅਤੇ ਉਸ ਨੇ ਆਪਣੀ ਰਚਨਾ ਇਤਿਹਾਸ ਦੇ ਕਿਸ ਦੌਰ ਅੰਦਰ ਲਿਖੀ। ਫਿਰ ਹੀ ਤੁਸੀਂ ਉਸ ਦੁਆਰਾ ਲਿਖੇ ਇਤਿਹਾਸ ਦੀ ਰਮਜ਼ ਪਛਾਣ ਸਕੋਗੇ।" (ਸਫਾ 87) ਇਸ ਦ੍ਰਿਸ਼ਟੀਕੋਣ ਤੋਂ ਲੇਖਕ ਦਾ ਅਧਿਐਨ ਇਹ ਦੱਸਦਾ ਹੈ ਕਿ ਉਸ ਨੇ ਪਿਛਲੇ ਸਮੇਂ ਵਿਚ ਸਿੱਖ ਰਾਜਨੀਤੀ ਬਾਰੇ (ਸਿੱਖੀ ਸਿਧਾਂਤਾਂ ਬਾਰੇ ਨਹੀਂ) ਤਿੰਨ ਪੁਸਤਕਾਂ ਲਿਖੀਆਂ ਜਿਹੜੀਆਂ ਧਰਮ ਨੂੰ ਕੇਂਦਰ ਵਿਚ ਟਿਕਾ ਕੇ ਕੌਮ ਦੀ ਪਰਿਭਾਸ਼ਾ ਕਰਦੀਆਂ ਹਨ ਅਤੇ ਸਮੁੱਚੇ ਪੰਜਾਬ ਨੂੰ 'ਸਿੱਖ ਪੰਜਾਬ' ਵਜੋਂ ਦੇਖਣ-ਦਿਖਾਉਣ ਉਪਰ ਜ਼ੋਰ ਦਿੰਦੀਆਂ ਹਨ ਅਤੇ ਇਸੇ ਦ੍ਰਿਸ਼ਟੀ ਵਿਚੋਂ ਹੀ 'ਗ਼ਦਰੀ ਬਾਬੇ ਕੌਣ ਸਨ?' ਪੁਸਤਕ ਆਪਣਾ ਸਰੂਪ ਧਾਰਦੀ ਹੈ। ਲੇਖਕ ਦੇ ਕੌਮ ਦੇ ਮਸਲੇ ਉਪਰ ਹੀ ਮੱਤਭੇਦ ਹਨ ਕਿਉਂਕਿ ਕੌਮਾਂ ਦੇ ਸੰਕਲਪ ਧਰਮ ਕੇਂਦਰਿਤ ਨਹੀਂ ਹੁੰਦੇ। ਦੁਨੀਆਂ ਦਾ ਸਮਾਜ-ਸ਼ਾਸਤਰੀ ਚਿੰਤਨ ਅਤੇ ਰਾਜਨੀਤੀ ਸ਼ਾਸਤਰ ਇਹ ਕਿਧਰੇ ਵੀ ਦੱਸ ਨਹੀਂ ਪਾਉਂਦਾ ਕਿ ਕੌਮਾਂ ਦਾ ਮਸਲਾ ਧਰਮ ਕੇਂਦਰਿਤ ਹੁੰਦਾ ਹੈ। ਕੌਮਾਂ ਜਾਂ ਕੌਮੀਅਤ ਦਾ ਮਸਲਾ ਭਾਸ਼ਾ ਕੇਂਦਰਿਤ ਹੁੰਦਾ ਹੈ ਕਿਉਂਕਿ ਇਹ ਆਧੁਨਿਕ ਚਿੰਤਨ ਦੀ ਦੇਣ ਹੈ। ਇਸ ਪਿੱਛੇ ਯੂਰਪ ਦਾ ਲੰਮਾ-ਚੌੜਾ ਚਿੰਤਨ ਵੀ ਪਿਆ ਹੈ।

ਲੇਖਕ ਆਪਣੀ ਇਹ ਪਛਾਣ ਕਰਵਾ ਕੇ ਹੀ ਗ਼ਦਰ ਲਹਿਰ ਵਿਚ ਉਤਰਦਾ ਹੈ ਪਰ ਲੇਖਕ ਦੇ ਵਿਸ਼ਲੇਸ਼ਣ ਵਿਚ ਸੰਕਟ ਇਹ ਵਾਪਰ ਜਾਂਦਾ ਹੈ ਕਿ ਉਹ ਗ਼ਦਰ ਲਹਿਰ ਵਿਚੋਂ ਕੁਝ ਵੇਰਵੇ ਚੁਣ ਲੈਂਦਾ ਹੈ। ਉਨ੍ਹਾਂ ਵੇਰਵਿਆਂ ਦੇ ਪ੍ਰਸੰਗ ਨੂੰ ਖ਼ਤਮ ਕਰ ਕੇ ਉਨ੍ਹਾਂ ਨੂੰ ਆਪਣੀ ਵਿਚਾਰਧਾਰਕ ਦ੍ਰਿਸ਼ਟੀ ਲਈ ਵਰਤਣ ਲੱਗ ਪੈਂਦਾ ਹੈ ਜਿਸ ਨਾਲ ਉਸ ਦੇ ਵਿਸ਼ਲੇਸ਼ਣ ਵਿਚ ਆਪਾ ਵਿਰੋਧ ਹੀ ਨਹੀਂ ਪੈਦਾ ਹੁੰਦਾ ਸਗੋਂ ਉਹ ਅਜਿਹੀ ਪੁਜੀਸ਼ਨ ਮੱਲ ਲੈਂਦਾ ਹੈ ਜਿਹੜੀ ਪਾਠਕ ਨੂੰ ਇਹੋ ਹੀ ਨਹੀਂ ਪਤਾ ਲੱਗਣ ਦਿੰਦੀ ਕਿ ਉਹ ਕਰੇ ਤਾਂ ਕੀ ਕਰੇ?

ਲੇਖਕ ਗ਼ਦਰ ਲਹਿਰ ਨੂੰ ਸਮਝਣ ਲਈ ਜੋ ਦ੍ਰਿਸ਼ਟੀ ਦੇ ਰਿਹਾ ਹੈ, ਉਸ 'ਚੋਂ ਗੁਜ਼ਰਨਾ ਜ਼ਰੂਰੀ ਹੈ, "ਇਤਿਹਾਸ ਸ਼ਾਸਤਰੀ ਇਹ ਗੱਲ ਮੰਨ ਕੇ ਚੱਲਦੇ ਹਨ ਕਿ 'ਤੱਥ' ਤੇ 'ਸੱਚ' ਇਕੋ ਗੱਲ ਨਹੀਂ। ਤੱਥ ਆਪਣੀ ਵਿਆਖਿਆ ਆਪ ਨਹੀਂ ਕਰਦੇ। ਇਸੇ ਕਰ ਕੇ ਕਿਹਾ ਜਾਂਦਾ ਹੈ ਕਿ ਤੱਥਾਂ ਤੋਂ ਸੱਚ ਲੱਭੋ। ਤੱਥਾਂ ਤੋਂ ਸੱਚ ਲੱਭਣ ਦਾ ਖਰਾ ਵਿਗਿਆਨਕ ਤਰੀਕਾ ਇਹ ਹੈ ਕਿ ਵਸਤੂ ਜਾਂ ਵਰਤਾਰੇ ਦਾ ਸਿਰਫ਼ ਬਾਹਰੀ ਰੂਪ ਨਾ ਵੇਖੋ, ਇਸ ਦਾ ਅੰਤਰੀਵ ਤੱਤ ਪਛਾਣੋ। ਗ਼ਦਰ ਲਹਿਰ ਦੀ ਗੱਲ ਕਰੀਏ ਤਾਂ ਇਕ ਪਾਸੇ ਇਸ ਦੀਆਂ ਲਿਖਤਾਂ/ਦਸਤਾਵੇਜ਼ ਹਨ, ਦੂਜੇ ਪਾਸੇ ਇਸ ਦਾ ਠੋਸ ਅਮਲ ਹੈ। ਇਸ ਦੇ ਇਨ੍ਹਾਂ ਦੋਵਾਂ ਪੱਖਾਂ ਨੂੰ ਮੇਲ ਕੇ ਹੀ ਇਸ ਬਾਰੇ ਠੀਕ ਫੈਸਲਾ ਕੀਤਾ ਜਾ ਸਕਦਾ ਹੈ।" (ਸਫਾ 193)

ਇਸੇ ਦ੍ਰਿਸ਼ਟੀ ਤੋਂ ਹੀ ਲੇਖਕ ਆਪਣੀ ਸਿਧਾਂਤਕ ਧਾਰਨਾ ਉਪਰ ਜ਼ੋਰ ਦਿੰਦਾ ਹੈ, "ਕਿਸੇ ਵਸਤੂ ਜਾਂ ਵਰਤਾਰੇ ਦਾ ਭਾਰੂ ਖ਼ਾਸਾ ਸਮਝਣ ਵਾਸਤੇ ਇਸ ਦੇ ਦੋ ਅੰਗਾਂ, ਇਸ ਦਾ ਕੇਂਦਰੀ ਭਾਗ ਜਿਸ ਨੂੰ ਇਸ ਦੀ 'ਗਿਰੀ' ਜਾਂ 'ਧੁਰਾ' ਕਿਹਾ ਜਾ ਸਕਦਾ ਏ, ਅਤੇ ਇਸ ਦੀ ਬਾਹਰੀ ਕੰਨੀ ਵਿਚ ਨਿਖੇੜਾ ਕਰਨਾ ਬਹੁਤ ਅਹਿਮ ਹੁੰਦਾ ਹੈ। ਕਿਸੇ ਵਸਤੂ ਦਾ ਭਾਰੂ ਲੱਛਣ ਇਸ ਦੀ ਬਾਹਰਲੀ ਕੰਨੀ ਤੋਂ ਨਹੀਂ, ਇਸ ਦੇ 'ਧੁਰੇ' ਤੋਂ ਨਿਰਧਾਰਤ ਹੁੰਦਾ ਹੈ। ਬਾਦਾਮ ਦਾ ਤੱਤ ਖੋਲ ਤੋਂ ਨਹੀਂ, ਇਸ ਦੀ ਅੰਦਰਲੀ 'ਗਿਰੀ' ਤੋਂ ਪਛਾਣਿਆ ਜਾਂਦਾ ਏ। ਕਿਸੇ ਲਹਿਰ ਦਾ ਵਿਸ਼ਲੇਸ਼ਣ ਕਰਨ ਵੇਲੇ ਜੇ ਇਸ ਨੇਮ ਦੀ ਪਾਲਣਾ ਨਹੀਂ ਕੀਤੀ ਜਾਂਦੀ ਤਾਂ ਇਸ ਦਾ ਖ਼ਾਸਾ ਨਹੀਂ ਬੁਝਿਆ ਜਾ ਸਕਦਾ।" (ਸਫਾ 183)

ਲੇਖਕ ਦੀਆਂ ਇਹ ਅੰਤਰ-ਦਿਸ਼ਟੀਆਂ ਮਾਰਕਸਵਾਦੀ ਫ਼ਲਸਫ਼ੇ 'ਚੋਂ ਕਸ਼ੀਦੀਆਂ ਗਈਆਂ ਹਨ ਪਰ ਇਹ ਵੀ ਖੰਡਿਤ ਹਨ ਕਿਉਂਕਿ ਮਾਰਕਸਵਾਦ ਦਵੰਦਾਤਮਕਤਾ ਦੀ ਮੂਲ ਦਾਰਸ਼ਨਿਕ ਯੁਕਤੀ 'ਤੇ ਖੜ੍ਹਾ ਹੈ। ਸਿਧਾਂਤਕ ਤੌਰ 'ਤੇ ਉਹ ਦਿੱਖ ਨਾਲੋਂ ਗਿਰੀ/ਧੁਰਾ ਉਪਰ ਜ਼ੋਰ ਦੇ ਰਿਹਾ ਹੈ। ਉਹ ਗ਼ਦਰੀਆਂ ਦੀਆਂ ਲਿਖਤਾਂ ਅਤੇ ਦਸਤਾਵੇਜ਼ਾਂ ਨਾਲ ਉਨ੍ਹਾਂ ਦੇ ਅਮਲ ਨੂੰ ਮਿਲਾ ਕੇ ਦੇਖਣ ਨੂੰ ਖਰਾ ਅਤੇ ਵਿਗਿਆਨਕ ਨਜ਼ਰੀਆ ਕਹਿ ਰਿਹਾ ਹੈ ਪਰ ਉਸ ਦੇ ਵਿਸ਼ਲੇਸ਼ਣ 'ਚ ਦੁਖਾਂਤ ਇਹ ਵਾਪਰ ਜਾਂਦਾ ਹੈ ਕਿ ਉਹ ਸਾਰ ਨਾਲੋਂ ਦਿੱਖ ਉਪਰ ਅਤੇ ਗਿਰੀ ਦੀ ਬਜਾਏ ਖੋਲ ਉਪਰ ਕੇਂਦਰਿਤ ਹੋ ਜਾਂਦਾ ਹੈ। ਇਸ ਨਾਲ ਉਸ ਦਾ ਵਿਸ਼ਲੇਸ਼ਣ ਮਨਇੱਛਤ ਧਾਰਨਾਵਾਂ ਅਤੇ ਸਿੱਟੇ ਕੱਢਣ ਲੱਗ ਪੈਂਦਾ ਹੈ। ਇਹ ਬੌਧਿਕ ਕੰਗਾਲੀ ਨਹੀਂ, ਬੌਧਿਕ ਅਨਾਚਾਰ ਹੈ। ਉਹ ਸਿਧਾਂਤਕ ਦ੍ਰਿਸ਼ਟੀਆਂ ਕੋਈ ਹੋਰ ਸੁਝਾਉਂਦਾ ਹੈ ਪਰ ਵਿਹਾਰਕ ਵਿਸ਼ਲੇਸ਼ਣ ਵੇਲੇ ਉਹ ਇਸ ਉਪਰ ਕਾਟਾ ਫੇਰ ਦਿੰਦਾ ਹੈ ਕਿਉਂਕਿ ਸਿਧਾਂਤ ਅਤੇ ਵਿਹਾਰ ਦਾ ਮਸਲਾ ਗ਼ਦਰ ਲਹਿਰ ਨੂੰ ਸਿੱਖ ਲਹਿਰ ਸਿੱਧ ਕਰਨ ਵਿਚ ਹੀ ਸਭ ਨਾਲੋਂ ਵੱਡੀ ਰੁਕਾਵਟ ਹੈ। ਇਸੇ ਕਰ ਕੇ ਉਹ ਤੁਰੰਤ ਆਪਣੀ ਪੁਜੀਸ਼ਨ ਬਦਲ ਕੇ ਸਾਧਾਰਨ ਪਾਠਕ ਨੂੰ ਦਿਸ਼ਾ-ਨਿਰਦੇਸ਼ ਕਰਨ ਲੱਗ ਪੈਂਦਾ ਹੈ, "ਗ਼ਦਰ ਲਹਿਰ ਦਾ ਸਿਧਾਂਤਕ ਦ੍ਰਿਸ਼ਟੀ ਤੋਂ ਮੁਲੰਕਣ ਕਰਨ ਲੱਗਿਆ ਉਪਰੋਕਤ ਤੱਥਾਂ (ਗ਼ਦਰੀ ਰੈਸ਼ਨੇਲ ਵਿਚਾਰਧਾਰਾ ਦੀ ਥਾਵੇਂ ਆਪਣੇ ਸੰਸਕਾਰਾਂ ਅਤੇ ਜਜ਼ਬਿਆਂ ਦੇ ਆਸਰੇ ਲੜੇ ਜੋ ਗ਼ਦਰ ਲਹਿਰ ਦੇ ਬੁੱਧੀਮਾਨ ਆਗੂ ਸਨ, ਉਹ ਹਿੰਦੂ ਰਾਸ਼ਟਰਵਾਦੀ ਸਨ) ਨੂੰ ਧਿਆਨ ਵਿਚ ਰੱਖਣਾ ਬੇਹੱਦ ਜ਼ਰੂਰੀ ਹੈ। ਪਾਰਟੀ ਦੇ ਉਦੇਸ਼ਾਂ, ਨੀਤੀਆਂ ਤੇ ਕਾਰਜਾਂ ਸਬੰਧੀ ਪਾਰਟੀ ਲਿਖਤਾਂ ਉਤੇ ਅੰਨ੍ਹੇਵਾਹ ਨਿਰਭਰ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਲਿਖਤਾਂ ਪ੍ਰਤੀ ਘੋਖਵੀਂ ਤੇ ਸੋਘਵੀਂ ਪਹੁੰਚ ਅਪਣਾਉਣੀ ਜ਼ਰੂਰੀ ਹੈ। ਇਹ ਪਛਾਣ ਕਰਨੀ ਜ਼ਰੂਰੀ ਹੈ ਕਿ ਕਿਹੜੀ ਲਿਖਤ, ਕਿਸ ਬੰਦੇ ਨੇ, ਕਿਸ ਮੌਕੇ 'ਤੇ ਲਿਖੀ। ਜਿਵੇਂ ਉਪਰ ਜ਼ਿਕਰ ਕੀਤਾ ਜਾ ਚੁੱਕਾ ਹੈ, ਵਿਚਾਰਧਾਰਾ ਪੱਖੋਂ ਗ਼ਦਰ ਪਾਰਟੀ ਇਕ ਜਿਨਸੀ ਨਹੀਂ ਸੀ। ਇਸ ਨੂੰ ਬੌਧਿਕ ਅਗਵਾਈ ਦੇਣ ਵਾਲੇ ਹਿੰਦੂ ਤੱਤ ਮੂਲ ਰੂਪ ਵਿਚ ਹਿੰਦੂ ਰਾਸ਼ਟਰਵਾਦ ਦੀ ਵਿਚਾਰਧਾਰਾ ਦੇ ਧਾਰਨੀ ਸਨ।" (ਸਫਾ 57) ਇਹ ਹੈ ਮੂਲ ਮੁੱਦਾ ਜਿਸ ਨੂੰ ਲੇਖਕ ਸਥਾਪਤ ਕਰਨਾ ਚਾਹੁੰਦਾ ਹੈ। ਗਦਰ ਲਹਿਰ ਨੂੰ ਦਿੱਖ ਦੇ ਆਧਾਰ 'ਤੇ ਵੰਡ ਕੇ ਸਿੱਖਾਂ ਦੀ ਬਹੁ-ਗਿਣਤੀ ਕਰ ਕੇ ਇਸ ਨੂੰ ਸਿੱਖ ਲਹਿਰ ਬਣਾਉਣ ਦੀ ਬਚਗਾਨਾ ਜ਼ਿਦ ਕਰਦਾ ਹੈ। ਉਸ ਦੀ ਲਿਖਤ ਅਤੇ ਸ਼ੈਲੀ ਵਿਚੋਂ ਫਿਰਕਾਪ੍ਰਸਤੀ ਦੀ ਬਦਬੂ ਆਉਂਦੀ ਹੈ। ਹੋਰ ਤਾਂ ਹੋਰ ਡਾ. ਹਰੀਸ਼ ਕੇ. ਪੁਰੀ ਦੇ ਗ਼ਦਰ ਲਹਿਰ ਬਾਰੇ ਵਿਸ਼ਲੇਸ਼ਣ ਸਬੰਧੀ ਉਹ ਇਸ ਕਰ ਕੇ ਉਲਾਰ ਹੈ ਕਿ ਡਾ. ਪੁਰੀ ਹਿੰਦੂ ਹੈ।

ਲੇਖਕ ਗ਼ਦਰੀਆਂ ਦੇ ਉਦੇਸ਼ਾਂ, ਕਾਰਜਾਂ, ਨੀਤੀਆਂ ਅਤੇ ਲਿਖਤਾਂ ਪ੍ਰਤੀ 'ਘੋਖਵੀਂ ਅਤੇ ਸੋਘਵੀਂ' ਪਹੁੰਚ ਉਤੇ ਜ਼ੋਰ ਕਿਉਂ ਦਿੰਦਾ ਹੈ? ਕਿਉਂਕਿ ਇਨ੍ਹਾਂ ਦੇ ਆਧਾਰ 'ਤੇ ਲਹਿਰ ਤਾਂ ਧਰਮ ਨਿਰਪੱਖ ਅਤੇ ਰਾਸ਼ਟਰਵਾਦੀ ਬਣਦੀ ਹੈ। ਗ਼ਦਰ ਲਹਿਰ ਦਾ ਕੌਮੀ ਮੁਕਤੀ ਦਾ ਪ੍ਰੋਗਰਾਮ ਸਾਰੀਆਂ ਕੌਮੀਅਤਾਂ ਦੀ ਸਾਂਝੀ ਏਕਤਾ ਦਾ ਅਟੁੱਟ ਹਿੱਸਾ ਸੀ। ਬਾਬਾ ਸੋਹਣ ਸਿੰਘ ਭਕਨਾ ਤਾਂ ਭਾਰਤੀਆਂ ਦੀ ਸਾਂਝੀ ਭਾਸ਼ਾ ਦੇ ਮੁੱਦੇ ਬਾਰੇ ਵੀ ਫਿਕਰਮੰਦ ਸੀ। ਲੇਖਕ ਗ਼ਦਰ ਲਹਿਰ ਨੂੰ ਫਿਰਕਿਆਂ ਵਿਚ ਵੰਡ ਦਿੰਦਾ ਹੈ ਅਤੇ ਬੁਨਿਆਦੀ ਤੱਥਾਂ ਨੂੰ ਤੋੜ-ਮਰੋੜ ਦਿੰਦਾ ਹੈ। ਹਿੰਦੂਆਂ ਨੂੰ ਹਿੰਦੂ ਰਾਸ਼ਟਰਵਾਦੀ ਮਿਥ ਕੇ ਤੁਰਦਾ ਹੈ ਜਿਹੜੇ ਭੋਲੇ ਭਾਲੇ ਸਿੱਖਾਂ ਨੂੰ ਆਪਣੇ ਹਿੱਤਾਂ ਦੀ ਖ਼ਾਤਰ ਕੁਰਬਾਨ ਹੋਣ ਲਈ ਤਿਆਰ ਕਰਦੇ ਹਨ ਅਤੇ ਸਿੱਖ ਆਪਣੇ ਸੰਸਕਾਰਾਂ ਤੇ ਧਾਰਮਿਕ ਰਵਾਇਤਾਂ ਸਦਕਾ ਬਰਤਾਨਵੀ ਬਸਤੀਵਾਦ ਵਿਰੁਧ ਜਜ਼ਬੇ ਗੁੱਧੀ ਲੜਾਈ ਲੜਦੇ ਹਨ। ਗ਼ਦਰ ਲਹਿਰ ਨੂੰ ਵਿਚਾਰ ਨਾਲੋਂ ਤੋੜ ਕੇ ਜਜ਼ਬੇ ਮੁਖ ਬਣਾ ਦੇਣਾ ਇਸ ਨਾਲ ਬੌਧਿਕ ਧ੍ਰੋਹ ਹੈ। ਹੈਰਾਨਕੁਨ ਤੱਥ ਇਹ ਹੈ ਕਿ ਲਾਲਾ ਹਰਦਿਆਲ ਨੂੰ ਕੁਝ ਮਹੀਨਿਆਂ ਬਾਅਦ ਰਾਜਸੀ ਕਾਰਨਾਂ ਕਰ ਕੇ ਅਮਰੀਕਾ ਛੱਡਣਾ ਪੈਂਦਾ ਹੈ। ਲਾਲਾ ਹਰਦਿਆਲ ਤੋਂ ਬਾਅਦ ਗ਼ਦਰ ਲਹਿਰ ਦਾ ਜਨਰਲ ਸਕੱਤਰ ਭਾਈ ਸੰਤੋਖ ਸਿੰਘ ਬਣਦਾ ਹੈ ਜੋ ਸਿੱਖ ਹੈ ਅਤੇ ਜਿਸ ਦੀ ਲਗਨ ਅਤੇ ਪ੍ਰਤੀਬੱਧਤਾ ਨਾਲ ਗ਼ਦਰ ਪਾਰਟੀ ਸ਼ਕਤੀਸ਼ਾਲੀ ਬਣਦੀ ਹੈ ਪਰ ਗ਼ਦਰ ਪਾਰਟੀ ਦੇ ਉਦੇਸ਼ਾਂ, ਕਾਰਜਾਂ ਅਤੇ ਨੀਤੀਆਂ ਵਿਚ ਕਿਧਰੇ ਤਬਦੀਲੀ ਨਹੀਂ ਵਾਪਰਦੀ। ਇਸ ਤੋਂ ਵੀ ਅਗਾਂਹ ਤੱਥ ਇਹੋ ਦੱਸ ਪਾਉਂਦੇ ਹਨ ਕਿ 22 ਨਵੰਬਰ 1917 ਤੋਂ 1 ਮਈ 1918 ਤੱਕ ਚੱਲੇ ਗ਼ਦਰ ਲਹਿਰ ਦੇ ਇਤਿਹਾਸਕ ਕੇਸ 'ਇੰਡੋ-ਜਰਮਨ ਸਾਜਿਸ਼ ਕੇਸ' ਬਾਅਦ ਭਾਈ ਸੰਤੋਖ ਸਿੰਘ ਅਮਰੀਕਾ ਵਿਚ ਕੈਦ ਭੁਗਤਣ ਪਿਛੋਂ ਰੂਸ ਵਿਚ ਪੜ੍ਹਨ ਉਪਰੰਤ ਦੇਸ਼ ਵਿਚ ਲਹਿਰ ਨੂੰ ਕਿਸਾਨਾਂ ਮਜ਼ਦੂਰਾਂ ਦੀ ਲਹਿਰ ਬਣਾਉਣ ਲਈ ਆਉਂਦੇ ਹਨ। 'ਕਿਰਤੀ' ਪਰਚੇ ਦਾ ਸੰਪਾਦਨ ਕਰਦੇ ਹਨ। ਲੇਖਕ ਇਨ੍ਹਾਂ ਤੱਥਾਂ ਨੂੰ ਇਸ ਕਰ ਕੇ ਨਹੀਂ ਛੇੜਦਾ ਕਿਉਂਕਿ ਇਹ ਤੱਥ ਉਸ ਦੇ ਧਾਰਮਿਕ ਏਜੰਡੇ ਦੇ ਬਖੀਏ ਉਧੇੜਨ ਵਾਲੇ ਹਨ। ਇਉਂ ਗ਼ਦਰ ਪਾਰਟੀ ਦੇ 1913-14 ਤੋਂ ਲੈ ਕੇ ਅਗਾਂਹ ਤੱਕ ਉਸ ਦੇ ਕੌਮਾਂਤਰੀਵਾਦ ਤੱਕ ਫੈਲਰਨ ਅਤੇ ਵਿਕਸਤ ਹੋਣ ਤੱਕ ਕਦੇ ਵੀ ਧਰਮ ਦਾ ਮੁੱਦਾ ਕੇਂਦਰੀ ਅਤੇ ਫੈਸਲਾਕੁਨ ਤੱਤ ਨਹੀਂ ਰਿਹਾ। ਇਸ ਕਰ ਕੇ ਜਿਹੜਾ ਮੁੱਦਾ ਲਹਿਰ ਦਾ ਏਜੰਡਾ ਹੀ ਨਹੀਂ ਰਿਹਾ, ਉਲਟਾ ਲਹਿਰ ਉਸ ਦੀ ਵਿਰੋਧੀ ਰਹੀ; ਉਸ ਅਨੁਸਾਰ ਲਹਿਰ ਦਾ ਵਿਸ਼ਲੇਸ਼ਣ ਕਰਨਾ ਕਿਸੇ ਗੁਪਤ ਏਜੰਡੇ ਦੀ ਸਾਜ਼ਿਸ਼ ਹੋ ਸਕਦੀ ਹੈ।

ਗ਼ਦਰ ਲਹਿਰ ਦੀ ਸ਼ਕਤੀ ਦੋ ਇਤਿਹਾਸਕ ਤੱਥਾਂ ਵਿਚ ਸੀ ਜਿਸ ਕਰ ਕੇ ਇਹ ਭਾਰਤ ਦੀ ਪਹਿਲੀ ਅਤੇ ਮੌਲਿਕ ਰਾਸ਼ਟਰਵਾਦੀ ਲਹਿਰ ਬਣਦੀ ਹੈ। ਇਹ ਵੱਖਰੀ ਗੱਲ ਹੈ ਕਿ ਬੁਰਜ਼ਵਾ ਇਤਿਹਾਸਕਾਰਾਂ ਨੇ ਇਸ ਲਹਿਰ ਦੀ ਵਿਚਾਰਧਾਰਾ ਅਤੇ ਮਕਸਦਾਂ ਨੂੰ ਇਤਿਹਾਸ ਵਿਚ ਪਲਰਨ ਨਹੀਂ ਦਿੱਤਾ। ਗ਼ਦਰ ਲਹਿਰ ਦਾ ਪਹਿਲਾ ਇਤਿਹਾਸਕ ਤੱਥ ਸਮੁੱਚੇ ਭਾਰਤ ਦੀ ਏਕਤਾ ਅਤੇ ਕੌਮੀਅਤਾਂ ਦੀ ਸਾਂਝ ਸੀ। ਇਸ ਸਾਂਝ ਬਾਰੇ ਗ਼ਦਰੀ ਬਾਬੇ ਇਤਨੇ ਸਪਸ਼ਟ ਅਤੇ ਸੁਚੇਤ ਸਨ ਕਿ ਉਨ੍ਹਾਂ ਨੇ ਲਗਾਤਾਰ ਇਸ ਏਕਤਾ ਉਪਰ ਪਹਿਰਾ ਦਿੱਤਾ। 16 ਨਵੰਬਰ 1915 ਨੂੰ ਜਦੋਂ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਲਾਈ ਗਈ ਤਾਂ ਉਸ ਨੇ ਫਾਂਸੀ ਨੂੰ ਚੁੰਮਦਿਆਂ ਇਹ ਗਾਇਆ ਸੀ:

ਯਹੀ ਪਾਓਗੇ ਮਹਿਸਰ ਮੇਂ
ਜ਼ੁਬਾਂ ਮੇਰੀ, ਬਿਆਂ ਮੇਰਾ।
ਮੈਂ ਬੰਦਾ ਹਿੰਦ ਵਾਲੋਂ ਕਾ ਹੂੰ,
ਹੈ ਹਿੰਦੋਸਤਾਂ ਮੇਰਾ।
ਮੈਂ ਹਿੰਦੀ, ਠੇਠ ਹਿੰਦੀ,
ਖ਼ੂਨ ਹਿੰਦੀ, ਜਾਤ ਹਿੰਦੀ ਹੂੰ।
ਯਹੀ ਮਜ਼ਹਬ, ਯਹੀ ਫਿਰਕਾ,
ਯਹੀ ਹੈ ਖਾਨਦਾਨ ਮੇਰਾ।
ਮੈਂ ਇਸ ਉਜੜੇ ਹੂਏ ਭਾਰਤ ਕੇ
ਖੰਡਰ ਕਾ ਏਕ ਜ਼ੱਰਾ ਹੂੰ।
ਯਹੀ ਬਸ ਏਕ ਪਤਾ ਮੇਰਾ,
ਯਹੀ ਨਾਮੋ ਨਿਸ਼ਾਂ ਮੇਰਾ।

ਕੀ ਅਜਿਹੇ ਤੱਥਾਂ ਤੋਂ ਬਾਅਦ ਵੀ ਕੋਈ ਗੁੰਜਾਇਸ਼ ਰਹਿ ਜਾਂਦੀ ਹੈ ਕਿ ਗ਼ਦਰੀ ਬਾਬੇ ਪੰਜਾਬ ਬਾਰੇ ਨਹੀਂ, ਸਮੁੱਚੇ ਭਾਰਤ ਬਾਰੇ ਇਕ ਭਾਰਤੀ ਵਜੋਂ ਸੋਚ ਰਹੇ ਸਨ। ਉਨ੍ਹਾਂ ਦੀ ਇਹ ਸੋਚ ਸਬੱਬੀਂ ਨਹੀਂ ਬਣੀ ਸੀ, ਨਾ ਹੀ ਲੇਖਕ ਅਨੁਸਾਰ ਇਹ ਗ਼ਦਰੀਆਂ ਦੇ ਸਿੱਖ ਹੋਣ ਕਰ ਕੇ 'ਦਿੱਬ ਦ੍ਰਿਸ਼ਟੀ' ਸੀ। ਗ਼ਦਰੀ ਇਸ ਤੱਥ ਤੋਂ ਜਾਣੂ ਸਨ ਕਿ ਪੰਜਾਬ ਦੇ ਬਰਤਾਨਵੀ ਬਸਤੀਵਾਦ ਵਿਚ ਰਲੇਵੇਂ ਤੋਂ ਬਾਅਦ ਈਸਟ ਇੰਡੀਆ ਕੰਪਨੀ ਦਾ ਅੰਤ ਕਰ ਕੇ ਸਮੁੱਚੇ ਹਿੰਦੁਸਤਾਨ ਉਪਰ ਸਾਮਰਾਜ ਨੇ ਆਪਣਾ ਕਬਜ਼ਾ ਕਰ ਲਿਆ ਹੈ। ਭਾਰਤ ਵਰਗੇ ਉਪ ਮਹਾਂਦੀਪ ਅੰਦਰ ਸਾਮੰਤਸ਼ਾਹੀ ਦਾ ਖ਼ਾਤਮਾ ਕਰ ਕੇ ਪੂਰੇ ਹਿੰਦੁਸਤਾਨ ਨੂੰ ਇਕ ਇਕਾਈ ਬਣਾ ਦਿੱਤਾ ਜਿਸ ਵਿਚ ਰਿਆਸਤਾਂ ਤਾਂ ਸਨ, ਪਰ ਉਹ ਬਰਤਾਨਵੀ ਬਸਤੀਵਾਦ ਦੇ ਹੁਕਮ ਤੋਂ ਬਾਹਰ ਨਹੀਂ ਸਨ ਸਗੋਂ ਉਸ ਦੇ ਤਹਿਤ ਹੀ ਸਨ। ਇਸ ਕਰ ਕੇ ਹਿੰਦੁਸਤਾਨ

*(ਬਾਕੀ ਅਗਲੇ ਸਫੇ 'ਤੇ)*



ਭਾਈ ਸੰਤੋਖ ਸਿੰਘ



ਲਾਲਾ ਹਰਦਿਆਲ

**ਲਾਲਾ ਹਰਦਿਆਲ ਤੋਂ ਬਾਅਦ ਗ਼ਦਰ ਲਹਿਰ ਦਾ ਜਨਰਲ ਸਕੱਤਰ ਭਾਈ ਸੰਤੋਖ ਸਿੰਘ ਬਣਦਾ ਹੈ ਜੋ ਸਿੱਖ ਹੈ ਅਤੇ ਜਿਸ ਦੀ ਲਗਨ ਅਤੇ ਪ੍ਰਤੀਬੱਧਤਾ ਨਾਲ ਗ਼ਦਰ ਪਾਰਟੀ ਸ਼ਕਤੀਸ਼ਾਲੀ ਬਣਦੀ ਹੈ ਪਰ ਗ਼ਦਰ ਪਾਰਟੀ ਦੇ ਉਦੇਸ਼ਾਂ, ਕਾਰਜਾਂ ਅਤੇ ਨੀਤੀਆਂ ਵਿਚ ਕਿਧਰੇ ਤਬਦੀਲੀ ਨਹੀਂ ਵਾਪਰਦੀ। 22 ਨਵੰਬਰ 1917 ਤੋਂ 1 ਮਈ 1918 ਤੱਕ ਚੱਲੇ ਗ਼ਦਰ ਲਹਿਰ ਦੇ ਇਤਿਹਾਸਕ ਕੇਸ 'ਇੰਡੋ-ਜਰਮਨ ਸਾਜਿਸ਼ ਕੇਸ' ਬਾਅਦ ਭਾਈ ਸੰਤੋਖ ਸਿੰਘ ਅਮਰੀਕਾ ਵਿਚ ਕੈਦ ਭੁਗਤਣ ਬਾਅਦ ਰੂਸ ਵਿਚ ਪੜ੍ਹਨ ਉਪਰੰਤ ਦੇਸ਼ ਵਿਚ ਲਹਿਰ ਨੂੰ ਕਿਸਾਨਾਂ ਮਜ਼ਦੂਰਾਂ ਦੀ ਲਹਿਰ ਬਣਾਉਣ ਲਈ ਆਉਂਦੇ ਹਨ। 'ਕਿਰਤੀ' ਪਰਚੇ ਦਾ ਸੰਪਾਦਨ ਕਰਦੇ ਹਨ। ਲੇਖਕ ਇਨ੍ਹਾਂ ਤੱਥਾਂ ਨੂੰ ਇਸ ਕਰ ਕੇ ਨਹੀਂ ਛੇੜਦਾ ਕਿਉਂਕਿ ਇਹ ਤੱਥ ਉਸ ਦੇ ਧਾਰਮਿਕ ਏਜੰਡੇ ਦੇ ਬਖੀਏ ਉਧੇੜਨ ਵਾਲੇ ਹਨ।**

ਦੇ ਕਿਸੇ ਇਕ ਇਲਾਕੇ ਵਿਚ ਗੜਬੜ ਜਾਂ ਵਿਦਰੋਹ ਦੇ ਸਫ਼ਲ ਹੋਣ ਦਾ ਸੁਆਲ ਹੀ ਨਹੀਂ ਪੈਦਾ ਹੁੰਦਾ ਸੀ। ਹੁਣ ਤਾਂ ਸਮੁੱਚੇ ਭਾਰਤ ਅੰਦਰ ਲੜਾਈ ਰਾਸ਼ਟਰਵਾਦੀ ਏਕਤਾ ਰਾਹੀਂ ਹੀ ਸੰਭਵ ਸੀ ਜਿਸ ਨੂੰ ਗ਼ਦਰੀ ਵਿਚਾਰਧਾਰਕ ਤੌਰ 'ਤੇ ਜਾਣਦੇ ਸਨ। ਇਸ ਕਰ ਕੇ ਸਾਰੀਆਂ ਕੌਮੀਅਤਾਂ ਦੀ ਏਕਤਾ ਗ਼ਦਰ ਲਹਿਰ ਦਾ ਉਹ ਅਨਮੋਲ ਅਤੇ ਮੌਲਿਕ ਸਰੂਪ ਹੈ ਜਿਸ ਨੇ ਭਾਰਤੀ ਇਤਿਹਾਸ ਵਿਚ ਇਕ ਨਵੇਂ ਅਧਿਆਇ ਦਾ ਅਰੰਭ ਕੀਤਾ। ਇਸ ਤੋਂ ਪਹਿਲਾਂ ਭਾਰਤੀ ਰਾਜਨੀਤਕ ਇਤਿਹਾਸ ਵਿਚ ਰਾਸ਼ਟਰਵਾਦ ਦਾ ਅਜਿਹਾ ਰੂਪ ਕਿਧਰੇ ਵੀ ਦਿਖਾਈ ਨਹੀਂ ਦਿੰਦਾ। ਇਸ ਕਰ ਕੇ ਹੀ ਗ਼ਦਰ ਅਖ਼ਬਾਰ ਪਹਿਲਾਂ ਭਾਵੇਂ ਉਰਦੂ ਵਿਚ ਸ਼ੁਰੂ ਕੀਤਾ ਗਿਆ ਸੀ ਪਰ ਫਿਰ ਪੰਜਾਬੀ, ਪਸ਼ਤੋ, ਹਿੰਦੀ, ਗੁਜਰਾਤੀ ਤੇ ਅੰਗਰੇਜ਼ੀ ਵਿਚ ਵੀ ਛਪਿਆ। ਕੀ ਗ਼ਦਰ ਅਖ਼ਬਾਰ ਦਾ ਪੰਜਾਬੀ ਤੋਂ ਬਿਨਾਂ ਛਪਣਾ ਕੋਈ ਸਬੱਬੀ ਵਰਤਾਰਾ ਹੈ? ਇਹ ਅਜਿਹਾ ਨਹੀਂ ਹੈ ਕਿਉਂਕਿ ਗ਼ਦਰੀਆਂ ਸਾਹਮਣੇ ਸਮੁੱਚੇ ਭਾਰਤ ਦਾ ਨਕਸ਼ਾ ਸੀ। ਸਮੁੱਚੇ ਭਾਰਤ ਵਿਚ ਪੰਜਾਬੀਆਂ ਤੋਂ ਬਿਨਾਂ ਹੋਰ ਕੌਮੀਅਤਾਂ ਵੀ ਵਸਦੀਆਂ ਸਨ ਜਿਨ੍ਹਾਂ ਨੂੰ ਗ਼ਦਰੀ ਸੰਬੋਧਿਤ ਹੋਣਾ ਚਾਹੁੰਦੇ ਸਨ ਅਤੇ ਇਸ ਯਤਨ ਰਾਹੀਂ ਆਪਣੀ ਸਮਰੱਥਾ ਅਨੁਸਾਰ ਕਿਰਿਆਸ਼ੀਲ ਵੀ ਹੋਏ। ਇਨ੍ਹਾਂ ਯਤਨਾਂ ਸਦਕਾ ਅਤੇ ਸਮੁੱਚੀਆਂ ਕੌਮੀਅਤਾਂ ਸਦਕਾ ਹੀ ਉਸ ਸਮੇਂ ਅਮਰੀਕਾ ਵਿਚ ਗਏ ਹੋਰ ਕੌਮੀਅਤਾਂ ਦੇ ਲੋਕ ਇਸ ਵਿਚ ਸ਼ਾਮਲ ਹੋਏ। ਵਿਸ਼ਨੂੰ ਗਣੇਸ਼ ਪਿੰਗਲੇ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਕਰਤਾਰ ਸਿੰਘ ਸਰਾਭਾ ਨਾਲ ਫਾਂਸੀ ਚੜ੍ਹਨ ਵਾਲਾ ਮਰਹੱਟਾ ਸੀ।

ਗ਼ਦਰ ਲਹਿਰ ਦਾ ਦੂਜਾ ਇਤਿਹਾਸਕ ਤੱਥ ਧਰਮ ਨਿਰਪੇਖਤਾ ਦਾ ਹੈ। ਗ਼ਦਰ ਲਹਿਰ ਦਾ ਇਹ ਤੱਥ ਇੰਨਾ ਸੁਚੇਤ ਹੈ ਕਿ ਗ਼ਦਰ ਲਹਿਰ ਨੇ ਇਸ ਨੂੰ ਆਪਣੀ ਵਿਸ਼ੇਸ਼ ਰਣਨੀਤੀ ਵਜੋਂ ਅਪਨਾਇਆ। ਉਸ ਸਮੇਂ ਗ਼ਦਰ ਲਹਿਰ ਵਿਚ ਇਹ ਦੂਜਾ ਆਧੁਨਿਕ ਲੱਛਣ ਸੀ ਜੋ ਸਮੁੱਚੇ ਭਾਰਤੀਆਂ ਨੂੰ ਧਰਮ ਦੀ ਸੌੜੀ ਵਲਗਣ ਵਿਚੋਂ ਨਿਕਲਣ ਲਈ ਵੰਗਾਰ ਰਿਹਾ ਸੀ। ਫਿਰਕਾਪ੍ਰਸਤੀ ਅਤੇ ਇਲਾਕਾਵਾਦ ਤੋਂ ਉਪਰ ਉਠਣਾ ਉਨ੍ਹਾਂ ਨੂੰ ਅਮਰੀਕਾ ਦੇ ਆਜ਼ਾਦ ਸਮਾਜ ਤੋਂ ਪ੍ਰਾਪਤ ਹੋਇਆ ਸੂਝ ਦਾ ਮਾਡਲ ਸੀ ਜਿਸ ਕਰ ਕੇ ਉਹ ਭਾਰਤੀਆਂ ਦੀ ਤੀਹ ਕਰੋੜ ਦੀ ਵਸੋਂ ਨੂੰ ਆਪਣੀ ਮੰਨਦੇ ਸਨ। ਉਨ੍ਹਾਂ ਨੇ ਕਿਧਰੇ ਵੀ ਪੰਜਾਬੀ ਜਾਂ ਸਿੱਖ ਹੋਣ ਦੀ ਗੱਲ ਨਹੀਂ ਕੀਤੀ ਸਗੋਂ ਹਮੇਸ਼ਾ ਆਪਣੇ ਆਪ ਨੂੰ ਕੌਮੀ ਕਹਿੰਦੇ ਰਹੇ ਅਤੇ ਕੌਮੀ ਹੋਣ ਦਾ ਸੱਚਾ ਸੁਥਰਾ ਵਿਹਾਰ ਕਰਦੇ ਰਹੇ।

ਗ਼ਦਰੀਏ ਇੰਨੇ ਸਪਸ਼ਟ ਸਨ ਕਿ ਉਹ ਜਾਣਦੇ ਸਨ ਕਿ ਸ਼ਕਤੀਸ਼ਾਲੀ ਬਰਤਾਨਵੀ ਸਾਮਰਾਜ ਨਾਲ ਧਾਰਮਿਕ ਜਜ਼ਬਾਤ ਨਾਲ ਨਹੀਂ ਲੜਿਆ ਜਾ ਸਕਦਾ ਸਗੋਂ ਆਧੁਨਿਕ ਵਿਚਾਰ ਸ਼ਕਤੀ ਨਾਲ ਲੜਿਆ ਜਾ ਸਕਦਾ ਹੈ। ਇਹ ਵਿਚਾਰ ਸ਼ਕਤੀ ਧਰਮ ਨਿਰਪੇਖਤਾ ਤੋਂ ਬਿਨਾਂ ਸੰਭਵ ਨਹੀਂ ਸੀ। ਇਸੇ ਕਰ ਕੇ ਉਨ੍ਹਾਂ ਨੇ ਗ਼ਦਰ ਦੇ ਮੰਚ ਤੋਂ ਧਰਮ ਬਾਰੇ ਚਰਚਾ ਕਰਨੀ ਸਖ਼ਤੀ ਨਾਲ ਬੰਦ ਕੀਤੀ ਸੀ। ਗ਼ਦਰ ਲਹਿਰ ਦੀ ਸਮੁੱਚੀ ਵਾਰਤਕ ਵਿਚ ਸਿਰਫ਼ ਦੋ ਲੇਖ ਧਰਮ ਸਬੰਧੀ ਮਿਲਦੇ ਹਨ; ਇਹ ਲੇਖ ਵੀ ਗ਼ਦਰ ਲਹਿਰ ਦੀ ਸਮੁੱਚੀ ਵਿਚਾਰਧਾਰਾ ਦਾ ਸੰਚਾਰ ਕਰਨ ਵਾਲੇ ਹਨ। ਗ਼ਦਰ ਲਹਿਰ ਦੀ ਸਮੁੱਚੀ ਕਵਿਤਾ ਵਿਚ ਧਰਮ-ਨਿਰਲੇਪਤਾ ਦਾ ਸੰਦੇਸ਼ ਹੈ ਪਰ ਲੇਖਕ (ਅਜਮੇਰ ਸਿੰਘ) ਇਨ੍ਹਾਂ ਇਤਿਹਾਸਕ ਤੱਥਾਂ 'ਤੇ ਵਿਸ਼ਵਾਸ ਨਹੀਂ ਕਰਦਾ ਸਗੋਂ ਆਪਣੇ ਕੋਲੋਂ ਅਜਿਹੇ ਤਰਕਾਂ ਦੀ ਸਿਰਜਣਾ ਕਰ ਲੈਂਦਾ ਹੈ ਜਿਹੜੇ ਅੰਤਰਮੁਖੀ ਅਤੇ ਮਨਇੱਛਤ ਤਾਂ ਹਨ ਹੀ, ਉਹ ਗ਼ਦਰ ਲਹਿਰ ਵਿਰੋਧੀ ਵੀ ਹਨ। ਉਹ ਗ਼ਦਰ ਲਹਿਰ ਦਾ ਅੰਤਰ ਇਸ ਧਾਰਨਾ ਤਹਿਤ ਕਰਦਾ ਹੈ, "ਗ਼ਦਰ ਲਹਿਰ ਉਤੇ ਟੀਕਾ ਟਿੱਪਣੀ ਕਰਨ ਵਾਲੇ ਵਿਦਵਾਨਾਂ ਦੀ ਸੀਮਾ ਇਹ ਹੈ ਕਿ ਉਹ ਗ਼ਦਰੀਆਂ ਦੀਆਂ ਸਰਗਰਮੀਆਂ ਨੂੰ ਹਥਿਆਰਬੰਦ ਬਗਾਵਤ ਬਾਰੇ ਆਮ ਤੇ ਮੁਰਦਾ ਵਿਚਾਰਾਂ ਜੋ ਉਨ੍ਹਾਂ ਨੇ ਕਿਤਾਬਾਂ ਵਿਚੋਂ ਪੜ੍ਹੇ ਹੁੰਦੇ ਨੇ, ਦੀ ਰੌਸ਼ਨੀ ਵਿਚ ਰੱਖ ਕੇ ਅੰਗਦੇ/ਪੜਚੋਲਦੇ ਹਨ ਜਦੋਂ ਕਿ ਗ਼ਦਰੀਆਂ ਨੇ ਅਜਿਹੇ ਸਰਬ ਵਿਆਪੀ ਸਿਧਾਂਤ ਨਹੀਂ ਪੜ੍ਹੇ ਸਨ ਅਤੇ ਉਨ੍ਹਾਂ ਨੂੰ ਰੌਸ਼ਨੀ ਕਿਸੇ ਹੋਰ ਮੰਡਲ ਤੋਂ ਪ੍ਰਾਪਤ ਹੋ ਰਹੀ ਸੀ। ਉਹ ਤਰਕਸ਼ੀਲ ਗਿਆਨ ਦੀ ਬਜਾਇ ਆਪਣੀ ਅੰਤਰ-ਪ੍ਰੇਰਨਾ ਦੇ ਬਲਬੂਤੇ ਲੜੇ ਜਿਹੜੇ ਲੇਖਕ ਨੂੰ ਗ਼ਦਰੀ ਬਾਬਿਆਂ ਦੀ ਇਸ ਅੰਤਰਮੁਖੀ ਵਿਸ਼ੇਸ਼ਤਾ ਦੀ ਸਮਝ ਨਹੀਂ, ਉਹ ਉਨ੍ਹਾਂ ਦੇ ਬਾਹਰੀ ਅਮਲਾਂ ਨੂੰ ਠੀਕ ਅਰਥਾਂ ਵਿਚ ਨਹੀਂ ਸਮਝ ਸਕਦਾ, ਉਹ ਗ਼ਦਰੀਆਂ ਦਾ ਪ੍ਰਸ਼ੰਸਕ ਹੋਵੇ ਜਾਂ ਨਿੰਦਕ।" (ਸਫਾ 192-93)

ਅਜਮੇਰ ਸਿੰਘ ਦੇ ਇਸ ਕਥਨ ਨਾਲ ਮਾਮਲਾ ਹੀ ਖ਼ਤਮ ਹੋ ਜਾਂਦਾ ਹੈ ਕਿ ਤੁਸੀਂ ਜੇ ਗ਼ਦਰ ਲਹਿਰ ਨੂੰ ਸਮਝਣਾ ਹੈ ਤਾਂ ਤਰਕਸ਼ੀਲ ਗਿਆਨ ਦੀ ਬਜਾਇ ਅੰਤਰ-ਪ੍ਰੇਰਨਾ ਰਾਹੀਂ ਸਮਝੋ। ਸਮਾਜਕ ਅਤੇ ਰਾਜਸੀ ਮਸਲੇ ਅੰਤਰ-ਮੁਖਤਾ ਨਾਲ ਨਹੀਂ, ਬਾਹਰ-ਮੁਖਤਾ ਨਾਲ ਹੀ ਸਮਝੇ ਜਾ ਸਕਦੇ ਹਨ। ਦੂਜਾ ਗ਼ਦਰੀਆਂ ਨੂੰ ਇਹ ਕਹਿਣਾ ਕਿ ਉਹ ਆਪਣੀ ਅੰਤਰ-ਪ੍ਰੇਰਨਾ ਦੇ ਬਲਬੂਤੇ 'ਤੇ ਲੜੇ, ਸਰਾਸਰ ਜ਼ਿਆਦਤੀ ਹੈ। ਅਰੰਭਕ ਦੌਰ ਦੇ 'ਗ਼ਦਰ' ਦੇ ਪਰਚੇ ਪੜ੍ਹ ਕੇ ਇਹ ਸਿੱਧ ਹੋ ਜਾਂਦਾ ਹੈ ਕਿ ਗ਼ਦਰ ਲਹਿਰ ਦੇ ਕਾਰਜਕਰਤਾ ਕਿੰਨੇ ਸੂਝਵਾਨ ਸਨ ਜਿਹੜੇ ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ ਅੰਕੜਿਆਂ ਤਹਿਤ ਪੇਸ਼ ਕਰਦੇ ਸਨ। ਗ਼ਦਰੀ ਬਾਬਿਆਂ ਦੀ ਇਹ ਹੇਠੀ ਕਰਨਾ ਹੈ ਕਿ ਉਹ ਅੰਤਰ-ਪ੍ਰੇਰਨਾ ਦੇ ਬਲਬੂਤੇ ਲੜੇ ਜਿਹੜੇ ਉਸ ਸਮੇਂ ਦੇ ਵਿਕਸਤ ਵਿਚਾਰ ਰਾਸ਼ਟਰਵਾਦ ਅਤੇ ਧਰਮ ਨਿਰਪੱਖਤਾ ਨੂੰ ਪ੍ਰਣਾਏ ਹੋਏ ਸਨ। ਗ਼ਦਰ ਲਹਿਰ ਨੂੰ ਤਰਕਸ਼ੀਲ ਗਿਆਨ ਤੋਂ ਕੋਰੇ ਕਹਿਣਾ ਗ਼ਦਰੀ ਬਾਬਿਆਂ ਦੀ ਸਮੁੱਚੀ ਕੁਰਬਾਨੀ ਨੂੰ ਦਾਗ਼ਦਾਰ ਕਰਨਾ ਹੈ। ਗ਼ਦਰ ਲਹਿਰ ਦੇ ਆਰ-ਪਾਰ ਝਾਕਿਆਂ ਇਕ ਵੀ ਤੱਥ ਨਹੀਂ ਮਿਲਦਾ ਜਿੱਥੇ ਉਨ੍ਹਾਂ ਨੇ ਇਹ ਸੰਕੇਤ ਕੀਤਾ ਹੋਵੇ ਕਿ ਉਹ ਆਪਣੀ ਦਿੱਬ-ਦ੍ਰਿਸ਼ਟੀ ਜਾਂ ਕਿਸੇ ਅਗੰਮੀ ਸ਼ਕਤੀ ਦੀ ਪ੍ਰੇਰਨਾ ਨਾਲ ਲੜੇ ਹੋਣ। ਅਜਿਹਾ ਕਰਦਿਆਂ ਲੇਖਕ ਸਮੁੱਚੀ ਗ਼ਦਰ ਲਹਿਰ ਨੂੰ ਉਸ ਦੀ ਇਤਿਹਾਸਕਤਾ ਅਤੇ ਵਿਚਾਰਧਾਰਕ ਦ੍ਰਿਸ਼ਟੀ ਤੋਂ ਤੋੜ ਕੇ ਉਸ ਨੂੰ ਕਿਸੇ ਉਚੇ ਨਛੱਤਰੀਂ ਵਸਦੀ ਸ਼ਕਤੀ ਦੇ ਹੱਥਾਂ ਵਿਚ ਅਮੂਰਤ ਸ਼ੈਅ ਬਣਾ ਦਿੰਦਾ ਹੈ। ਹਾਲਾਂਕਿ ਇਤਿਹਾਸ ਵਿਚ ਮੰਨ ਕੇ ਨਹੀਂ ਚੱਲਿਆ ਜਾਂਦਾ ਪਰ ਜੇ ਲੇਖਕ ਦੀ ਇਸ ਇੱਛਾਮੂਲਕ ਧਾਰਨਾ ਨੂੰ ਇਕ ਪਲ ਲਈ ਮੰਨ ਵੀ ਲਈਏ ਤਾਂ ਗ਼ਦਰ ਲਹਿਰ ਦਾ ਭਾਈ ਮਹਾਰਾਜ ਸਿੰਘ ਅਤੇ ਨਾਮਧਾਰੀ ਲਹਿਰ ਨਾਲ ਅੰਤਰ ਨਿਖੇੜ ਕਰਨਾ ਮੁਸ਼ਕਿਲ ਹੈ। ਗ਼ਦਰ ਲਹਿਰ ਦੀ ਜੇ ਇਤਿਹਾਸਕ ਮਹੱਤਤਾ ਹੈ ਤਾਂ ਇਹੀ ਹੈ ਕਿ ਇਹ ਰਾਸ਼ਟਰਵਾਦੀ ਧਰਮ ਨਿਰਪੱਖ ਲਹਿਰ ਸੀ ਜਿਸ ਕੋਲ ਇਕ ਕੌਮੀ ਰਾਜ ਦਾ ਸੁਪਨਾ ਸੀ। ਗ਼ਦਰੀਆਂ ਦਾ ਇਹ ਕਹਿਣਾ ਸੀ:

ਨਵਾਂ ਰੂਪ ਰਚਣਾ ਹਿੰਦ ਦੇ ਸਮਾਜ ਦਾ
ਤੁਖ਼ਮ ਉਡਾਉਣਾ ਜ਼ਾਲਮਾਂ ਦੇ ਰਾਜ ਦਾ।

ਇਹ ਮਹਿਜ਼ ਕਵਿਤਾ ਦੀਆਂ ਸਤਰਾਂ ਨਹੀਂ, ਉਸ ਕੌਮੀ ਰਾਜ ਦਾ ਸੁਪਨਾ ਹੈ ਜਿਹੜਾ ਹਿੰਦ ਦਾ ਨਵਾਂ ਰੂਪ ਰਚਣ ਦੀ ਇੱਛਾ ਨਾਲ ਵਰੋਸਾਇਆ ਹੋਇਆ ਹੈ। ਇਹ ਨਵਾਂ ਰੂਪ ਧਰਮ ਨਿਰਪੱਖ 'ਪੰਚਾਇਤ ਰਾਜ' ਦਾ ਹੈ ਨਾ ਕਿ ਫਿਊਡਲ ਸੌਵਰਨਿਟੀ ਦਾ।

(ਚਲਦਾ)

# ਦੇਈਏ ਹੋਕਾ, ਤੇ ਕਰੀਏ ਟੋਕਾ, ਅੰਧ-ਵਿਸ਼ਵਾਸਾਂ ਦਾ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਬਰਨਾਲੇ ਲਾਗੇ ਇਕ ਪਿੰਡ ਦੇ ਸਕੂਲ ਵਿਚ ਅਧਿਆਪਕ ਵਜੋਂ ਮੈਂ ਨੌਕਰੀ ਸ਼ੁਰੂ ਕੀਤੀ। ਉਸ ਸਮੇਂ ਪੰਜਾਬ ਦੇ ਹਾਲਾਤ ਬਹੁਤ ਮਾੜੇ ਸਨ। ਪਤਾ ਨਹੀਂ ਸੀ ਕਿ ਘਰੋਂ ਗਿਆ ਬੰਦਾ ਵਾਪਸ ਆਵੇਗਾ ਜਾਂ ਨਹੀਂ। ਰੋਜ ਦੇ ਸਫ਼ਰ ਤੋਂ ਡਰਦਿਆਂ ਮੈਂ ਉਸ ਪਿੰਡ ਵਿਚ ਚੁਬਾਰੇ ਦਾ ਕਮਰਾ ਕਿਰਾਏ ਉਤੇ ਲੈ ਲਿਆ। ਇਹ ਜ਼ਿਮੀਦਾਰਾ ਪਰਿਵਾਰ ਵੀ ਸਾਡੇ ਪਰਿਵਾਰ ਵਾਂਗ ਮਿਹਨਤੀ ਸੀ। ਘਰ ਦੇ ਮੁਖੀ ਜੈਲ ਸਿੰਘ ਦੇ ਦੋ ਪੁੱਤਰ ਸਨ-ਹਰੀ ਸਿੰਘ ਤੇ ਜੀਤ ਸਿੰਘ ਜਿਨ੍ਹਾਂ ਦਾ ਵਿਆਹ ਅਜੇ ਇਕ ਸਾਲ ਪਹਿਲਾਂ ਹੀ ਹੋਇਆ ਸੀ। ਬੇਬੇ ਬਾਪੂ ਮੈਨੂੰ ਪਹਿਲੀ ਵਾਰ ਮਿਲਣ ਆਏ ਤੇ ਬਰਨਾਲੇ ਤੋਂ ਨਵਾਂ ਸਾਇਕਲ ਲੈ ਕੇ ਦੇ ਗਏ। ਰੋਟੀ-ਟੁੱਕ ਦਾ ਪ੍ਰਬੰਧ ਉਹ ਘਰ ਵਾਲੇ ਕਰ ਦਿੰਦੇ ਸਨ। ਜੈਲ ਸਿੰਘ ਨੇ ਤਾਂ ਮੈਨੂੰ ਆਪਣਾ ਤੀਜਾ ਪੁੱਤ ਬਣਾ ਲਿਆ ਸੀ।

ਪਹਿਲਾਂ-ਪਹਿਲਾਂ ਤਾਂ ਮੈਂ ਐਤਵਾਰ ਦੀ ਛੁੱਟੀ ਪਿੰਡ ਕੱਟ ਕੇ ਮੁੜ ਜਾਂਦਾ ਸੀ ਪਰ ਦੋ-ਤਿੰਨ ਵਾਰ ਪੁਲਿਸ ਨੇ ਰਾਹ ਵਿਚ ਬਹੁਤ ਤੰਗ ਕੀਤਾ। ਬੇਬੇ ਬਾਪੂ ਨੇ ਵੀ ਕਹਿ ਦਿੱਤਾ ਕਿ 'ਅਸੀਂ ਤੈਨੂੰ ਆਪੇ ਮਿਲ ਆਇਆ ਕਰਾਂਗੇ।' ਸਕੂਲ ਦੇ ਸਟਾਫ਼ ਦੇ ਨਾਲ-ਨਾਲ ਪਿੰਡ ਵਿਚ ਵੀ ਮੇਰਾ ਸਤਿਕਾਰ ਹੋਣ ਲੱਗ ਪਿਆ। ਮੈਂ ਹੋਰ ਅਧਿਆਪਕਾਂ ਵਾਂਗ ਚਾਹ ਦਾ ਗਲਾਸ ਹੱਥ ਵਿਚ ਫੜ ਕੇ ਕਦੇ ਧੁੱਪ ਨਹੀਂ ਸੀ ਸੇਕੀ ਅਤੇ ਨਾ ਕਦੇ ਕੁਰਸੀ ਤੂਤ ਦੀ ਸੰਘਣੀ ਛਾਂ ਥੱਲੇ ਡਾਹੀ ਸੀ। ਪਹਿਲੇ ਸਾਲ ਹੀ ਮੇਰੀ ਕਰਵਾਈ ਹੋਈ ਪੜ੍ਹਾਈ ਦੀ ਵਟਾਈ ਮੁੜ ਆਈ ਸੀ। ਪਿੰਡ ਵਾਲੇ ਮੈਨੂੰ 'ਮਾਸਟਰ ਜੀ' ਕਹਿ ਕੇ ਬੁਲਾਉਂਦੇ ਸਨ, ਤੇ ਘਰ ਵਾਲੇ 'ਭਾਊ' ਕਹਿ ਲੈਂਦੇ। ਮੇਰਾ ਇਲਾਕਾ ਮਾਝੇ ਦਾ ਜੁ ਸੀ। ਮੈਨੂੰ ਇਹ ਪਰਿਵਾਰ ਬਹੁਤ ਪਿਆਰ ਕਰਦਾ ਸੀ ਪਰ ਮੈਨੂੰ ਉਨ੍ਹਾਂ ਨਾਲ ਇਕੋ ਗਿਲਾ ਸੀ ਕਿ ਸਾਰੇ ਜੀਅ ਅੰਧ-ਵਿਸ਼ਵਾਸੀ ਸਨ। ਘਰ ਦੇ ਇਕ ਖੂੰਜੇ ਮਟੀ ਬਣਾਈ ਹੋਈ ਸੀ। ਸਾਰਾ ਪਰਿਵਾਰ ਸਵੇਰੇ ਉਠ ਕੇ ਉਸ ਮਟੀ ਅੱਗੇ ਖੜ੍ਹ ਕੇ ਮੂੰਹ ਵਿਚ ਪਤਾ ਨਹੀਂ ਕੀ ਪੜ੍ਹ ਕੇ ਆਉਂਦਾ ਸੀ। ਕੋਈ ਵੀ ਦਿਨ-ਦਿਹਾਰ ਹੁੰਦਾ, ਪਹਿਲਾਂ ਮਟੀ ਦੇ ਅੱਗੇ ਪ੍ਰਸ਼ਾਦਾ ਰੱਖਿਆ ਜਾਂਦਾ। ਸ਼ਹਿਰੋਂ ਲਿਆਂਦੀ ਬਰਫ਼ੀ ਜਾਂ ਲੱਡੂ ਪਹਿਲਾਂ ਉਸ ਮਟੀ ਅੱਗੇ ਲਿਆ ਰੱਖੇ ਜਾਂਦੇ, ਫਿਰ ਜਦੋਂ ਕੋਈ ਪੰਛੀ ਉਸ ਨੂੰ ਆਪਣਾ ਮੂੰਹ ਲਾ ਜਾਂਦਾ, ਫਿਰ ਉਹ ਬਾਕੀ ਦਾ ਲਿਆਂਦਾ ਸਾਮਾਨ ਆਪ ਛੱਕਦੇ। ਮੈਂ ਇਹ ਸਭ ਕੁਝ ਆਪਣੇ ਚੁਬਾਰੇ ਵਿਚੋਂ ਦੇਖਦਾ।

ਉਨ੍ਹਾਂ ਮੈਨੂੰ ਕਈ ਵਾਰ ਪੁੱਛਿਆ, "ਭਾਊ! ਤੈਨੂੰ ਚੁਬਾਰੇ ਵਿਚੋਂ ਭੈਅ ਨਹੀਂ ਆਉਂਦਾ, ਡਰ ਨਹੀਂ ਲਗਦਾ ਜਾਂ ਕਦੇ ਕਿਸੇ ਦੇ ਸਾਏ ਨੇ ਤੈਨੂੰ ਤੰਗ ਨਹੀਂ ਕੀਤਾ?" ਮੈਂ ਹੱਸ ਕੇ ਕਹਿ ਦਿੰਦਾ, "ਬਾਪੂ ਜੀ! ਜਿਥੇ ਗੁਰਬਾਣੀ ਪੜ੍ਹੀ ਜਾਂਦੀ ਹੋਵੇ, ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲਾ ਗੁਰੂ ਦਾ ਸਿੱਖ ਰਹਿੰਦਾ ਹੋਵੇ, ਉਥੇ ਕੋਈ ਸ਼ੈਅ ਜਾਂ ਡਰਾਵਾ ਨਹੀਂ ਆਉਂਦਾ।" ਕਦੇ-ਕਦੇ ਮੈਂ ਐਤਵਾਰ ਉਨ੍ਹਾਂ ਨਾਲ ਖੇਤ ਵੀ ਚਲਾ ਜਾਂਦਾ। ਖੇਤ ਵੀ ਘਰ ਵਰਗੀ ਹੋਰ ਮਟੀ ਬਣੀ ਹੋਈ ਸੀ। ਮੈਂ ਹੈਰਾਨ ਹੁੰਦਾ ਕਿ ਦੋਵੇਂ ਭਰਾ ਦਸਵੀਂ ਤੱਕ ਪੜ੍ਹੇ ਵੀ ਹੋਏ ਹਨ, ਫਿਰ ਵੀ ਅੰਧ-ਵਿਸ਼ਵਾਸ ਵਿਚ ਡੁੱਬ ਰਹੇ ਹਨ।

ਇਕ ਦਿਨ ਕੋਈ ਸਰਕਾਰੀ ਛੁੱਟੀ ਸੀ। ਮੈਂ ਕੇਸੀਂ ਨਹਾ ਕੇ ਆਪਣੇ ਕੇਸ ਸੁਕਾ ਰਿਹਾ ਸੀ। ਅਚਾਨਕ ਰੋਣ-ਪਿੱਟਣ ਦੀ ਆਵਾਜ਼ ਆਉਣ ਲੱਗੀ। ਮੈਂ ਝੱਟ ਥੱਲੇ ਉਤਰ ਆਇਆ ਤੇ ਦੇਖਿਆ ਕਿ ਹਰੀ ਸਿੰਘ ਦੀ ਘਰਵਾਲੀ ਮੰਜੇ 'ਤੇ ਬੇਹੋਸ਼ ਪਈ ਹੈ। ਬੇਬੇ ਤੇ ਦੂਜੀ ਬਹੂ ਉਚੀ-ਉਚੀ ਰੋਣ ਲੱਗੀਆਂ, "ਵੇ ਮਾਸਟਰਾ! ਬਹੂ ਤਾਂ ਗਈ ਵੇ...ਬਚਾ ਲੋ ਇਹਨੂੰ...ਵੇਖੀਂ ਭਾਊ ਕੀ ਹੋ ਗਿਆ!"

ਮੈਂ ਝੱਟ ਸਾਇਕਲ ਚੁੱਕ ਕੇ ਡਾਕਟਰ ਨੂੰ ਬਿਠਾ ਲਿਆਇਆ। ਬੇਬੇ ਨੇ ਚੁੱਲ੍ਹੇ ਵਿਚੋਂ ਅੱਗ ਦਾ ਗੋਹਾ ਕੱਢ ਕੇ ਉਤੇ ਦੇਸੀ ਘਿਉ ਦੇ ਚਮਚੇ ਪਾ ਦਿੱਤੇ। ਸਾਰਾ ਘਰ ਧੂੰਏਂ ਨਾਲ ਭਰ ਗਿਆ। ਬੇਬੇ ਫਿਰ ਮਟੀ ਅੱਗੇ ਜਾ ਖਲੋਤੀ ਅਤੇ ਮੰਤਰ ਪੜ੍ਹਨ ਲੱਗੀ। ਉਧਰ ਡਾਕਟਰ ਨੇ ਬਲੱਡ ਪ੍ਰੈਸ਼ਰ ਚੈਕ ਕੀਤਾ ਜੋ ਕਾਫ਼ੀ ਘੱਟ ਸੀ। ਉਸ ਨੇ ਦੋ ਟੀਕੇ ਲਾਏ ਤਾਂ ਬਹੂ ਅੱਖ ਪੁੱਟ ਆਈ। ਡਾਕਟਰ ਨੇ ਦੋ ਗੋਲੀਆਂ ਦਿੱਤੀਆਂ, ਉਹ ਵੀਹਾਂ ਕੁ ਮਿੰਟਾਂ ਬਾਅਦ ਠੀਕ ਹੋ ਗਈ। ਉਧਰ ਬੇਬੇ ਨੇ ਦੋ ਚਮਚੇ ਹੋਰ ਅੱਗ 'ਤੇ ਪਾ ਕੇ ਫਿਰ ਹੱਥ ਜੋੜ ਲਏ। ਬਹੂ ਦਾ ਠੀਕ ਹੋਣਾ ਮਟੀ ਵਾਲੇ ਬਾਬੇ ਦੀ ਕ੍ਰਿਪਾ ਨਾਲ ਤੋਲਿਆ ਗਿਆ। ਡਾਕਟਰ ਹਿੱਸੇ ਕੁਝ ਨਹੀਂ ਆਇਆ। ਇਸੇ ਤਰ੍ਹਾਂ ਕਦੇ ਉਨ੍ਹਾਂ ਦੀ ਮੱਝ ਡਿੱਗ ਪੈਂਦੀ, ਕਦੇ ਬਲਦ। ਉਹ ਸਾਰੇ ਘਰ ਵਿਚ ਕੱਚੀ ਲੱਸੀ ਦੇ ਛਿੱਟੇ ਮਾਰਦੇ ਰਹਿੰਦੇ। ਇਹ ਸਭ ਵੇਖ ਮੈਂ ਹੈਰਾਨ ਹੀ ਨਹੀਂ, ਸਗੋਂ ਪ੍ਰੇਸ਼ਾਨ ਹੋ ਜਾਂਦਾ। ਇਕ ਦਿਨ ਮੈਂ ਬਾਪੂ ਦੀ ਰੋਟੀ ਲੈ ਕੇ ਖੇਤ ਗਿਆ। ਹਰੀ ਸਿੰਘ ਤੇ ਜੀਤ ਸਿੰਘ ਕਿਸੇ ਕੰਮ ਮੰਡੀ ਗਏ ਹੋਏ ਸਨ। ਮੈਂ ਬਾਪੂ ਤੋਂ ਮਟੀਆਂ ਦੇ ਜਨਮ ਦੀ ਕਹਾਣੀ ਪੁੱਛ ਲਈ। ਪਹਿਲਾਂ ਤਾਂ ਬਾਪੂ ਨੇ ਐਵੇਂ ਟਾਲ-ਮਟੋਲ ਕੀਤੀ ਤੇ ਫਿਰ ਅੱਖਾਂ 'ਚੋਂ ਹੰਝੂ ਕੇਰਦਿਆਂ ਦੱਸਿਆ,

"ਪੁੱਤਰਾ! ਇਹ ਤੇ ਘਰਵਾਲੀ ਮਟੀ, ਦੋਵੇਂ ਮੇਰੇ ਛੋਟੇ ਭਰਾ ਮੇਲਾ ਸਿੰਘ ਦੀਆਂ ਹਨ। ਉਹ ਜਵਾਨੀ ਵਿਚ ਬੜਾ ਸੋਹਣਾ ਗੱਭਰੂ ਸੀ। ਉਹਦੇ ਦਰਸ਼ਨੀ ਜੁੱਸੇ ਦੀਆਂ ਧੁੰਮਾਂ ਚਾਰੇ ਪਾਸੇ ਪੈਂਦੀਆਂ ਸਨ। ਜਿਥੋਂ ਦੀ ਲੰਘਦਾ ਸੀ, ਕੁੜੀਆਂ ਆਖਦੀਆਂ ਸਨ, 'ਬੇਬੇ ਟੁੱਕ ਫੜੀਂ, ਮੈਂ ਬੀਹੀ ਵਿਚੋਂ ਗੱਭਰੂ ਦੇਖ ਕੇ ਆਈ।' ਉਹ ਮੇਲਿਆਂ ਵਿਚ ਬੋਰੀ ਚੁੱਕਦਾ, ਇਨਾਮ ਦੇ ਪੈਸਿਆਂ ਨਾਲ ਆਪਣੀ ਖੁਰਾਕ ਲੈ ਆਉਂਦਾ, ਬਾਕੀ ਗਰੀਬਾਂ ਨੂੰ ਦਾਨ ਕਰ ਦਿੰਦਾ। ਕਿਸੇ ਦੀ ਧੀ-ਭੈਣ ਵੱਲ ਉਹਨੇ ਕਦੇ ਅੱਖ ਚੁੱਕ ਕੇ ਨਹੀਂ ਸੀ ਦੇਖਿਆ। ਉਹ ਤਾਂ ਚੌਵੀ ਘੰਟੇ ਲੰਗੋਟ ਕੱਸ ਕੇ ਰੱਖਦਾ ਸੀ। ਉਹਦੀ ਭਲਵਾਨੀ ਤਾਂ ਰੱਬ ਦੀ ਪੂਜਾ ਬਰਾਬਰ ਸੀ। ਮੈਂ ਤੇ ਬਾਪੂ ਨੇ ਵੀ ਉਹਨੂੰ ਕਦੇ ਕੰਮ ਵਾਸਤੇ ਨਹੀਂ ਸੀ ਕਿਹਾ। ਬਾਪੂ ਵੀ ਕਹਿ ਦਿੰਦਾ, ਮੇਰਾ ਮੇਲਾ ਤਾਂ ਮੇਲਿਆਂ ਦੀ ਸ਼ਾਨ ਹੈ। ਕੋਈ ਨਾ! ਇਹਨੂੰ ਭਲਵਾਨੀ ਕਰਨ ਦੇ...ਆਪਣੇ ਖਾਨਦਾਨ ਦਾ ਨਾਂ ਉਚਾ ਕਰਦਾ ਹੈ।"

"ਫਿਰ ਬਾਪੂ ਜੀ, ਮੇਲਾ ਸਿੰਘ ਨੂੰ ਕੀ ਹੋ ਗਿਆ?" ਮੈਂ ਅਗਾਂਹ ਸੁਣਨ ਲਈ ਬਾਪੂ ਨੂੰ ਪੁੱਛਿਆ।

ਬਾਪੂ ਨੇ ਲੰਮਾ ਹਉਕਾ ਲੈ ਕੇ ਗੱਲ ਅਗਾਂਹ ਤੋਰੀ, "ਫਿਰ ਮੇਰੇ ਮਾਪਿਆਂ ਨੇ ਮੇਰਾ ਵਿਆਹ ਰੱਖ ਦਿੱਤਾ। ਸਾਡੇ ਪਿੰਡ ਮਹੰਤਾਂ ਦੇ ਬੱਗੇ ਦੀ ਸਾਲੀ ਵੀ ਆਈ ਹੋਈ ਸੀ ਜਿਹੜੀ ਮਹੰਤਾਂ ਦੇ ਪਰਿਵਾਰਾਂ ਨਾਲ ਹੀ ਵਿਆਹ ਵਿਚ ਸ਼ਾਮਿਲ ਹੋ ਗਈ ਸੀ। ਰੱਬ ਜਾਣੇ ਉਸ ਕੁੜੀ ਨੇ ਮੇਲੇ ਨੂੰ ਕੀ ਕਹਿ ਕੇ ਪੱਟ ਲਿਆ। ਮੇਲਾ ਤਾਂ ਉਸ ਕੁੜੀ 'ਤੇ ਮੋਹਿਤ ਹੀ ਹੋ ਗਿਆ। ਮੇਰਾ ਤਾਂ ਵਿਆਹ ਹੋ ਗਿਆ ਪਰ ਮੇਲੇ ਦੀ ਭਲਵਾਨੀ ਨੂੰ ਮਹੰਤਾਂ ਦੇ ਬੱਗੇ ਦੀ ਸਾਲੀ ਸੰਨ੍ਹ ਲਾ ਗਈ। ਮੇਲੇ ਨੇ ਲੰਗੋਟ ਲਾਹ ਕੇ ਪਰ੍ਹੇ ਮਾਰੇ ਤੇ ਇਸ਼ਕ ਦੀ ਪੌੜੀ ਚੜ੍ਹਦਾ ਹੋਇਆ ਸਵਰਗਾਂ ਦੇ ਨਜ਼ਾਰੇ ਲੈਣ ਲੱਗ ਪਿਆ। ਅਸੀਂ ਮੇਲੇ ਨੂੰ ਬਹੁਤ ਰੋਕਿਆ ਕਿ ਤੂੰ ਸਮਝ ਜਾਹ, ਪਰ ਉਹ ਨਾ ਮੰਨਿਆ। ਕੁੱਤੇ ਨੂੰ ਹੱਡੀ ਦਾ ਸਵਾਦ ਪੈ ਜਾਵੇ, ਫਿਰ ਉਹ ਹੱਡਾ ਰੋੜੀ ਨੂੰ ਤੀਰ ਬਣ ਕੇ ਜਾਂਦਾ ਹੈ। ਇਸੇ ਤਰ੍ਹਾਂ ਮੇਲਾ ਸਿੰਘ ਵੀ ਕੰਧਾਂ ਕੋਠੇ ਟੱਪਣ ਲੱਗਿਆ। ਧੀ ਵਾਲਿਆਂ ਨੇ ਦੋ ਵਾਰ ਸਮਝਇਆ ਵੀ ਪਰ ਹੋਣੀ ਟਲ ਨਾ ਸਕੀ। ਮੇਲੇ ਦੀ ਲਾਸ਼ ਢਾਬ ਵਾਲੇ ਪਿੱਪਲ ਨਾਲ ਲਟਕਦੀ ਮਿਲੀ। ਮੇਲੇ ਦੀ ਇਸ਼ਕ ਦੀ ਖੇਡ ਨੂੰ ਅਸੀਂ ਖੁਦਕੁਸ਼ੀ ਸਮਝਦੇ, ਜਾਂ ਕੁੜੀ ਵਾਲਿਆਂ ਵੱਲੋਂ ਕੀਤਾ ਕਤਲ; ਪਰ ਜਦ ਪੈਸਾ ਖੋਟਾ ਆਪਣਾ, ਬਾਣੀਏ ਨੂੰ ਕੀ ਦੋਸ਼! ਫਿਰ ਵੀ ਅਸੀਂ ਕੁੜੀ ਦੇ ਮਾਪਿਆਂ 'ਤੇ ਕਤਲ ਦਾ ਮੁਕੱਦਮਾ ਕਰ ਦਿੱਤਾ। ਸਬੂਤਾਂ ਦੀ ਘਾਟ ਤੇ ਅਗਲਿਆਂ ਦੇ ਪੈਸੇ ਦਾ ਜ਼ੋਰ ਹੋਣ ਕਰ ਕੇ ਉਹ ਬਰੀ ਹੋ ਗਏ। ਸਾਡਾ ਮੇਲਾ ਜਹਾਨੋਂ ਤੁਰ ਗਿਆ।" ਬਾਪੂ ਨੇ ਪੈਰ 'ਤੇ ਚੜ੍ਹਦਾ ਕੀੜਾ ਦੂਜੇ ਪੈਰ ਦੀ ਜੁੱਤੀ ਨਾਲ ਮਸਲ ਦਿੱਤਾ ਜਿਵੇਂ ਮੇਲੇ ਦੀ ਮੌਤ ਦਾ ਬਦਲਾ ਲੈ ਲਿਆ ਹੋਵੇ।

"ਬਾਪੂ ਜੀ! ਫਿਰ ਇਹ ਮਟੀਆਂ ਕਿਵੇਂ ਤੇ ਕਿਉਂ ਬਣਵਾਈਆਂ?" ਮੇਰੀ ਸੂਈ ਚਿੱਟੇ ਲੱਠੇ ਵਰਗੀ ਮਟੀ 'ਤੇ ਅਟਕੀ ਹੋਈ ਸੀ।

"ਫਿਰ ਪੁੱਤਰਾ! ਮੇਲੇ ਦੀ ਮੌਤ ਤੋਂ ਬਾਅਦ ਆਪਣਾ ਨੁਕਸਾਨ ਬਹੁਤ ਹੋਣ ਲੱਗ ਪਿਆ। ਘਰ ਦੀ ਬਰਕਤ ਨੂੰ ਜਿਵੇਂ ਕਿਸੇ ਦੀ ਨਜ਼ਰ ਲੱਗ ਗਈ ਹੋਵੇ। ਮੇਰੇ ਵਿਆਹ ਹੋਏ ਨੂੰ ਵੀ ਚਾਰ ਸਾਲ ਹੋ ਗਏ, ਕੋਈ ਜੁਆਕ-ਜੱਲਾ ਨਾ ਹੋਇਆ। ਲੋਕਾਂ ਦੇ ਮਗਰ ਲੱਗ ਕੇ ਧਾਗੇ-ਤਵੀਤਾਂ ਵਾਲੇ ਬਾਬਿਆਂ ਦੇ ਪੈਰੀਂ ਡਿੱਗ ਪਏ। ਉਨ੍ਹਾਂ ਨੇ ਵੀ ਮੋਟੇ ਪੈਸੇ ਖਾਧੇ ਪਰ ਗੱਲ ਨਾ ਬਣੀ। ਫਿਰ ਸ਼ੇਰਪੁਰ ਕੋਲ ਇਕ ਮਾਤਾ ਜੀ ਦੀ ਦੱਸ ਪਈ ਜਿਹੜੀ ਚੌਂਕੀ ਲਾਉਂਦੀ ਸੀ। ਉਹਨੇ ਕਿਹਾ ਕਿ ਤੇਰਾ ਭਰਾ ਅਣਿਆਈ ਮੌਤ ਮਰਿਐ। ਉਹਦੀ ਗਤ ਨਹੀਂ ਹੋਈ। ਉਹ ਤੇਰੇ ਪਰਿਵਾਰ ਦਾ ਨੁਕਸਾਨ ਕਰਦੈ, ਕਿਉਂਕਿ ਉਹਦਾ ਅੱਧਾ ਘਰ ਤੇ ਅੱਧੀ ਜ਼ਮੀਨ ਦਾ ਤੂੰ ਮਾਲਕ ਬਣ ਗਿਐਂ। ਇਕ ਮਟੀ ਘਰ ਦੇ ਦੱਖਣ ਵਾਲੇ ਖੂੰਜੇ, ਤੇ ਇਕ ਮਟੀ ਖੇਤ ਦੇ ਚੜ੍ਹਦੇ ਪਾਸੇ ਵੱਲ ਬਣਾ ਦੇ...ਤੇਰੇ ਪੁੱਤ ਹੋ ਜਾਊਗਾ। ਮੈਂ ਅਗਲੇ ਦਿਨ ਹੀ ਇਹ ਕੰਮ ਕਰ ਦਿੱਤਾ ਤੇ ਮਰੇ ਹੋਏ ਭਰਾ ਨੂੰ ਪੂਜਣ ਲੱਗ ਪਏ। ਫਿਰ ਦੋ ਸਾਲਾਂ ਬਾਅਦ ਹਰੀ ਸਿੰਘ ਹੋਇਆ ਯਾਨਿ ਜੜ੍ਹ ਹਰੀ ਹੋ ਗਈ। ਫਿਰ ਜੀਤ ਸਿੰਘ ਹੋਇਆ, ਯਾਨਿ ਮੈਂ ਜਿੱਤ ਗਿਆ।"

"ਬਾਪੂ ਜੀ! ਫਿਰ ਕਦੇ ਨੁਕਸਾਨ ਨਹੀਂ ਹੋਇਆ?" ਮੈਂ ਹੁਣ ਬਾਪੂ ਨੂੰ ਗਿਆਨ ਦੇ ਸਿੱਟਿਆਂ ਨਾਲ ਸਿੱਖਿਆ ਦੇਣ ਦੀ ਕੋਸ਼ਿਸ਼ ਕਰਦਿਆਂ ਪੁੱਛਿਆ।

"ਪੁੱਤਰਾ! ਨੁਕਸਾਨ ਤਾਂ ਹੋਈ ਜਾਂਦੈ, ਕਦੇ ਮੱਝ ਮਰ ਗਈ, ਕਦੇ ਬਲਦ ਮਰ ਗਿਆ। ਤੇਰੀ ਬੇਬੇ ਨੂੰ ਗਠੀਆ ਹੋ ਗਿਆ। ਦੋਵਾਂ ਨੂੰਹਾਂ ਦੀਆਂ ਕੁੱਖਾਂ ਖਾਲੀ ਆ। ਚਾਰੇ ਪਾਸੇ ਦੁੱਖ ਹੀ ਦੁੱਖ।" ਬਾਪੂ ਨੇ ਦੋਵੇਂ ਹੱਥ ਜੋੜਦਿਆਂ ਜਿਵੇਂ ਕਿਸੇ ਗਲਤੀ ਦੀ ਮੁਆਫ਼ੀ ਮੰਗੀ ਹੋਵੇ।

"ਦੇਖੋ ਬਾਪੂ ਜੀ! ਮੇਲਾ ਸਿੰਘ ਤੁਹਾਡਾ ਛੋਟਾ ਭਰਾ ਸੀ। ਜਦੋਂ ਉਹਨੇ ਕਦੇ ਜਿਉਂਦਿਆਂ ਕਿਸੇ ਦਾ ਨੁਕਸਾਨ ਨਹੀਂ ਕੀਤਾ, ਫਿਰ ਮਰ ਕੇ ਕਿਵੇਂ ਨੁਕਸਾਨ ਕਰ ਸਕਦਾ ਹੈ? ਉਹ ਗਰੀਬਾਂ ਦਾ ਕਿੰਨਾ ਖਿਆਲ ਰੱਖਦਾ ਸੀ...ਕਿਸੇ ਨਾਲ ਲੜਾਈ ਝਗੜਾ ਨਹੀਂ ਕੀਤਾ। ਫਿਰ ਉਹ ਤੁਹਾਨੂੰ ਕਿਵੇਂ ਤੰਗ ਕਰ ਸਕਦਾ? ਇਹ ਸਭ ਤੁਹਾਡੀ ਅੰਧ-ਵਿਸ਼ਵਾਸੀ ਸੋਚ ਹੈ। ਤੁਸੀਂ ਆਪਣੀ ਅਕਲ ਵਰਤਣ ਦੀ ਬਜਾਏ ਸਾਧਾਂ-ਸੰਤਾਂ, ਪਖੰਡੀ ਬੂਬਨਿਆਂ ਦੀ ਅਕਲ ਨਾਲ ਆਪਣਾ ਘਰ ਪੱਟੀ ਜਾ ਰਹੇ ਹੋ। ਇਨ੍ਹਾਂ ਮਟੀਆਂ ਵਿਚ ਕੁਝ ਨਹੀਂ ਐ। ਗੁਰਬਾਣੀ ਪੜ੍ਹਿਆ ਕਰੋ ਤੇ ਸੁਣਿਆ ਕਰੋ। ਜੇ ਤੁਸੀਂ ਮੰਨਦੇ ਹੋ ਕਿ ਮੇਲਾ ਸਿੰਘ ਦਾ ਕਤਲ ਉਸ ਕੁੜੀ ਦੇ ਭਰਾਵਾਂ ਨੇ ਕੀਤਾ ਹੈ ਤਾਂ ਮੇਲਾ ਸਿੰਘ ਉਨ੍ਹਾਂ ਦੇ ਘਰ ਨੁਕਸਾਨ ਕਰੇ...ਉਨ੍ਹਾਂ ਬੰਦਿਆਂ ਤੋਂ ਆਪਣਾ ਬਦਲਾ ਲਵੇ। ਬਾਪੂ ਜੀ, ਮੈਨੂੰ ਤਾਂ ਚੁਬਾਰੇ ਵਿਚ ਵੀ ਕੁਝ ਨਹੀਂ ਹੁੰਦਾ ਹਾਲਾਂਕਿ ਮੇਲਾ ਸਿੰਘ ਇਸੇ ਚੁਬਾਰੇ ਵਿਚ ਰਹਿੰਦਾ ਸੀ। ਤੁਸੀਂ ਵੀ ਕ੍ਰਿਪਾ ਕਰ ਕੇ ਇਨ੍ਹਾਂ ਮਟੀਆਂ ਦੀ ਗੁਲਾਮੀ ਤੋਂ ਆਜ਼ਾਦ ਹੋਵੋ, ਗੁਰੂ ਵਾਲੇ ਬਣੋ। ਦੋਵਾਂ ਭਰਜਾਈਆਂ ਦੇ ਪੁੱਤਰ ਵੀ ਹੋਣਗੇ ਤੇ ਨੁਕਸਾਨ ਵੀ ਨਹੀਂ ਹੋਵੇਗਾ।"

ਮੈਨੂੰ ਬਾਪੂ ਤੋਂ ਮਟੀਆਂ ਦੇ ਜਨਮ ਦੀ ਕਹਾਣੀ ਤਾਂ ਪਤਾ ਲੱਗ ਗਈ ਸੀ ਅਤੇ ਹੁਣ ਮੈਂ ਮਟੀਆਂ ਦੀ ਮੌਤ ਦਾ ਸਾਮਾਨ ਤਿਆਰ ਕਰਨ ਲੱਗ ਪਿਆ। ਮੈਂ ਅਜੇ ਤਿਆਰੀ ਵਿਚ ਲੱਗਾ ਹੀ ਸੀ ਕਿ ਬੇਬੇ ਬਾਪੂ ਆ ਗਏ ਕਿ ਤੇਰਾ ਵਿਆਹ ਕਰਨਾ ਹੈ। ਮੈਂ ਆਪਣੀ ਬਦਲੀ ਕਰਵਾ ਕੇ ਆਪਣੇ ਪਿੰਡ ਨੇੜੇ ਲੱਗਣਾ ਚਾਹੁੰਦਾ ਸੀ। ਮੇਰੇ ਨਾਂਹ-ਨਾਂਹ ਕਰਦਿਆਂ, ਮੇਰੇ ਮੂੰਹ ਨੂੰ ਮੰਗਣੇ ਦਾ ਲੱਡੂ ਲਾ ਦਿੱਤਾ। ਪਤਾ ਲੱਗਿਆ ਕਿ ਕੁੜੀ ਦਾ ਵੱਡਾ ਭਰਾ ਅਮਰੀਕਾ ਸੈਟ ਹੈ, ਵਿਆਹ ਵਧੀਆ ਕਰਨਗੇ। ਅਖੇ-ਕੱਲ੍ਹ ਨੂੰ ਤੂੰ ਵੀ ਅਮਰੀਕਾ ਚਲਿਆ ਜਾਵੇਂਗਾ। ਮੈਂ ਮੰਗਣਾ ਕਰਵਾ ਕੇ ਵਾਪਸ ਆਉਂਦਿਆਂ ਅੰਮ੍ਰਿਤਸਰ ਤੋਂ ਕਿਸੇ ਕੋਲੋਂ ਚਿੱਠੀ ਲਿਖਵਾ ਕੇ ਪੋਸਟ ਕਰ ਦਿੱਤੀ। ਸਿਰਨਾਵਾਂ ਜਿਥੇ ਮੈਂ ਰਹਿੰਦਾ ਸੀ, ਉਨ੍ਹਾਂ ਦੇ ਘਰ ਦਾ ਲਿਖ ਦਿੱਤਾ। ਦੋ ਦਿਨਾਂ ਬਾਅਦ ਚਿੱਠੀ ਆ ਗਈ। ਸਾਰਾ ਪਰਿਵਾਰ ਰੂੰ ਵਾਂਗ ਬੱਗਾ ਹੋਇਆ ਪਿਆ ਸੀ। ਮੈਂ ਸਕੂਲੋਂ ਆਇਆ, ਚਿੱਠੀ ਪੜ੍ਹੀ ਤਾਂ ਲਿਖਿਆ ਹੋਇਆ ਸੀ- ਜੈਲ ਸਿੰਘ, ਬੇਨਤੀ ਨਹੀਂ ਤਾੜਨਾ ਕੀਤੀ ਜਾਂਦੀ ਹੈ ਕਿ ਆਪਣੇ ਭਰਾ ਦੀ ਯਾਦ ਵਿਚ ਬਣਾਈਆਂ ਦੋਵੇਂ ਮਟੀਆਂ ਢਾਹ ਦੇ ਅਤੇ ਪਰਿਵਾਰ ਸਮੇਤ ਗੁਰੂ ਦਾ ਸਿੰਘ ਸਜ ਜਾ। ਜੇ ਇਕ ਹਫ਼ਤੇ ਅੰਦਰ-ਅੰਦਰ ਇਸ ਚਿੱਠੀ 'ਤੇ ਅਮਲ ਨਾ ਹੋਇਆ ਤਾਂ ਨਤੀਜੇ ਬੁਰੇ ਨਿਕਲਣਗੇ।

ਗੁਰੂ ਪੰਥ ਦਾ ਦਾਸ
ਫਲਾਣਾ ਸਿੰਘ ਖਾਲਸਾ।

ਮੈਂ ਕਿਹਾ, "ਬਾਪੂ ਜੀ, ਇਹ ਚਿੱਠੀ ਥਾਣੇ ਵਾਲਿਆਂ ਨੂੰ ਦਿਖਾਉਣੀ ਚਾਹੀਦੀ ਹੈ।" ਅੰਦਰੋਂ ਮੈਂ ਡਰਦਾ ਵੀ ਸੀ ਕਿ ਇਨ੍ਹਾਂ ਨੂੰ ਮੇਰੇ 'ਤੇ ਸ਼ੱਕ ਨਾ ਹੋ ਜਾਵੇ ਕਿ ਚਿੱਠੀ ਮੈਂ ਪੁਆਈ ਹੈ।

"ਨਹੀਂ ਪੁੱਤਰਾ! ਆਪਾਂ ਤਾਂ ਦੋਵੇਂ ਪਾਸਿਉਂ ਮਾਰੇ ਜਾਵਾਂਗੇ।" ਬਾਪੂ ਨੇ ਡਰਦਿਆਂ ਕਿਹਾ।

"ਫਿਰ ਬਾਪੂ ਜੀ! ਆਪਾਂ ਚਿੱਠੀ 'ਤੇ ਅਮਲ ਕਰੀਏ।" ਮੈਂ ਦਲੇਰੀ ਫੜਦਿਆਂ ਬਾਪੂ ਦੀ ਕਮਜ਼ੋਰ ਰਗ ਫੜ ਲਈ। ਫਿਰ ਮੈਂ ਤੇ ਬਾਪੂ ਨੇ ਦੋਵੇਂ ਮਟੀਆਂ ਢਾਹ ਦਿੱਤੀਆਂ। ਘਰ ਵਿਚ ਸਹਿਜ ਪਾਠ ਕਰਵਾਇਆ। ਸਾਰੇ ਪਿੰਡ ਵਿਚ ਪਤਾ ਲੱਗ ਗਿਆ ਕਿ ਇਨ੍ਹਾਂ ਨੇ ਮਟੀਆਂ ਕਿਉਂ ਢਾਹੀਆਂ ਹਨ? ਦਿਨ ਬੀਤਦੇ ਗਏ। ਬਾਪੂ ਦਾ ਕੋਈ ਨੁਕਸਾਨ ਨਾ ਹੋਇਆ। ਹਰੀ ਸਿੰਘ ਤੇ ਜੀਤ ਸਿੰਘ ਨੇ ਵੀ ਅੰਮ੍ਰਿਤ ਛਕ ਲਿਆ। ਸਾਰਾ ਪਰਿਵਾਰ ਖੁਸ਼ ਰਹਿੰਦਾ। ਮੈਂ ਆਪਣੇ ਵਿਆਹ ਤੋਂ ਬਾਅਦ ਵੀ ਕਈ ਸਾਲ ਉਥੇ ਰਿਹਾ। ਉਨ੍ਹਾਂ ਦੋਵਾਂ ਭਰਾਵਾਂ ਦੇ ਦੋ-ਦੋ ਪੁੱਤਰ ਹੋਏ। ਕਦੇ ਵੀ ਉਨ੍ਹਾਂ ਨੂੰ ਮੇਲਾ ਸਿੰਘ ਨੇ ਤੰਗ ਨਹੀਂ ਕੀਤਾ। ਮੈਨੂੰ ਪਰਮਾਤਮਾ ਨੇ ਪਹਿਲਾਂ ਧੀ ਤੇ ਫਿਰ ਪੁੱਤਰ ਦੀ ਦਾਤ ਬਖ਼ਸ਼ੀ।

ਫਿਰ ਮੈਂ ਆਪਣਾ ਪਰਿਵਾਰ ਲੈ ਕੇ ਅਮਰੀਕਾ ਆ ਗਿਆ। ਐਤਕੀਂ ਧੀ ਦਾ ਵਿਆਹ ਕਰਨ ਗਏ ਤਾਂ ਜੈਲ ਸਿੰਘ ਬਾਪੂ ਦੇ ਘਰ ਗਿਆ ਜਿਥੇ ਪਰਮਾਤਮਾ ਨੇ ਖੁਸ਼ੀਆਂ-ਖੇੜੇ ਬਖ਼ਸ਼ੇ ਹੋਏ ਸਨ। ਦੋਵਾਂ ਦੇ ਪੁੱਤਰ ਗੁਰਸਿੱਖ ਸਜੇ ਹੋਏ ਸਨ। ਮੈਂ ਹਰੀ ਸਿੰਘ ਦੇ ਵੱਡੇ ਪੁੱਤਰ ਨੂੰ ਆਪਣਾ ਜਵਾਈ ਬਣਾ ਲਿਆ। ਅਸੀਂ ਵਧੀਆ ਵਿਆਹ ਕਰ ਕੇ ਵਾਪਸ ਆ ਗਏ। ਮੈਂ ਆਪਣੇ ਆਪ ਨੂੰ ਵੱਡੇ ਭਾਗਾਂ ਵਾਲਾ ਸਮਝਦਾ ਹਾਂ ਜਿਸ 'ਤੇ ਪਰਮਾਤਮਾ ਨੇ ਇਤਨੀ ਕ੍ਰਿਪਾ ਕੀਤੀ ਕਿ ਅੰਧ-ਵਿਸ਼ਵਾਸੀ ਪਰਿਵਾਰ ਨੂੰ ਮਟੀਆਂ ਦੇ ਚੱਕਰ ਵਿਚੋਂ ਕੱਢ ਕੇ ਗੁਰੂ ਦੇ ਲੜ ਲਾਇਆ। ਚਿੱਠੀ ਵਾਲਾ ਰਾਜ਼ ਅਜੇ ਤੱਕ ਰਾਜ਼ ਹੀ ਹੈ। ਕਈ ਵਾਰ ਨਿੱਕੀ ਜਿਹੀ ਗੁਸਤਾਖੀ ਵੀ ਵੱਡੀ ਦੁਰਘਟਨਾ ਤੋਂ ਬਚਾ ਲੈਂਦੀ ਹੈ। ਇਹ ਆਪਣੀ ਹੱਡ-ਬੀਤੀ ਬਾਈ ਅਮਰ ਸਿੰਘ ਨੇ ਮੈਨੂੰ ਸੁਣਾਈ ਸੀ। ਮੈਂ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਇਸ ਕਰ ਕੇ ਸਾਂਝੀ ਕੀਤੀ ਹੈ ਕਿ ਜੇ ਕੋਈ ਅਜੇ ਅੰਧ-ਵਿਸ਼ਵਾਸ ਦੇ ਰਾਹ 'ਤੇ ਹੈ, ਤਾਂ ਉਹ ਵਾਪਸ ਮੁੜ ਆਵੇ।...ਰੱਬ ਰਾਖਾ।

ਕਹਾਣੀ

# ਦੀਵਾਲੀ ਦੇ ਤਿੰਨ ਦੀਵੇ

*ਨਾਮੀ ਲੇਖਕ ਅਤੇ ਫਿਲਮਸਾਜ਼ ਖਵਾਜਾ ਅਹਿਮਦ ਅੱਬਾਸ (7 ਜੂਨ 1914-1 ਜੂਨ 1987) ਦੀ ਵਧੇਰੇ ਮਸ਼ਹੂਰੀ ਫਿਲਮਸਾਜ਼ ਕਰ ਕੇ ਹੈ। ਆਪਣੇ ਕੈਰੀਅਰ ਦੀ ਸ਼ੁਰੂਆਤ ਉਹਨੇ ਬਤੌਰ ਪੱਤਰਕਾਰ ਕੀਤੀ ਸੀ। ਪਿਛੋਂ ਫਿਲਮੀ ਦੁਨੀਆਂ ਦਾ ਰੁਖ ਕਰ ਲਿਆ। 1943 ਵਿਚ ਪਏ ਬੰਗਾਲ ਦੇ ਕਾਲ ਬਾਰੇ ਉਹਨੇ ਆਪਣੀ ਪਹਿਲੀ ਫਿਲਮ 'ਧਰਤੀ ਕੇ ਲਾਲ' (1945) ਬਣਾਈ ਅਤੇ ਪੈਂਦੀ ਸੱਟੇ ਹੀ ਨਾਲ ਫਿਲਮਸਾਜ਼ ਵਜੋਂ ਆਪਣੀ ਪੈਂਠ ਬਣਾ ਲਈ। ਆਪਣੇ ਨਾਵਲਾਂ ਅਤੇ ਕਹਾਣੀਆਂ ਵਿਚ ਵੀ ਉਹਨੇ ਆਮ ਬੰਦੇ ਦੀ ਬਾਤ ਪਾਈ। 'ਦੀਵਾਲੀ ਦੇ ਤਿੰਨ ਦੀਵੇ' ਕਹਾਣੀ ਵਿਚ ਮਾਇਆ ਦੇ ਮਾਮਲੇ 'ਚ ਬੰਦੇ ਦੇ ਤਿੰਨ ਰੰਗ ਚਿਤਰੇ ਹਨ। ਕਹਾਣੀ ਦਾ ਧਰਾਤਲ ਕਈ ਦਹਾਕੇ ਪਹਿਲਾਂ ਦਾ ਹੈ ਜਦੋਂ ਮਨੁੱਖ ਹੁਣ ਜਿੰਨਾ ਖੁਦਗਰਜ, ਬੇਕਿਰਕ ਅਤੇ ਬੇਦਰਦ ਨਹੀਂ ਸੀ ਹੋਇਆ। ਇਹ ਉਦੋਂ ਦੀਆਂ ਗੱਲਾਂ ਹਨ ਜਦੋਂ ਸਾਹਿਤ ਵਿਚ ਤਰੱਕੀਪਸੰਦ ਸਾਹਿਤਕਾਰਾਂ ਦੀ ਜੈ-ਜੈਕਾਰ ਸੀ ਅਤੇ ਉਹ ਬੰਦੇ ਨੂੰ ਬੰਦਾ ਬਣਾਉਣ ਵਾਲੀ ਲਹਿਰ ਦੇ ਪਾਵੇ ਬਣੇ ਹੋਏ ਸਨ। ਅੱਬਾਸ ਨੇ ਆਪਣੀ ਇਸ ਕਹਾਣੀ ਵਿਚ ਆਪਣੀਆਂ ਫਿਲਮਾਂ ਵਰਗੇ ਬਿਰਤਾਂਤ ਪਾਠਕਾਂ ਨਾਲ ਸਾਂਝੇ ਕੀਤੇ ਹਨ। -ਸੰਪਾਦਕ*

**ਖਵਾਜਾ ਅਹਿਮਦ ਅੱਬਾਸ**

### ਪਹਿਲਾ ਦੀਵਾ

ਦੀਵਾਲੀ ਦਾ ਇਹ ਦੀਵਾ ਕੋਈ ਮਾਮੂਲੀ ਦੀਵਾ ਨਹੀਂ ਸੀ। ਦੀਵੇ ਦੀ ਸ਼ਕਲ ਦਾ ਬਹੁਤ ਵੱਡਾ ਬਿਜਲੀ ਦਾ ਲੈਂਪ ਸੀ ਜਿਹੜਾ ਸੇਠ ਲਕਸ਼ਮੀ ਦਾਸ ਦੇ ਮਹੱਲ ਰੂਪੀ ਘਰ ਦੇ ਸਾਹਮਣੇ ਵਾਲੇ ਵਰਾਂਡੇ ਵਿਚ ਲੱਗਿਆ ਹੋਇਆ ਸੀ। ਵਿਚਕਾਰ ਇਹ ਦੀਵਿਆਂ ਦਾ ਸਮਰਾਟ ਦੀਵਾ ਸੀ। ਜਿਵੇਂ ਸੂਰਜ ਦੇ ਆਲੇ-ਦੁਆਲੇ ਬਹੁਤ ਸਾਰੇ ਤਾਰੇ ਹੁੰਦੇ ਨੇ, ਉਸੇ ਪ੍ਰਕਾਰ ਇਸ ਦੀਵੇ ਦੇ ਚਾਰੇ ਪਾਸੇ, ਸਗੋਂ ਉਤੇ-ਥੱਲੇ ਵੀ ਹਜ਼ਾਰਾਂ ਬਲਬਾਂ ਦੀਆਂ ਲੜੀਆਂ ਝੂੱਲ ਰਹੀਆਂ ਸਨ, ਸੰਗਮਰਮਰ ਦੇ ਹਰ ਥਮ੍ਹਲੇ 'ਤੇ ਬਿਜਲੀ ਦੀ ਤਾਰ ਦੀ ਵੇਲ ਚੜ੍ਹੀ ਹੋਈ ਸੀ ਤੇ ਉਸ ਵਿਚ ਪੱਕੇ ਹੋਏ ਅੰਗੂਰਾਂ ਵਾਂਗ ਲਾਲ, ਹਰੇ, ਨੀਲੇ ਅਤੇ ਪੀਲੇ ਬਲਬ ਲੱਗੇ ਹੋਏ ਸਨ। ਸਾਰੇ ਘਰ ਵਿਚ ਬਿਜਲੀ ਦੇ ਦਸ ਹਜ਼ਾਰ ਦੀਵੇ ਸ਼ਾਮ ਤੋਂ ਹੀ ਦੀਵਾਲੀ ਦਾ ਐਲਾਨ ਕਰਦੇ ਹੋਏ ਦੇਵੀ ਲਕਸ਼ਮੀ ਦੀ ਉਡੀਕ ਕਰ ਰਹੇ ਸਨ।

ਇਨ੍ਹਾਂ ਸਭ ਵਿਚ ਸਭ ਤੋਂ ਵਧੇਰੇ ਸਪਸ਼ਟ ਉਹ ਇਕ ਹੀ ਦੀਵਾ ਸੀ, ਦੇਵੀ ਦਾ ਸਮਰਾਟ ਜਿਸ ਨੇ ਆਪਣੀ ਲੋਅ ਨਾਲ ਸ਼ਾਮ ਦੇ ਧੁੰਦਲਕੇ ਨੂੰ ਦੁਪਹਿਰ ਵਾਂਗ ਪ੍ਰਕਾਸ਼ਮਾਨ ਕੀਤਾ ਹੋਇਆ ਸੀ। ਇਹ ਦੀਵਾ ਸੇਠ ਲਕਸ਼ਮੀ ਦਾਸ ਅਮਰੀਕਾ ਤੋਂ ਲਿਆਏ ਸਨ, ਜਦੋਂ ਉਹ ਉਥੇ ਆਪਣੀ ਕੰਪਨੀ ਲਈ ਬਿਜਲੀ ਦਾ ਸਾਮਾਨ ਖਰੀਦਣ ਲਈ ਗਏ ਸਨ। ਅਸਲ 'ਚ ਇਹ ਦੇਵੀ ਦਾ ਸਮਰਾਟ ਉਨ੍ਹਾਂ ਨੂੰ ਨਿੱਜੀ ਕਮਿਸ਼ਨ ਦੇ ਰੂਪ ਵਿਚ ਭੇਟ ਕੀਤਾ ਗਿਆ ਸੀ, ਮਾਲ ਸਪਲਾਈ ਕਰਨ ਵਾਲੀ ਅਮਰੀਕੀ ਕੰਪਨੀ ਵੱਲੋਂ, ਅਤੇ ਉਹਨੂੰ ਦੇਖਦੇ ਹੀ ਸੇਠ ਲਕਸ਼ਮੀ ਦਾਸ ਨੇ ਸੋਚ ਲਿਆ ਸੀ ਕਿ ਇਸ ਵਾਰੀ ਦੀਵਾਲੀ 'ਤੇ ਇਹ ਅਮਰੀਕੀ ਦੀਵਾ ਹੀ ਦੇਵੀ ਲਕਸ਼ਮੀ ਦਾ ਸੁਆਗਤ ਕਰੇਗਾ।

... ਤੇ ਅੱਜ ਸ਼ਾਮ ਹੀ ਤੋਂ ਉਹ ਦੀਵਾ ਆਪਣੀ ਭੜਕੀਲੀ ਅਮਰੀਕੀ ਸ਼ਾਨ ਨਾਲ ਬਲ ਰਿਹਾ ਸੀ। ਉਹਦੇ ਚਾਰੇ ਪਾਸੇ ਦਸ ਹਜ਼ਾਰ ਹੋਰ ਰੋਸ਼ਨੀਆਂ ਜਗਮਗਾ ਰਹੀਆਂ ਸਨ। ਸੇਠ ਲਕਸ਼ਮੀ ਦਾਸ ਦਾ ਕਹਿਣਾ ਸੀ ਕਿ ਸਭ ਤਿਉਹਾਰਾਂ ਵਿਚ ਦੀਵਾਲੀ ਹੀ ਸਭ ਤੋਂ ਮਹੱਤਵਪੂਰਨ ਤੇ ਉਚਤਮ ਤਿਉਹਾਰ ਹੈ। ਦੀਵਾਲੀ ਦੀ ਰਾਤ ਨੂੰ ਜਿੱਥੇ ਉਹਦਾ ਸੁਆਗਤ ਕਰਨ ਨੂੰ ਰੋਸ਼ਨੀਆਂ ਹੁੰਦੀਆਂ ਹਨ, ਉਥੇ ਦੇਵੀ ਲਕਸ਼ਮੀ ਆਉਂਦੀ ਹੈ। ਇਸੇ ਲਈ ਉਹ ਸਦਾ ਇਹਦਾ ਖਿਆਲ ਰੱਖਦੇ ਸਨ ਕਿ ਹਰ ਦੂਜੇ ਸੇਠ ਤੇ ਵਪਾਰੀ ਦੇ ਘਰ ਤੋਂ ਵੱਧ ਰੋਸ਼ਨੀਆਂ ਲਕਸ਼ਮੀ ਮਹੱਲ ਵਿਚ ਹੋਣੀਆਂ ਚਾਹੀਦੀਆਂ ਨੇ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਜਿੰਨੀਆਂ ਰੋਸ਼ਨੀਆਂ ਵਧੇਰੇ ਹੋਣਗੀਆਂ, ਉਤਨੀ ਹੀ ਵਧੇਰੇ ਲਕਸ਼ਮੀ ਦੀ ਕਿਰਪਾ ਹੋਵੇਗੀ ਤੇ ਸ਼ਾਇਦ ਸੀ ਵੀ ਉਹ ਸੱਚ। ਵੀਹ-ਬਾਈ ਵਰ੍ਹੇ ਪਹਿਲਾਂ ਜਦੋਂ ਉਨ੍ਹਾਂ ਦੀ ਕੱਪੜੇ ਦੀ ਨਿੱਕੀ ਜਿਹੀ ਦੁਕਾਨ ਸੀ, ਉਸ ਵੇਲੇ ਉਨ੍ਹਾਂ ਦੇ ਘਰ ਵਿਚ ਕੌੜੇ ਤੇਲ ਦੇ ਸੌ ਦੀਵੇ ਬਲਿਆ ਕਰਦੇ ਸਨ। ਫਿਰ ਜਦੋਂ ਮਹਾਂਯੁੱਧ ਹੋਇਆ ਤੇ ਉਹਨੂੰ ਫ਼ੌਜੀ ਕੰਬਲ ਸਪਲਾਈ ਕਰਨ ਦਾ ਠੇਕਾ ਮਿਲ ਗਿਆ ਤਾਂ ਉਨ੍ਹਾਂ ਦੇ ਨਵੇਂ ਘਰ 'ਤੇ ਇਕ ਹਜ਼ਾਰ ਦੀਵੇ ਜਗਮਗਾਉਣ ਲੱਗੇ। ਫਿਰ ਜਦੋਂ ਆਜ਼ਾਦੀ ਆਈ ਤਾਂ ਸੇਠ ਲਕਸ਼ਮੀ ਦਾਸ ਨੂੰ ਬਹੁਤ ਵੱਡਾ ਡੈਮ ਬਣਾਉਣ ਲਈ ਮਜ਼ਦੂਰ ਸਪਲਾਈ ਕਰਨ ਦਾ ਠੇਕਾ ਮਿਲ ਗਿਆ ਅਤੇ ਦੀਵਾਲੀ ਦੀ ਰਾਤ ਨੂੰ ਉਨ੍ਹਾਂ ਦੇ ਬੰਗਲੇ 'ਤੇ ਪੰਜ ਹਜ਼ਾਰ ਬਲਬ ਜਗਮਗਾ ਉਠੇ। ਇਸ ਵਰ੍ਹੇ ਉਨ੍ਹਾਂ ਨੇ ਕਿਸੇ ਅਮਰੀਕੀ ਕੰਪਨੀ ਨਾਲ ਮਿਲ ਕੇ ਕਈ ਕਰੋੜ ਰੁਪਏ ਮਹੀਨਾ ਆਮਦਨ ਦੀ ਆਸ ਕੀਤੀ ਸੀ, ਜੇ ਇਨਕਮ ਟੈਕਸ ਅਫ਼ਸਰ ਕੋਈ ਗੜਬੜ ਨਾ ਕਰਨ।

ਇਸ ਵਾਰ ਤਾਂ ਉਨ੍ਹਾਂ ਆਪਣੇ ਲਕਸ਼ਮੀ ਮਹੱਲ ਵਿਚ ਅਜਿਹੀ ਰੌਸ਼ਨੀ ਕੀਤੀ ਕਿ ਇਕ ਵਾਰ ਤਾਂ ਦੇਵੀ ਲਕਸ਼ਮੀ ਦੀਆਂ ਅੱਖਾਂ ਵੀ ਚੁੰਧਿਆ ਜਾਂਦੀਆਂ। ਇੰਨੀਆਂ ਸਾਰੀਆਂ ਰੋਸ਼ਨੀਆਂ, ਤੇ ਖਾਸ ਤੌਰ 'ਤੇ ਅਮਰੀਕੀ ਦੇਵੀ ਦੇ ਸਮਰਾਟ ਨੂੰ ਦੇਖ ਕੇ ਦੇਵੀ ਵੀ ਪ੍ਰਸੰਨ ਹੋ ਜਾਵੇ ਤਾਂ ਕੌਣ ਜਾਣਦਾ ਏ, ਅਗਲੀ ਦੀਵਾਲੀ ਤੱਕ ਸੇਠ ਜੀ ਪੰਜ-ਛੇ ਹੋਰ ਕਾਰਖਾਨੇ ਅਤੇ ਦੋ ਚਾਰ ਬੈਂਕ ਖਰੀਦ ਲੈਣ।

ਹਾਂ, ਤਾਂ ਦੀਵਾਲੀ ਦੀ ਰਾਤ ਸੀ, ਤੇ ਸੇਠ ਸਾਹਿਬ ਇਲੈਕਟ੍ਰਿਕ ਇੰਜੀਨੀਅਰ ਨੂੰ ਨਿਰਦੇਸ਼ ਦੇ ਰਹੇ ਸਨ ਕਿ ਬਿਜਲੀ ਦੇ ਕੁਨੈਕਸ਼ਨ ਤੇ ਫਿਊਜ਼ ਆਦਿ ਦਾ ਖਾਸ ਧਿਆਨ ਰੱਖੇ ਕਿਉਂ ਜੋ ਕਿਸੇ ਦੀ ਭੁੱਲ ਨਾਲ ਇਕ ਸਕਿੰਟ ਲਈ ਵੀ ਬਿਜਲੀ ਫੇਲ੍ਹ ਹੋ ਕੇ ਹਨ੍ਹੇਰਾ ਹੋ ਗਿਆ ਤਾਂ ਖ਼ਤਰਾ ਏ ਕਿ ਦੇਵੀ ਲਕਸ਼ਮੀ ਅਪ੍ਰਸੰਨ ਹੋ ਕੇ ਇਸ ਘਰੋਂ ਸਦਾ ਲਈ ਚਲੀ ਨਾ ਜਾਵੇ। ਇਸ ਲਈ ਇਲੈਕਟ੍ਰਿਕ ਇੰਜੀਨੀਅਰ ਨੇ ਜੈਨਰੇਟਰ ਵੀ ਲਾਇਆ ਹੋਇਆ ਸੀ ਤਾਂ ਜੋ ਬਿਜਲੀ ਸਪਲਾਈ ਵਿਚ ਕੋਈ ਗੜਬੜ ਹੋਵੇ ਤਾਂ ਜੈਨਰੇਟਰ ਨਾਲ ਬਣਾਈ ਹੋਈ ਬਿਜਲੀ ਕੰਮ ਆਵੇ।

ਅਚਾਨਕ ਸੇਠ ਸਾਹਿਬ ਨੂੰ ਜਾਪਿਆ ਜਿਵੇਂ ਪੂਰੇ ਮਹੱਲ ਵਿਚ ਲੱਗੇ ਹੋਏ ਸਾਰੇ ਬਿਜਲੀ ਦੇ ਬਲਬਾਂ ਦੀ ਲੋਅ ਹੋਰ ਤੇਜ਼ ਹੋ ਗਈ ਹੋਵੇ। 'ਦੇਵੀ ਲਕਸ਼ਮੀ ਆ ਗਈ', ਉਨ੍ਹਾਂ ਪ੍ਰਸੰਨ ਹੋ ਕੇ ਕਿਹਾ ਪਰ ਇੰਜੀਨੀਅਰ ਨੇ ਸਮਝਾਇਆ ਕਿ ਕਰੰਟ ਘਟਣ ਵਧਣ ਕਰ ਕੇ ਕਦੇ-ਕਦਾਈਂ ਅਜਿਹਾ ਹੁੰਦਾ ਏ ਕਿ ਲੋਅ ਵੱਧ ਜਾਂ ਘੱਟ ਹੋ ਜਾਂਦੀ ਏ। "ਤਾਂ ਫਿਰ ਤੇਰੀ ਡਿਊਟੀ ਇਹ ਵੇ ਕਿ ਦੇਖਦੇ ਰਹੋ ਕਿ ਲੋਅ ਵੱਧ ਹੁੰਦੀ ਰਹੇ, ਇਕ ਪਲ ਲਈ ਵੀ ਘੱਟ ਨਾ ਹੋਵੇ।"

ਇਹ ਕਹਿ ਕੇ ਸੇਠ ਸਾਹਿਬ ਵਰਾਂਡੇ ਦੇ ਸੰਗਮਰਮਰ ਦੀਆਂ ਪੌੜੀਆਂ ਉਤਰ ਕੇ ਬਾਰੀ ਵੱਲ ਤੁਰ ਪਏ ਜਿੱਥੇ ਹਰ ਰੁੱਖ ਦੀਆਂ ਟਾਹਣੀਆਂ ਵਿਚ ਜਗਮਗਾਉਂਦੇ ਹੋਏ ਫਲ ਝੂੱਲ ਰਹੇ ਸਨ। ਉਨ੍ਹਾਂ ਉਥੇ ਕਿਸੇ ਔਰਤ ਨੂੰ ਸੜਕ 'ਤੇ ਖਲੋਤਾ ਦੇਖਿਆ।

ਔਰਤ ਪਿੰਡੋਂ ਆਈ ਜਾਪਦੀ ਸੀ। ਉਹਦੇ ਸਰੀਰ 'ਤੇ ਮੈਲਾ ਘੱਗਰਾ ਸੀ ਜਿਸ ਦਾ ਰੰਗ ਕਦੇ ਲਾਲ ਹੋਵੇਗਾ। ਉਸੇ ਰੰਗ ਦੀ ਚੋਲੀ ਸੀ ਤੇ ਸਿਰ 'ਤੇ ਚੁੰਨੀ ਸੀ। ਉਹ ਵੀ ਮੋਟੇ ਲਾਲ ਖੱਦਰ ਦੀ ਪਰ ਲੁਕੀ ਹੋਈ। ਆਪਣੇ ਸਿਰ 'ਤੇ ਉਸ ਮੈਲੇ-ਕੁਚੈਲੇ ਚੀਥੜੇ ਵਿਚ ਲਿਪਟੀ ਹੋਈ ਗਠੜੀ ਚੁੱਕੀ ਹੋਈ ਸੀ। ਉਹਦੇ ਕੱਪੜੇ ਨਾ ਕੇਵਲ ਮੈਲੇ ਸਨ ਸਗੋਂ ਪਾਟੇ-ਪੁਰਾਣੇ ਵੀ ਸਨ।

'ਕੋਈ ਗਰੀਬ ਭਿਖਾਰਨ ਹੋਵੇਗੀ।' ਸੇਠ ਲਕਸ਼ਮੀ ਦਾਸ ਨੇ ਸੋਚਿਆ।

"ਕਿਉਂ ਮਾਈ, ਕੀ ਚਾਹੀਦਾ ਏ?" ਉਨ੍ਹਾਂ ਪੌੜੀਆਂ ਉਤਰਦੇ ਹੋਏ ਪੁੱਛਿਆ। ਨੇੜੇ ਜਾਣ 'ਤੇ ਉਨ੍ਹਾਂ ਦੇਖਿਆ ਕਿ ਔਰਤ ਗਰੀਬ ਸਹੀ, ਪਰ ਜੁਆਨ ਤੇ ਸਾਂਵਲੀ ਹੋਣ ਦੇ ਬਾਵਜੂਦ ਸੁੰਦਰ ਏ।

"ਇਕ ਰਾਤ ਕਿਧਰੇ ਠਹਿਰਨ ਦੀ ਥਾਂ ਚਾਹੀਦੀ ਏ ਸੇਠ ਜੀ। ਬਹੁਤ ਦੂਰੋਂ ਆਈ ਆਂ।"

"ਨਾ ਬਾਬਾ ਮੁਆਫ ਕਰ।" ਉਹ ਕਾਹਲੀ ਨਾਲ ਬੋਲੇ। ਮਨ ਹੀ ਮਨ ਉਨ੍ਹਾਂ ਸੋਚ ਲਿਆ ਕਿ ਕਿਸੇ ਅਣਜਾਣ ਜੁਆਨ ਔਰਤ ਨੂੰ ਰਾਤ ਭਰ ਘਰ ਰੱਖਣ ਦਾ ਕੀ ਸਿੱਟਾ ਹੋਵੇਗਾ। ਹੋ ਸਕਦਾ ਏ, ਰਾਤੋ-ਰਾਤ ਘਰ ਵਿਚੋਂ ਪੈਸਾ ਜਾਂ ਗਹਿਣੇ ਚੋਰੀ ਕਰ ਕੇ ਭੱਜ ਜਾਵੇ। ਹੋ ਸਕਦਾ ਏ ਕਿ ਉਹਨੂੰ ਬਲੈਕਮੇਲ ਕਰ ਕੇ ਪੈਸਾ ਵਸੂਲ ਕਰੇ। ਸੇਠ ਜੀ ਦਾ ਮੁੰਡਾ ਜੁਆਨ ਸੀ। ਉਹ ਕਿਧਰੇ ਇਸ ਅਣਜਾਣ ਔਰਤ ਦੇ ਚੱਕਰ ਵਿਚ ਨਾ ਆ ਜਾਵੇ। ਫਿਰ ਵੀ ਉਨ੍ਹਾਂ ਸੋਚਿਆ ਕਿ ਦੀਵਾਲੀ ਦੀ ਰਾਤ ਏ, ਕਿਸੇ ਭਿਖਾਰਨ ਨੂੰ ਦੁਰਕਾਰਨਾ ਵੀ ਨਹੀਂ ਚਾਹੀਦਾ।

"ਭੁੱਖੀ ਏਂ ਤਾਂ ਖਾਣਾ ਖੁਆ ਦਿੰਦਾ ਆਂ। ਲੱਡੂ, ਪੂਰੀ ਜੋ ਜੀਅ ਚਾਹੇ ਖਾ ਲੈ।"

"ਮੈਂ ਭਿਖਾਰਨ ਨਹੀਂ ਆਂ ਸੇਠ ਜੀ।" ਉਹਨੇ ਆਪਣੇ ਸਿਰ 'ਤੇ ਰੱਖੀ ਗਠੜੀ ਵੱਲ ਇਸ਼ਾਰਾ ਕਰਦਿਆਂ ਕਿਹਾ, "ਮੇਰੇ ਕੋਲ ਖਾਣ ਨੂੰ ਬਹੁਤ ਕੁਝ ਏ। ਮੱਕੀ ਦੀ ਰੋਟੀ ਏ, ਸਰ੍ਹੋਂ ਦਾ ਸਾਗ। ਪਿੰਡ ਦਾ ਅਸਲੀ ਘਿਉ ਏ, ਦੁੱਧ ਏ। ਤੁਹਾਡੇ ਸਾਰੇ ਘਰ ਨੂੰ ਢਿੱਡ ਭਰ ਕੇ ਖੁਆ ਸਕਦੀ ਆਂ। ਮੈਨੂੰ ਤਾਂ ਰਾਤ ਠਹਿਰਨ ਦੀ ਥਾਂ ਚਾਹੀਦੀ ਏ।"

ਉਹਦੀ ਹਾਜ਼ਰ ਜੁਆਬੀ ਤੋਂ ਸੇਠ ਜੀ ਹੋਰ ਘਬਰਾ ਗਏ। ਉਨ੍ਹਾਂ ਸੋਚਿਆ ਕਿ ਪਿੰਡ ਦੀ ਕਿਸੇ ਮਾਮੂਲੀ ਔਰਤ ਦੀ ਹਿੰਮਤ ਨਹੀਂ ਹੋ ਸਕਦੀ ਕਿ ਇੰਜ ਸੁਆਲ-ਜੁਆਬ ਕਰੇ। ਕਿਧਰੇ ਇਹ ਔਰਤ ਇਨਕਮ ਟੈਕਸ ਵਾਲਿਆਂ ਦੀ ਜਾਸੂਸ ਤਾਂ ਨਹੀਂ ਏ?

"ਨਾ ਬਾਬਾ, ਮੁਆਫ ਕਰ। ਸਾਡੇ ਘਰ ਵਿਚ ਥਾਂ ਨਹੀਂ ਏ। ਕੋਈ ਦੂਜਾ ਘਰ ਦੇਖ।"

"ਤਾਂ ਫਿਰ ਦੂਜਾ ਘਰ ਹੀ ਦੇਖਣਾ ਪਵੇਗਾ ਸੇਠ ਜੀ।" ਇਹ ਕਹਿ ਕੇ ਉਹ ਔਰਤ ਆਪਣੀ ਗਠੜੀ ਸਾਂਭਦੀ ਹੋਈ ਚਲੀ ਗਈ। ਸੇਠ ਜੀ ਮੁੜ ਕੇ ਪੌੜੀਆਂ ਚੜ੍ਹਦੇ ਹੋਏ ਵਾਪਸ ਵਰਾਂਡੇ ਵਿਚ ਜਾ ਰਹੇ ਸਨ ਕਿ ਉਨ੍ਹਾਂ ਮਹਿਸੂਸ ਕੀਤਾ ਕਿ ਅਮਰੀਕੀ ਦੀਵੇ ਦਾ ਪ੍ਰਕਾਸ਼ ਕੁਝ ਪੀਲਾ ਪੈਂਦਾ ਜਾ ਰਿਹਾ ਏ। ਪਾਵਰ ਦਾ ਕਰੰਟ ਫਿਰ ਹੇਠਾਂ ਜਾ ਰਿਹਾ ਏ। ਉਨ੍ਹਾਂ ਫਿਰ ਚੀਕ ਕੇ ਕਿਹਾ, "ਇੰਜੀਨੀਅਰ, ਜੈਨਰੇਟਰ ਤਿਆਰ ਰੱਖੋ। ਦੀਵੇ ਬੁਝ ਨਾ ਸਕਣ।"

ਇਲੈਕਟ੍ਰਿਕ ਇੰਜੀਨੀਅਰ ਭੱਜਦਾ ਹੋਇਆ ਆਇਆ ਤੇ ਉਹਨੇ ਕਿਹਾ, "ਸੇਠ ਜੀ, ਕਰੰਟ ਬਿਲਕੁਲ ਠੀਕ ਆ ਰਿਹਾ ਏ। ਉਂਜ ਜੈਨਰੇਟਰ ਵੀ ਤਿਆਰ ਏ। ਤੁਸੀਂ ਬਿਲਕੁਲ ਨਾ ਘਬਰਾਉ।"

"ਘਬਰਾਵਾਂ ਕਿਉਂ ਨਾ?" ਸੇਠ ਜੀ ਦਾ ਦਿਲ ਪਤਾ ਨਹੀਂ ਕਿਉਂ ਕਿਸੇ ਅਜੀਬ ਜਿਹੀ ਬੇਚੈਨੀ ਨਾਲ ਧੜਕ ਰਿਹਾ ਸੀ। "ਜਾਣਦੇ ਨਹੀਂ, ਦੀਵਾਲੀ ਦੀ ਰਾਤ ਏ, ਇਕ ਪਲ ਵੀ ਹਨ੍ਹੇਰਾ ਹੋ ਗਿਆ ਤੇ ਉਹ ਦੇਵੀ ਦੇ ਆਉਣ ਦਾ ਸਮਾਂ ਹੋਇਆ ਤਾਂ



ਦੇਵੀ ਰੁੱਸ ਕੇ ਕਿਧਰੇ ਹੋਰ ਚਲੀ ਗਈ ਤਾਂ... ਤਾਂ...?"

### ਦੂਜਾ ਦੀਵਾ

ਇਨਕਮ ਟੈਕਸ ਅਫ਼ਸਰ ਲਕਸ਼ਮੀ ਕਾਂਤ ਤੇਲ ਦੀ ਬੋਤਲ ਲੈ ਕੇ ਆਪਣੇ ਫਲੈਟ ਦੀ ਬਾਲਕਨੀ ਵਿਚ ਨਿਕਲੇ ਤਾਂ ਉਨ੍ਹਾਂ ਦੇਖਿਆ ਕਿ ਸਾਹਮਣੇ ਸੇਠ ਲਕਸ਼ਮੀ ਦਾਸ ਦਾ ਮਹੱਲ ਬਿਜਲੀ ਦੀਆਂ ਰੌਸ਼ਨੀਆਂ ਨਾਲ ਜਗਮਗਾ ਰਿਹਾ ਏ।

'ਹਾਂ, ਕਿਉਂ ਨਾ ਹੋਵੇ?' ਉਹਨੇ ਸੋਚਿਆ, 'ਕਰੋੜਾਂ ਰੁਪਏ ਬਲੈਕ ਦਾ ਜੋ ਮੌਜੂਦ ਏ। ਦਸ ਹਜ਼ਾਰ ਕੀ, ਬਿਜਲੀ ਦੇ ਦਸ ਲੱਖ ਬਲੱਬ ਲਾ ਸਕਦਾ ਏ।'

ਫਿਰ ਉਹਨੇ ਦੇਖਿਆ ਕਿ ਉਹਦੀ ਆਪਣੀ ਬਾਲਕਨੀ ਦੇ ਬਨੇਰੇ 'ਤੇ ਜਿਹੜੇ ਸੌ ਦੀਵੇ ਉਸ ਨੇ ਸਜਾ ਕੇ ਰੱਖੇ ਸਨ, ਉਨ੍ਹਾਂ 'ਚੋਂ ਇਕ ਦੀਵੇ ਦੀ ਲੋਅ ਮੱਧਮ ਹੋ ਰਹੀ ਸੀ। ਉਸ ਨੇ ਘਬਰਾ ਕੇ ਸੋਚਿਆ, 'ਕਿਧਰੇ ਦੀਵਾ ਬੁਝ ਨਾ ਜਾਵੇ, ਸ਼ਗਨ ਹੀ ਬੁਰਾ ਨਾ ਹੋ ਜਾਵੇ', ...ਤੇ ਕਾਹਲੀ ਨਾਲ ਉਹਨੇ ਬੋਤਲ ਦਾ ਤੇਲ ਦੀਵੇ ਵਿਚ ਉਲਟਾ ਦਿੱਤਾ। ਫਿਰ ਲੋਅ ਵੀ ਉਚੀ ਕੀਤੀ ਤਾਂ ਉਹਨੂੰ ਅਜਿਹਾ ਜਾਪਿਆ ਜਿਵੇਂ ਨਾ ਕੇਵਲ ਉਸ ਦੀਵੇ ਦਾ, ਸਗੋਂ ਸੌ ਦੇ ਸੌ ਦੀਵਿਆਂ ਦੀ ਲੋਅ ਇਕਦਮ ਤੇਜ਼ ਹੋ ਗਈ ਹੋਵੇ।

"ਧਨ ਹੋ ਦੇਵੀ।" ਉਹਨੇ ਕੰਧ 'ਤੇ ਲਕਸ਼ਮੀ ਦੀ ਤਸਵੀਰ ਅੱਗੇ ਪ੍ਰਣਾਮ ਕਰਦੇ ਹੋਏ ਕਿਹਾ, "ਇਸ ਵਰ੍ਹੇ ਤਾਂ ਤੇਰੀ ਬੜੀ ਕਿਰਪਾ ਰਹੀ ਏ।"

ਫਿਰ ਉਹਨੇ ਕੁਰਸੀ 'ਤੇ ਆਰਾਮ ਨਾਲ ਬੈਠ ਕੇ ਆਪਣਾ ਜਾਸੂਸੀ ਨਾਵਲ ਚੁੱਕਿਆ ਜਿਹੜਾ ਮੁੱਕਣ ਵਾਲਾ ਸੀ ਤੇ ਉਹਦਾ ਹੀਰੋ ਉਸ ਸਮੇਂ ਡਾਕੂਆਂ ਦੀ ਟੋਲੀ ਦੇ ਪੰਜੇ ਵਿਚ ਫਸਿਆ ਹੋਇਆ ਸੀ।

ਬੂਹੇ ਦੀ ਘੰਟੀ ਵੱਜੀ ਤਾਂ ਰਸੋਈ 'ਚੋਂ ਬੀਵੀ ਚੀਕੀ, "ਮਖ...ਜ਼ਰਾ ਦੇਖੋ ਤਾਂ ਕੌਣ ਏ?"

"ਮੰਗੂ ਨੂੰ ਆਖੋ ਨਾ, ਦੇਖੇ ਕੌਣ ਏ?" ਉਹਨੇ ਨਾਵਲ ਤੋਂ ਨਜ਼ਰ ਚੁੱਕੇ ਬਿਨਾਂ ਉਤਰ ਦਿੱਤਾ।

"ਮੰਗੂ ਨੂੰ ਮੈਂ ਬਾਜ਼ਾਰ ਭੇਜਿਆ ਏ ਮਠਿਆਈ ਲਿਆਉਣ।" ਰਸੋਈ 'ਚੋਂ ਆਵਾਜ਼ ਆਈ।

"ਫਿਰ ਗੰਗਾ ਨੂੰ ਭੇਜੋ।"

ਗੰਗਾ ਉਨ੍ਹਾਂ ਦੇ ਘਰ ਸਵੇਰੇ-ਸ਼ਾਮ ਭਾਂਡੇ ਮਾਂਜਣ ਆਉਂਦੀ ਸੀ।

"ਗੰਗਾ ਮੁਰਦਾਰ ਤਾਂ ਅੱਜ ਛੁੱਟੀ ਮਨਾ ਰਹੀ ਏ। ਕਹਿੰਦੀ ਸੀ, ਬਈ ਸਾਡੀ ਵੀ ਅੱਜ ਦੀਵਾਲੀ ਏ। ਅੱਜ ਅਸੀਂ ਕੰਮ ਨਹੀਂ ਕਰਾਂਗੇ। ਇਸ ਲਈ ਮੈਂ ਵੀ ਚੁੜੇਲ ਨੂੰ ਖੜ੍ਹੇ-ਖਲੋਤੇ ਕੱਢ ਦਿੱਤਾ।"

ਘੰਟੀ ਇਕ ਵਾਰ ਫਿਰ ਵੱਜੀ।

"ਚੰਗਾ ਹੁਣ ਤੂੰ ਹੀ ਉਠ। ਜ਼ਰੂਰ ਸੇਠ ਜੀ ਦੇ ਘਰੋਂ ਮਠਿਆਈ ਆਈ ਹੋਵੇਗੀ।"

"ਕੇਵਲ ਮਠਿਆਈ ਹੀ ਆਈ ਏ ਜਾਂ ਕੁਝ ਹੋਰ?" ਉਹਨੇ ਉਠਦੇ ਹੋਏ ਪੁੱਛਿਆ ਪਰ ਜਦੋਂ ਉਹਨੇ ਬੂਹਾ ਖੋਲ੍ਹਿਆ ਤਾਂ ਸੇਠ ਜੀ ਦਾ ਨੌਕਰ ਨਹੀਂ ਸੀ, ਕੋਈ ਔਰਤ ਖਲੋਤੀ ਸੀ। ਔਰਤ ਸ਼ਕਲ ਤੋਂ ਗੰਵਾਰ ਜਾਪਦੀ ਸੀ। ਕੱਪੜੇ ਵੀ ਪਾਟੇ-ਪੁਰਾਣੇ ਸਨ। ਸਿਰ 'ਤੇ ਮੈਲੇ ਜਿਹੇ ਚੀਥੜੇ ਵਿਚ ਲਿਪਟੀ ਗਠੜੀ ਸੀ ਪਰ ਸੀ ਜੁਆਨ ਤੇ ਸੁੰਦਰ। ਲਕਸ਼ਮੀ ਕਾਂਤ ਨੇ ਮਨ ਹੀ ਮਨ ਸੋਚਿਆ, ਜੁਆਨੀ ਤੇ ਸੁੰਦਰਤਾ ਉਤੇ ਵੀ ਇਨਕਮ ਟੈਕਸ ਲੱਗਣਾ ਚਾਹੀਦਾ ਏ।

ਪਰ ਉਚੀ ਆਵਾਜ਼ ਵਿਚ ਉਹਨੇ ਪੁੱਛਿਆ, "ਕਿਉਂ? ਕੀ ਚਾਹੀਦਾ ਏ?"

"ਬਾਬੂ ਜੀ ਬਹੁਤ ਦੂਰੋਂ ਆਈ ਆਂ। ਘਰ ਪਰਤਣ ਦਾ ਸਮਾਂ ਨਹੀਂ ਰਿਹਾ। ਰਾਤ ਠਹਿਰਨ ਦੀ ਥਾਂ ਮਿਲ ਜਾਵੇ ਤਾਂ ਬੜੀ ਕਿਰਪਾ ਹੋਵੇਗੀ। ਮੈਂ ਕਿਧਰੇ ਨੁੱਕਰ ਵਿਚ ਪਈ ਰਹਾਂਗੀ।"

ਲਕਸ਼ਮੀ ਕਾਂਤ ਨੇ ਇਕ ਵਾਰ ਫਿਰ ਉਸ ਔਰਤ ਦੀ ਜਵਾਨੀ ਦਾ ਜਾਇਜ਼ਾ ਲਿਆ। ਫਿਰ ਮੁੜ ਕੇ ਕਣੱਖਾ ਰਸੋਈ ਵੱਲ ਦੇਖਿਆ ਜਿੱਥੇ ਉਹਦੀ ਬੀਵੀ ਪੂਰੀਆਂ ਤਲ ਰਹੀ ਸੀ। ਲਾਜੋ ਮੋਟੀ ਸੀ। ਉਹਦੇ ਮੂੰਹ 'ਤੇ ਚੇਚਕ ਦੇ ਦਾਗ ਸਨ ਪਰ ਉਹ ਦਾਜ ਵਿਚ ਪੰਜਾਹ ਹਜ਼ਾਰ ਲਿਆਈ ਸੀ। ਉਹਦੇ ਸਾਰੇ ਰਿਸ਼ਤੇਦਾਰਾਂ ਨੇ ਵਧਾਈਆਂ ਦਿੰਦਿਆਂ ਕਿਹਾ ਸੀ, "ਲਕਸ਼ਮੀ ਕਾਂਤ, ਸੱਚਮੁੱਚ ਤੇਰੇ ਘਰ ਲਕਸ਼ਮੀ ਆਈ ਏ।"

ਲਕਸ਼ਮੀ ਕਾਂਤ ਨੇ ਆਪਣੀ ਬੀਵੀ ਵੱਲ ਦੇਖਿਆ। ਉਹਦੇ ਹੱਥ ਵਿਚ ਪੂਰੀਆਂ ਵੇਲਣ ਦਾ ਲੱਕੜੀ ਦਾ ਵੇਲਣਾ ਸੀ ਤੇ ਫਿਰ ਹੌਲਾ ਜਿਹਾ ਠੰਢਾ ਸਾਹ ਲੈ ਕੇ ਉਹ ਅਣਜਾਣ ਔਰਤ ਨੂੰ ਸੰਬੋਧਿਤ ਹੋਇਆ, "ਆਈ ਕਿੱਥੋਂ ਏਂ?"

"ਬਹੁਤ ਦੂਰੋਂ ਆਈ ਆਂ ਬਾਬੂ ਜੀ, ਪਰ ਇਸ ਸਮੇਂ ਤਾਂ ਸੇਠ ਲਕਸ਼ਮੀ ਦਾਸ ਦੇ ਘਰੋਂ ਆਈ ਆਂ।"

"ਕਿਉਂ? ਸੇਠ ਜੀ ਨੇ ਤੈਨੂੰ ਕੱਢ ਦਿੱਤਾ ਏ?"

"ਹਾਂ! ਬਾਬੂ ਜੀ, ਇਹੀ ਸਮਝੋ, ਕੱਢ ਹੀ ਦਿੱਤਾ।"

"...ਤੇ ਉਥੋਂ ਤੂੰ ਸਿੱਧੀ ਇੱਥੇ ਆ ਗਈ।"

"ਹਾਂ, ਬਾਬੂ ਜੀ।"

ਲਕਸ਼ਮੀ ਕਾਂਤ ਨੇ ਕਿੰਨੇ ਹੀ ਜਾਸੂਸੀ ਨਾਵਲ ਪੜ੍ਹੇ ਸਨ ਤੇ ਉਹਨੂੰ ਪਤਾ ਸੀ ਕਿ ਜੇ ਕੋਈ ਪੂੰਜੀਪਤੀ ਕਿਸੇ ਨੂੰ ਤਬਾਹ ਕਰਨਾ ਚਾਹੁੰਦਾ ਹੈ ਤਾਂ ਉਹਦਾ ਹਥਿਆਰ ਕੋਈ ਅਜਿਹੀ ਔਰਤ ਵੀ ਹੋ ਸਕਦੀ ਏ।

'...ਤੇ ਸੇਠ ਜੀ ਨੇ ਮੈਨੂੰ ਇਹ ਦੀਵਾਲੀ ਦੀ ਭੇਟ ਭੇਜੀ ਏ?' ਇਹ ਸੋਚਦੇ ਹੋਏ ਉਹਨੇ ਦੰਦ ਪੀਹ ਕੇ ਕਿਹਾ, "ਇਸ ਗਠੜੀ ਵਿਚ ਕੀ ਏ?"

"ਇਸ ਵਿਚ ਮੱਕੀ ਦੀ ਰੋਟੀ ਏ, ਬਾਬੂ ਜੀ। ਸਰ੍ਹੋਂ ਦਾ ਸਾਗ ਏ ਤੇ ਪਿੰਡ ਦਾ ਅਸਲੀ ਘਿਉ ਏ ਤੇ ਦੁੱਧ ਏ, ਦਹੀਂ ਏ।"

"ਬਸ, ਬਸ ਰਹਿਣ ਦੇ।" ਉਹਨੂੰ ਵਿਸ਼ਵਾਸ ਸੀ ਕਿ ਇਹ ਸਭ ਬਕਵਾਸ ਹੈ।

ਜਾਸੂਸੀ ਨਾਵਲਾਂ ਅਨੁਸਾਰ ਇਸ ਗਠੜੀ ਵਿਚ ਗਹਿਣਾ ਹੋਵੇਗਾ। ਨਿਸ਼ਾਨ ਲੱਗੇ ਹੋਏ ਨੋਟ ਹੋਣਗੇ। ਰਾਤ ਨੂੰ ਗਠੜੀ ਇਸ ਘਰ ਵਿਚ ਛੱਡ ਕੇ ਇਹ ਔਰਤ ਰਫੂ-ਚੱਕਰ ਹੋ ਜਾਵੇਗੀ ਤੇ ਜਦੋਂ ਸੇਠ ਉਹਨੂੰ ਫੜਵਾਉਣ ਦੀ ਧਮਕੀ ਦੇਵੇਗਾ ਤਾਂ ਬਿਨਾਂ ਕੁਝ ਲਏ ਦਿੱਤੇ ਉਹਦੇ ਇਨਕਮ ਟੈਕਸ ਰਿਟਰਨ ਪਾਸ ਕਰਵਾ ਲਵੇਗਾ।

"ਜਾਹ, ਦੂਜਾ ਘਰ ਵੇਖ।" ਉਹਨੇ ਔਰਤ ਦੀ ਜਵਾਨੀ ਦਾ ਅੰਤਿਮ ਵਾਰ ਜਾਇਜ਼ਾ ਲੈਣ ਤੋਂ ਬਾਅਦ ਇਕ ਹੋਰ ਠੰਢਾ ਸਾਹ ਲਿਆ ਤੇ ਬੂਹਾ ਬੰਦ ਕਰ ਦਿੱਤਾ।

"ਕੌਣ ਸੀ?" ਲਾਜੋ ਰਸੋਈ 'ਚੋਂ ਚੀਕੀ।

"ਕੋਈ ਨਹੀਂ।"

"ਕੋਈ ਨਹੀਂ ਸੀ ਤਾਂ ਇੰਨੀ ਦੇਰ ਕਿਸ ਨਾਲ ਗੱਲਾਂ ਕਰ ਰਹੇ ਸਉ।"

"ਮੇਰਾ ਦਿਮਾਗ ਨਾ ਖਾ। ਕੋਈ ਭਿਖਾਰਨ ਸੀ।"

"ਭਿਖਾਰਨ ਸੀ! ਤਦੇ ਇੰਨੀ ਦੇਰ ਮਿੱਠੀਆਂ-ਮਿੱਠੀਆਂ ਗੱਲਾਂ ਕਰ ਰਹੇ ਸਉ। ਤੈਨੂੰ ਖੂਬ...।"

ਇਕ ਵਾਰ ਫਿਰ ਘੰਟੀ ਵੱਜੀ।

"ਜਾਓ, ਜਾਪਦਾ ਏ ਫਿਰ ਤੇਰੀ ਭਿਖਾਰਨ ਆਈ ਏ।" ਬੀਵੀ ਨੇ ਹੁਕਮ ਦਿੱਤਾ। ਲਕਸ਼ਮੀ ਕਾਂਤ ਨੇ ਬੂਹਾ ਖੋਲ੍ਹਿਆ ਤਾਂ ਚਿੱਟੀ ਵਰਦੀ ਪਾਈ ਇਕ ਡਰਾਈਵਰ ਹੱਥ ਵਿਚ ਮਠਿਆਈ ਦਾ ਵੱਡਾ ਸਾਰਾ ਸੁਨਹਿਰੀ ਡੱਬਾ ਲਈ ਖਲੋਤਾ ਸੀ।

"ਸੇਠ ਲਕਸ਼ਮੀ ਦਾਸ ਨੇ ਦੀਵਾਲੀ ਦੀ ਮਠਿਆਈ ਭੇਜੀ ਹੈ।"

ਲਕਸ਼ਮੀ ਕਾਂਤ ਡੱਬਾ ਲੈ ਕੇ ਅੰਦਰ ਆਇਆ ਤਾਂ ਲਾਜੋ ਨੇ ਕਾਹਲੀ ਨਾਲ ਡੱਬਾ ਲੈ ਲਿਆ ਤੇ ਡਰਾਈਵਰ ਨੂੰ ਚੀਕ ਕੇ ਬੋਲੀ, "ਚੰਗਾ ਭਰਾਵਾ, ਸੇਠ ਜੀ ਨੂੰ ਸਾਡੀ ਨਮਸਤੇ ਕਹਿਣਾ ਤੇ ਦੀਵਾਲੀ ਦੀ ਵਧਾਈ।"

ਬੂਹਾ ਬੰਦ ਕਰ ਕੇ ਲਕਸ਼ਮੀ ਕਾਂਤ ਕਮਰੇ 'ਚ ਪ੍ਰਵੇਸ਼ ਕਰ ਹੀ ਰਿਹਾ ਸੀ ਕਿ ਬੀਵੀ ਨੇ ਫਿਰ ਡਾਂਟਿਆ, "ਓ...ਹੋ! ਇੱਥੇ ਖਲੋਤੇ ਮੇਰਾ ਮੂੰਹ ਕੀ ਝਾਕ ਰਹੇ ਹੋ। ਛੇਤੀ ਨਾਲ ਦੀਵਿਆਂ 'ਚ ਤੇਲ ਪਾਉ। ਇਨ੍ਹਾਂ ਦੀ ਲੋਅ ਘਟ ਰਹੀ ਏ।"

### ਤੀਜਾ ਦੀਵਾ

ਦੀਵਾ ਕੇਵਲ ਇਕੋ ਹੀ ਸੀ ਜਿਹੜਾ ਝੁੱਗੀ ਦੇ ਸਾਹਮਣੇ ਟਿਮਟਿਮਾ ਰਿਹਾ ਸੀ। ਦੀਵੇ ਵਿਚ ਤੇਲ ਵੀ ਬਹੁਤ ਘੱਟ ਸੀ।

ਅੰਦਰ ਮੰਜੇ 'ਤੇ ਲੱਖੂ ਪਿਆ ਸੀ। ਉਹਦਾ ਨਾਂ ਕਦੇ ਲਕਸ਼ਮੀ ਚੰਦ ਹੁੰਦਾ ਸੀ। ਜਦੋਂ ਉਹ ਆਪਣੇ ਪਿੰਡ ਤੋਂ ਚੱਲ ਕੇ ਸ਼ਹਿਰ ਆਇਆ ਸੀ,

*(ਬਾਕੀ ਅਗਲੇ ਸਫੇ 'ਤੇ)*

ਤਾਂ ਮਿੱਲ ਤੇ ਝੁੱਗੀਆਂ ਦੀ ਬਸਤੀ ਵਿਚ ਸਾਰੇ ਉਹਨੂੰ ਲੱਖੂ ਹੀ ਕਹਿੰਦੇ ਸਨ। ਗਰੀਬ ਮਜ਼ਦੂਰ ਨੂੰ, ਖਾਸ ਤੌਰ 'ਤੇ ਜਦੋਂ ਉਹ ਬੇਕਾਰ ਹੋਵੇ, ਭਲਾ ਕੌਣ ਲਕਸ਼ਮੀ ਚੰਦ ਕਹਿ ਸਕਦਾ ਸੀ! ਉਹਦੀ ਬੀਵੀ ਗੰਗਾ ਨੁੱਕਰ ਵਿਚ ਬਣੇ ਚੁੱਲ੍ਹੇ 'ਤੇ ਭਾਤ ਪਕਾ ਰਹੀ ਸੀ ਤੇ ਸੋਚਦੀ ਜਾ ਰਹੀ ਸੀ ਕਿ ਬੱਚਿਆਂ ਨੂੰ ਭਾਤ ਨਾਲ ਕੀ ਖਾਣ ਨੂੰ ਦੇਵਾਂ? ਘਰੇ ਸਿਰਫ ਦੋ ਰੁਪਏ ਸਨ, ਉਹਦੀ ਉਹ ਲੱਖੂ ਲਈ ਦਵਾਈ ਲੈ ਆਈ ਸੀ। ਮਾਲਕਨ ਨੇ ਖੜ੍ਹੇ-ਖਲੋਤੇ ਕੱਢ ਦਿੱਤਾ ਸੀ, ਸਿਰਫ ਇਸ ਲਈ ਕਿ ਉਹਨੇ ਦੀਵਾਲੀ ਦੀ ਛੁੱਟੀ ਮੰਗੀ ਸੀ। ਪੰਦਰਾਂ ਦਿਨ ਦੀ ਤਨਖਾਹ ਬਾਕੀ ਸੀ, ਉਹ ਵੀ ਨਹੀਂ ਸੀ ਦਿੱਤੀ। ਕਹਿ ਦਿੱਤਾ ਸੀ, "ਦੀਵਾਲੀ ਤੋਂ ਬਾਅਦ ਆਉਣਾ। ਅੱਜ ਦੇ ਦਿਨ ਅਸੀਂ ਲਕਸ਼ਮੀ ਨੂੰ ਘਰੋਂ ਬਾਹਰ ਨਹੀਂ ਕੱਢਦੇ।" ਇੰਨੇ ਨੂੰ ਉਹਦੇ ਦੋਵੇਂ ਬੱਚੇ ਭੱਜੇ-ਭੱਜੇ ਆਏ। ਵੱਡਾ ਸੱਤ ਸਾਲ ਦਾ ਸੀ ਲਕਸ਼ਮਣ ਅਤੇ ਛੋਟੀ ਚਾਰ ਸਾਲ ਦੀ ਸੀ ਮੀਨਾ।

ਲਕਸ਼ਮਣ ਬੋਲਿਆ, "ਮਾਂ ਮਾਂ! ਸੇਠ ਜੀ ਦੇ ਮਹੱਲ ਵਿਚ ਇੰਨੇ ਦੀਵੇ ਬਲ ਰਹੇ ਨੇ ਕਿ ਜਾਪਦਾ ਏ ਰਾਤ ਨਹੀਂ, ਦਿਨ ਏ। ਇਕ ਦੀਵਾ ਤਾਂ ਇੰਨਾ ਵੱਡਾ ਏ ਕਿ ਸਭ ਉਹਨੂੰ ਦੇਵੀ ਦਾ ਸਮਰਾਟ ਕਹਿੰਦੇ ਨੇ।"

ਤੇ ਮੀਨਾ ਨੇ ਭਿਣਕ ਕੇ ਕਿਹਾ, "ਮਾਂ ਭੁੱਖ ਲੱਗੀ ਏ।"

ਪਰ ਲਕਸ਼ਮਣ ਨੇ ਉਹਨੂੰ ਝਿੜਕ ਦਿੱਤਾ, "ਮਾਂ, ਸਾਡੇ ਘਰ ਇਕੋ ਹੀ ਦੀਵਾ ਕਿਉਂ ਬਲ ਰਿਹਾ ਏ?"

"ਇਸ ਲਈ ਬੇਟਾ...ਕਿ ਅਸੀਂ ਗਰੀਬ ਹਾਂ। ਤੇਲ ਦੇ ਪੈਸੇ ਨਹੀਂ ਕਿ ਹੋਰ ਦੀਵੇ ਬਾਲ ਸਕੀਏ।"

ਤੇ ਖੰਘਦੇ ਹੋਏ ਲੱਖੂ ਨੇ ਮੰਜੇ ਤੋਂ ਆਵਾਜ਼ ਦਿੱਤੀ, "...ਤੂੰ ਫਿਰ ਇਹ ਦੀਵਾ ਵੀ ਬੁਝਾ ਦੇ। ਇਸ ਝੁੱਗੀ ਵਿਚ ਹਨ੍ਹੇਰਾ ਹੀ ਠੀਕ ਏ।"

"ਹਾਏ ਰਾਮ।" ਗੰਗਾ ਛੇਤੀ ਨਾਲ ਬੋਲੀ, "ਦੀਵਾਲੀ ਦੀ ਰਾਤ ਨੂੰ ਦੀਵਾ ਬੁਝਾ ਦੇਵਾਂ? ਹਨ੍ਹੇਰੇ ਵਿਚ ਦੇਵੀ ਲਕਸ਼ਮੀ ਨਹੀਂ ਆਵੇਗੀ।"

ਲੱਖੂ ਇੰਨੇ ਜ਼ੋਰ ਨਾਲ ਚੀਕਿਆ ਕਿ ਖੰਘ ਦਾ ਦੌਰਾ ਪੈ ਗਿਆ ਪਰ ਖੰਘਦੇ-ਖੰਘਦੇ ਵੀ ਉਹ ਬੋਲੀ ਗਿਆ, "ਦੇਵੀ ਸੇਠ ਲਕਸ਼ਮੀ ਦਾਸ ਦੇ ਮਹੱਲ ਵਿਚ ਆਵੇਗੀ...ਲਕਸ਼ਮੀ ਚੰਦ ਦੇ ਘਰ ਨਹੀਂ ਆਵੇਗੀ...ਨਾ ਬੁਝਾ ਦੀਵਾ...ਥੋੜ੍ਹੀ ਦੇਰ ਵਿਚ ਤੇਲ ਮੁੱਕ ਜਾਵੇਗਾ ਤਾਂ ਆਪਣੇ ਆਪ ਹੀ ਬੁਝ ਜਾਵੇਗਾ।"

ਲਕਸ਼ਮਣ ਜਿਹੜਾ ਬਾਰੀ 'ਚੋਂ ਝਾਕ ਰਿਹਾ ਸੀ, ਚੀਕਿਆ, "ਬਾਬਾ...ਬਾਬਾ, ਦੇਖੋ ਦੀਵੇ ਦੀ ਲੋਅ ਆਪਣੇ ਆਪ ਉਚੀ ਹੋ ਰਹੀ ਏ।"

"ਪਾਗਲ ਹੋਇਆ ਏਂ ਉਏ।" ਲੱਖੂ ਉਹਨੂੰ ਝਿੜਕ ਹੀ ਰਿਹਾ ਸੀ ਕਿ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਬਾਹਰ ਰੱਖੇ ਹੋਏ ਦੀਵੇ ਦੀ ਲੋਅ ਹੁਣ ਝੁੱਗੀ ਵਿਚ ਵੀ ਫੈਲ ਰਹੀ ਏ।

ਬੂਹਾ ਖੋਲ੍ਹਿਆ ਤਾਂ ਦੀਵੇ ਦੀ ਲੋਅ ਵਿਚ ਦੇਖਿਆ ਕਿ ਔਰਤ ਖਲੋਤੀ ਹੈ।

"ਕੀ ਏ ਭੈਣ?"

"ਰਾਤ ਕਿਧਰੇ ਠਹਿਰਨ ਦੀ ਥਾਂ ਚਾਹੀਦੀ ਏ। ਬਹੁਤ ਦੂਰੋਂ ਆਈ ਆਂ।"

"ਫਿਰ ਅੰਦਰ ਆ ਜਾ ਨਾ...।"

ਉਹ ਔਰਤ ਬੂਹੇ 'ਚੋਂ ਅੰਦਰ ਆਈ ਤਾਂ ਉਹਦੇ ਨਾਲ ਹੀ ਦੀਵੇ ਦੀ ਲੋਅ ਵੀ ਅੰਦਰ ਆ ਗਈ। ਲੱਖੂ ਨੇ ਕਿਹਾ, "ਸਾਡੇ ਕੋਲ ਤਾਂ ਬਸ ਇਹੀ ਝੁੱਗੀ ਏ। ਹੋਵੇਗੀ ਤਾਂ ਤਕਲੀਫ ਪਰ ਇੰਨੀ ਰਾਤ ਗਏ ਹੋਰ ਕਿੱਥੇ ਜਾਵੇਂਗੀ। ਮੰਜਾ ਵੀ ਇਕ ਹੀ ਏ ਪਰ ਮੈਂ ਆਪਣਾ ਬਿਸਤਰਾ ਜ਼ਮੀਨ 'ਤੇ ਕਰ ਲਵਾਂਗਾ।"

ਔਰਤ ਜ਼ਮੀਨ 'ਤੇ ਬਹੁਤ ਆਰਾਮ ਨਾਲ ਚੌਕੜੀ ਮਾਰ ਕੇ ਬਹਿ ਗਈ, "ਨਹੀਂ ਭਰਾਵਾ ਤੂੰ ਬਿਮਾਰ ਏਂ, ਤੂੰ ਮੰਜੇ 'ਤੇ ਸੌਂ। ਮੈਂ ਤਾਂ ਧਰਤੀ ਹੀ 'ਚੋਂ ਨਿਕਲੀ ਹਾਂ, ਧਰਤੀ ਤੋਂ ਮੈਨੂੰ ਸੁੱਖ ਆਰਾਮ ਮਿਲਦਾ ਏ।"

ਗੰਗਾ ਨੇ ਕਿਹਾ, "ਜਾਪਦਾ ਏ ਸ਼ਹਿਰ ਵਿਚ ਪਹਿਲੀ ਵਾਰ ਆਈ ਏਂ। ਕਹੋ, ਦੀਵਾਲੀ ਦੀਆਂ ਰੌਸ਼ਨੀਆਂ ਦੇਖੀਆਂ?"

"ਹਾਂ।" ਔਰਤ ਨੇ ਥੱਕਿਆ ਹੋਇਆ ਠੰਡਾ ਸਾਹ ਲੈਂਦੇ ਹੋਏ ਕਿਹਾ, "ਦੀਵਾਲੀ ਦੀਆਂ ਰੌਸ਼ਨੀਆਂ ਵੀ ਦੇਖੀਆਂ, ਦੀਵਾਲੀ ਦਾ ਹਨ੍ਹੇਰਾ ਵੀ ਦੇਖਿਆ।" ਗੰਗਾ ਉਸ ਦਾ ਮਤਲਬ ਨਾ ਸਮਝੀ। ਲੱਖੂ ਵੀ ਮੰਜੇ 'ਤੇ ਪਿਆ ਸੋਚਦਾ ਰਿਹਾ। ਇਹ ਔਰਤ ਤਾਂ ਕੋਈ ਬਹੁਤ ਹੀ ਅਨੋਖੀਆਂ ਗੱਲਾਂ ਕਰਦੀ ਏ ਤੇ ਉਹਨੇ ਅਚਾਨਕ ਮਹਿਸੂਸ ਕੀਤਾ ਜਿਵੇਂ ਉਹਦੀ ਛਾਤੀ ਤੋਂ ਖੰਘ ਦਾ ਭਾਰ ਆਪਣੇ ਆਪ ਉਤਰ ਗਿਆ ਹੋਵੇ। ਉਹ ਜਿਹੜਾ ਸੱਤ ਦਿਨਾਂ ਤੋਂ ਮੰਜੇ 'ਤੇ ਪਿਆ ਸੀ, ਬਿਨਾਂ ਸਹਾਰੇ ਦੇ ਉਠ ਕੇ ਬੈਠ ਗਿਆ ਤੇ ਬੋਲਿਆ, "ਗੰਗਾ ਅੱਜ ਤਾਂ ਮੈਨੂੰ ਵੀ ਭੁੱਖ ਲੱਗੀ ਏ। ਕੱਢ ਖਾਣਾ ਮਹਿਮਾਨ ਲਈ ਵੀ।"

ਗੰਗਾ ਨੇ ਹਾਂਡੀ ਚੁੱਲ੍ਹੇ ਤੋਂ ਉਤਾਰਦੇ ਹੋਏ ਸ਼ਰਮਸਾਰ ਹੋ ਕੇ ਕਿਹਾ, "ਭਾਤ ਤਾਂ ਏ ਪਰ ਨਾਲ ਖਾਣ ਲਈ ਕੁਝ ਨਹੀਂ ਏ। ਪਤਾ ਨਹੀਂ ਤੂੰ ਸੁੱਕਾ ਭਾਤ ਖਾ ਵੀ ਸਕੇਂਗੀ ਭੈਣ?"

"ਤੂੰ ਮੇਰੀ ਚਿੰਤਾ ਨਾ ਕਰ।" ਔਰਤ ਨੇ ਆਪਣੀ ਗਠੜੀ ਖੋਲ੍ਹਦੇ ਹੋਏ ਜੁਆਬ ਦਿੱਤਾ, "ਮੇਰੇ ਕੋਲ ਸਭ ਕੁਝ ਏ। ਅਸਲ 'ਚ ਇਹ ਮੈਂ ਤੁਹਾਡੇ ਲਈ ਹੀ ਲਿਆਈ ਸੀ।"

"ਸਾਡੇ ਲਈ...ਪਰ ਤੂੰ ਤਾਂ ਸਾਨੂੰ ਜਾਣਦੀ ਹੀ ਨਹੀਂ ਸੀ।"

"ਮੈਂ ਤੁਹਾਨੂੰ ਬਹੁਤ ਚੰਗੀ ਤਰ੍ਹਾਂ ਜਾਣਦੀ ਆਂ, ਭੈਣ। ਲੱਖੂ ਵੀਰ ਨੂੰ ਵੀ। ਲਕਸ਼ਮਣ ਤੇ ਮੀਨਾ ਨੂੰ ਵੀ।" ਇਹ ਕਹਿ ਕੇ ਉਹਨੇ ਗਠੜੀ ਖੋਲ੍ਹੀ ਤਾਂ ਖਾਣੇ ਦੀ ਖੁਸ਼ਬੂ ਸੁੰਘ ਕੇ ਬੱਚੇ ਉਹਦੇ ਕੋਲ ਆ ਗਏ।

"ਇਹਦੇ 'ਚ ਕੀ ਏ?" ਲੱਖੂ ਨੇ ਮੰਜੇ ਤੋਂ ਉਤਰ ਕੇ ਚੁੱਲ੍ਹੇ ਕੋਲ ਬੈਠਦੇ ਹੋਏ ਕਿਹਾ।

ਔਰਤ ਨੇ ਇਕ-ਇਕ ਚੀਜ਼ ਕੱਢ ਕੇ ਉਨ੍ਹਾਂ ਸਾਹਮਣੇ ਰੱਖ ਦਿੱਤੀ, "ਇਹ ਵੇ ਮੱਕੀ ਦੀਆਂ ਰੋਟੀਆਂ ਮੱਖਣ ਨਾਲ ਚੋਪੜੀਆਂ। ਇਹ ਵੇ ਸਰ੍ਹੋਂ ਦਾ ਸਾਗ। ਇਹ ਪਿੰਡ ਦਾ ਅਸਲੀ ਘਿਉ। ਇਹ ਦੀਵਾਲੀ ਦੀ ਮਠਿਆਈ। ਅਸਲ ਖੋਏ ਦੇ ਪੇੜੇ। ਇਹ ਵੇ ਦਹੀਂ ਤੇ ਇਸ ਲੋਟੀ ਵਿਚ ਬੱਚਿਆਂ ਲਈ ਗਾਂ ਦਾ ਦੁੱਧ। ਸ਼ਹਿਰ ਵਾਂਗ ਪਾਣੀ ਮਿਲਿਆ ਨਹੀਂ ਏ।"

ਤੇ ਇਹ ਸੁਣ ਕੇ ਸਾਰੇ ਹੱਸ ਪਏ ਪਰ ਇੰਨਾ ਖਾਣਾ ਦੇਖ ਕੇ ਲੱਖੂ ਦੀਆਂ ਅੱਖਾਂ ਵਿਚ ਖੁਸ਼ੀ ਦੇ ਹੰਝੂ ਆ ਗਏ। ਰੋਟੀ ਦੀ ਬੁਰਕੀ ਤੋੜਦਿਆਂ ਬੋਲਿਆ, "ਇਹ ਸਭ ਹੋਵੇ ਤਾਂ ਫਿਰ ਆਦਮੀ ਨੂੰ ਹੋਰ ਕੀ ਚਾਹੀਦਾ ਏ?"

ਉਹ ਖਾਣਾ ਖਾ ਰਹੇ ਸਨ ਤੇ ਉਸ ਅਣਜਾਣ ਔਰਤ ਵੱਲ ਕਣੱਖਾ ਦੇਖ ਜਾ ਰਹੇ ਸਨ ਜਿਹੜੀ ਪਤਾ ਨਹੀਂ ਕਿੱਥੋਂ ਉਨ੍ਹਾਂ ਲਈ ਇਹ ਸਾਰੀਆਂ ਨਿਆਮਤਾਂ ਲੈ ਕੇ ਆਈ ਸੀ।

ਖਾ-ਖਾ ਕੇ ਉਹ ਸਾਰੇ ਆਰਾਮ ਨਾਲ ਬੈਠੇ। ਤਦ ਗੰਗਾ ਨੇ ਕਿਹਾ, "ਭੈਣ, ਅੱਜ ਤੁਹਾਡੀ ਬਦੌਲਤ ਸਾਡੀ ਦੀਵਾਲੀ ਹੋ ਗਈ।"

ਲੱਖੂ ਹੱਸ ਕੇ ਬੋਲਿਆ, "ਨਹੀਂ ਤਾਂ ਦਿਵਾਲਾ ਹੀ ਦਿਵਾਲਾ ਸੀ। ਤੁਹਾਡਾ ਧੰਨਵਾਦ ਕਿਵੇਂ ਕਰੀਏ ਭੈਣ? ਸਾਨੂੰ ਤਾਂ ਤੁਹਾਡੀ ਪੂਜਾ ਕਰਨੀ ਚਾਹੀਦੀ ਏ।"

ਤੇ ਔਰਤ ਨੇ ਕਿਹਾ, "ਧੰਨਵਾਦ ਤਾਂ ਮੈਨੂੰ ਤੁਹਾਡਾ ਕਰਨਾ ਚਾਹੀਦਾ ਏ। ਮੈਂ ਇਸ ਸਾਰੇ ਸ਼ਹਿਰ ਵਿਚ ਫਿਰੀ, ਪਰ ਕਿਸੇ ਨੇ ਮੈਨੂੰ ਰਾਤ ਭਰ ਲਈ ਸਹਾਰਾ ਨਹੀਂ ਦਿੱਤਾ, ਸਿਵਾਏ ਤੁਹਾਡੇ। ਸਭ ਮਹੱਲਾਂ ਦੇ, ਸਭ ਬੰਗਲਿਆਂ ਦੇ ਦਰਵਾਜ਼ੇ ਬੰਦ ਸਨ। ਮੇਰੇ ਲਈ ਖੁੱਲ੍ਹਾ ਸੀ ਤਾਂ ਕੇਵਲ ਤੁਹਾਡੀ ਝੁੱਗੀ ਦਾ ਦਰਵਾਜ਼ਾ। ਹੁਣ ਮੈਂ ਹਰ ਸਾਲ ਤੁਹਾਡੇ ਘਰ ਆਇਆ ਕਰਾਂਗੀ ਦੀਵਾਲੀ 'ਤੇ।"

ਗੰਗਾ ਨੇ ਕਿਹਾ, "ਭੈਣ ਤੂੰ ਕੱਲ੍ਹ ਸਵੇਰੇ ਚਲੀ ਜਾਵੇਂਗੀ ਤਾਂ ਅਸੀਂ ਤੈਨੂੰ ਯਾਦ ਕਿਵੇਂ ਕਰਾਂਗੇ? ਸਾਨੂੰ ਤਾਂ ਇਹ ਵੀ ਨਹੀਂ ਪਤਾ ਕਿ ਤੂੰ ਕੌਣ ਏਂ? ਕਿੱਥੋਂ ਆਈ ਏਂ?"

ਤੇ ਉਹਦਾ ਜੁਆਬ ਸੁਣ ਕੇ ਉਹ ਬੜੀ ਡੂੰਘੀ ਸੋਚ ਵਿਚ ਪੈ ਗਏ। ਉਸ ਔਰਤ ਨੇ ਕਿਹਾ, "ਮੈਂ ਇੱਥੇ ਤੁਸਾਂ ਲੋਕਾਂ ਕੋਲ ਰਹਿੰਦੀ ਹਾਂ...ਮੈਂ ਇਨ੍ਹਾਂ ਖੇਤਾਂ ਕੋਲ ਰਹਿੰਦੀ ਹਾਂ ਜਿੱਥੇ ਲੱਖੂ ਵੀਰ ਦੇ ਬਾਬਾ ਅੰਨ ਉਗਾਉਂਦੇ ਸਨ ਅਤੇ ਮੈਂ ਉਸ ਕਾਰਖਾਨੇ ਵਿਚ ਵੀ ਰਹਿੰਦੀ ਹਾਂ ਜਿੱਥੇ ਲੱਖੂ ਵੀਰ ਮਸ਼ੀਨਾਂ ਨਾਲ ਕੱਪੜਾ ਬੁਣਦੇ ਨੇ। ਜਿੱਥੇ ਇਨਸਾਨ ਆਪਣੀ ਮਿਹਨਤ ਨਾਲ ਆਪਣੀਆਂ ਜ਼ਰੂਰਤਾਂ ਪੈਦਾ ਕਰਦਾ ਏ। ਮੈਂ ਉਥੇ ਰਹਿੰਦੀ ਹਾਂ ਤੇ ਦੀਵਾਲੀ ਦੀ ਰਾਤ ਨੂੰ ਮੈਂ ਹਰ ਉਸ ਘਰ ਪਹੁੰਚ ਜਾਂਦੀ ਹਾਂ ਜਿੱਥੇ ਇਕ ਦੀਵੇ ਵਿਚ ਵੀ ਮੈਨੂੰ ਇਨਸਾਨੀਅਤ ਤੇ ਸੱਚਾ ਪ੍ਰੇਮ ਝਿਲਮਿਲਾਉਂਦਾ ਹੋਇਆ ਦਿਖਾਈ ਦਿੰਦਾ ਹੈ।"

ਥੋੜ੍ਹੀ ਦੇਰ ਝੁੱਗੀ ਵਿਚ ਸੰਨਾਟਾ ਰਿਹਾ। ਹੁਣ ਉਸ ਇਕਲੌਤੇ ਨਿੱਕੇ ਦੀਵੇ ਦੀ ਲੋਅ ਇੰਨੀ ਤੇਜ਼ ਹੋ ਗਈ ਸੀ ਕਿ ਝੁੱਗੀ ਦਾ ਕੋਨਾ-ਕੋਨਾ ਜਗਮਗਾ ਉਠਿਆ ਸੀ ਤੇ ਦੂਰ ਸੇਠ ਲਕਸ਼ਮੀ ਦਾਸ ਦੇ ਮਹੱਲ ਵਿਚ ਹਨੇਰਾ ਛਾ ਗਿਆ ਸੀ। ਸ਼ਾਇਦ ਕਰੰਟ ਤੇ ਜੈਨਰੇਟਰ ਦੋਵੇਂ ਫੇਲ੍ਹ ਹੋ ਗਏ ਸਨ ਤੇ ਬਾਬੂ ਲਕਸ਼ਮੀ ਕਾਂਤ ਦੀ ਬਾਲਕਨੀ ਦੇ ਸਾਰੇ ਦੀਵੇ ਵੀ ਤੇਲ ਮੁੱਕਣ 'ਤੇ ਬੁਝ ਗਏ ਸਨ।

"ਦੇਵੀ।" ਗੰਗਾ ਨੇ ਡਰਦੇ-ਡਰਦੇ ਪੁੱਛਿਆ, "ਤੁਹਾਡਾ ਨਾਂ ਕੀ ਏ?"

ਤੇ ਉਸ ਔਰਤ ਨੇ ਮੁਸਕਰਾ ਦੇ ਜਵਾਬ ਦਿੱਤਾ, "ਲਕਸ਼ਮੀ।"

# ਜੁੱਤੀ ਦੇ ਯਾਰ

**ਸ਼ਬਦ ਝਰੋਖਾ**



ਬਲਜੀਤ ਬਾਸੀ
ਫੋਨ: 734-259-9353

ਜੁੱਤੀ ਪੈਰਾਂ ਦਾ ਹਜ਼ਾਰਾਂ ਸਾਲ ਪੁਰਾਣਾ ਪਹਿਰਾਵਾ ਹੈ। ਮੁਢਲੇ ਤੌਰ 'ਤੇ ਜੁੱਤੀ ਪੈਰਾਂ ਨੂੰ ਮੌਸਮ ਦੇ ਬਚਾਅ ਲਈ ਪਾਈ ਜਾਂਦੀ ਰਹੀ ਹੋਵੇਗੀ। ਇਹ ਇਕ ਖੁਲ੍ਹੀ ਜਿਹੀ ਝੋਲੇ ਵਰਗੀ ਹੁੰਦੀ ਸੀ। ਇਹ ਖੱਲਾਂ, ਸੱਕ ਤੇ ਰੱਸੀਆਂ ਆਦਿ ਤੋਂ ਬਣਾਈ ਜਾਂਦੀ ਸੀ। ਭਾਵੇਂ ਜੁੱਤੀ ਦਾ ਇਤਿਹਾਸ ਕਿੰਨਾ ਵੀ ਪੁਰਾਣਾ ਹੈ ਪਰ ਇਹ ਆਮ ਪਾਈ ਜਾਣ ਵਾਲੀ ਚੀਜ਼ ਨਹੀਂ ਸੀ। ਅਤੀਤ ਵਿਚ ਜੁੱਤੀ ਪਾਉਣ ਨੂੰ ਬੁਰਾ ਵੀ ਸਮਝਿਆ ਜਾਂਦਾ ਰਿਹਾ ਹੈ। ਕਹਿੰਦੇ ਹਨ ਸਿਕੰਦਰ ਮਹਾਨ ਨੇ ਨੰਗੇ ਪੈਰੀਂ ਸਾਰੀਆਂ ਜੰਗਾਂ ਲੜੀਆਂ।

ਪੰਜਾਬ ਦੇ ਕੁਝ ਇਲਾਕਿਆਂ ਵਿਚ ਜੁੱਤੀ ਨੂੰ ਜੁੱਤਾ ਵੀ ਕਿਹਾ ਜਾਂਦਾ ਹੈ। ਕਿਸੇ ਨੂੰ ਮਾਰਨ ਲੱਗਿਆਂ ਉਸੇ ਨੂੰ ਜੁੱਤ ਕਹਿ ਦਿੱਤਾ ਜਾਂਦਾ ਹੈ। ਪੰਜਾਬ ਦੀ ਇਕ ਵਿਸ਼ੇਸ਼ ਜੁੱਤੀ ਨੂੰ ਕਿਹਾ ਹੀ ਪੰਜਾਬੀ ਜੁੱਤੀ ਜਾਂ ਦੇਸੀ ਜੁੱਤੀ ਜਾਂਦਾ ਹੈ। ਪਟਿਆਲਾ ਸ਼ਹਿਰ ਵਿਚ ਕਿਸੇ ਵੇਲੇ ਦਸ ਹਜ਼ਾਰ ਤੋਂ ਵੀ ਵਧ ਕਾਰੀਗਰ ਇਸ ਜੁੱਤੀ ਨੂੰ ਬਣਾਉਣ ਦੇ ਧੰਦੇ ਵਿਚ ਲੱਗੇ ਹੁੰਦੇ ਸਨ ਜੋ ਹੁਣ ਘਟ ਕੇ ਚੌਥਾ ਹਿੱਸਾ ਵੀ ਨਹੀਂ ਰਹਿ ਗਏ। ਮਸ਼ੀਨੀਕਰਣ ਨੇ ਹਰ ਤਰ੍ਹਾਂ ਦੀ ਲੋਕ ਕਲਾ 'ਤੇ ਸੱਟ ਮਾਰੀ ਹੈ। ਇਸ ਜੁੱਤੀ ਦੀ ਕਿਰਲੇ ਜਿਹੀ ਨੋਕ ਤੇ ਕੁੰਡਲੀ ਮੁੱਛ ਪੰਜਾਬੀ ਗੱਭਰੂ ਦੀ ਮੜਕ ਤੇ ਆਨ-ਸ਼ਾਨ ਦੇ ਸੂਚਕ ਹਨ। ਦਰਅਸਲ ਜੁੱਤੀ ਪੈਰਾਂ ਦੇ ਪਹਿਰਾਵੇ ਤੋਂ ਇਲਾਵਾਂ ਇਕ ਹਥਿਆਰ ਵੀ ਹੈ। ਖਾਸ ਤੌਰ 'ਤੇ ਘਰੋਗੀ ਲੜਾਈ ਵਿਚ ਇਹ ਕਾਫੀ ਵਰਤਿਆ ਜਾਂਦਾ ਹੈ। ਛੱਡਵੀਂ ਜੁੱਤੀ ਤਾਂ ਬਹੁਤ ਹੀ ਕਾਰਗਰ ਹੁੰਦੀ ਹੈ। ਜੁੱਤ-ਪਤਾਣ, ਜੁੱਤੀਓ ਜੁੱਤੀ, ਜੁੱਤੀ ਪੌਲਾ, ਜੁੱਤੀ ਖੋਸੜੀ ਜਿਹੇ ਸ਼ਬਦ ਜੁੱਟ ਜੁੱਤੀ ਦੇ ਦੁੱਵਲੀ ਹਥਿਆਰ ਹੋਣ ਦੀ ਸਾਖੀ ਭਰਦੇ ਹਨ। ਜੁੱਤੀ ਦੇ ਕੁਝ ਹੋਰ ਉਪ-ਲਾਭ ਵੀ ਹਨ। ਕਈ ਵਾਰੀ ਤਾਂ ਕਈ ਕੰਮ ਜੁੱਤੀ ਦਿਖਾਉਣ ਨਾਲ ਹੀ ਹੋ ਜਾਂਦੇ ਹਨ। ਅਖਾਣ ਅਨੁਸਾਰ ਕਿਸੇ ਨੂੰ ਜੁੱਤੀ ਵਿਚ ਪਾਣੀ ਪਿਲਾਉਣ ਦਾ ਮਤਲਬ ਉਸ ਦੀ ਘੋਰ ਬੇਜ਼ਤੀ ਕਰਨਾ ਹੈ। ਇਤਿਹਾਸਿਕ ਤੌਰ 'ਤੇ ਜ਼ਰੂਰ ਅਜਿਹਾ ਹੁੰਦਾ ਰਿਹਾ ਹੋਵੇਗਾ। ਕਈ ਸ਼ਰਾਬ ਦੇ ਕਾਹਲੇ ਕੋਈ ਭਾਂਡਾ ਨਾ ਮਿਲਣ 'ਤੇ ਜੁੱਤੀ ਨੂੰ ਹੀ ਹਾੜਾ ਬਣਾ ਲੈਂਦੇ ਹਨ। ਚਾਂਦੀ ਦੀ ਜੁੱਤੀ ਕਿਸੇ ਨੂੰ ਵੱਢੀ ਦੇਣ ਦੇ ਕੰਮ ਆਉਂਦੀ ਰਹੀ ਹੈ। ਜੁੱਤੀ ਨੂੰ ਸੁੰਘਾ ਕੇ ਭੂਤ ਕਢੇ ਜਾਂਦੇ ਹਨ।

ਪੰਜਾਬੀ ਲੋਕਧਾਰਾ ਵਿਚ ਜੁੱਤੀ ਦਾ ਬਹੁਤ ਜ਼ਿਕਰ ਆਉਂਦਾ ਹੈ ਹਾਲਾਂ ਕਿ ਪੁਰਾਣੇ ਜ਼ਮਾਨਿਆਂ ਵਿਚ ਜੁੱਤੀ ਕਿਸੇ ਕਿਸੇ ਨੂੰ ਜੁੜਦੀ ਸੀ। ਰਾਹੀ ਜੁੱਤੀ ਲਾਹ ਕੇ ਡਾਂਗ 'ਤੇ ਟੰਗ ਲੈਂਦੇ ਸਨ ਤੇ ਟਿਕਾਣੇ ਤੋਂ ਥੋੜਾ ਉਰੇ ਪਹੁੰਚ ਕੇ ਹੀ ਝਾੜ ਕੇ ਪਾਉਂਦੇ ਸਨ। ਇਸ ਤਰ੍ਹਾਂ ਪੈਰ ਭਾਵੇਂ ਘਸ ਜਾਣ, ਜੁੱਤੀ ਨੂੰ ਕੋਈ ਆਂਚ ਨਹੀਂ ਸੀ ਆਉਂਦੀ। ਅਜਿਹੀ ਜੁੱਤੀ ਹੰਢਣਸਾਰ ਹੁੰਦੀ ਸੀ। ਪਹਿਲਿਆਂ ਵਿਚ ਜੁੱਤੀ ਲਗਦੀ ਵੀ ਬਹੁਤ ਹੁੰਦੀ ਸੀ, ਚਮਰਸ ਹੋਇਆ ਹੀ ਰਹਿੰਦਾ ਸੀ। ਲਗਦੀ ਜੁੱਤੀ ਨੂੰ ਅਕਸਰ ਹੀ ਸਰ੍ਹੋਂ ਦਾ ਤੇਲ ਦੇਣਾ ਪੈਂਦਾ ਸੀ। ਐਵੇਂ ਨਹੀਂ ਸੁਰਿੰਦਰ ਕੌਰ ਦਾ ਇਹ ਗੀਤ



ਮਸ਼ਹੂਰ ਹੋਇਆ, 'ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ।' ਕਸੂਰ ਜੁੱਤੀਆਂ ਦੇ ਨਾਲ ਨਾਲ ਮੇਥੀ ਦੇ ਉਤਪਾਦਨ ਦਾ ਵੀ ਗੜ੍ਹ ਹੈ। ਪਿਛਲੇ ਸਮਿਆਂ ਵਿਚ ਮੜਕਦੀ ਚੀਕੂੰ ਚੀਕੂੰ ਕਰਦੀ ਜੁੱਤੀ ਟੌਅਰ ਸਮਝੀ ਜਾਂਦੀ ਸੀ ਭਾਵੇਂ ਅੱਜ ਕਲ੍ਹ ਇਹ ਹੋਛੇਪਣ ਦਾ ਵਿਖਾਵਾ ਹੈ। ਨਵੀਂ ਜੁੱਤੀ ਪਾ ਕੇ ਲੋਕੀਂ ਛੇਤੀ ਘਰੋਂ ਬਾਹਰ ਨਹੀਂ ਸੀ ਨਿਕਲਦੇ। ਕਈ ਤਾਂ ਜੁੱਤੀ ਦੀ ਏਨੀ ਕਦਰ ਕਰਦੇ ਹਨ ਕਿ ਕਿਸੇ ਦੇ ਜੁੱਤੀ ਵੀ ਨਹੀਂ ਮਾਰਦੇ।

ਕਈ ਵਿਗੜਿਆਂ ਤਿਗੜਿਆਂ, ਖਾਸ ਤੌਰ 'ਤੇ ਮਜਨੂੰਆਂ ਨੂੰ ਜੁੱਤੀ ਫੇਰਨੀ ਪੈਂਦੀ ਹੈ। ਇਹ ਹੁੰਦੇ ਹੀ ਜੁੱਤੀ ਦੇ ਯਾਰ ਹਨ। ਜੁੱਤੀ ਸ਼ੈਅ ਦੀ ਤਰ੍ਹਾਂ ਹੀ ਜੁੱਤੀ ਸ਼ਬਦ ਦੇ ਵੀ ਕਈ ਯਾਰ ਹਨ। ਅਸੀਂ ਪਿਛਲੇ ਕਾਲਮ ਵਿਚ 'ਯੁਕਤਿ' ਸ਼ਬਦ ਦੀ ਚਰਚਾ ਕੀਤੀ ਸੀ। ਸੰਸਕ੍ਰਿਤ ਵਿਚ ਇਸ ਸ਼ਬਦ ਵਿਚ ਲੱਗਾ 'ਕ ਅੱਧਾ ਹੀ ਹੈ। ਅਜੇਹੀ ਬਹੁਤ ਸਮੇਂ ਦੀ ਬਹੁਤੀ ਮਾਰ ਨਹੀਂ ਝੱਲਦੀ। ਸਮੇਂ ਦੀ ਕੁੱਟ ਖਾ ਕੇ ਇਹ ਧੁਨੀ ਮੁਕਤ ਹੋ ਗਈ ਤੇ ਰਹਿ ਗਿਆ, ਯੁਤ ਜਾਂ ਯੁਤੀ ਜੋ ਪੰਜਾਬੀ ਵਿਚ ਆ ਕੇ ਸਮੇਂ ਤੇ ਸਥਾਨ ਅਨੁਸਾਰ ਜੁੱਤੀ, ਜੁੱਤ ਜਾਂ ਜੁੱਤਾ ਬਣ ਗਏ। ਮੋਤੀ ਵੀ 'ਮੁਕਤਿ' ਸ਼ਬਦ ਵਿਚੋਂ ਇਵੇਂ ਹੀ ਹਾਸਿਲ ਹੋਇਆ ਸੀ। ਪੈਰਾਂ ਦੇ ਪਹਿਰਾਵੇ ਤੋਂ ਬਿਨਾਂ ਜੁੱਤੇ ਦੇ ਹੋਰ ਅਰਥ ਹਨ। ਹਲ ਆਦਿ ਵਿਚ ਜੁੜੇ ਜਾਂ ਜੁੱਪੇ ਹੋਏ, 'ਮਨਿ ਆਸ ਉਡੀਣੀ ਮੇਰੇ ਪਿਆਰੇ ਦੁਇ ਨੈਨ ਜੁਤੇ' (ਗੁਰੂ ਅਰਜਨ ਦੇਵ) ਅਰਥਾਤ ਆਸ ਵਿਚ ਮੇਰੇ ਨੈਨ ਜੁੜੇ ਹੋਏ ਹਨ। ਜੋਤ/ਜੋਤਰ ਪੰਜਾਲੀ ਜੂਲੇ ਵਿਚ ਲੱਗੀ ਰੱਸੀ ਨੂੰ ਵੀ ਕਹਿੰਦੇ ਹਨ ਜੋ ਬਲਦ ਨੂੰ ਬਾਹਰ ਨਹੀਂ ਜਾਣ ਦਿੰਦੀ। ਜੋਤਾ ਲਾਉਣਾ ਉਕਤੀ ਵਿਚ ਵੀ ਜੁੜੇ ਜਾਂ ਜੁੱਟੇ ਹੋਣ ਦੇ ਭਾਵ ਹਨ। ਹਲ ਦੀ ਇਕ ਜੋਗ ਨਾਲ ਚਲਾਏ ਜਾਣ ਜੋਗੀ ਭੂਮੀ ਜੋਤਾ ਕਹਾਉਂਦੀ ਹੈ।

'ਯੁਜ' ਧਾਤੂ ਦੀ ਧੁਨੀ 'ਗ' ਵਿਚ ਬਦਲ ਗਈ ਤਾਂ ਹੋਰ ਅਨੇਕਾਂ ਸ਼ਬਦਾਂ ਦੀ ਲੜੀ ਤੁਰ ਪਈ। ਇਨ੍ਹਾਂ ਵਿਚ ਸਭ ਤੋਂ ਉਘੜਵਾਂ ਬਹੁਅਰਥੀ ਸ਼ਬਦ ਹੈ ਰਾਂਝੇ ਦਾ ਜੋਗ, ਸੰਸਕ੍ਰਿਤ ਦਾ ਯੋਗ ਅਤੇ ਅੰਗਰੇਜ਼ੀ ਵਲੋਂ ਆ ਕੇ ਦੋਵੇਂ ਰੂਪਾਂ ਨੂੰ ਮਾਤ ਪਾ ਗਿਆ ਯੋਗਾ। ਕਸਰਤ ਵਾਲੇ ਇਸ ਯੋਗ ਵਿਚ ਵੀ ਬ੍ਰਿਤੀਆਂ ਨੂੰ ਪਰਮਾਤਮਾ ਨਾਲ ਜੋੜਨ ਦਾ ਭਾਵ ਹੈ। ਹਲ ਦਾ ਜੋਗ ਵੀ ਜੋਤੀ ਜਾਣ ਵਾਲੀ ਚੀਜ਼ ਹੈ। ਲਾਇਕ, ਉਚਿਤ, ਢੁਕਵਾਂ ਆਦਿ ਦੇ ਅਰਥ ਦਿੰਦਾ ਯੋਗ ਸ਼ਬਦ ਅਸੀਂ ਆਮ ਹੀ ਵਰਤਦੇ ਹਾਂ। ਜੋ ਕਿਸੇ ਦੇ ਬਰਾਬਰ ਦਾ ਹੈ, ਸਾਂਵਾਂ ਹੈ, ਜੋੜ ਦਾ ਹੈ, ਜਾਂ ਜੋੜ ਬੈਠਾਉਂਦਾ ਹੈ, ਉਹ ਯੋਗ ਹੈ। ਕਿਸੇ ਕੰਮ ਦੇ ਯੋਗ ਉਹ ਹੈ ਜੋ ਉਸ ਦੇ ਜੋੜ ਵਿਚ ਬੈਠਦਾ ਹੈ। ਜੋਗ ਸ਼ਬਦ ਦੀ ਇਕ ਅਨੋਖੀ ਵਰਤੋਂ ਦੇਖੋ, 'ਲਿਖ ਤੁਮ ਨੱਥਾ ਸਿੰਘ ਅਗੇ ਜੋਗ ਖੇਮ ਸਿੰਘ ਜੀ...।' ਭਾਵੇਂ ਇਥੇ ਜੋਗ ਦਾ ਅਰਥ 'ਵੱਲ, ਤਰਫ, ਲਈ' ਲਿਆ ਜਾਵੇਗਾ ਪਰ ਆਦਰ ਦੇ ਭਾਵਾਂ ਸਮੇਤ। ਚਿੱਠੀ ਵਿਚ ਇਸੇ ਜੋਗ ਦੀ ਥਾਂ ਬਾਅਦ ਵਿਚ 'ਮਾਣਯੋਗ' ਆਦਿ ਸ਼ਬਦਾਂ ਨੇ ਲੈ ਲਈ। ਜੋਗ ਦੀ ਅਜਿਹੇ ਅਰਥਾਂ ਵਿਚ ਵਰਤੋਂ ਗੁਰਬਾਣੀ ਵਿਚ ਵੀ ਦੇਖੋ, 'ਮਨੁ ਮਹਿ ਝੂਰੈ ਰਾਮ ਚੰਦ ਸੀਤਾ ਲਛਮਣ ਜੋਗੁ॥'

ਜੋਗਾ ਦੀ ਸ਼ਕਲ ਧਾਰ ਕੇ ਇਸ ਸ਼ਬਦ ਦਾ ਅਰਥ ਕੁਝ ਸੁੰਗੜ ਗਿਆ ਅਰਥਾਤ 'ਮਸਾਂ ਹੀ ਯੋਗ ਹੋ ਗਿਆ' ਜਿਵੇਂ ਤੂੰ ਕਾਸੇ ਜੋਗਾ ਨਹੀਂ। ਜੋਗਾ ਤਾਂ ਵਿਸ਼ੇਸ਼ ਨਾਮ ਜੱਗਾ ਵੀ ਹੋ ਗਿਆ ਹੈ। ਜੋਗ ਧਾਰਨ ਕਰਨ ਵਾਲਾ ਜੋਗੀ ਹੈ ਤੇ ਜੋਗੀਆਂ ਦੇ ਭਗਵੇਂ ਕਪੜਿਆਂ ਨੂੰ ਜੋਗੀਆ ਕਹਿ ਦਿੱਤਾ ਜਾਂਦਾ ਹੈ। ਯੋਗ ਸ਼ਬਦ ਕਿਸੇ ਨਾਂਵ ਦੇ ਪਿਛੇ ਲੱਗ ਕੇ ਲਾਇਕ ਦੇ ਅਰਥ ਦੇਣ ਲੱਗ ਜਾਂਦਾ ਹੈ ਜਿਵੇਂ ਮਾਣਯੋਗ, ਖਾਣਯੋਗ। ਉਂਜ ਜੁਗਲ ਕਿਸ਼ੋਰ ਵਾਲਾ ਜੁਗਲ ਕਿਹੜਾ ਘਟ ਹੈ ਤੇ ਜੁਗਲਬੰਦੀ ਵੀ ਦੋ ਸਾਜ਼ਾਂ ਦਾ ਜੋੜ ਹੀ ਹੈ। ਜੁਗਲ ਵਿਚੋਂ 'ਗ' ਧੁਨੀ ਨਿਕਲ ਗਈ ਤਾਂ ਜੂਲਾ ਜਿਹਾ ਸ਼ਬਦ ਬਣ ਗਿਆ ਜੋ ਗੱਡੇ, ਰਥ ਆਦਿ ਦਾ ਉਹ ਡੰਡਾ ਹੁੰਦਾ ਹੈ ਜਿਸ ਨਾਲ ਬੈਲ ਘੋੜੇ ਆਦਿ ਜੋੜੀਦੇ ਹਨ। 'ਜੂਲੇ ਸਾਥ ਜੋਰ ਕਰ ਹੇਰੇ ਕਛੁ ਤੋਰ ਕਰ।' ਰਸਾਇਣ ਵਿਚ ਦੋ ਜਾਂ ਇਸ ਤੋਂ ਵਧ ਤੱਤਾਂ ਦੇ ਜੋੜ ਤੋਂ ਬਣੇ ਨਵੇਂ ਪਦਾਰਥ ਨੂੰ ਯੌਗਿਕ ਕਿਹਾ ਜਾਂਦਾ ਹੈ।

ਯੋਗ ਦਾ ਅਰਥ ਜਮ੍ਹਾਂ ਜੋੜ ਜਾਂ ਕੁਲ ਵੀ ਹੈ ਜਿਵੇਂ ਯੋਗਫਲ ਵਿਚ। ਗ੍ਰਹਿਆਂ ਦੇ ਮੇਲ ਨੂੰ ਵੀ ਯੋਗ ਕਿਹਾ ਜਾਂਦਾ ਹੈ। ਇਤਫਾਕ ਦੇ ਅਰਥਾਂ ਵਾਲੇ ਸੰਯੋਗ ਜਾਂ ਸੰਜੋਗ ਦੋ ਜਾਂ ਵੱਧ ਘਟਨਾਵਾਂ ਦਾ ਅਚਾਨਕ ਮੇਲ ਜਾਂ ਮੌਕਾ ਮੇਲ ਹੈ। ਯੋਗਦਾਨ ਦਾ ਅਰਥ ਹੈ ਕਿਸੇ ਆਪਣੇ ਵਲੋਂ ਕੀ ਜੋੜਿਆ ਹੈ? ਉਪਯੋਗ ਜਾਂ ਉਪਯੋਗੀ ਵਿਚ ਵੀ ਕਿਸੇ ਕੰਮ ਦੇ ਲਾਇਕ ਹੋਣ ਦੇ ਭਾਵ ਹਨ। ਕਿਸੇ ਨੂੰ ਕਾਸੇ ਦੇ ਯੋਗ ਸਮਝਦੇ ਹੋਏ ਅਜ਼ਮਾਉਣ ਦੇ ਭਾਵ ਲਈ ਪ੍ਰਯੋਗ ਸ਼ਬਦ ਵਰਤਿਆ ਜਾਂਦਾ ਹੈ। ਵਿਯੋਗ ਉਹ ਅਵਸਥਾ ਹੈ ਜਿਸ ਵਿਚ ਯੋਗ ਨਸ਼ਟ ਹੋ ਗਿਆ ਜਾਂ ਕਰ ਦਿੱਤਾ ਗਿਆ ਹੋਵੇ। ਜ਼ਮਾਨਾ ਦੇ ਅਰਥਾਂ ਵਾਲਾ ਯੁੱਗ ਜਾਂ ਜੁੱਗ ਵੀ ਯੁੱਜ ਧਾਤੂ ਦਾ ਰਿਣੀ ਹੈ। ਯੁੱਗ ਢੇਰ ਸਾਰੇ ਸਮੇਂ ਦਾ ਜੋੜ ਹੀ ਹੈ।

ਪੰਜਾਬੀ ਸ਼ਬਦ ਜੁਗਾੜ ਦਾ ਅਰਥ ਹੁੰਦਾ ਹੈ, ਕਿਸੇ ਕੰਮ ਨੂੰ ਸਿਰੇ ਚਾੜ੍ਹਨ ਲਈ ਕੀਤਾ ਜਾਂਦਾ ਠੀਹਾ ਠੱਪਾ, ਆਰਜ਼ੀ ਪ੍ਰਬੰਧ, ਜੋੜ-ਤੋੜ ਆਦਿ। ਇਸ ਸ਼ਬਦ ਵਿਚ ਵੀ ਯੁਜ ਧਾਤੂ ਕੰਮ ਕਰ ਰਿਹਾ ਹੈ ਅਰਥਾਤ ਵਸੀਲਿਆਂ ਦਾ ਮੋਟਾ ਠੁਲਾ ਜਮ੍ਹਾਂ ਜੋੜ ਕਰ ਲਿਆ ਗਿਆ ਹੈ। ਜੁਗਾੜ ਕੋਈ ਐਸਾ ਯਾਂਤਰਿਕ ਢਾਂਚਾ ਵੀ ਹੋ ਸਕਦਾ ਹੈ ਜੋ ਕਿਸੇ ਕੰਮ ਨੂੰ ਸਾਰਨ ਲਈ ਹੱਥ ਲਗਦੇ ਵਸੀਲਿਆਂ ਤੋਂ ਬਣਾ ਲਿਆ ਗਿਆ ਹੋਵੇ। ਮਰੂਤਾ ਅਜਿਹਾ ਜੁਗਾੜ ਹੀ ਹੈ।

ਜੁੱਤੀ ਦੇ ਯਾਰ ਬੰਧੂ ਹਿੰਦ-ਯੂਰਪੀ ਭਾਸ਼ਾਵਾਂ ਵਿਚ ਵੀ ਕਾਫੀ ਗਿਣਤੀ ਵਿਚ ਮੌਜੂਦ ਹਨ। ਇਸ ਦਾ ਭਾਰੋਪੀ ਮੂਲ yeug ਕਲਪਿਆ ਗਿਆ ਹੈ ਜਿਸ ਵਿਚ ਜੋੜਨ, ਮੇਲਣ ਦੇ ਭਾਵ ਹਨ। ਸੰਸਕ੍ਰਿਤ ਧਾਤੂ ਯੁਜ ਦੇ ਵੀ ਏਹੀ ਅਰਥ ਹਨ। ਪੰਜਾਲੀ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ yoke ਇਸੇ ਮੂਲ ਤੋਂ ਬਣਿਆ ਹੈ। ਇਸ ਨਾਲ ਦੋ ਪਸ਼ੂਆਂ ਨੂੰ ਜੋੜਿਆ ਹੀ ਜਾਂਦਾ ਹੈ। Join ਦਾ ਮਤਲਬ ਵੀ ਜੋੜਨਾ, ਸ਼ਾਮਿਲ ਹੋਣਾ ਆਦਿ ਹੀ ਹੁੰਦਾ ਹੈ।

ਅੰਗਰੇਜ਼ੀ ਦੇ ਇਕ ਸ਼ਬਦ jugular ਦਾ ਅਰਥ ਧੌਣ ਜਾਂ ਗਲੇ ਸਬੰਧੀ ਹੁੰਦਾ ਹੈ। ਇਹ ਸ਼ਬਦ ਆਖਰੀ ਤੌਰ 'ਤੇ ਲਾਤੀਨੀ iugulam ਤੋਂ ਵਿਕਸਿਤ ਹੋਇਆ ਹੈ ਜਿਸ ਦਾ ਅਰਥ ਹੰਸਲੀ, ਗਲਾ, ਧੌਣ ਹੁੰਦਾ ਹੈ। ਗਲਾ ਸਿਰ ਤੇ ਧੜ ਨੂੰ ਜੋੜਨ ਵਾਲਾ ਹੀ ਹੈ। ਅੰਗਰੇਜ਼ੀ conjugal ਦਾ ਅਰਥ ਹੁੰਦਾ ਹੈ ਵਿਆਹ ਸਬੰਧੀ। ਵਿਆਹ ਦੋ ਜੀਆਂ ਦਾ ਜੋੜ ਹੀ ਹੁੰਦਾ ਹੈ। ਜੇ ਇਸ ਸ਼ਬਦ ਦਾ ਪੰਜਾਬੀ ਵਿਚ ਸ਼ਾਬਦਿਕ ਅਨੁਵਾਦ ਕਰੀਏ ਤਾਂ ਸੰਯੋਗ ਸ਼ਬਦ ਸਾਹਮਣੇ ਆਉਂਦਾ ਹੈ: con= ਸੰ, jugal=ਜੋਗ। ਜਦੋਂ ਅਸੀਂ ਕਹਿੰਦੇ ਹਾਂ ਕਿ ਫਲਾਣੀ ਜੋੜੀ ਦਾ ਚੰਗਾ ਸੰਜੋਗ ਜੁੜਿਆ ਤਾਂ ਇਸ ਸ਼ਬਦ ਵਿਚ ਵੀ ਵਿਆਹ ਦਾ ਭਾਵ ਆ ਜਾਂਦਾ ਹੈ ਭਾਵੇਂ ਹੋਰ ਪਾਸੇ ਵੱਲ। ਜੁੰਡੀ (ਜੁੰਡੀ ਰਾਜ) ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ junta. ਅਜਿਹੇ ਰਾਜ ਵਿਚ ਆਮ ਤੌਰ 'ਤੇ ਫੌਜੀ ਜੁੰਢਲੀ ਰਾਜ ਕਰਦੀ ਹੈ। ਇਹ ਸ਼ਬਦ ਸਪੇਨੀ ਤੋਂ ਅੰਗਰੇਜ਼ੀ ਵਿਚ ਗਿਆ ਜਿਥੇ ਇਸ ਦਾ ਅਰਥ ਸਭਾ, ਇਕੱਠ ਆਦਿ ਹੈ। ਸਪਸ਼ਟ ਹੈ ਇਨ੍ਹਾਂ ਸ਼ਬਦਾਂ ਵਿਚ ਜੁੜਨ ਦਾ ਭਾਵ ਹੈ। ਇਹ ਵੀ ਅੰਤਮ ਤੌਰ 'ਤੇ ਲਾਤੀਨੀ ਸ਼ਬਦ iuncta ਤੋਂ ਹੀ ਵਿਕਸਤ ਹੋਇਆ ਹੈ ਜਿਸ ਦਾ ਅਰਥ ਜੁੜਨਾ ਹੁੰਦਾ ਹੈ। ਜੁੱਤੀ ਦੇ ਦੇਸ਼ ਵਿਦੇਸ਼ ਵਿਚ ਅਜੇ ਹੋਰ ਬਹੁਤ ਯਾਰ ਹਨ, ਸਮੇਂ ਸਮੇਂ ਸਿਰ ਉਨ੍ਹਾਂ ਦਾ ਜ਼ਿਕਰ ਹੁੰਦਾ ਰਹੇਗਾ।

# ਹਿੰਦ ਵਾਸੀਓ ਰੱਖਣਾ ਯਾਦ ਸਾਨੂੰ...

ਗਦਰ ਸ਼ਤਾਬਦੀ ’ਤੇ

ਧਰਤੀ ਦੀ ਤਾਸੀਰ ਭਾਵੇਂ ਕਿਹੋ ਜਿਹੀ ਵੀ ਕਿਉਂ ਨਾ ਹੋਵੇ, ਮੌਸਮਾਂ ਦੀ ਤਬਦੀਲੀ ਕਾਰਨ ਬੀਜ ਦਾ ਫੁਟਾਰਾ ਸਿਰ ਬਾਹਰ ਕੱਢ ਹੀ ਲੈਂਦਾ ਹੈ। ਜ਼ਾਲਮ ਹਕੂਮਤਾਂ ਆਪਣਾ ਲੁੱਟ-ਖਸੁਟ ਵਾਲਾ ਰਾਜ ਕਾਇਮ ਰੱਖਣ ਲਈ ਸਮਾਜ ਵਿਰੋਧੀ ਕਾਨੂੰਨਾਂ ਦਾ ਸਹਾਰਾ ਲੈ ਕੇ ਅੰਤਾਂ ਦਾ ਤਸ਼ੱਦਦ ਕਰਦੀਆਂ ਹਨ ਅਤੇ ਰੋਕਾਂ ਲਾਉਂਦੀਆਂ ਹਨ। ਇਸ ਦੇ ਬਾਵਜੂਦ ਦੇਸ਼ ਭਗਤ ਅਤੇ ਆਜ਼ਾਦੀ ਦੇ ਪਰਵਾਨੇ ਜਨਮ ਲੈਂਦੇ ਰਹਿੰਦੇ ਹਨ। ਇਨ੍ਹਾਂ ਵੱਲੋਂ ਮਨੁੱਖ ਦੀ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਲਈ ਵਰਤੇ ਜਾਂਦੇ ਸ਼ਬਦ ਬੌਣੇ ਲਗਦੇ ਹਨ। ਆਓ! ਹੱਥੀਂ ਹੱਥਕੜੀਆਂ



ਕਿਰਪਾਲ ਸਿੰਘ ਸੰਧੂ
ਫੋਨ:559-259-4844

ਅਤੇ ਪੈਰੀਂ ਬੇੜੀਆਂ ਦੀ ਪ੍ਰਵਾਹ ਨਾ ਕਰਦੇ ਹੋਏ ਲੁੱਟ ਰਹਿਤ ਜਮਹੂਰੀ ਨਿਜ਼ਾਮ ਕਾਇਮ ਕਰਨ ਲਈ, ਆਜ਼ਾਦੀ ਲਈ ਜਗਾਈ ਜੋਤ ਦੀ ਲਾਟ ‘ਤੇ ਕੁਰਬਾਨ ਹੋਣ ਵਾਲੇ ਦੇਸ਼ ਭਗਤ ਸੂਰਮਿਆਂ ਨੂੰ ਯਾਦ ਕਰੀਏ ਜਿਨ੍ਹਾਂ ਕਦੇ ਕਿਹਾ ਸੀ-ਹਿੰਦ ਵਾਸੀਓ ਰੱਖਣਾ ਯਾਦ ਸਾਨੂੰ।

ਈਸਟ ਇੰਡੀਆ ਕੰਪਨੀ ਨਿਰੋਲ ਵਪਾਰ ਕਰਨ ਲਈ ਕਲਕੱਤੇ (ਹੁਣ ਕੋਲਕਾਤਾ) ਦੀ ਬੰਦਰਗਾਹ ‘ਤੇ ਸੰਨ 1600 ਵਿਚ ਅਵਾਰਦ ਹੋਈ ਸੀ। ਵਪਾਰ ਦੇ ਨਾਲ-ਨਾਲ ਰਾਜਸੀ ਤਰੀਕੇ ਰਾਹੀਂ ਇਸ ਨੇ ਸਰਾਜ ਉਦ-ਦੌਲਾ ਖ਼ਿਲਾਫ਼ ਪਲਾਸੀ ਦੀ ਲੜਾਈ 1757 ਅਤੇ ਫਿਰ 1764 ਵਿਚ ਮੀਰ ਕਾਸਮ ਖਿਲਾਫ਼ ਬਕਸਰ ਵਾਲੀ ਲੜਾਈ ਜਿੱਤ ਕੇ ਰਿਆਸਤਾਂ ‘ਤੇ ਕਬਜ਼ਾ ਕੀਤਾ। ਹਿੰਦੋਸਤਾਨੀਆਂ ਵੱਲੋਂ ਕੰਪਨੀ ਦਾ ਵਿਰੋਧ ਉਸ ਵੇਲੇ ਤੋਂ ਹੀ ਸ਼ੁਰੂ ਹੋ ਗਿਆ ਸੀ ਪਰ 1857 ਵਿਚ ਹਿੰਦੀ ਰਾਜਿਆਂ ਦੀਆਂ ਫੌਜਾਂ ਨੇ ਜਨਤਾ ਦੇ ਸਹਿਯੋਗ ਨਾਲ ਬੜੀ ਬਹਾਦਰੀ ਨਾਲ ਲੜਾਈਆਂ ਲੜੀਆਂ।

ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਈਸਟ ਇੰਡੀਆ ਕੰਪਨੀਆਂ ਵੱਲੋਂ ਲੜ ਰਹੀਆਂ ਫੌਜਾਂ ਵਿਚੋਂ ਮੰਗਲ ਪਾਂਡੇ ਨੇ ਹਵਾ ਵਿਚ ਗੋਲੀ ਦਾਗ਼ ਕੇ ਆਪਣੇ ਦੇਸ਼ ਵਾਸੀਆਂ ਦਾ ਸਾਥ ਦਿੱਤਾ ਸੀ ਜਿਸ ਦੇ ਬਦਲੇ 18 ਅਪਰੈਲ 1857 ਨੂੰ ਕਲਕੱਤੇ ਦੀ ਜੇਲ੍ਹ ਵਿਚ ਉਸ ਨੂੰ ਫਾਂਸੀ ਦੇ ਦਿੱਤੀ ਗਈ। ਇਨ੍ਹਾਂ ਲੜਾਈਆਂ ਵਿਚ ਮਹਾਰਾਣੀ ਝਾਂਸੀ ਅਤੇ ਰਿਆਸਤ ਅਵਧ ਦੀ ਬੇਗਮ ਹਜ਼ਰਤ ਮਹਿਲ ਨੇ ਵੀ ਬੜੀ ਬਹਾਦਰੀ ਨਾਲ ਲੜਦਿਆਂ ਸ਼ਹਾਦਤ ਦੇ ਜਾਮ ਪੀਤੇ ਸਨ। ਕੰਪਨੀ ਨੇ ਇਸ ਨੂੰ ਬਗਾਵਤ ਜਾਂ ਗਦਰ ਦਾ ਨਾਂ ਦੇ ਕੇ ਭਾਵੇਂ ਦਬਾ ਦਿੱਤਾ ਸੀ ਪਰ ਹਰ ਦੇਸ਼ ਭਗਤ ਹਿੰਦੋਸਤਾਨੀ ਵੱਲੋਂ ਆਜ਼ਾਦੀ ਹਾਸਲ ਕਰ ਲੈਣ ਤਕ ਪੈਦਾ ਹੋਈ ਕੌਮੀ ਜਾਗ੍ਰਿਤੀ ਅੰਗਰੇਜ਼ ਸਰਕਾਰ ਲਈ ਹਮੇਸ਼ਾ ਮੁਸ਼ਕਿਲ ਬਣੀ ਰਹੀ।

ਕੌਮੀ ਜਾਗ੍ਰਿਤੀ ਦੀ ਸ਼ੁਰੂਆਤ 1872 ਤੋਂ 1880 ਦਰਮਿਆਨ ਕੂਕਾ ਲਹਿਰ ਦੇ ਰੂਪ ਵਿਚ ਉਭਰੀ ਸੀ ਜਿਸ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਸਨ। 72 ਦੇ ਕਰੀਬ ਨਾਮਧਾਰੀ ਕੂਕਿਆਂ ਨੇ ਤੋਪਾਂ ਅੱਗੇ ਸੀਨੇ ਡਾਹ ਕੇ ਮਲੇਰਕੋਟਲੇ ਦੀ ਜੂਹ ਵਿਚ ਲੋਕਾਂ ਦੇ ਭਰਵੇਂ ਇਕੱਠ ਸਾਹਮਣੇ ਸ਼ਹਾਦਤਾਂ ਦਿੱਤੀਆਂ। ਇਥੇ ਹੀ ਬਸ ਨਹੀਂ, ਇਸ ਲਹਿਰ ਦੇ ਰੰਗੇ ਹੋਏ 12 ਸਾਲ ਦੀ ਉਮਰ ਦੇ ਭਾਈ ਬਿਸ਼ਨ ਸਿੰਘ ਨੇ ਤਲਵਾਰ ਦੀ ਧਾਰ ਥੱਲੇ ਆਪਣੇ ਆਪ ਨੂੰ ਪੇਸ਼ ਕਰ ਸ਼ਹਾਦਤ ਦਾ ਜਾਮ ਪੀਤਾ। ਸਤਿਗੁਰੂ ਰਾਮ ਸਿੰਘ ਨੂੰ ਬਰਮਾ ਦੀ ਜੇਲ੍ਹ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਬਹੁਤ ਸਾਰੇ ਕੂਕੇ ਅੰਡੇਮਾਨ ਦੀ ਜੇਲ੍ਹ ਅੰਦਰ ਡੱਕ ਦਿੱਤੇ ਗਏ।

1906 ਵਿਚ ਕੰਪਨੀ ਨੇ ਬੰਗਾਲ ਦੀ ਵੰਡ ਕਰਨੀ ਚਾਹੀ। ਬੰਗਾਲੀ ਨੌਜਵਾਨਾਂ ਦਾ ਖ਼ੂਨ ਖ਼ੌਲ ਉਠਿਆ। ਜ਼ਬਰਦਸਤ ਵਿਰੋਧ ਸ਼ੁਰੂ ਹੋ ਗਿਆ। ਉਦੋਂ 16 ਸਾਲ ਦੇ ਨੌਜਵਾਨ ਖੁਸ਼ੀ ਰਾਮ ਬੋਸ ਨੇ ਆਪਣੇ ਭਰਾਵਾਂ ਨਾਲ ਫਾਂਸੀ ਦਾ ਰੱਸਾ ਚੁੰਮ ਲਿਆ। ਸਰਕਾਰ ਨੇ ਅਰਵਿੰਦ ਘੋਸ਼ ਨੂੰ ਜਲਾਵਤਨ ਕਰ ਦਿੱਤਾ। ਸਰਕਾਰ ਨੂੰ ਕਾਨੂੰਨ ਵਾਪਸ ਲੈ ਕੇ ਜਨਤਾ ਦੇ ਰੋਹ ਅੱਗੇ ਝੁਕਣਾ ਪਿਆ। ਬੰਗਾਲ ਦੀ ਵੰਡ ਨੂੰ ਜਿਥੇ ਰੋਕ ਪਈ, ਉਥੇ ਇਸ ਲਹਿਰ ਨੇ ਨੌਜਵਾਨਾਂ ਅੰਦਰ ਐਸੀ ਕੌਮੀ ਜਾਗ੍ਰਿਤੀ ਪੈਦਾ ਕੀਤੀ ਕਿ ਇਨ੍ਹਾਂ ਨੇ ਅੰਡਰਗਰਾਊਂਡ ਰਹਿ ਕੇ ਆਜ਼ਾਦੀ ਹਾਸਲ ਕਰ ਲੈਣ ਤੱਕ ਬਰਤਾਨਵੀ ਸਰਕਾਰ ਦੇ ਨਾਸੀਂ ਧੂੰਆਂ ਕੱਢੀ ਰੱਖਿਆ। ਮਹਾਰਾਸ਼ਟਰ ਵਿਚ ਬਾਲ ਗੰਗਾਧਰ ਤਿਲਕ ਦੀ ਅਗਵਾਈ ਥੱਲੇ ਨੌਜਵਾਨਾਂ ਵਿਚ ਆਈ ਕੌਮੀ ਜਾਗ੍ਰਿਤੀ ਸਦਕਾ ਬਰਤਾਨਵੀ ਸਰਕਾਰ ਖ਼ਿਲਾਫ਼ ਹਮੇਸ਼ਾ ਆਵਾਜ਼ ਬੁਲੰਦ ਹੁੰਦੀ ਰਹੀ।

1907-08 ਵਿਚ ਬਾਰ ਦੇ ਇਲਾਕੇ ਲਾਇਲਪੁਰ ਵਿਚ ਬਣਾਏ ਵਸੇਬਾ ਕਾਨੂੰਨ ਦੁਆਰਾ ਕਿਸਾਨੀ ਦੀ ਕੀਤੀ ਜਾਂਦੀ ਅੰਨ੍ਹੀ ਲੁੱਟ ਖ਼ਿਲਾਫ਼ ਸੂਫੀ ਅੰਬਾ ਪ੍ਰਸ਼ਾਦ, ਸ. ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਨੇ ਜ਼ਬਰਦਸਤ ਅੰਦੋਲਨ ਚਲਾਇਆ। ਉਸ ਵੇਲੇ ਸਖ਼ਤ ਕਾਨੂੰਨ ਤਾਂ ਸਰਕਾਰ ਨੇ ਵਾਪਸ ਲੈ ਲਿਆ ਪਰ ਇਨ੍ਹਾਂ ਤਿੰਨਾਂ ਨੂੰ ਜਲਾਵਤਨ ਕਰ ਕੇ ਬਰਮਾ ਦੀ ਮਾਂਡਲੇ ਜੇਲ੍ਹ ਭੇਜ ਦਿੱਤਾ। ਮੁਕੰਮਲ ਆਜ਼ਾਦੀ ਦੀ ਲਹਿਰ ਨੂੰ ਦਬਾਉਣ ਲਈ ਕੀਤੇ ਅਤਿਆਚਾਰ ਅਤੇ ਘਿਨਾਉਣੇ ਕਤਲੇਆਮ ਦੇ ਖ਼ਿਲਾਫ਼ ਦੋ ਦੇਸ਼ ਭਗਤਾਂ-ਮਦਨ ਲਾਲ ਢੀਂਗਰਾ ਨੇ ਸਰ ਕਰਜ਼ਨ ਵਾਇਲੀ ਨੂੰ ਅਤੇ ਊਧਮ ਸਿੰਘ ਸੁਨਾਮ ਨੇ ਜੱਲ੍ਹਿਆਂ ਵਾਲੇ ਬਾਗ ਦੇ ਕਾਤਲ ਸਰ ਮਾਈਕਲ ਉਡਵਾਇਅਰ ਨੂੰ ਮਾਰ ਮੁਕਾਇਆ। ਇਨ੍ਹਾਂ ਨੇ ਕ੍ਰਮਵਾਰ 17 ਅਗਸਤ 1909 ਤੇ 31 ਜੁਲਾਈ 1940 ਨੂੰ ਲੰਡਨ ਦੀਆਂ ਜੇਲ੍ਹਾਂ ਵਿਚ ਫਾਂਸੀ ਦਾ ਰੱਸਾ ਚੁੰਮ ਲਿਆ।

ਹਿੰਦੋਸਤਾਨੀ ਖਾਸ ਕਰ ਪੰਜਾਬੀ ਰੋਟੀ-ਰੋਜ਼ੀ ਦੀ ਤਲਾਸ਼ ਵਿਚ ਜਦੋਂ ਬਾਹਰਲੇ ਮੁਲਕਾਂ ਵਿਚ ਗਏ, ਤਾਂ ਨਵੇਂ ਆਜ਼ਾਦ ਹੋਏ ਦੇਸ਼ਾਂ ਵੱਲ ਦੇਖ ਆਪਣੇ ਦੇਸ਼ ਦੀ ਆਜ਼ਾਦੀ ਲਈ ਇਨ੍ਹਾਂ ਕਾਮਿਆਂ



ਸ਼ਹੀਦ ਕਰਤਾਰ ਸਿੰਘ ਸਰਾਭਾ

ਵਿਚ ਕੌਮੀ ਜਾਗ੍ਰਿਤੀ ਪੈਦਾ ਹੋਣ ਲੱਗੀ। ਇਨ੍ਹਾਂ ਨੇ 1913-14 ਵਿਚ ਜਥੇਬੰਦੀ ਬਣਾਈ ਜੋ ਮਗਰੋਂ ਗ਼ਦਰ ਪਾਰਟੀ ਵਜੋਂ ਮਸ਼ਹੂਰ ਹੋਈ। ਇਸ ਨੇ ਹਥਿਆਰਬੰਦ ਘੋਲ ਰਾਹੀਂ ਪੂਰਨ ਆਜ਼ਾਦੀ ਲਈ ਬਰਾਬਰੀ ਤੇ ਜਮਹੂਰੀਅਤ ਵਾਲਾ ਨਿਜ਼ਾਮ ਕਾਇਮ ਕਰਨ ਲਈ ਫੈਸਲਾ ਕੀਤਾ। ਵਿਦੇਸ਼ਾਂ ਅਤੇ ਟਾਪੂਆਂ ਜਿਵੇਂ ਚੀਨ, ਜਪਾਨ, ਹਾਂਗਕਾਂਗ, ਸਿੰਘਾਪੁਰ, ਫਿਲਪਾਈਨ, ਮਲਾਇਆ, ਬਰਮਾ, ਪਨਾਮਾ ਵਗੈਰਾ ਵਿਚ ‘ਗ਼ਦਰ’ ਅਖ਼ਬਾਰ ਰਾਹੀਂ ਪ੍ਰਚਾਰ ਕੀਤਾ ਅਤੇ ਗ਼ਦਰ ਪਾਰਟੀ ਦੀਆਂ ਬਰਾਂਚਾਂ ਬਣਾਈਆਂ।

1914 ਵਿਚ ਸੰਸਾਰ ਜੰਗ ਛਿੜਨ ਕਰ ਕੇ ਦੁਸ਼ਮਣ ਨੂੰ ਜੰਗ ਵਿਚ ਫਸਿਆ ਦੇਖ ਮੌਕੇ ਦਾ ਲਾਹਾ ਲੈਂਦਿਆਂ ਗ਼ਦਰੀਆਂ ਨੇ 4 ਅਗਸਤ 1914 ਨੂੰ ਅੰਗਰੇਜ਼ੀ ਰਾਜ ਖਿਲਾਫ਼ ਹਥਿਆਰਬੰਦ ਘੋਲ ਦਾ ਐਲਾਨ ਕਰ ਦਿੱਤਾ। ਗ਼ਦਰ ਪਾਰਟੀ ਦੇ ਇਸ ਸੱਦੇ ‘ਤੇ ਤਕਰੀਬਨ ਅੱਠ ਹਜ਼ਾਰ ਗ਼ਦਰੀ ਦੇਸ਼ ਭਗਤ ਹਿੰਦੋਸਤਾਨ ਵੱਲ ਚੱਲ ਪਏ। ਬਰਤਾਨਵੀ ਸਰਕਾਰ ਨੂੰ ਇਸ ਯੋਜਨਾ ਦਾ ਪਤਾ ਲੱਗ ਗਿਆ। ਹਿੰਦੋਸਤਾਨ ਵਿਚ ਦਾਖ਼ਲੇ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਬੰਦਰਗਾਹਾਂ ਉਤੇ ਉਤਰਦਿਆਂ ਹੀ ਫੜਨਾ ਸ਼ੁਰੂ ਕਰ ਦਿੱਤਾ। ਸਰਕਾਰੀ ਰਿਕਾਰਡ ਅਨੁਸਾਰ ਉਸ ਸਮੇਂ 331 ਗ਼ਦਰੀ ਜੇਲ੍ਹਾਂ ਵਿਚ ਅਤੇ 2476 ਪਿੰਡਾਂ ਦੀਆਂ ਜੂਹਾਂ ਵਿਚ ਬੰਦ ਕਰ ਦਿੱਤੇ ਗਏ। ਜੋ ਗ਼ਦਰੀ ਹਕੂਮਤ ਦੀ ਨਜ਼ਰ ਤੋਂ ਬਚ ਨਿਕਲੇ, ਉਹ ਆਪਣੇ ਪ੍ਰੋਗਰਾਮ ਅਨੁਸਾਰ ਜਨਤਾ ਨੂੰ ਲਾਮਬੰਦ ਕਰਨ ਅਤੇ ਫੌਜੀਆਂ ਵਿਚ ਪ੍ਰਚਾਰ ਕਰਨ ਲੱਗੇ। ਸਰਕਾਰੀ ਜਬਰ ਨੂੰ ਦੇਖਦਿਆਂ ਗ਼ਦਰੀਆਂ ਦੇ ਹੱਕ ਵਿਚ ਦੇਸ਼ ਭਗਤ ਮੈਦਾਨ ਵਿਚ ਉਤਰੇ ਅਤੇ ਆਜ਼ਾਦੀ ਲਈ ਕੁਰਬਾਨੀਆਂ ਦਾ ਇਤਿਹਾਸ ਰਚਣ ਲੱਗ ਪਏ।

ਮਹਾਨ ਸ਼ਹੀਦ ਭਾਈ ਮਤੀ ਦਾਸ ਦੀ ਕੁਲ ਵਿਚੋਂ ਗ਼ਦਰੀ ਬਾਲ ਮਕੰਦ ਨੂੰ 8 ਮਈ 1915 ਨੂੰ ਲਾਰਡ ਹਾਰਡਿੰਗ ਬੰਬ ਕੇਸ ਵਿਚ ਅੰਬਾਲਾ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ। ਗ਼ਦਰ ਪਾਰਟੀ ਵਿਚ ਸਭ ਤੋਂ ਛੋਟੀ ਉਮਰ ਦੇ ਵੱਡੇ ਜਰਨੈਲ ਵਜੋਂ ਜਾਣੇ ਜਾਂਦੇ ਸ. ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਪਿੰਗਲੇ, ਸੁਰੈਣ ਸਿੰਘ ਵੱਡਾ, ਸੁਰੈਣ ਸਿੰਘ ਛੋਟਾ, ਜਗਤ ਸਿੰਘ, ਹਰਨਾਮ ਸਿੰਘ ਅਤੇ ਬਖ਼ਸ਼ੀਸ਼ ਸਿੰਘ ਨੂੰ 16 ਨਵੰਬਰ 1915 ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਲਾ ਦਿੱਤੀ ਗਈ।

ਫਿਲਪਾਈਨ ਦੀ ਰਾਜਧਾਨੀ ਮਨੀਲਾ ਵਾਲੀ ਗ਼ਦਰ ਪਾਰਟੀ ਦੇ ਆਗੂ ਰਹਿਮਤ ਅਲੀ ਵਜੀਦ ਕੇ (ਜ਼ਿਲ੍ਹਾ ਸੰਗਰੂਰ) ਦੇ ਨਾਲ ਲਾਲ ਸਿੰਘ ਲੁਧਿਆਣਾ, ਜੀਵਨ ਸਿੰਘ ਪਟਿਆਲਾ, ਭਗਤ ਸਿੰਘ ਉਰਫ਼ ਗਾਂਧਾ ਸਿੰਘ ਅਤੇ ਜਗਤ ਸਿੰਘ ਨੂੰ ਫੇਰੂ ਪੁਲਿਸ ਮੁਕਾਬਲੇ ਕਰ ਕੇ 27 ਮਾਰਚ 1915 ਨੂੰ ਜ਼ਿਲ੍ਹਾ ਮਿੰਟਗੁਮਰੀ ਅਤੇ ਲਾਹੌਰ ਜੇਲ੍ਹ ਵਿਚ ਫਾਂਸੀ ਲਾ ਦਿੱਤਾ ਗਿਆ। ਪੰਡਤ ਸੋਹਣ ਲਾਲ ਪਾਠਕ, ਵਸਾਵਾ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ ਜਿਹੜਾ ਸਿਆਮ (ਬਰਮਾ) ਦੇ ਗੁਰਦੁਆਰੇ ਵਿਚ ਗ੍ਰੰਥੀ ਸੀ, ਬਾਬੂ ਹਰਨਾਮ ਸਿੰਘ ਕਾਹਰੀ ਸਾਹਰੀ (ਜ਼ਿਲ੍ਹਾ ਹੁਸ਼ਿਆਰਪੁਰ)-ਤਿੰਨਾਂ ਨੂੰ 10 ਫਰਵਰੀ 1916 ਨੂੰ ਬਰਮਾ ਦੀ ਮਾਂਡਲੇ ਜੇਲ੍ਹ ਵਿਚ ਫਾਂਸੀ ਦਿੱਤੀ ਗਈ। ਕੈਨੇਡਾ ਦੀ ਗ਼ਦਰ ਪਾਰਟੀ ਨਾਲ ਸਬੰਧਤ ਦੋਆਬਾ ਦੇ ਪਿੰਡ ਖੁਰਦਪੁਰ (ਜ਼ਿਲ੍ਹਾ ਜਲੰਧਰ) ਦੇ ਭਾਈ ਗੰਗਾ ਸਿੰਘ ਅਤੇ ਬਲਵੰਤ ਸਿੰਘ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ 29 ਮਾਰਚ 1917 ਨੂੰ ਅਤੇ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਸ਼ੇਰਪੁਰ ਦੇ ਵਾਸੀ ਹਾਫ਼ਿਜ਼ ਅਬਦੁਲ ਜਿਹੜਾ ਗ਼ਦਰ ਪਾਰਟੀ ਫਿਲਪਾਈਨ ਦਾ ਸਰਗਰਮ ਮੈਂਬਰ ਸੀ, ਨੂੰ ਵੀ 29 ਮਾਰਚ 1917 ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਦਿੱਤੀ ਗਈ।

ਅਫ਼ਗਾਨਿਸਤਾਨ ਦੇ ਸ਼ਹਿਰ ਕਾਬਲ ਦੇ ਇਲਾਕਾ ਜਹੋਰ ਬਾਗ ਵਾਲੀ ਜਗ੍ਹਾ ‘ਤੇ ਆਰਜ਼ੀ ਹਕੂਮਤ ਬਣਾਈ ਗਈ ਸੀ ਜਿਸ ਵਿਚ ਯੂ.ਪੀ. ਦੇ ਰਹਿਣ ਵਾਲੇ ਰਾਜਾ ਮਹਿੰਦਰ ਪ੍ਰਤਾਪ ਨੂੰ ਰਾਸ਼ਟਰਪਤੀ ਅਤੇ ਭੋਪਾਲ ਦੇ ਜੰਮਪਲ ਮੌਲਵੀ ਮੁਹੰਮਦ ਬਰਕਤ ਉਲਾ ਨੂੰ ਪ੍ਰਧਾਨ ਮੰਤਰੀ ਥਾਪਿਆ ਗਿਆ। ਮੌਲਵੀ ਸਾਰੀ ਉਮਰ ਬਿਮਾਰੀ ਦੀ ਹਾਲਤ ਵਿਚ ਵੀ ਮੁਲਕ-ਦਰ-ਮੁਲਕ ਹਿੰਦੋਸਤਾਨ ਦੀ ਆਜ਼ਾਦੀ ਦਾ ਹੋਕਾ ਦਿੰਦਾ ਰਿਹਾ ਅਤੇ ਫਿਰ ਆਪਣੇ ਮੁਲਕ ਤੋਂ ਦੂਰ ਸੈਕਰਾਮੈਂਟੋ (ਅਮਰੀਕਾ) ਵਿਚ ਸਪੁਰਦ-ਏ-ਖਾਕ ਹੋ ਗਿਆ। ਇਸ ਆਰਜ਼ੀ ਹਕੂਮਤ ਦੇ ਵਿਦੇਸ਼ ਮੰਤਰੀ ਡਾ. ਮਥਰਾ ਸਿੰਘ ਨੂੰ ਬਰਤਾਨਵੀ ਸਰਕਾਰ ਨੇ 27 ਮਾਰਚ 1917 ਨੂੰ ਫਾਂਸੀ ਲਾ ਦਿੱਤਾ।

ਆਜ਼ਾਦੀ ਦੇ ਇਤਿਹਾਸ ਵਿਚ ਹਿੱਸਾ ਪਾਉਣ ਵਾਲੀਆਂ ਬੀਬੀਆਂ ਵਿਚੋਂ ਮੈਡਮ ਕਾਮਾ ਮਹਾਰਾਸ਼ਟਰ ਨਾਲ ਸਬੰਧਤ ਸੀ। ਉਹਨੇ 8 ਅਗਸਤ 1907 ਨੂੰ ਜਰਮਨੀ ‘ਚ ਭਰਵੀਂ ਕਾਨਫਰੰਸ ਵਿਚ ਤਿੰਨ ਰੰਗਾ ਝੰਡਾ ਲਹਿਰਾਇਆ ਸੀ। ਗ਼ਦਰ ਪਾਰਟੀ ਵਿਚ ਕਮਲ ਦਾ ਫੁੱਲ ਕਰ ਕੇ ਜਾਣੀ ਜਾਂਦੀ ਬੀਬੀ ਗੁਲਾਬ ਕੌਰ ਫਿਲਪਾਈਨ ਦੀ ਰਾਜਧਾਨੀ ਮਨੀਲਾ ਤੋਂ ਗ਼ਦਰ ਲਹਿਰ ਨਾਲ ਜੁੜੀ। ਉਹਨੇ ਜੇਲ੍ਹਾਂ ਕੱਟੀਆਂ, ਜੂਹਬੰਦ ਹੋਈ ਅਤੇ ਆਜ਼ਾਦੀ ਦੇ ਘੋਲ ਵਿਚ ਆਖ਼ਰੀ ਸਾਹਾਂ ਤੱਕ ਜੂਝਦੀ ਰਹੀ। ਗਦਰੀਆਂ ਤੋਂ ਬਾਦ ਬੱਬਰ ਅਕਾਲੀਆਂ, ਭਾਰਤ ਨੌਜਵਾਨ ਸਭਾ ਦੇ ਨੌਜਵਾਨਾਂ, ਫਿਰ ਕਾਮਾਗਾਟਾਮਾਰੂ ਜਹਾਜ਼ ਨਾਲ ਸਬੰਧਤ ਜੁਝਾਰੂਆਂ ਨੇ ਬਰਤਾਨਵੀ ਸਰਕਾਰ ਖਿਲਾਫ ਆਜ਼ਾਦੀ ਦਾ ਝੰਡਾ ਬੁਲੰਦ ਕੀਤਾ।

ਇਤਿਹਾਸ ਦਾ ਸੂਹਾ ਪੰਨਾ ਲੋਕੋ
ਗ਼ਦਰ ਲਹਿਰ, ਗਦਰ ਲਹਿਰ।
ਕੌਮ ਦੀ ਮੁਕਤੀ ਦਾ ਨਾਂ ਹੈ
ਗ਼ਦਰੀ ਅਮਰ ਕਹਾਣੀ।
ਤਰਲੇ ਮਿੰਨਤਾਂ ਨਾਲ ਨਾ ਮਿਲਦੀ
ਮੰਗੇ ਇਹ ਕੁਰਬਾਨੀ।

ਇਉਂ ਅਣਗਿਣਤ ਕੁਰਬਾਨੀਆਂ ਕਰਨ ਵਾਲੇ ਇਹ ਸੂਰਮੇ ਹਿੰਦ ਵਾਸੀਆਂ ਨੂੰ ਉਨ੍ਹਾਂ ਨੂੰ ਸਦਾ ਯਾਦ ਰੱਖਣ ਅਤੇ ਕੁਰਬਾਨੀਆਂ ਤੋਂ ਪ੍ਰੇਰਨਾ ਲੈਣ ਦਾ ਹੋਕਾ ਦੇ ਰਹੇ ਹਨ।

#

# ਜਬ ਬੜਾ ਪੇੜ ਗਿਰਤਾ ਹੈ, ਤੋ ਧਰਤੀ ਕਾਂਪਤੀ ਹੈ...

(ਸਫਾ 23 ਦੀ ਬਾਕੀ)

ਇੰਦਰਾ ਗਾਂਧੀ ਵਰਗੇ ਲੀਡਰਾਂ ਦਾ ਦੁਨੀਆਂ ਵਿਚ ਇਹ ਕੋਈ ਪਹਿਲਾ ਕਤਲ ਨਹੀਂ ਸੀ। ਇਤਿਹਾਸ ‘ਤੇ ਨਿਗ੍ਹਾ ਜਦੋਂ ਮਾਰਦੇ ਹਾਂ ਤਾਂ ਦੁਨੀਆਂ ਦੇ ਵੱਡੇ-ਛੋਟੇ ਮੁਲਕਾਂ ਵਿਚ ਇਹਦੇ ਵਰਗੇ ਲੀਡਰ ਦਾ ਕਤਲ ਉਸੇ ਦੇਸ਼ ਦੇ ਬਾਸ਼ਿੰਦਿਆਂ ਨੇ ਕੀਤਾ ਪਰ ਦੁਨੀਆਂ ਵਿਚ ਸਭ ਤੋਂ ਵੱਡੇ ਲੋਕਤੰਤਰ ਅਤੇ ਧਰਮ ਨਿਰਪੱਖਤਾ ਦਾ ਦਾਅਵਾ ਕਰਦੇ ਭਾਰਤ ਵਰਗੇ ਮੁਲਕ ਵਾਂਗ ਮਿੱਥ ਕੇ ਕਿਸੇ ਘੱਟ-ਗਿਣਤੀ ਵਾਲਿਆਂ ਦੀ ਨਸਲਕੁਸ਼ੀ ਕਰਨ ਵਾਲੀ ਹਰਕਤ ਨਹੀਂ ਸੀ ਕੀਤੀ ਗਈ, ਉਹ ਵੀ ਉਨ੍ਹਾਂ ਸਿੱਖਾਂ ਨਾਲ ਜਿਨ੍ਹਾਂ ਨੇ ਮੁਲਕ ਲਈ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਹੋਣ। ਹੋਰ ਕਿਸੇ ਮੁਲਕ ਦੀ ਤਾਂ ਗੱਲ ਛੱਡੋ, ਇਸੇ ਭਾਰਤ ਵਿਚ 30 ਜਨਵਰੀ 1948 ਨੂੰ ਇੰਦਰਾ ਗਾਂਧੀ ਨਾਲੋਂ ਵੀ ਵੱਡਾ ਦਰਖ਼ਤ ਡਿੱਗਿਆ ਸੀ ਜਾਂ ਸੁੱਟਿਆ ਗਿਆ ਸੀ ਪਰ ਉਹ ਵਕਤ ਧਰਤੀ ਤਾਂ ਕੀ, ਬਿਰਲਾ ਹਾਊਸ ਦੀਆਂ ਤਾਕੀਆਂ ਦਰਵਾਜ਼ੇ ਵੀ ਨਹੀਂ ਸਨ ਹਿੱਲੇ। ਸਾਰੀ ਦਿੱਲੀ ਬੱਸ ‘ਹੇ ਰਾਮ! ਹੇ ਰਾਮ!’ ਹੀ ਕਰਦੀ ਰਹੀ; ਕਿਉਂਕਿ ਡਿੱਗਣ ਵਾਲਾ ਵੱਡਾ ਦਰਖ਼ਤ (ਮਹਾਤਮਾ ਗਾਂਧੀ) ਅਤੇ ਡੇਗਣ ਵਾਲਾ ਨੱਥੂ ਰਾਮ ਗੋਡਸੇ ਆਰ.ਐਸ.ਐਸ. ਦਾ ਸਿਪਾਹ-ਸਲਾਰ, ਦੋਵਾਂ ਦੇ ਸਿਰ ਦੀ ਟੋਪੀ ਹਿੰਦੂ ਰਾਸ਼ਟਰਵਾਦ ਦੀ ਸੀ। ਹਾਂ! ਗਾਂਧੀ ਜੀ ਦੇ ਕਤਲ ਦਾ ਪਰਛਾਵਾਂ ਸੈਂਕੜੇ ਮੀਲ ਦੂਰ ਤੇ ਆਰ.ਐਸ.ਐਸ. ਦੇ ਅਸਰ ਵਾਲੇ ਸ਼ਹਿਰ ਪੂਨੇ ਵਿਚ ਜ਼ਰੂਰ ਮਾੜਾ ਜਿਹਾ ਪਿਆ ਸੀ। ਉਥੇ ਮੁਸਲਮਾਨਾਂ ਉਤੇ ਹਮਲਾ ਹੋਇਆ ਪਰ ਜਦੋਂ ਰੇਡੀਓ ਤੋਂ ਅਨਾਊਂਸ ਹੋ ਗਿਆ ਕਿ ਗਾਂਧੀ ਨੂੰ ਕਤਲ ਕਰਨ ਵਾਲਾ ਹਿੰਦੂ ਬ੍ਰਾਹਮਣ ਹੈ ਤਾਂ ਹਮਲਾ ਰੋਕ ਦਿੱਤਾ ਗਿਆ। ਫਿਰ ਗੋਡਸੇ ਨਾਲ ਸੰਬੰਧਤ ਬ੍ਰਾਹਮਣਾਂ ਦੇ ਘਰਾਂ ਉਤੇ ਵੀ ਹਮਲੇ ਹੋਏ ਜੋ ਪੁਲਿਸ ਨੇ ਛੇਤੀ ਹੀ ਕੰਟਰੋਲ ’ਚ ਲੈ ਆਂਦੇ ਤੇ ਉਨ੍ਹਾਂ ਦੇ ਨੁਕਸਾਨੇ ਘਰਾਂ ਦਾ ਮੁਆਵਜ਼ਾ ਸਰਕਾਰ ਨੇ ਤੁਰੰਤ ਦੇ ਦਿੱਤਾ। ਬੱਸ! ਇੰਨੀ ਕੁ ਹੀ ਧਰਤੀ ਕੰਬੀ ਸੀ!

ਇਨਸਾਫ ਲਈ ਦਹਾਕਿਆਂ ਤੱਕ ਦਰ-ਬ-ਦਰ ਨਹੀਂ ਸੀ ਹੋਣਾ ਪਿਆ। ਦਰਅਸਲ ਉਸ ਵੱਡੇ ਦਰਖ਼ਤ ਦੇ ਡਿੱਗਣ ਨਾਲ ਉਸ ਵਕਤ ਦੀ ਨਹਿਰੂ-ਪਟੇਲ ਦੀ ਸਰਕਾਰ ਅੰਦਰੋਗਤੀ ਸੁੱਖ ਦਾ ਸਾਹ ਮਹਿਸੂਸ ਕਰਦੀ ਸੀ, ਕਿਉਂਕਿ ਪਟੇਲ ਵਰਗਾ ਤੁਅਸਬੀ ਕੱਟੜ ਹਿੰਦੂ ਗਾਂਧੀ ਦੇ ਹੁੰਦਿਆਂ ਹੈਦਰਾਬਾਦ ਦੇ ਨਿਜ਼ਾਮ ਉਤੇ ਹਮਲਾ ਕਰਨ ਵਿਚ ਸ਼ਾਇਦ ਕੁਝ ਔਖ ਮਹਿਸੂਸ ਕਰਦਾ ਸੀ। ਬਾਅਦ ਵਿਚ ਉਹਨੇ ਪੁਲਿਸ ਐਕਸ਼ਨ ਦੇ ਨਾਂ ਹੇਠ ਫੌਜ ਤੋਂ ਕਰਵਾਈ ਕਰਵਾ ਕੇ ਇਕ ਲੱਖ ਮੁਸਲਮਾਨ ਕਤਲ ਕਰਵਾਇਆ। ਉਦੋਂ ਵੀ ਮੁਸਲਮਾਨ ਬੀਬੀਆਂ ਨਾਲ ਸਮੂਹਿਕ ਬਲਾਤਕਾਰ ਹੋਏ। ਮੁਸਲਮਾਨਾਂ ਦੇ ਪਿੰਡਾਂ ਦੇ ਪਿੰਡਾਂ ਨੂੰ ਨਿਹੱਥਾ ਕਰ ਕੇ ਮਾਰ ਮੁਕਾਇਆ। ਅੱਜ ਤੱਕ ਭਰਤੀ ਸਟੇਟ ਇਸ ਬਾਰੇ ਧੂੰਅ ਨਹੀਂ ਕੱਢਦੀ। ਤਾਂ ਹੀ ਤਾਂ ਨਰੇਂਦਰ ਮੋਦੀ ਦਾ ਹਰਮਨ ਪਿਆਰਾ ਹੈ ਇਹ ਪਟੇਲ ਜਿਹਦਾ ਸਟੀਲ ਦਾ ਬੁੱਤ ਉਹ ਸਭ ਤੋਂ ਵੱਡਾ ਅਤੇ ਉਚਾ ਬਣਾ ਕੇ ਇਹ ਦੱਸਣਾ ਚਾਹੁੰਦਾ ਕਿ ਭਾਰਤ ਵਿਚ ਘੱਟ-ਗਿਣਤੀ ਦਾ ਸਰਬ-ਨਾਸ਼ ਕਰਨ ਵਾਲਿਆਂ ਦੇ ਰੁਤਬੇ ਇੰਨੇ ਹੀ ਉਚੇ ਹਨ।

ਸਿੱਖਾਂ ਪ੍ਰਤੀ ਇਸ ਪਟੇਲ ਦੇ ਵਿਚਾਰ ਕਿਹੋ ਜਿਹੇ ਸਨ, ਉਸ ਬਾਰੇ ਪਤਾ ਤਾਂ ਉਹਦੇ ਉਸ ਸਰਕਾਰੀ ਪੱਤਰ (ਜੋ 10 ਅਕਤੂਬਰ 1947 ਨੂੰ ਬਤੌਰ ਭਾਰਤ ਦੇ ਗ੍ਰਹਿ ਮੰਤਰੀ ਉਹਨੇ ਪੰਜਾਬ ਸਰਕਾਰ ਨੂੰ ਲਿਖਿਆ), ਤੋਂ ਸਹਿਜੇ ਹੀ ਲੱਗ ਜਾਂਦਾ ਹੈ। ਇਸ ਪੱਤਰ ਦੀ ਇਬਾਰਤ ਇਹ ਹੈ: “ਸਿੱਖ ਸਮੁੱਚੇ ਤੌਰ ‘ਤੇ ਜਮਾਂਦਰੂ ਫਸਾਦੀ ਤੇ ਜਰਾਇਮ-ਪੇਸ਼ਾ ਲੋਕ ਹਨ ਤੇ ਇਹ ਸੂਬੇ ਦੇ ਅਮਨ-ਪਸੰਦ ਹਿੰਦੂਆਂ ਲਈ ਖ਼ਤਰੇ ਭਰੀ ਵੰਗਾਰ ਬਣੇ ਹੋਏ ਹਨ। ਡਿਪਟੀ ਕਮਿਸ਼ਨਰ ਇਨ੍ਹਾਂ ਵਿਰੁੱਧ ਵਿਸ਼ੇਸ਼ ਸਾਧਨ ਅਪਨਾਉਣ। ਸਿੱਖਾਂ ਵਿਚ ਬੇਕਾਨੂੰਨੀ ਦੇ ਰਾਹ ਵਾਲੀਆਂ ਉਨ੍ਹਾਂ ਦੀਆਂ ਉਹ ਜਮਾਂਦਰੂ ਪ੍ਰਬਲ ਰੁਚੀਆਂ ਹਨ, ਇਨ੍ਹਾਂ ਦਾ ਝੁਕਾਅ ਇਸਤਰੀ-ਹਰਨ ਅਤੇ ਲੁੱਟ-ਮਾਰ ਵਾਲਾ ਹੈ।”

ਕਿੱਡੇ ਵੱਡੇ ਅਕ੍ਰਿਤਘਣ ਨਿਕਲੇ ਇਹ ਭਾਰਤੀ ਲੀਡਰ! ਅਜੇ ਤਾਂ ਇਤਿਹਾਸ ਗਵਾਹ ਹੈ ਕਿ ਜਿਨ੍ਹਾਂ ਦੀਆਂ ਹਰਨ ਕੀਤੀਆਂ ਇਸਤਰੀਆਂ, ਆਪਣੀ ਜਾਨ ਜੋਖਮ ਵਿਚ ਪਾ ਕੇ ਬਾਇਜ਼ਤ ਘਰੋ-ਘਰੀ ਪਹੁੰਚਾਈਆਂ, ਉਨ੍ਹਾਂ ਹੀ ਸਿੱਖਾਂ ਉਤੇ ਆਜ਼ਾਦ ਹੁੰਦਿਆਂ ਸਾਰ ਇਹ ਝੂਠੀਆਂ ਤੋਹਮਤਾਂ ਲਾਉਣ ਲੱਗ ਪਏ ਕਿ ਇਹ ਜਮਾਂਦਰੂ ਇਸਤਰੀ-ਹਰਨ ਵੱਲ ਝੁਕਾਅ ਰੱਖਦੇ ਹਨ। ਹੜਦੂ-ਲਾਹਣਤ ਇਹੋ ਜਿਹੀ ਕੌਮ ਦੇ ਲੀਡਰਾਂ ਦਾ ਜਿਹੜੇ ਸੱਚ ਨੂੰ ਅੱਖੋਂ ਪਰੋਖੇ ਕਰ ਕੇ ਨਫ਼ਰਤ ਫੈਲਾਉਣ ਤੇ ਹਰਮਿੰਦਰ ਸਾਹਿਬ ਵਰਗੇ ਸਰਬੱਤ ਦਾ ਭਲਾ ਮੰਗਣ ਵਾਲੀ ਗੁਰਬਾਣੀ ਦੇ ਖ਼ਜ਼ਾਨੇ ਉਤੇ ਫੌਜੀ ਹਮਲਾ ਕਰਾਉਣ! ਤੇ ਫ਼ਿਰ ਸਿੱਖ ਨਸਲਕੁਸ਼ੀ ਦੀ ਹਮਾਇਤ ਇਹ ਕਹਿ ਕੇ ਕਰਨ ਕਿ ‘ਜਬ ਬੜਾ ਪੇੜ ਗਿਰਤਾ ਹੈ ਤੋ ਧਰਤੀ ਕਾਂਪਤੀ ਹੈ।’

# ਕੁਝ ਚਰਿਤਰੋਪਖਯਾਨ ਬਾਰੇ

ਪੰਜਾਬ ਟਾਈਮਜ਼ ਦੇ ਅੰਕ 43 ’ਚ ਸਰਵਜੀਤ ਸਿੰਘ ਦਾ ਦਸਮ ਗ੍ਰੰਥ ਬਾਰੇ ਪ੍ਰਤੀਕਰਮ ਛਪਿਆ ਹੈ ਜਿਸ ’ਚ ਉਨ੍ਹਾਂ ਚਰਿਤਰੋਪਖਯਾਨ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਦੀ 1973 ਦੀ ਚਿੱਠੀ ਦਾ ਹਵਾਲਾ ਦਿੱਤਾ ਹੈ ਜਿਸ ਅਨੁਸਾਰ ਚਰਿਤਰੋਪਖਯਾਨ ਦਸ਼ਮੇਸ਼ ਰਚਨਾ ਨਹੀਂ ਹੈ।

ਪਹਿਲੀ ਗੱਲ, ਸਰਵਜੀਤ ਸਿੰਘ ਨੇ ਇਸ ਮਾਮਲੇ ਬਾਰੇ ਇੰਟਰਨੈਟ ‘ਤੇ ਵੀ ਲਿਖਿਆ ਹੈ ਜਿਸ ਦਾ ਉਨ੍ਹਾਂ ਨੂੰ ਜਵਾਬ ਦੇ ਦਿੱਤਾ ਗਿਆ ਹੈ। ਮੈਂ ਪੂਰੀ ਛਾਣਬੀਨ ਕੀਤੀ ਹੈ ਅਤੇ ਇੰਟਰਨੈਟ ‘ਤੇ ਪੋਸਟ ਕੀਤੀ ਗਈ ਇਹ ਚਿੱਠੀ ਨਾ ਤਾਂ ਸ਼੍ਰੋਮਣੀ ਕਮੇਟੀ ਦੇ ਲੈਟਰ ਪੈਡ ‘ਤੇ ਹੈ ਅਤੇ ਨਾ ਹੀ ਇਸ ਉਤੇ ਕਿਸੇ ਦੇ ਦਸਤਖਤ ਹਨ। ਇਹ ਚਿੱਠੀ ਜਾਅਲੀ ਬਣਾਈ ਗਈ ਜਾਪਦੀ ਹੈ। ਸਰਵਜੀਤ ਸਿੰਘ ਨੂੰ ਬੇਨਤੀ ਹੈ ਕਿ ਉਹ ਸ਼੍ਰੋਮਣੀ ਕਮੇਟੀ ਤੋਂ ਇਸ ਚਿੱਠੀ ਦੀ ਤਸਦੀਕ ਕਰਨ ਅਤੇ ਆਪਣੀ ਰਾਇ ਸੁਧਾਰ ਲੈਣ।

ਦੂਜੀ ਗੱਲ, ਧਾਰਮਿਕ ਗ੍ਰੰਥਾਂ ਬਾਰੇ ਆਦੇਸ਼ ਦੇਣਾ ਅਕਾਲ ਤਖਤ ਦੇ ਜਥੇਦਾਰ ਦਾ ਕੰਮ ਹੈ। 1973 ਵਿਚ ਸਾਧੂ ਸਿੰਘ ਭੌਰਾ ਅਕਾਲ ਤਖਤ ਦੇ ਜਥੇਦਾਰ ਸਨ। ਉਨ੍ਹਾਂ ਨੇ ਹੀ ਭਾਗ ਸਿੰਘ ਅੰਬਾਲਾ ਨੂੰ 1977 ਵਿਚ ਪੰਥ ਵਿਚੋਂ ਛੇਕਿਆ ਸੀ। ਉਸ ਦਾ ਕਸੂਰ ਸੀ ਕਿ ਉਸ ਨੇ ਚੌਪਈ ਸਾਹਿਬ ‘ਤੇ ਕਿੰਤੂ ਕੀਤਾ ਸੀ। ਇਥੇ ਇਹ ਕਹਿਣਾ ਉਚਿਤ ਹੋਵੇਗਾ ਕਿ ਚੌਪਈ ਸਾਹਿਬ ਚਰਿਤਰੋਪਖਯਾਨ ਦਾ ਹੀ ਹਿੱਸਾ ਹੈ।

ਤੀਜੇ, ਚੌਪਈ ਸਾਹਿਬ ਸਾਡੇ ਅੰਮ੍ਰਿਤ ਵੇਲੇ ਦੀਆਂ ਨਿੱਤਨੇਮ ਦੀਆਂ ਬਾਣੀਆਂ ਵਿਚ ਸ਼ਾਮਲ ਹੈ ਅਤੇ ਸ਼ਾਮ ਨੂੰ ਰਹਿਰਾਸ ਸਾਹਿਬ ਵਿਚ ਵੀ ਹੈ। ਅਗਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚਰਿਤੋਪਖਯਾਨ ਨੂੰ ਦਸ਼ਮੇਸ਼ ਬਾਣੀ ਨਹੀਂ ਮੰਨਦੀ

## ਪ੍ਰਤੀਕਰਮ

ਤਾਂ ਚੌਪਈ ਸਾਹਿਬ ਕਿਵੇਂ ਨਿੱਤਨੇਮ ਦੀਆਂ ਬਾਣੀਆਂ ਵਿਚ ਸ਼ਾਮਲ ਹੋ ਗਈ।

ਮੇਰਾ ਵਿਚਾਰ ਹੈ ਕਿ ਚਰਿਤਰੋਪਖਯਾਨ ਦਸ਼ਮੇਸ਼ ਰਚਨਾ ਹੈ ਅਤੇ ਉਸ ਵਿਚ ਗੁਰੂ ਸਾਹਿਬ ਨੇ ਕਹਾਣੀਆਂ ਰਾਹੀਂ ਆਪਣਾ ਸੰਦੇਸ਼ ਦਿੱਤਾ ਹੈ। ਹੇਠਲਾ ਸੰਦੇਸ਼ ਖਾਲਸੇ ਲਈ ਮੀਲ ਪੱਥਰ ਹੈ।

ਖੜਗ ਹਾਥਿ ਜਿਨਿ ਤਜਿਹ
ਖੜਗ ਧਾਰਾ ਸਹੋ (ਚਰਿਤਰੋਪਖਯਾਨ)

ਭਾਵ ਜਿਹੜੇ ਕਿਰਪਾਨ ਦੇ ਦਸਤੇ ‘ਤੇ ਪਕੜ ਢਿੱਲੀ ਕਰ ਦਿੰਦੇ ਹਨ ਉਨ੍ਹਾਂ ਨੂੰ ਕਿਰਪਾਨ ਦੀ ਧਾਰ ਦਾ ਸਾਹਮਣਾ ਕਰਨਾ ਪੈਂਦਾ ਹੈ।

*-ਇੰਦਰ ਸਿੰਘ*
ਈਮੇਲ: lsingh4@yahoo.com

*ਪੰਜਾਬ ਟਾਈਮਜ਼ ਵਿਚ ਕਿਸੇ ਵੀ ਮਾਮਲੇ ‘ਤੇ ਵਿਰੋਧੀ ਵਿਚਾਰਾਂ ਨੂੰ ਬਣਦੀ ਥਾਂ ਦਿੱਤੀ ਜਾਂਦੀ ਹੈ ਪਰ ਅਸੀਂ ਮਹਿਸੂਸ ਕੀਤਾ ਹੈ ਕਿ ਦਸਮ ਗ੍ਰੰਥ ਬਾਰੇ ਚਰਚਾ ਨੂੰ ਨਿਜੀ ਪੱਧਰ ਉਤੇ ਖਿਚਿਆ ਜਾ ਰਿਹਾ ਹੈ। ਇਸ ਲਈ ਅਸੀਂ ਇਸ ਮਾਮਲੇ ‘ਤੇ ਹੋਰ ਪ੍ਰਤੀਕਰਮ ਨਹੀਂ ਛਾਪ ਸਕਾਂਗੇ।*

*-ਸੰਪਾਦਕ*

Happy Diwali

# PATEL BROTHERS®

"Celebrating Our Food....Our Culture"

Happy Diwali

## Bringing your homeland closer since 1974

## ਸਮੂਹ ਭਾਈਚਾਰੇ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਦੀਵਾਲੀ ਮੁਬਾਰਕ!

### ILLINOIS

HEADQUARTERS:
**PATEL BROTHERS**
2610 W. DEVON AVENUE
CHICAGO, IL 60659
T: 773.262.7777, 773.764.1857
F: 773.262.7914

**PATEL BROTHERS**
873 E. SCHAUMBURG ROAD
SCHAUMBURG, IL 60193
T: 847.524.1111

### INDIANA

**PATEL BROTHERS**
4150 LAFAYETTE RD. SUITE F&G
INDIANAPOLIS, IN 46254
T: 317.293.8345 F:317.293.8395

### KENTUCKY

**PATEL BROTHERS**
1830 HURSTBOURNE PKWY
LOUISVILLE, KY 40220
T: 502.499.9791

### GEORGIA

**PATEL BROTHERS**
1711 CHURCH STREET
DECATUR, GA 30033
T: 404.296.2696
F: 404.296.2698

### MISSISSIPPI

**PATEL CASH & CARRY**
6800 W.OLD CANTON RD SUITE 102
RIGDELAND, MS 39157
T: 601.952.0332

**PATEL BROTHERS**
1999 HWY 80 WEST
SUITE 15
JACKSON, MS 39204
T: 601.353.6611

### PENNSYLVANIA

**PATEL BROTHERS**
4145 WILLIAM PENN HWY
MONROEVILLE, PA 15146
T: 412.372.2758 F: 412.380.0144

PATEL BROTHERS
1915 STREET ROAD
BENSALEM, PA 19020

### OHIO

**PATEL BROTHERS**
1170 KENNY SQUARE MALL
COLUMBUS, OH 43220
T: 614.273.1376

**PATEL BROTHERS**
6876 PEARL ROAD
MIDDLEBURGH HTS., OH 44130
T: 440.885.4440

### CALIFORNIA

**PATEL BROTHERS**
2039 EL CAMINO REAL
SANTA CLARA, CA 95050
T: 408.261.3555
F: 408.261.3545




### Michigan

ਪਟੇਲ ਬ੍ਰਦਰਜ਼
28684 Ford Rd.,
Garden City, MI 48135
Ph: 734-427-4445
Fax: 734-427-4985

**PATEL BROTHERS**
28950 ORCHARD LAKE ROAD
FARMINGTON HILLS, MI 48334
T: 248.851.7470

**PATEL BROTHERS**
37196 DEQUINDRE ROAD
STERLING HEIGHTS, MI 48077
T: 586.795.5120

### NORTH CAROLINA

**PATEL BROTHERS**
1419 SOUTH EAST MAYNARD RD
CARY, NC 27511
T: 919.380.0113 F: 919.319.5661

### TEXAS

**PATEL BROTHERS**
5815 HILLCROFT
HOUSTON, TX 77036
T: 713.784.8332
F: 713.784.8341

**PATEL BROTHERS**
16338, KENSINGTON DR UNIT # 130
SUGARLAND, TX 77479
T: 281.980.1181

**PATEL BROTHERS**
104 INGE DRIVE
RICHARDSON, TX 75080
T: 972.644.3972

### CONNECTICUT

**PATEL FOODS**
171 E. SPENCER STREET
MANCHESTER, CT 06040
T: 860.645-6100
F: 860.643-9322

### MARYLAND

**PATEL BROTHERS**
6402 BALTI NATIONAL PIKE
ROUTE # 40, SUITE #18B
CATONSVILLE, MD 21228
T: 410.719.2822
F: 410.719.2821

**PATEL BROTHERS**
15110 FREDERICK ROAD
ROCKVILLE, MD 20850
T: 301.340.8656
F:301.898.8959

**PATEL BROTHERS**
2074 UNIVERSITY BLVD
HYATTSVILLE, MD 20783
T:301.422.1555
F:301.422.1555

### NEW YORK

**PATEL BROTHERS**
37-27, 74TH STREET,
JACKSON HEIGHTS, NY 11372
T: 718.898.3445 F: 718.898.9243

**PATEL BROTHERS**
415 SOUTH BROADWAY
HICKSVILLE, NY 11801
T: 516.681.0091 F: 516.681.0072

**PATEL BROTHERS**
42-92 MAIN STREET
FLUSHING, NY 11355
T: 718.661.1112 F: 718.661.2076

**PATEL BROTHERS**
124-10, LIBERTY AVENUE
RICHMONDHILL, NY 11419
T: 718.843.2527 F: 718.843.2526

**PATEL BROTHERS**
251-08 HILLSIDE AVENUE
BELLEROSE, NY 11426
T: 718.470.1356 F: 718.470.0209

### CANADA

**PATEL CASH & CARRY**
700 - MARKHAM ROAD, UNIT # 3 & 4,
SCARBOROUGH, ONTARIO, M1H 2A7
CANADA
T: 416-439-9393 F: 416-438-6446

### NEW JERSEY

**PATEL CASH & CARRY**
1551 OAKTREE RD
ISELIN, NJ 08830
T: 732.205.0187
F: 732.205.0397

**PATEL CASH & CARRY**
780 NEWARK AVE
JERSEY CITY, NJ 07306
T: 201.222.7572
F: 201.222.1019

**PATEL FOOD MARKET**
1357 OAKTREE RD
ISELIN, NJ 08830
T: 732.283.7283
F: 732.283.4950

**PATEL CASH & CARRY**
2800 - RT# 27
RYAN PLAZA
NORTH BRUNSWICK , NJ 28902
T:732.821.0667
F:732.821.7232

PATEL BROTHERS
10866, RT 46
PARSIPPANY, NJ 07054

### MASSACHUSETTS

**PATEL BROTHERS**
425 - MOODY STREET
WALTHAM, MA 02453
T: 781.893-1003
F: 781.893-6003

PATEL BROTHERS
504, BOSTON TURNPIKE
SHREWSBURY, MA 01545

### VIRGINIA

**PATEL BROTHERS**
11116 LEE HIGHWAY
FAIRFAX, VA 22030
T: 703.273.7400

### TENNESSEE

**PATEL BROTHERS**
4043 NOLENSVILLE PIKE
NASHVILLE, TN 37211
T: 615.833.1555
F: 615.833.1556

**www.patelbros.com**

Design + Print: OneMIS.com | 1-888-ONE-MIS1

PB.REV.080808

# ਜ਼ਿੰਦਗੀ ਦੀ ਤਾਂਘ: ਉਲਜ਼ਾਨ




ਮੌਤ, ਜ਼ਿੰਦਗੀ, ਸਫ਼ਰ, ਰੱਬ, ਮੁਕਤੀ, ਇਤਿਹਾਸ, ਫ਼ਲਸਫ਼ਾ ਅਤੇ ਵਿਗਿਆਨ ਹਮੇਸ਼ਾ ਮਨੁੱਖੀ ਜਗਿਆਸਾ ਦਾ ਵਿਸ਼ਾ ਰਹੇ ਹਨ। ਮਨੁੱਖ ਮੌਤ ਨੂੰ ਡਰ, ਤ੍ਰਾਸਦੀ, ਮੁਕਤੀ, ਭੇਤ ਅਤੇ ਸ਼ਹਾਦਤ ਦੇ ਹਵਾਲੇ ਨਾਲ ਬਿਆਨਦਾ ਰਿਹਾ ਹੈ। ਫ਼ਿਲਮ 'ਉਲਜ਼ਾਨ' ਅਜਿਹੇ ਹੀ ਅਹਿਸਾਸ ਨਾਲ ਜੁੜੀ ਫ਼ਿਲਮ ਹੈ ਜੋ 2007 ਵਿਚ ਪਰਦਾਪੇਸ਼ ਹੋਈ ਸੀ। ਫ਼ਿਲਮ ਕਜ਼ਾਖਸਤਾਨ ਵਿਚ ਫ਼ਿਲਮਾਈ ਗਈ ਸੀ। ਫ਼ਿਲਮ ਦੇ ਕਿਰਦਾਰਾਂ ਦੀ ਮੁੱਖ ਬੋਲੀ ਕਜ਼ਾਖੀ, ਫ਼ਰੈਂਚ ਅਤੇ ਅੰਗਰੇਜ਼ੀ ਹੈ। ਵਿੱਤ ਪੱਖੋਂ ਇਹ ਜਰਮਨ, ਫ਼ਰਾਂਸ ਅਤੇ ਕਜ਼ਾਖਸਤਾਨ ਮੁਲਕਾਂ ਦਾ ਸਾਂਝਾ ਉੱਦਮ ਸੀ। ਤੇਲ ਦੇ ਖ਼ਜ਼ਾਨੇ ਦੀ ਲੱਭਤ ਕਜ਼ਾਖਸਤਾਨ ਦੇ ਅਰਥਚਾਰੇ ਦੀ ਚੂਲ ਬਣੀ ਹੈ। ਤੇਲ ਦੇ ਪੈਸੇ ਨੇ ਕਜ਼ਾਖਸਤਾਨ 'ਚ ਫ਼ਿਲਮ ਸਨਅਤ ਨੂੰ ਹੁਲਾਰਾ ਦਿੱਤਾ ਹੈ। ਕਈ ਮੁਲਕ ਕਜ਼ਾਖ ਖਿੱਤੇ ਬਾਬਤ ਫ਼ਿਲਮਾਂ ਬਣਾਉਣ 'ਚ ਦਿਲਚਸਪੀ ਲੈ ਰਹੇ ਹਨ ਜਿਨ੍ਹਾਂ 'ਚ ਯੂਰਪੀ ਮੁਲਕ ਮੋਹਰੀ ਹਨ। ਹੁਣ ਇਨ੍ਹਾਂ ਫ਼ਿਲਮਾਂ ਰਾਹੀਂ ਇਸ ਖਿੱਤੇ ਦੀ ਲੋਕਧਾਰਾ ਅਤੇ ਇਤਿਹਾਸ ਨੂੰ ਖੰਗਾਲਿਆ ਜਾ ਰਿਹਾ ਹੈ ਪਰ ਇਨ੍ਹਾਂ ਦੀ ਪੇਸ਼ਕਾਰੀ ਅਤੇ ਪ੍ਰਸੰਗ ਦੀ ਸਿਆਸਤ ਪੜਚੋਲ ਦਾ ਵਿਸ਼ਾ ਲਾਜ਼ਮੀ ਰਹੇਗੀ।

'ਉਲਜ਼ਾਨ' 'ਪੰਧ' (ਰੋਡ ਮੂਵੀ) ਸ਼ੈਲੀ ਦੀ ਫ਼ਿਲਮ ਹੈ। ਫ਼ਿਲਮ ਦੀ ਕਹਾਣੀ ਸਫ਼ਰ ਵਿਚ ਵਾਪਰਦੀ ਹੈ। ਪੰਧ ਭੇਤ ਅਤੇ ਜਗਿਆਸਾ ਦਾ ਬਿੰਬ ਹੈ ਜਿੱਥੇ ਅਣਜਾਣ ਪਾਂਧੀ ਮਿਲਦੇ ਹਨ। ਸਫ਼ਰ ਦੌਰਾਨ ਕਿਸੇ ਵੀ ਪਲ ਅਣਕਿਆਸਿਆ ਵਾਪਰ ਸਕਦਾ ਹੈ। ਫ਼ਿਲਮ 'ਚ ਅਜਨਬੀ ਫ਼ਰਾਂਸੀਸੀ ਪਾਂਧੀ ਚਾਰਲਸ ਕਜ਼ਾਖਸਤਾਨ ਦੇ ਅਣਜਾਣ ਪਹਾੜਾਂ ਵੱਲ ਜਾ ਰਿਹਾ ਹੈ। ਉਸ ਕੋਲ ਤਸਵੀਰ, ਖ਼ਤ ਅਤੇ ਨਕਸ਼ਾ ਹੈ। ਤਸਵੀਰ ਉਹਦੀ ਪਤਨੀ ਅਤੇ ਦੋ ਬੱਚਿਆਂ ਦੀ ਹੈ। ਰਸਤੇ 'ਚ ਉਹਨੂੰ ਕਜ਼ਾਖ ਕੁੜੀ 'ਉਲਜ਼ਾਨ' ਮਿਲਦੀ ਹੈ। ਕੁੜੀ ਪਾਂਧੀ ਵੱਲ ਖਿੱਚੀ ਜਾਂਦੀ ਹੈ। ਕੁੜੀ ਦੀ ਦਾਦੀ ਦਾ ਚਾਰਲਸ ਬਾਰੇ ਕਹਿਣਾ ਹੈ ਕਿ ਇਸ ਬੰਦੇ ਦੀ ਸ਼ਕਲ 'ਤੇ ਮੌਤ ਲਿਖੀ ਹੈ। ਇਹ ਗੱਲ ਉਲਜ਼ਾਨ ਨੂੰ ਪਾਂਧੀ ਵੱਲ ਹੋਰ ਖਿੱਚਦੀ ਹੈ। ਉਹ ਚਾਰਲਸ ਦਾ ਪਿੱਛਾ ਕਰਦੀ ਹੈ।

ਰਸਤੇ 'ਚ ਉਨ੍ਹਾਂ ਨੂੰ ਸ਼ਕੂਨੀ ਮਿਲਦਾ ਹੈ ਜੋ 'ਸ਼ਬਦਾਂ ਦੇ ਸੌਦਾਗਰ' ਦੇ ਨਾਮ ਨਾਲ ਮਸ਼ਹੂਰ ਹੈ। ਉਹ ਇਧਰੋਂ-ਉਧਰੋਂ ਸ਼ਬਦ ਇਕੱਠੇ ਕਰਦਾ ਹੈ ਅਤੇ ਲੋਕਾਂ ਨੂੰ ਵੇਚਦਾ ਹੈ। ਉਹਦਾ ਪਿਉ ਵੀ ਇਹੀ ਕੰਮ ਕਰਦਾ ਸੀ। ਅੱਜਕੱਲ੍ਹ ਸ਼ਕੂਨੀ ਦਾ ਧੰਦਾ ਮੰਦੇ 'ਚ ਹੈ। ਉਹਦੇ ਪਿਉ ਦੇ ਵੇਲੇ ਇਹ ਧੰਦਾ ਫ਼ਾਇਦੇਮੰਦ ਹੁੰਦਾ ਸੀ। ਉਹ ਕਈ ਦਹਾਕੇ ਪਹਿਲਾਂ ਦੀ ਗੱਲ ਕਰ ਰਿਹਾ ਹੈ। ਇਹ ਧੰਦਾ ਉਨ੍ਹਾਂ ਮੁਲਕਾਂ 'ਚ ਵਧੇਰੇ ਫ਼ਾਇਦੇਮੰਦ ਸੀ ਜਿੱਥੇ ਲੋਕ ਪੜ੍ਹ ਨਹੀਂ ਸਕਦੇ ਸਨ। ਉਹਨੇ ਆਪਣਾ ਨਾਮ ਮਹਾਂਭਾਰਤ ਦੇ ਕਿਰਦਾਰ ਸ਼ਕੁਨੀ ਤੋਂ ਰੱਖਿਆ ਹੈ ਜੋ ਹੁਨਰਮੰਦ ਜੁਆਰੀ ਸੀ।

ਫ਼ਿਲਮਸਾਜ਼ ਕਹਾਣੀ 'ਚ ਭਰਮ ਪੈਦਾ ਕਰੀ ਰੱਖਦਾ ਹੈ ਕਿ ਅਸਲ 'ਚ ਚਾਰਲਸ ਕਿਸ ਚੀਜ਼ ਦੀ ਤਲਾਸ਼ 'ਚ ਹੈ? ਫ਼ਿਲਮ 'ਚ ਆਉਂਦੀਆਂ ਇਤਿਹਾਸਕ ਥਾਂਵਾਂ ਬਿਰਤਾਂਤ ਨੂੰ ਬਹੁ-ਪਰਤੀ ਬਣਾਉਂਦੀਆਂ ਹਨ; ਬੇਸ਼ੱਕ ਇਨ੍ਹਾਂ ਨੂੰ ਚੁਣਨ ਪਿੱਛੇ ਹਦਾਇਤਕਾਰ ਦੀ ਖ਼ਾਸ ਸੋਚ ਰਹੀ ਹੋਵੇ। ਫ਼ਿਲਮ 'ਚ ਇੱਕ ਥਾਂ ਉਜਾੜ ਗੁਲਾਗ ਡੇਰੇ ਦਾ ਦ੍ਰਿਸ਼ ਆਉਂਦਾ ਹੈ ਜਿਹਨੂੰ ਸਟਾਲਿਨ ਨੇ ਭੇਡਵਾੜੇ ਅਤੇ ਮੁਰਗੀਖਾਨੇ ਦੀ ਸ਼ਕਲ ਦਿੱਤੀ ਸੀ ਤਾਂ ਕਿ ਅਮਰੀਕੀ ਜਸੂਸੀ ਜਹਾਜ਼ ਇਸ ਥਾਂ ਨੂੰ ਸੁੰਘ ਵੀ ਨਾ ਸਕਣ। ਸ਼ਕੂਨੀ ਦਾ ਕਹਿਣਾ ਹੈ ਕਿ ਅਸਲ 'ਚ ਇੱਥੇ ਦੋ ਲੱਤਾਂ ਵਾਲੇ ਜਾਨਵਰ ਹੀ ਰਹਿੰਦੇ ਸਨ। ਇੱਕ ਦ੍ਰਿਸ਼ 'ਚ ਸੁੱਕਾ ਅਰਾਲ ਸਾਗਰ ਦਿਖਾਈ ਦਿੰਦਾ ਹੈ। ਇਹਦੇ 'ਚ ਡਿਗਣ ਵਾਲੀਆਂ ਦੋ ਨਦੀਆਂ ਅਮੂ ਅਤੇ ਸਾਈਰ ਦਾ ਵਹਿਣ ਬਦਲ ਦੇਣ ਕਰ ਕੇ ਇਹ ਲੋਪ ਹੋਣ ਕਿਨਾਰੇ ਹੈ। ਸੱਠਵਿਆਂ ਵਿਚ ਸੋਵੀਅਤ ਯੂਨੀਅਨ ਨੇ ਮਾਰੂਥਲੀ ਇਲਾਕਿਆਂ 'ਚ ਖੇਤੀ ਲਈ ਪਾਣੀ ਪਹੁੰਚਾਉਣ ਲਈ ਇਨ੍ਹਾਂ ਦਰਿਆਵਾਂ ਦਾ ਪਾਣੀ ਅਰਾਲ ਸਾਗਰ ਵਿਚ ਪੈਣ ਤੋਂ ਰੋਕ ਦਿੱਤਾ ਸੀ।

ਉਜਾੜ ਪਏ ਕੋਲਖੋਜ਼ (ਸਮੂਹਕ ਪੈਲੀ/ਖੇਤੀ) ਵਿਚ ਦੱਬੀ ਪਈ ਮਨੁੱਖੀ ਖੋਪੜੀ ਦਿਖਾਉਣਾ ਹਦਾਇਤਕਾਰ ਦੀ ਆਪਣੀ ਸਿਆਸਤ ਹੈ। ਕੋਲਖੋਜ਼ 1917 ਦੇ ਅਕਤੂਬਰ ਇਨਕਲਾਬ ਤੋਂ ਬਾਅਦ ਸਮੂਹਕ ਖੇਤੀ ਦੇ ਵਿਚਾਰ ਦਾ ਅਮਲੀ ਰੂਪ ਸੀ ਜਿਸ ਨੂੰ ਸੋਵੀਅਤ ਰੂਸ ਦੇ ਰਵਾਇਤੀ ਕਮਿਊਨ ਦੇ ਨੇੜੇ ਦੇਖਿਆ ਜਾ ਸਕਦਾ ਹੈ। ਸਟਾਲਿਨ 'ਤੇ ਇਲਜ਼ਾਮ ਲਗਦਾ ਹੈ ਕਿ ਉਹਨੇ 1928 ਤੋਂ ਬਾਅਦ ਸਮੂਹਕ ਪੈਲੀ ਵਿਚ ਜਮਹੂਰੀਅਤ ਨੂੰ ਖੋਰਾ ਲਾਇਆ। ਹਦਾਇਤਕਾਰ ਦਾ ਸਮੂਹਕ ਪੈਲੀ ਵਿਚ ਮਨੁੱਖੀ ਖੋਪੜੀ ਦਿਖਾਉਣਾ ਸਟਾਲਿਨ ਦੇ ਭਮਡੀ-ਪ੍ਰਚਾਰ ਦਾ ਮਹੀਨਤਮ ਰੂਪ ਹੈ। ਕਜ਼ਾਖਸਤਾਨ ਦੀ ਚੌਥੀ ਇਤਿਹਾਸਕ ਥਾਂ ਉਹ ਦਿਖਾਈ ਗਈ ਹੈ ਜਿੱਥੇ ਸੋਵੀਅਤ ਯੂਨੀਅਨ ਨੇ 1949 ਤੋਂ ਬਾਅਦ ਦੋ ਸੌ ਵਾਰ ਪਰਮਾਣੂ ਪਰਖ ਕੀਤੀ ਸੀ। ਇਸ ਥਾਂ ਨੂੰ ਹੁਣ 'ਖ਼ਤਰਨਾਕ ਧਰਤੀ' ਕਹਿੰਦੇ ਹਨ। ਇੱਥੇ ਕੁਦਰਤ-ਘਾਤੀ ਵਿਕਿਰਨਾਂ ਦਾ ਖ਼ਤਰਾ ਅਜੇ ਵੀ ਬਰਕਰਾਰ ਹੈ। 'ਠੰਢੀ ਜੰਗ' ਦੇ ਸਮਿਆਂ ਵਿਚ ਦੋਵੇਂ ਧਿਰਾਂ ਪਰਮਾਣੂ ਹਥਿਆਰਾਂ ਦੀ ਅੰਨ੍ਹੀ ਦੌੜ ਵਿਚ ਸ਼ਾਮਲ ਸਨ। ਪੂੰਜੀਵਾਦੀ ਧਿਰ ਦੀ ਅਗਵਾਈ ਅਮਰੀਕਾ ਅਤੇ ਕਮਿਉਨਿਸਟ ਧਿਰ ਦੀ ਨੁਮਾਇੰਦਗੀ ਸੋਵੀਅਤ ਯੂਨੀਅਨ ਕਰ ਰਿਹਾ ਸੀ। ਅਮਰੀਕਾ ਨੇ ਸੋਵੀਅਤ ਰੂਸ ਤੋਂ 369 ਵਾਰ ਵੱਧ ਪਰਮਾਣੂ ਪਰਖ ਕੀਤੀ ਹੈ। ਵੱਡੀ ਗਿਣਤੀ ਵਿਚ ਲੋਕ ਪਰਮਾਣੂ ਵਿਕਿਰਨਾਂ ਦਾ ਸ਼ਿਕਾਰ ਹੋਏ ਅਤੇ ਅੱਜ ਵੀ ਪਰਖ ਦੇ ਨੇੜਲੀਆਂ ਥਾਂਵਾਂ ਦੂਰ-ਦੂਰ ਤੱਕ ਵਿਕਿਰਨਾਂ ਨਾਲ ਸਰਾਪੀਆਂ ਹੋਈਆਂ ਹਨ। ਕੈਂਸਰ ਅਤੇ ਚਮੜੀ ਰੋਗ ਵੱਡੇ ਪੱਧਰ 'ਤੇ ਅਸਰ-ਅੰਦਾਜ਼ ਹਨ।



ਫ਼ਿਲਮ ਦੇ ਪਿਛਲੇ ਅੱਧ ਵਿਚ ਪਰਮਾਣੂ ਟੈਸਟ ਵਾਲੀ ਥਾਂ 'ਤੇ ਆ ਕੇ ਭੇਤ ਖੁੱਲ੍ਹਦਾ ਹੈ ਕਿ ਅਸਲ 'ਚ ਚਾਰਲਸ ਕਜ਼ਾਖਸਤਾਨ ਦੇ ਦੂਰ ਦੁਰੇਡੇ ਇਲਾਕੇ 'ਚ ਆਤਮਘਾਤ ਕਰਨ ਆਇਆ ਹੈ। ਉਹਦਾ ਪਰਿਵਾਰ ਮਰ ਚੁੱਕਿਆ ਹੈ ਅਤੇ ਉਹਨੂੰ ਜਿਉਣ ਦਾ ਕੋਈ ਕਾਰਨ ਨਹੀਂ ਦਿਸ ਰਿਹਾ। ਇਹਦੇ ਬਾਵਜੂਦ ਉਹ ਮਰਨ ਦੀ ਹਿੰਮਤ ਨਹੀਂ ਜੁਟਾ ਪਾ ਰਿਹਾ। ਉਹ ਪਰਮਾਣੂ ਪਰਖ ਵਾਲੀ ਥਾਂ 'ਤੇ ਮਾਰੂ ਵਿਕਰਨਾਂ ਦੇ ਅਸਰ ਨਾਲ ਮਰਨ ਲੋਚਦਾ ਹੈ ਪਰ ਕਾਮਯਾਬ ਨਹੀਂ ਹੁੰਦਾ। ਸ਼ਕੂਨੀ ਦੱਸਦਾ ਹੈ ਕਿ ਮੁਕਾਮੀ ਕਿਸਾਨ ਪਰਮਾਣੂ ਪਰਖ ਲਈ ਜ਼ਮੀਨ ਦੇਣ ਲਈ ਤਿਆਰ ਨਹੀਂ ਸਨ ਕਿਉਂਕਿ ਉਸ ਸਾਲ ਸ਼ਾਨਦਾਰ ਘਾਹ ਉੱਗ ਰਿਹਾ ਸੀ। ਅਗਲੇ ਦ੍ਰਿਸ਼ 'ਚ ਤੇਲ ਦਾ ਖ਼ਜ਼ਾਨਾ ਸਾਂਭੀ ਬੈਠੇ ਮੁਲਕ ਦੀ ਇਸ ਥਾਂ 'ਤੇ ਚਿੱਤਰਕਾਰ ਪਰਮਾਣੂ ਧਮਾਕੇ ਦੇ ਤੇਲ-ਰੰਗ ਚਿੱਤਰ ਬਣਾ ਰਿਹਾ ਹੈ। ਮਨੁੱਖ-ਘਾਤੀ ਵਿਕਿਰਨਾਂ ਨਾਲ ਸਰਾਪੀ ਖ਼ਤਰਨਾਕ ਧਰਤੀ ਹੁਣ ਚਿੱਤਰਾਂ ਦੇ ਰੂਪ 'ਚ ਵਿਕਦੀ ਹੈ!

ਫ਼ਿਲਮ ਕਜ਼ਾਖਸਤਾਨ ਵਿਚ ਕਮਿਉਨਿਜ਼ਮ ਤੋਂ ਇਕਦਮ ਪੂੰਜੀਵਾਦੀ ਮੋੜੇ ਕਰ ਕੇ ਕਜ਼ਾਖੀ ਸਮਾਜ 'ਤੇ ਪਏ ਅਸਰ ਨੂੰ ਦਰਸਾਉਂਦੀ ਹੈ। ਇੱਕ ਦ੍ਰਿਸ਼ ਵਿਚ ਉਲਜ਼ਾਨ ਅਤੇ ਚਾਰਲਸ ਦੇ ਆਪਸੀ ਸੰਵਾਦ ਇਸ ਅਸਰ ਨੂੰ ਉਘੜਵੇਂ ਰੂਪ ਵਿਚ ਪੇਸ਼ ਕਰਦੇ ਹਨ। ਉਲਜ਼ਾਨ ਰੋਹੀ ਬੀਆਬਾਨ 'ਚ ਉਜਾੜ ਪਏ ਡੇਰੇ ਬਾਰੇ ਦੱਸਦੀ ਹੈ, "ਇੱਥੇ ਵੱਡੀ ਗਿਣਤੀ ਵਿਚ ਲੋਕ ਪਰਿਵਾਰਾਂ ਅਤੇ ਜਾਨਵਰਾਂ ਸਮੇਤ ਮਿਲ-ਜੁਲ ਕੇ ਰਹਿੰਦੇ ਸਨ। ਕੰਮ ਕਰਦੇ, ਖਾਂਦੇ ਅਤੇ ਜੁਆਕ ਜੰਮਦੇ ਸਨ। ਉਨ੍ਹਾਂ ਨੂੰ ਇਹ ਸਭ ਕੁਝ ਕਰਨ ਲਈ ਕਿਹਾ ਗਿਆ ਸੀ। ... ਹੁਣ ਸਭ ਕੁਝ ਬਦਲ ਗਿਆ ਹੈ। ਕਦੇ ਇਹ ਚਿੜੀਆਘਰ ਹੁੰਦਾ ਸੀ, ਹੁਣ ਜੰਗਲ ਬਣ ਗਿਆ ਹੈ।" ਚਾਰਲਸ ਪੁੱਛਦਾ ਹੈ, "ਜੰਗਲ ਵਧੀਆ ਹੈ?" ਉਲਜ਼ਾਨ ਦਾ ਜਵਾਬ ਹੈ, "ਨਹੀਂ ... ਉਨ੍ਹਾਂ ਲੋਕਾਂ ਲਈ ਨਹੀਂ ਹੈ ਜੋ ਚਿੜੀਆਘਰ 'ਚ ਜੰਮੇ ਸਨ।" ਚਾਰਲਸ ਦਾ ਸਵਾਲ ਹੈ, "ਉਨ੍ਹਾਂ ਨੂੰ ਕੋਈ ਅਫ਼ਸੋਸ ਨਹੀਂ ਹੁੰਦਾ?" ਉਲਜ਼ਾਨ ਕਹਿੰਦੀ ਹੈ, "ਜੰਗਲ ਨੇ ਜਿਨ੍ਹਾਂ ਨੂੰ ਮਾਲਾ-ਮਾਲ ਕਰ ਦਿੱਤਾ, ਉਹ ਜੰਗਲ ਦਾ ਹੀ ਪੱਖ ਪੂਰਨਗੇ।" ਚਾਰਲਸ ਇਹ ਕਹਿ ਕੇ ਗੱਲ ਖਤਮ ਕਰਦਾ ਹੈ ਕਿ ਆਪਣੀ ਗੁਫ਼ਾ ਛੱਡਣਾ ਕਦੇ ਸੌਖਾ ਨਹੀਂ ਹੁੰਦਾ।

ਫ਼ਿਲਮ ਦੇ ਅੰਤ ਵਿਚ ਚਾਰਲਸ ਇਕਾਂਤ ਵਿਚ ਆਤਮਘਾਤ ਕਰਨ ਲਈ ਬਰਫੀਲੇ ਪਹਾੜਾਂ ਦੀ ਚੋਣ ਕਰ ਲੈਂਦਾ ਹੈ ਜਿੱਥੇ ਖਾਣ-ਪੀਣ ਨੂੰ ਕੁਝ ਨਹੀਂ ਹੈ। ਉਲਜ਼ਾਨ ਉਹਦੇ ਕਹਿਣ 'ਤੇ ਦੋਵੇਂ ਘੋੜੇ ਲੈ ਕੇ ਵਾਪਸ ਜਾ ਰਹੀ ਹੈ। ਜਾਣ ਤੋਂ ਪਹਿਲਾਂ ਆਖ਼ਰੀ ਵਾਰ ਜੱਫੀ ਪਾ ਕੇ ਮਿਲਦੀ ਹੈ। ਉਹਦੇ ਜਾਣ ਤੋਂ ਬਾਅਦ ਚਾਰਲਸ ਆਖ਼ਰੀ ਵਾਰ ਪਰਿਵਾਰ ਦੀ ਤਸਵੀਰ ਦੇਖਦਾ ਹੈ ਅਤੇ ਘਰਵਾਲੀ ਦਾ ਲਿਖਿਆ ਖ਼ਤ ਪੜ੍ਹ ਕੇ ਪੱਥਰ ਹੇਠ ਰੱਖ ਜਾਂਦਾ ਹੈ। ਉਲਜ਼ਾਨ ਕੁਝ ਸੋਚ ਕੇ ਇੱਕ ਘੋੜਾ ਰਸਤੇ 'ਚ ਬੰਨ੍ਹ ਜਾਂਦੀ ਹੈ ਜਿਵੇਂ ਉਹਨੂੰ ਪੱਕਾ ਯਕੀਨ ਹੋਵੇ ਕਿ ਚਾਰਲਸ ਵਾਪਸ ਆਵੇਗਾ। ਚਾਰਲਸ ਅੰਤਾਂ ਦੀ ਠੰਢ 'ਚ ਮਰਨ ਲਈ ਹਿੰਮਤ ਜੁਟਾ ਰਿਹਾ ਹੈ। ਅਚਾਨਕ ਉਹਦੀ ਨਜ਼ਰ ਦੂਰ ਖੜ੍ਹੇ ਘੋੜੇ 'ਤੇ ਪੈਂਦੀ ਹੈ। ਫ਼ਿਲਮ ਖੁੱਲ੍ਹੇ ਅੰਤ ਨਾਲ ਖਤਮ ਹੁੰਦੀ ਹੈ। ਆਲਮ ਜਿੰਨਾ ਮਰਜ਼ੀ ਦੁੱਖ ਅਤੇ ਨਫ਼ਰਤ ਨਾਲ ਭਰਿਆ ਹੋਵੇ ਪਰ ਹਰ ਹੀਲੇ ਜ਼ਿੰਦਗੀ ਜਿਉਣ ਦੀ ਚਾਹਤ ਬੰਦੇ ਦੇ ਕਿਰਦਾਰ ਦਾ ਖ਼ਾਸਾ ਹੈ। ਮਨੁੱਖੀ ਜ਼ਿੰਦਗੀ ਦੀ ਬਿਹਤਰੀ ਲਈ ਮਨੁੱਖ ਦਾ ਸੰਘਰਸ਼ ਸਦੀਆਂ ਤੋਂ ਜਾਰੀ ਹੈ। ਉਲਜ਼ਾਨ ਦਾ ਯਕੀਨ ਦਰਸ਼ਕ ਦਾ ਭਰੋਸਾ ਬਣ ਜਾਂਦਾ ਹੈ ਕਿ ਚਾਰਲਸ ਜ਼ਿੰਦਗੀ ਹੀ ਚੁਣੇਗਾ!

# ਖਣਕਦੀ ਆਵਾਜ਼ ਮੀਨਾ ਕਪੂਰ

ਸੁਰਿੰਦਰ ਸਿੰਘ ਤੇਜ
ਫੋਨ: 91-98555-01488

ਕਿਸੇ ਫ਼ਿਲਮ ਅਦਾਕਾਰਾ ਤੋਂ ਘੱਟ ਖ਼ੂਬਸੂਰਤ ਨਹੀਂ ਸੀ ਮੀਨਾ ਕਪੂਰ। ਕਿਸੇ ਹੋਰ ਗਾਇਕਾ ਤੋਂ ਊਣੀ ਵੀ ਨਹੀਂ ਸੀ ਉਹ ਆਪਣੇ ਜ਼ਮਾਨੇ ਵਿਚ। ਫ਼ਿਲਮਸਾਜ਼ ਖਵਾਜਾ ਅਹਿਮਦ ਅੱਬਾਸ ਦੀ ਫ਼ਿਲਮ 'ਪਰਦੇਸੀ' (1957) ਦਾ ਗੀਤ 'ਰਸੀਆ ਰੇ ਮਨ ਬਸੀਆ ਰੇ' ਉਸ ਦੀ ਪੁਰਸੋਜ਼ ਆਵਾਜ਼ ਦਾ ਜਾਦੂ ਅੱਜ ਵੀ ਵਿਵਿਧ ਭਾਰਤੀ 'ਤੇ ਬਿਖੇਰਦਾ ਰਹਿੰਦਾ ਹੈ। ਫ਼ਿਲਮ 'ਛੋਟੀ ਛੋਟੀ ਬਾਤੇਂ' (1965) ਦਾ ਗੀਤ 'ਕੁਛ ਔਰ ਜ਼ਮਾਨਾ ਕਹਿਤਾ ਹੈ' ਉਸ ਦੀ ਆਵਾਜ਼ ਅੰਦਰਲੀ ਕੋਮਲਤਾ ਦੀ ਜ਼ਿੰਦਾ ਮਿਸਾਲ ਹੈ। ਇਹ ਘੀਤ ਅੱਜ ਵੀ ਗਾਏ ਤੇ ਸੁਣੇ ਜਾਂਦੇ ਹਨ। ਇਹੀ ਤੱਥ ਮੀਨਾ ਕਪੂਰ ਦੇ ਗਲੇ ਅੰਦਰਲੀ ਮਿਕਨਾਤੀਸੀ ਖਿੱਚ ਦਾ ਪ੍ਰਮਾਣ ਹੈ। ਇਹ ਵੱਖਰੀ ਗੱਲ ਹੈ ਕਿ ਅੱਜ ਦੀ ਪੀੜ੍ਹੀ ਇਸ ਆਵਾਜ਼ ਨੂੰ ਕਦੇ ਸੁਰੱਈਆ ਦੀ ਆਵਾਜ਼ ਸਮਝ ਬੈਠਦੀ ਹੈ ਅਤੇ ਕਦੇ ਗੀਤਾ ਦੱਤ ਦੀ। ਇਤਵਾਕਵੱਸ, ਮੀਨਾ ਗਾਇਕਾ ਵਜੋਂ ਆਪਣੇ ਕਰੀਅਰ ਪੱਖੋਂ ਇਨ੍ਹਾਂ ਦੋਵਾਂ ਤੋਂ ਸੀਨੀਅਰ ਸੀ, ਪਰ ਨਾਲ ਹੀ ਦੋਵਾਂ ਦੀ ਪੱਕੀ ਸਹੇਲੀ ਵੀ ਸੀ। ਗੀਤਾ ਦੱਤ ਨਾਲ ਤਾਂ ਉਸ ਦੀ ਦੋਸਤੀ ਗੀਤਾ ਦੀ ਬੇਵਕਤੀ ਮੌਤ ਤਕ ਨਿਭੀ।

ਫ਼ਿਲਮ ਗਾਇਕੀ ਦੇ ਖੇਤਰ ਵਿਚ ਮੀਨਾ ਕਪੂਰ ਦਾ ਜੀਵਨ ਦੋ ਦਹਾਕੇ ਚੱਲਿਆ- 1946 ਤੋਂ 1965 ਤਕ। ਇਸ ਅਰਸੇ ਦੌਰਾਨ ਉਸ ਨੇ ਨੌਸ਼ਾਦ ਅਲੀ, ਗ਼ੁਲਾਮ ਮੁਹੰਮਦ, ਸ਼ੰਕਰ ਜੈਕਿਸ਼ਨ ਤੇ ਮਦਨ ਮੋਹਨ ਨੂੰ ਛੱਡ ਕੇ ਬਾਕੀ ਸਾਰੇ ਮਸ਼ਹੂਰ ਸੰਗੀਤਕਾਰਾਂ ਦੇ ਨਿਰਦੇਸ਼ਨ ਹੇਠ ਗੀਤ ਗਾਏ। ਇਹ ਸਮਾਂ ਮੰਗੇਸ਼ਕਰ ਭੈਣਾਂ, ਖਾਸ ਕਰ ਕੇ ਲਤਾ ਮੰਗੇਸ਼ਕਰ ਦਾ ਯੁੱਗ ਸੀ ਪਰ ਲਤਾ ਦੇ ਸਿਫ਼ਤਨਿਗਾਰਾਂ ਨੇ ਵੀ ਮੀਨਾ ਤੋਂ ਗੀਤ ਗਵਾਉਣ ਪ੍ਰਤੀ ਝਿਜਕ ਨਹੀਂ ਦਿਖਾਈ। ਸੰਗੀਤਕਾਰ ਸੀ. ਰਾਮਚੰਦਰ ਨੇ ਜਦੋਂ 'ਆਨਾ ਮੇਰੀ ਜਾਨ, ਮੇਰੀ ਜਾਨ ਸੰਡੇ ਕੇ ਸੰਡੇ' (ਸ਼ਹਿਨਾਈ) ਰਿਕਾਰਡ ਕਰਨਾ ਸੀ ਤਾਂ ਉਨ੍ਹਾਂ ਨੇ ਨਾ ਤਾਂ ਲਤਾ ਨੂੰ ਬੁਲਾਉਣਾ ਵਾਜਬ ਸਮਝਿਆ ਅਤੇ ਨਾ ਹੀ ਗੀਤਾ ਦੱਤ ਨੂੰ। ਉਨ੍ਹਾਂ ਨੇ ਸੱਦਾ ਮੀਨਾ ਕਪੂਰ ਨੂੰ ਦਿੱਤਾ। ਰਾਮਚੰਦਰ ਜੋ ਖ਼ੁਦ ਚਿਤਲਕਰ ਦੇ ਨਾਮ ਨਾਲ ਗਾਉਂਦੇ ਸਨ, ਨੇ ਮੀਨਾ ਦੀ ਆਵਾਜ਼ ਅੰਦਰਲੀ ਖਣਕ ਨੂੰ ਉਭਾਰਨ ਦਾ ਤਜਰਬਾ ਕੀਤਾ।



*ਮੀਨਾ ਕਪੂਰ (ਵਿਚਕਾਰ), ਲਤਾ ਮੰਗੇਸ਼ਕਰ ਤੇ ਗੀਤਾ ਦੱਤ ਨਾਲ*

ਮੀਨਾ ਕਪੂਰ ਪੰਜਾਬੀ ਸੀ ਪਰ ਉਹ ਜੰਮੀ-ਪਲੀ ਕੋਲਕਾਤਾ ਵਿਚ। ਉਹ ਫ਼ਿਲਮਸਾਜ਼ ਪ੍ਰਥਮੇਸ਼ ਚੰਦਰ (ਪੀ.ਸੀ.) ਬਰੂਆ ਦੀ ਦੂਰ ਦੀ ਰਿਸ਼ਤੇਦਾਰ ਸੀ ਅਤੇ ਉਸ ਦੇ ਪਿਤਾ ਬਿਕਰਮ ਕਪੂਰ, ਪੀ.ਸੀ.ਬਰੂਆ ਦੀ ਕੰਪਨੀ ਨਿਊ ਥੀਏਟਰਜ਼ ਵਿਚ ਅਦਾਕਾਰ ਸਨ। ਕੁੰਦਨ ਲਾਲ ਸਹਿਗਲ ਇਸ ਪਰਿਵਾਰ ਦੇ ਕਰੀਬੀ ਸਨ ਅਤੇ ਮੀਨਾ ਦੀ ਤੋਤਲੀ ਆਵਾਜ਼ ਵਿਚ ਆਪਣਾ ਗੀਤ 'ਸੋ ਜਾ ਰਾਜਕੁਮਾਰੀ' ਸੁਣ ਕੇ ਬਹੁਤ ਖ਼ੁਸ਼ ਹੁੰਦੇ ਸਨ। ਉਹ ਮੀਨਾ ਨੂੰ 'ਲਾਜਕੁਮਾਰੀ' ਕਹਿ ਕੇ ਬੁਲਾਉਂਦੇ ਸਨ ਕਿਉਂਕਿ ਮੀਨਾ ਉਪਰੋਕਤ ਗੀਤ 'ਛੋ ਜਾ ਲਾਜਕੁਮਾਰੀ' ਦੇ ਉਚਾਰਨ ਨਾਲ ਗਾਉਂਦੀ ਸੀ। ਮੀਨਾ ਅਜੇ ਗਿਆਰਾਂ ਸਾਲਾਂ ਦੀ ਸੀ ਜਦੋਂ ਸੰਗੀਤਕਾਰ ਨੀਨੂ ਮਜੂਮਦਾਰ ਨੇ ਉਸ ਦੀ ਆਵਾਜ਼ ਅੰਦਰਲੇ ਜਾਦੂ ਨੂੰ ਪਛਾਣਦਿਆਂ ਫ਼ਿਲਮ 'ਪਲ' (1946) ਲਈ ਉਸ ਦਾ ਗੀਤ ਰਿਕਾਰਡ ਕਰਵਾਇਆ। ਬਿਕਰਮ ਕਪੂਰ ਨੇ ਮੀਨਾ ਨੂੰ ਇੰਨੀ ਛੋਟੀ ਉਮਰ ਵਿਚ ਬ੍ਰੇਕ ਦੇਣ ਦਾ ਵਿਰੋਧ ਕੀਤਾ। ਉਹ ਚਾਹੁੰਦੇ ਸਨ ਕਿ ਮੀਨਾ ਪਹਿਲਾਂ ਆਪਣੀ ਸਕੂਲੀ ਪੜ੍ਹਾਈ ਮੁਕੰਮਲ ਕਰ ਲਏ, ਪਰ ਨੀਨੂ ਮਜੂਮਦਾਰ ਨੇ ਮੀਨਾ ਨੂੰ ਅਜ਼ਮਾਉਣ ਦੀ ਜ਼ਿਦ ਕੀਤੀ। ਜਦੋਂ ਸੰਗੀਤਕਾਰ ਸਚਿਨ ਦੇਵ ਬਰਮਨ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਵੀ ਮੀਨਾ ਦੇ ਗਲੇ ਦੀ ਪਾਕੀਜ਼ਗੀ ਨੂੰ ਅਜ਼ਮਾਉਣ ਦੀ ਜ਼ਿਦ ਕੀਤੀ। ਫ਼ਿਲਮ 'ਏਟ ਡੇਅਜ਼' (ਆਠ ਦਿਨ-1946) ਦੇ ਗੀਤ 'ਪਲ' ਤੋਂ ਪਹਿਲਾਂ ਰਿਲੀਜ਼ ਹੋ ਗਏ। ਸੰਗੀਤਕਾਰ ਵਜੋਂ ਸਚਿਨ-ਦਾ ਦੀ ਇਹ ਦੂਜੀ ਹਿੰਦੀ ਫ਼ਿਲਮ ਸੀ। ਇਤਫਾਕਵੱਸ, ਇਸ ਫ਼ਿਲਮ ਦੀ ਪਟਕਥਾ ਤੇ ਸੰਵਾਦ ਸਆਦਤ ਹਸਨ ਮੰਟੋ ਦੇ ਲਿਖੇ ਹੋਏ ਸਨ ਅਤੇ ਮੰਟੋ ਨੇ ਇਸ ਫ਼ਿਲਮ ਵਿਚ ਕਿਰਦਾਰ ਵੀ ਨਿਭਾਇਆ।

ਮੀਨਾ ਕਪੂਰ ਨੂੰ ਗਾਇਕਾ ਵਜੋਂ ਅਸਲ ਪ੍ਰਸਿੱਧੀ 1950 ਵਿਚ ਗਾਏ ਗੀਤ 'ਮੋਰੀ ਅਟਰੀਆ ਪੇ ਬੋਲੇ ਕਾਗਾ' ਤੋਂ ਮਿਲੀ। ਉਸ ਨੇ 125 ਦੇ ਕਰੀਬ ਗੀਤ ਗਾਏ ਜਿਨ੍ਹਾਂ ਵਿਚੋਂ 73 ਸੋਲੋ ਸਨ। ਇਨ੍ਹਾਂ ਵਿਚੋਂ 'ਏਕ ਧਰਤੀ ਏਕ ਹੀ ਹੈ ਗਗਨ' (ਅਧਿਕਾਰ, 1954) ਸੁਪਰਹਿੱਟ ਹੋਇਆ। ਉਸ ਦਾ ਕਰੀਅਰ ਵੀ ਲੰਬਾ ਹੋ ਸਕਦਾ ਸੀ ਅਤੇ ਗੀਤਾਂ ਦੀ ਗਿਣਤੀ ਵੀ ਕਈ ਸੈਂਕੜਿਆਂ ਤਕ ਪੁੱਜ ਸਕਦੀ ਸੀ, ਪਰ ਫ਼ਿਲਮ ਸੰਗੀਤ ਦੇ ਖੇਤਰ ਵਿਚਲੀ ਸਿਆਸਤ ਨੇ ਅਜਿਹਾ ਸੰਭਵ ਨਾ ਹੋਣ ਦਿੱਤਾ। ਸੰਗੀਤਕਾਰ ਅਨਿਲ ਬਿਸਵਾਸ ਨਾਲ ਉਸ ਦੀ ਮੁਲਾਕਾਤ 1952 ਵਿਚ ਫ਼ਿਲਮ 'ਅਨੋਖਾ ਪਿਆਰ' ਦੇ ਗੀਤਾਂ ਦੀ ਰਿਕਾਰਡਿੰਗ ਸਮੇਂ ਹੋਈ ਸੀ। ਇਹ ਮੁਲਾਕਾਤ ਆਪਸੀ ਸਨੇਹ ਤੇ ਰੋਮਾਂਸ ਵਿਚ ਬਦਲ ਗਈ। 1959 ਵਿਚ ਮੀਨਾ ਨੇ ਅਨਿਲ ਬਿਸਵਾਸ ਨਾਲ ਵਿਆਹ ਕਰਵਾ ਲਿਆ। 1963 ਵਿਚ ਜਦੋਂ ਅਨਿਲ ਬਿਸਵਾਸ ਨੇ ਫ਼ਿਲਮ ਸੰਗੀਤ ਨੂੰ ਅਲਵਿਦਾ ਕਹਿ ਕੇ ਦਿੱਲੀ ਵਿਚ ਆਕਾਸ਼ਬਾਣੀ ਦੇ ਡਾਇਰੈਕਟਰ (ਸੰਗੀਤ) ਦਾ ਅਹੁਦਾ ਸੰਭਾਲਣ ਦਾ ਫ਼ੈਸਲਾ ਕੀਤਾ ਤਾਂ ਮੀਨਾ ਕਪੂਰ ਨੇ ਵੀ ਦਿੱਲੀ ਚਾਲੇ ਪਾ ਦਿੱਤੇ। ਫ਼ਿਲਮ 'ਪਿਆਰ ਕੀ ਜੀਤ' (1949) ਵਿਚ ਹੁਸਨ ਲਾਲ-ਭਗਤ ਰਾਮ ਦੇ ਸੰਗੀਤ ਨਿਰਦੇਸ਼ਨ ਹੇਠ ਉਸ ਵੱਲੋਂ ਸੁਰੱਈਆ ਤੇ ਸੁਰਿੰਦਰ ਕੌਰ ਨਾਲ ਮਿਲ ਕੇ ਗਾਇਆ ਗੀਤ 'ਕਭੀ ਪਨਘਟ ਪੇ ਆ ਜਾ' ਅਤੇ ਇਸੇ ਫ਼ਿਲਮ ਵਿਚ ਹੀ ਇਨ੍ਹਾਂ ਤਿੰਨਾਂ ਵੱਲੋਂ ਗਾਇਆ ਇਕ ਹੋਰ ਗੀਤ 'ਰੁਤ ਰੰਗੀਲੀ ਹੈ ਸੁਹਾਨੀ ਰਾਤ ਹੈ' ਵੀ ਹਿੰਦੀ ਫ਼ਿਲਮ ਸੰਗੀਤ ਦੇ ਅਨੂਠੇ ਗੀਤਾਂ ਵਿਚ ਸ਼ਾਮਲ ਕੀਤੇ ਜਾਂਦੇ ਹਨ।

## ਖਾਮੋਸ਼ ਸੁਰਾਂ-3

*ਹਿੰਦੀ ਫ਼ਿਲਮ ਗਾਇਕੀ ਮੁੱਖ ਤੌਰ 'ਤੇ ਲਤਾ ਮੰਗੇਸ਼ਕਰ, ਮੁਹੰਮਦ ਰਫ਼ੀ, ਆਸ਼ਾ ਭੌਂਸਲੇ, ਕਿਸ਼ੋਰ ਕੁਮਾਰ, ਮੰਨਾ ਡੇਅ, ਗੀਤਾ ਦੱਤ ਅਤੇ ਹੇਮੰਤ ਕੁਮਾਰ ਵਾਲੀ ਪੀੜ੍ਹੀ ਨਾਲ ਹੀ ਜੁੜੀ ਮੰਨੀ ਜਾਂਦੀ ਹੈ। ਇਨ੍ਹਾਂ ਮਹਾਨ ਗਾਇਕਾਂ-ਗਾਇਕਾਵਾਂ ਦੇ ਯੁੱਗ ਦੌਰਾਨ ਹੀ ਕੁਝ ਅਜਿਹੀਆਂ ਗਾਇਕਾਵਾਂ ਤੇ ਗਾਇਕ ਸਰਗਰਮ ਰਹੇ ਜਿਨ੍ਹਾਂ ਬਾਰੇ ਅੱਜ ਦੀ ਪੀੜ੍ਹੀ ਬਹੁਤ ਘੱਟ ਜਾਣਦੀ ਹੈ। 'ਖ਼ਾਮੋਸ਼ ਸੁਰਾਂ' ਵਿਚ ਹਿੰਦੀ ਫ਼ਿਲਮ ਗਾਇਕੀ ਦੇ ਸੁਨਹਿਰੀ ਯੁੱਗ ਨਾਲ ਜੁੜੇ ਅਜਿਹੇ ਗਾਇਕਾਂ-ਗਾਇਕਾਵਾਂ ਨਾਲ ਤੁਆਰਫ਼ ਕਰਵਾਇਆ ਜਾਵੇਗਾ ਜਿਨ੍ਹਾਂ ਨੇ ਆਪਣੀਆਂ ਸੁਰਾਂ ਨਾਲ ਫ਼ਿਲਮੀ ਗਾਇਕੀ ਵਿਚ ਨਿਵੇਕਲੇ ਰੰਗ ਭਰੇ।*

# Clay Oven



**We Cater!**
For all occasions
Up to 10,000 people
All live cooking on the spot.

Lunch Buffet
11am-3pm
$7.95

*Dinner 20% off*

ਕੈਟਰਿੰਗ ਲਈ ਸਾਨੂੰ ਕਾਲ ਕਰੋ

Call for packages today
**Ph: 847-219-7432**

ਅਸੀਂ ਮਿਡਵੈਸਟ ਦੀਆਂ ਸਾਰੀਆਂ ਸਟੇਟਾਂ ਵਿਚ ਕੈਟਰਿੰਗ ਕਰਦੇ ਹਾਂ

855 East Schaumburg Rd., Schaumburg, IL 60194
Ph: 847-524-3007




# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*

*Licensed to practice Immigration & Bankruptcy in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**
*Divorce *Annulment
*International Custody

**INCORPORATIONS**
*International Contracts, Mergers
*Attorney Supreme Court of India

*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# Syan Video Production, Inc.



ਰਾਜਿੰਦਰ ਸਿੰਘ

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography
(with flush mount album)
Live Video Display With Large Screens
DJ Service with Laser Lights
Call Toll Free: 1-800-RAJ-SYAN
(with 17 years Experienced)

**Call:734-261-0936 or 734-890-1767**

e-mail: raj@syanvideo.com or visit at: www.syanvideo.com

# Dhillon Truck Stop
# Dhillon Road Service

Interstate 40, exit 356, San Jon, NM




ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536


HURRY! LIMITED-TIME OFFER!
FREE $100 REWARD CARD
Requires 24 month commitment, credit qualification and qualifying S. Asian package ($19.99/mo. or higher). Use Promotional Code: International
CHOICE
START WITH PUNJABI PACK AND THEN CUSTOMIZE
PUNJABI PACK
$24.99 mo
HINDI MOVIES PACK
$19.99 mo
MASTI PACK
$5.00 mo ADD ON
WILLOW CRICKET HD*
$14.99 mo
CALL DISH NOW
855.318.4562
www.DishPunjabiTV.com
Facebook.com/GetDishPunjabiTV
HOME OF SOUTH ASIAN ENTERTAINMENT
dish